# ਪੰਜਾਬੀ ਜੰਗਨਾਮਾ-ਕਾਵਿ ਦੇ ਸੰਦਰਭ ਵਿਚ
# 'ਜੰਗਨਾਮਾ ਸ਼ਾਹ ਮੁਹੰਮਦ' ਦਾ ਮੁਲਅੰਕਣ

## PANJABI JANGNAMA-KAV DE SANDARBH VICH JANGNAMA SHAH MOHAMMAD DA MULANANKAN

THESIS
SUBMITTED TO THE PANJAB UNIVERSITY, CHANDIGARH
FOR THE DEGREE OF
DOCTOR OF PHILOSOPHY
IN THE FACULTY OF LANGUAGES
**1995**

PANJAB UNIVERSITY LIBRARY

**Dilbara Singh**
SCHOOL OF PUNJABI STUDIES
PANJAB UNIVERSITY
CHANDIGARH

ਪੰਨਾ

ਅਧਿਆਇ ਪਹਿਲਾ: 1-39

ਜੰਗਨਾਮਾ - ਪਰਿਭਾਸ਼ਾ ਦੀ ਸਮੱਸਿਆ

(ੳ) ਵਾਰ, ਕਿੱਸਾ ਅਤੇ ਜੰਗਨਾਮਾ ਵਿਚ ਅੰਤਰ
(ਅ) ਜੰਗਨਾਮੇ ਦੀ ਸੰਰਚਨਾਗਤ ਵਿਲੱਖਣਤਾ

ਅਧਿਆਇ ਦੂਜਾ: 40-71

ਪੰਜਾਬੀ ਜੰਗਨਾਮੇ ਦਾ ਸਰਵੇਖਣ

(ੳ) ਪੂਰਵ-ਸ਼ਾਹ ਮੁਹੰਮਦ ਜੰਗਨਾਮਾ
(ਅ) ਸ਼ਾਹ ਮੁਹੰਮਦ ਦੇ ਸਮਕਾਲੀ ਜੰਗਨਾਮੇ
(ੲ) ਉਤਰ- ਸ਼ਾਹ ਮੁਹੰਮਦ ਜੰਗਨਾਮੇ

ਅਧਿਆਇ ਤੀਜਾ: 72-121

ਜੰਗਨਾਮਾ ਸ਼ਾਹ ਮੁਹੰਮਦ ਵਿਚ ਇਤਿਹਾਸ ਦਾ ਰੂਪਾਂਤਰਣ

(ੳ) ਇਤਿਹਾਸ ਅਤੇ ਸਾਹਿਤ
(ਅ) ਸ਼ਾਹ ਮੁਹੰਮਦ ਦੀਆਂ ਸਮਕਾਲੀ ਇਤਿਹਾਸਕ ਪ੍ਰਸਥਿਤੀਆਂ ਅਤੇ ਉਨ੍ਹਾਂ ਦਾ ਕਾਵਿਕਰਣ

ਅਧਿਆਇ ਚੌਥਾ: 122-169

ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਰਾਜਨੀਤਕ ਕਾਵਿ ਵਜੋ ਅਧਿਐਨ

(ੳ) ਰਾਜਨੀਤਕ ਪੰਜਾਬੀ ਕਵਿਤਾ ਦਾ ਆਰੰਭ:ਗੁਰੂ ਨਾਨਕ ਦੀ ਬਾਬਰ ਬਾਣੀ
(ਅ) ਸ਼ਾਹ ਮੁਹੰਮਦ ਦੀ ਰਾਜਨੀਤਕ ਚੇਤਨਾ
(ੲ) ਸ਼ਾਹ ਮੁਹੰਮਦ ਦੀ ਰਾਜਨੀਤਕ ਚੇਤਨਾ ਦਾ ਅਜੋਕੇ ਪਰਿਪੇਖ ਵਿਚ ਵਿਸ਼ਲੇਸ਼ਣ

ਅਧਿਆਇ ਪੰਜਵਾਂ: 170-188

ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਦੇ ਪ੍ਰਸ਼ਨ ਉਤੇ ਵਿਚਾਰ

(ੳ) ਦੇਸ਼ ਭਗਤੀ ਅਤੇ ਕਵਿਤਾ
(ਅ) ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਬਾਰੇ ਭੁਲੇਖੇ ਅਤੇ ਸਮਾਧਾਨ

1. ਬਾਹਰਲੇ ਪ੍ਰਮਾਣ
2. ਅੰਦਰੂਨੀ ਪ੍ਰਮਾਣ

ਅਧਿਆਇ ਛੇਵਾਂ: 189-222

ਸ਼ਾਹ ਮੁਹੰਮਦ ਦੇ ਜੰਗਨਾਮੇ ਦੀ ਕਾਵਿਕ ਮਹੱਤਤਾ

(ੳ) ਵਿਚਾਰ ਪ੍ਰਬੰਧ
(ਅ) ਭਾਵ ਪ੍ਰਬੰਧ
(ੲ) ਕਲਪਨਾ
(ਸ) ਪ੍ਰਮੁੱਖ ਕਾਵਿ ਵਿਧੀਆਂ
(ਹ) ਕਾਵਿ ਭਾਸ਼ਾ

ਅਧਿਆਇ ਸੱਤਵਾਂ: 223-227

ਨਿਸ਼ਕਰਸ਼

ਪੁਸਤਕ-ਸੂਚੀ 228-238

*****

# ਭੂਮਿਕਾ

***

ਐਮ.ਏ. ਪੰਜਾਬੀ ਦੀ ਪੜ੍ਹਾਈ ਦੌਰਾਨ ਸਿਲੇਬਸ ਵਿਚਲੇ ਕੋਰਸ ਵਿਚ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਨੂੰ ਗੰਭੀਰਤਾ ਨਾਲ ਪੜ੍ਹਨ ਦਾ ਅਵਸਰ ਮਿਲਿਆ। ਇਸ ਵਿਚਲਾ ਜੰਗੀ ਵਾਤਾਵਰਣ, ਰਾਜਸੀ ਚਾਲਬਾਜ਼ੀਆਂ, ਕੂਟਨੀਤੀ, ਸਵਾਰਥ, ਫੁੱਟ, ਖ਼ੁਦਗਰਜ਼ੀ ਤੇ ਕੁਨਬਾਪ੍ਰਵਰੀ ਦੀਆਂ ਰੁਚੀਆਂ ਨੇ ਮੇਰੀ ਇਸ ਪ੍ਰਤੀ ਦਿਲਚਸਪੀ ਨੂੰ ਹੋਰ ਡੂੰਘਿਆਂ ਕੀਤਾ। ਪੰਜਾਬ ਵਿਚ ਬੰਦਾ ਬਹਾਦਰ ਦੀ ਹਾਰ ਤੋਂ ਪਿਛੋਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੀ ਖ਼ੁਦਮੁਖਤਾਰ ਦੇ ਤੌਰ ਤੇ ਬਹਾਲ ਕੀਤੇ ਰਾਜ ਤਕ ਦਾ ਪੰਜਾਬ ਵਿਚਲਾ ਸਮਾਂ ਬੜਾ ਜੰਗਜੂ ਤੇ ਖ਼ੌਫਜ਼ਦਾ ਰਿਹਾ ਹੈ। ਮੈਂ ਇਸ ਲੰਮੇ ਸਮੇ ਦੇ ਇਤਿਹਾਸ ਨੂੰ ਬੜੇ ਗਹੁ ਨਾਲ ਪੜ੍ਹਿਆ ਤੇ ਵਾਚਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਅਜਿਹੇ ਬਿੱਖੜੇ ਸਮੇਂ ਸੁਤੰਤਰ ਰਾਜ ਭਾਗ ਸਥਾਪਿਤ ਕਰਨ ਦੇ ਇਸ ਵਡੇਰੇ ਯਤਨ ਤੋਂ ਵੀ ਮੈਂ ਬਹੁਤ ਪ੍ਰਭਾਵਿਤ ਹੋਇਆ ਹਾਂ। ਅਜਿਹੀ ਲਾਸਾਨੀ ਸਲਤਨਤ ਦੀ ਕਾਇਮੀ ਤੇ ਪ੍ਰਵਰਿਸ਼ ਉਸ ਵਰਗੇ ਬਾਹੂਬਲੀ ਅਤੇ ਨਿਪੁੰਨ ਦਿਮਾਗ ਵਾਲੇ ਵਿਅਕਤੀ ਦਾ ਹੀ ਕਰਿਸ਼ਮਾ ਸੀ। ਸੰਨ 1839 ਵਿਚਉਸ ਦੀ ਮੌਤ ਪਿਛੋਂ ਇਸ ਮਹਾਨ ਰਾਜ ਦੀ ਕਿਵੇਂ ਤਬਾਹੀ ਹੋਈ ਅਤੇ ਕਿਵੇਂ ਇਹ ਭਰਾਮਾਰੂ ਜੰਗ ਦੀ ਭੇਟ ਚੜ੍ਹ ਕੇ ਬਦੇਸ਼ੀਆਂ (ਅੰਗਰੇਜ਼ਾਂ) ਦੇ ਕਬਜ਼ੇ ਵਿਚ ਆਇਆ, ਮੇਰੇ ਲਈ ਇਸ ਬਾਰੇ ਜਾਨਣਾ ਬੜਾ ਦਿਲਚਸਪੀ ਦਾ ਵਿਸ਼ਾ ਸੀ। ਕਵੀ ਸ਼ਾਹ ਮੁਹੰਮਦ ਦੇ ਇਸ ਜੰਗਨਾਮੇ ਨੇ ਮੇਰੇ ਇਸ ਅੰਤਰੀਵ ਸ਼ੌਕ ਨੂੰ ਪੂਰਿਆ ਹੈ।

ਖ਼ੁਦ ਪੰਜਾਬੀ ਹੋਣ ਕਰਕੇ ਅਤੇ ਸਾਡੇ ਪੰਜਾਬੀ ਘਰਾਂ ਵਿਚ ਅਕਸਰ ਇਸ ਦੁਖਾਂਤਕ ਸਮੇਂ ਦੀ ਹੋਣੀ ਬਾਰੇ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆ ਰਹੀਆਂ ਲੋਕ ਕਹਾਣੀਆਂ ਵਿਚ ਇਨ੍ਹਾਂ ਦਸਾਂ ਸਾਲਾਂ ( 1839 -1849) ਦੇ ਰੌਚਿਕ ਵਰਣਨ ਨੂੰ ਮੈਂ ਆਪਣੇ ਵਡੇਰਿਆਂ ਤੋਂ ਪੂਰੀ ਤਰ੍ਹਾਂ ਗੰਭੀਰਤਾ ਨਾਲ ਸੁਣਦਾ ਰਿਹਾ ਹਾਂ। ਬਚਪਨ 'ਚ ਸੁਣੇ 'ਤੇਜ ਸਿੰਘ, ਲਾਲ ਸਿੰਘ ਦੀ ਗ਼ਦਾਰੀ', 'ਫੌਜਾਂ ਦਾ ਜਿੱਤ ਕੇ ਅੰਤ ਨੂੰ ਹਾਰਨਾ','ਅਸਮਾਨ ਵਿਚ ਅੱਲ੍ਹਾ ਤੇ ਧਰਤੀ ਤੇ ਜੱਲ੍ਹਾ' ਵਰਗੇ ਲੋਕ ਟੋਟਕੇ ਮੇਰੀ ਸਿਮਰਤੀ ਦਾ ਹਿੱਸਾ ਬਣੇ ਰਹੇ ਹਨ।

ਐਮ.ਏ(ਪੰਜਾਬੀ) ਕਰਨ ਉਪਰੰਤ ਮਿਲੇ ਵਿਹਲ ਵਿਚ ਮੈਂ ਇਸ ਜੰਗਨਾਮੇ ਨੂੰ ਬੜੀ ਗੰਭੀਰਤਾ ਨਾਲ ਵਾਚਿਆ ਅਤੇ ਇਸ ਨਾਲ ਸੰਬੰਧਿਤ ਲੋਕ ਸਾਹਿਤ ਨੂੰ ਵੀ ਘੋਖਿਆ ਹੈ। ਮੇਰੇ ਅਧਿਆਪਕ ਨਿਗਰਾਨ ( ਡਾ. ਦੀਪਕ ਮਨਮੋਹਨ ਸਿੰਘ ) ਨਾਲ ਜਦੋਂ ਮੈਂ ਇਸ ਜੰਗਨਾਮੇ

ਨੂੰ ਪੀ-ਐਚ.ਡੀ. ਦੇ ਖੋਜ ਕਾਰਜ ਦਾ ਹਿੱਸਾ ਬਣਾਉਣ ਦੀ ਗੱਲ ਕੀਤੀ ਤਾਂ ਉਨ੍ਹਾਂ ਨੇ ਨਾ ਕੇਵਲ ਮੇਰਾ ਉਤਸ਼ਾਹ ਹੀ ਵਧਾਇਆ ਸਗੋਂ ਸਮੇਂ ਸਮੇਂ ਖੜੇ ਗੰਭੀਰ ਨੁਕਤੇ ਉਠਾ ਕੇ ਮੇਰੇ ਇਸ ਖੋਜ ਕਾਰਜ ਨੂੰ ਵੀ ਸੁਖੇਰਾ ਬਣਾਇਆ ਹੈ। ਜੰਗਨਾਮੇ ਨਾਲ ਸੰਬੰਧਿਤ ਪੁਸਤਕਾਂ ਅਤੇ ਇਸ ਬਾਰੇ ਹੋਏ ਖੋਜ ਕਾਰਜ ਨੂੰ ਗੰਭੀਰਤਾ ਨਾਲ ਵਾਚਣ ਉਪਰੰਤ ਮੈਂ ਇਸ ਸਿੱਟੇ ਤੇ ਪੁੱਜਿਆ ਹਾਂ ਕਿ ਇਸ ਸੰਬੰਧੀ ਬਹੁਤੀ ਗੰਭੀਰਤਾ ਨਾਲ ਕੰਮ ਅਜੇ ਨਹੀਂ ਹੋਇਆ। ਜੋ ਵੀ ਯਤਨ ਇਸ ਵਿਸ਼ਾ ਵਿਚ ਹੋਏ ਹਨ ਉਹ ਬੜੇ ਸਤਹੀ ਪੱਧਰ ਅਤੇ ਘੱਟ ਗੰਭੀਰਤਾ ਵਾਲੇ ਹਨ। ਇਸ ਰਚਨਾ ਨੂੰ ਇਤਿਹਾਸਕ, ਸਾਹਿਤਕ ਤੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਵੀ ਪਰਖਿਆ ਨਹੀਂ ਗਿਆ। ਵਿਦਵਾਨਾਂ ਨੇ ਜੋ ਮਨ ਆਇਆ ਜਾਂ ਜਿਵੇਂ ਉਨ੍ਹਾਂ ਨੂੰ ਜਚਿਆ, ਇਸ ਨੂੰ ਵਾਰ, ਕਿੱਸਾ, ਜੰਗਨਾਮਾ ਜਾਂ ਕੋਈ ਹੋਰ ਉਪਨਾਮ ਦੇ ਛੱਡਿਆ ਹੈ। ਅਜਿਹੀ ਉਚਪਾਏ ਦੀ ਕਾਵਿ ਰਚਨਾ ਨੂੰ ਅਜੇ ਤਕ ਵੱਖ ਵੱਖ ਨਾਵਾਂ ਨਾਲ ਸੰਬੋਧਨ ਕਰਦੇ ਰਹਿਣਾ ਵੀ ਮੈਨੂੰ ਅੱਖਰਿਆ ਹੈ।

ਆਪਣੀ ਮੰਜ਼ਿਲ ਤੇ ਪਹੁੰਚਣ ਲਈ ਮੈਂ ਆਪਣੇ ਇਸ ਸ਼ੋਧ ਪ੍ਰਬੰਧ ਨੂੰ ਸੱਤ ਅਧਿਆਵਾਂ ਵਿਚ ਵੰਡਿਆ ਹੈ। <u>ਪਹਿਲੇ ਅਧਿਆਇ</u> ਵਿਚ ਜੰਗਨਾਮੇ ਦੇ ਨਾਮਕਰਣ ਦੀ ਸਮੱਸਿਆ ਨੂੰ ਵੱਖ ਵੱਖ ਵਿਦਵਾਨਾਂ ਦੇ ਵਿਚਾਰਾਂ ਦੀ ਕਸੌਟੀ ਤਹਿਤ ਪਰਖ ਕੇ ਨਜਿਠਿਆ ਗਿਆ ਹੈ। ਮਿਸਾਲ ਵਜੋਂ ਲੜਾਈ ( ਯੁੱਧ) ਸੰਬੰਧੀ ਰਚੀ ਕਵਿਤਾ ਨੂੰ ਵਾਰ, ਕਿੱਸਾ ਤੇ ਜੰਗਨਾਮਾ ਦੇ ਸਿਰਲੇਖ ਦੇ ਲਏ ਜਾਂਦੇ ਹਨ ਕਿਉਂ ਜੋ ਇਹ ਤਿੰਨੇ ਜੁੱਜ ਇਕ ਦੂਜੇ ਦੇ ਪਰਿਆਇਵਾਚੀ (substitute) ਹੁੰਦੇ ਹਨ। ਇਨ੍ਹਾਂ ਦੀ ਪਰਿਭਾਸ਼ਾ ਦੀ ਸਪੱਸ਼ਟਤਾ ਬਹੁਤ ਜ਼ਰੂਰੀ ਹੈ। ਪਹਿਲੇ ਅਧਿਆਇ ਵਿਚ ਇਸੇ ਸਮੱਸਿਆ ਨੂੰ ਖੋਜ ਦਾ ਹਿੱਸਾ ਬਣਾਇਆ ਗਿਆ ਹੈ। <u>ਦੂਜਾ ਅਧਿਆਇ</u> ਜੰਗਨਾਮਿਆਂ ਦਾ ਸੰਪੂਰਣ ਸਰਵੇਖਣ ਪ੍ਰਸਤੁਤ ਕਰਦਾ ਹੈ। ਇਨ੍ਹਾਂ ਨੂੰ ਮੋਟੇ ਤੌਰ ਤੇ ਤਿੰਨ ਉਪ-ਕਾਲਾਂ ਵਿਚ ਵੰਡਿਆ ਗਿਆ ਹੈ:

(ੳ) ਪੂਰਵ ਸ਼ਾਹ ਮੁਹੰਮਦ ਜੰਗਨਾਮਾ

(ਅ) ਸ਼ਾਹ ਮੁਹੰਮਦ ਦੇ ਸਮਕਾਲੀ ਜੰਗਨਾਮੇ

(ੲ) ਉਤਰ ਸ਼ਾਹ ਮੁਹੰਮਦ ਜੰਗਨਾਮੇ ।

ਤੀਜੇ ਅਧਿਆਇ ਵਿਚ ਕਵੀ ਸ਼ਾਹ ਮੁਹੰਮਦ ਦੀ ਰਚਨਾ ਦੇ ਇਤਿਹਾਸਕ ਅਤੇ ਸਾਹਿਤਕ ਤੱਥਾਂ ਨੂੰ ਪੜਚੋਲਿਆ ਗਿਆ ਹੈ। ਇਸ ਨੂੰ ਦੋ ਉਪ ਭਾਗਾਂ ਵਿਚ ਵੰਡ ਕੇ ਵਿਚਾਰਿਆ ਗਿਆ ਹੈ। (ੳ) ਭਾਗ ਵਿਚ ਇਤਿਹਾਸ ਅਤੇ ਸਾਹਿਤ ਦੇ ਸੰਬੰਧਾਂ ਦੀ ਗਲ ਕੀਤੀ ਗਈ ਹੈ

ਅਤੇ (ਅ) ਭਾਗ ਵਿਚ ਸ਼ਾਹ ਮੁਹੰਮਦ ਦੀਆਂ ਸਮਕਾਲੀ ਇਤਿਹਾਸਕ ਪ੍ਰਸਥਿਤੀਆਂ ਅਤੇ ਉਨ੍ਹਾਂ ਦਾ ਕਾਵਿਕਰਣ ਕੀਤਾ ਗਿਆ ਹੈ।

ਚੌਥੇ ਅਧਿਆਇ ਵਿਚ ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਰਾਜਨੀਤਕ ਕਾਵਿ ਵਜੋਂ ਵਿਸਤ੍ਰਿਤ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਪੰਜਵੇਂ ਅਧਿਆਇ ਵਿਚ ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਅਤੇ ਕਵਿਤਾ ਅਤੇ ਉਸ ਦੀ ਦੇਸ਼ ਭਗਤੀ ਬਾਰੇ ਪਏ ਭੁਲੇਖਿਆਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦਾ ਸਮਾਧਾਨ ਪੇਸ਼ ਕੀਤਾ ਗਿਆ ਹੈ।

ਛੇਵੇਂ ਅਧਿਆਇ ਵਿਚ ਸ਼ਾਹ ਮੁਹੰਮਦ ਦੀ ਕਾਵਿਕ ਮਹੱਤਤਾ ਨੂੰ ਵਿਚਾਰ ਦਾ ਕੇਂਦਰ ਬਣਾ ਕੇ ਗੰਭੀਰ ਚਰਚਾ ਕੀਤੀ ਗਈ ਹੈ। ਇਸ ਵਿਚ ਵਿਚਾਰ ਪ੍ਰਬੰਧ , ਭਾਵ ਪ੍ਰਬੰਧ ਕਲਪਨਾ, ਪ੍ਰਮੁੱਖ ਕਾਵਿ ਵਿਧੀਆਂ ਤੇ ਕਾਵਿ ਭਾਸ਼ਾ ਦੇ ਉਪ ਸਿਰਲੇਖਾਂ ਤਹਿਤ ਵਿਸਥਾਰ ਵਿਚ ਪੜਚੋਲ ਕਰਕੇ ਜੰਗਨਾਮੇ ਦਾ ਕਾਵਿਕ ਬਿੰਬ ਸਥਾਪਿਤ ਕੀਤਾ ਗਿਆ ਹੈ। ਇੰਜ ਇਸ ਖੋਜ ਕਾਰਜ ਨੂੰ ਵਿਸਥਾਰ ਪੂਰਵਕ ਸੰਪੂਰਣ ਕਰਨ ਵਿਚ ਮੇਰੀ ਇਹ ਮਨਸ਼ਾ ਰਹੀ ਹੈ ਕਿ ਇਹ ਸ਼ੋਧ -ਪ੍ਰਬੰਧ ਆਉਣ ਵਾਲੇ ਖੋਜਾਰਥੀਆਂ ਲਈ ਇਕ ਮਾਰਗ-ਦਰਸ਼ਨਾ ਕਰ ਸਕੇ ਅਤੇ ਇਸ ਵਿਸ਼ੇ ਸੰਬੰਧੀ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਦੀ ਮੁੱਢਲੀ ਪੂਰਤੀ ਕਰ ਸਕੇ।

ਅੰਤ ਵਿਚ ਮੈਂ 'ਸਕੂਲ ਆਫ਼ ਪੰਜਾਬੀ ਸਟੱਡੀਜ਼' (ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਦੇ ਚੇਅਰਮੈਨ ਡਾ. ਰਘਬੀਰ ਸਿੰਘ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਕੇਵਲ ਸਮੇਂ ਸਮੇਂ ਮੇਰੀ ਖੋਜ ਕਾਰਜ ਸੰਬੰਧੀ ਮਦਦ ਹੀ ਨਹੀਂ ਕੀਤੀ ਸਗੋਂ ਹੌਸਲਾ ਅਫ਼ਜ਼ਾਈ ਵੀ ਕੀਤੀ ਹੈ। ਆਪਣੇ ਮਿੱਤਰ ਡਾ. ਸਵੈਰਾਜ ਸੰਧੂ ਦਾ ਵੀ ਮੈਂ ਧੰਨਵਾਦੀ ਹਾਂ ਜਿਸ ਦੀਆਂ ਸਾਰਥਕ ਸਲਾਹਾਂ ਇਸ ਔਖੜੇ ਪੰਧ ਨੂੰ ਸੁਖਾਲਾ ਬਣਾਉਂਦੀਆਂ ਰਹੀਆਂ ਹਨ। ਪਰਿਵਾਰ ਦੇ ਸਮੂਹ ਮੈਂਬਰਾਂ, ਮਾਤਾ ਪਿਤਾ ਦੇ ਮਾਇਕ ਸਹਾਇਤਾ ਤੇ ਦਿਤੀ ਹੱਲਾਸ਼ੇਰੀ ਲਈ ਮੈਨੂੰ ਧੰਨਵਾਦ ਦੇ ਸ਼ਬਦ ਨਹੀਂ ਔੜ ਰਹੇ।

( ਦਿਲਬਾਰਾ ਸਿੰਘ )

****

## ਅਧਿਆਇ ਪਹਿਲਾ

00

00

00

00

### ਜੰਗਨਾਮਾ -- ਪਰਿਭਾਸ਼ਾ ਦੀ ਸਮੱਸਿਆ

(ੳ) ਵਾਰ, ਕਿੱਸਾ ਅਤੇ ਜੰਗਨਾਮਾ ਵਿਚ ਅੰਤਰ

(ਅ) ਜੰਗਨਾਮੇ ਦੀ ਸੰਰਚਨਾਗਤ ਵਿਲੱਖਣਤਾ

****

(ੲ) <u>ਵਾਰ, ਕਿੱਸਾ ਅਤੇ ਜੰਗਨਾਮਾ ਵਿਚ ਅੰਤਰ:-</u>

ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਦੇ ਰੂਪਾਕਾਰ ਨੂੰ ਨਿਸਚਿਤ ਕਰਨ ਦਾ ਪ੍ਰਸ਼ਨ ਬਹੁਤ ਮਹੱਤਵਪੂਰਨ ਹੈ। ਇਸ ਰਚਨਾ ਨੂੰ ਵੱਖ-ਵੱਖ ਸਿਰਲੇਖ ਦਿੱਤੇ ਜਾਂਦੇ ਹਨ, ਜਿਵੇਂ ਕਿ --'ਵਾਰ ਸ਼ਾਹ ਮੁਹੰਮਦ', 'ਜੰਗਨਾਮਾ ਸ਼ਾਹ ਮੁਹੰਮਦ', 'ਕਿੱਸਾ ਸ਼ਾਹ ਮੁਹੰਮਦ' ਆਦਿ । ਹੈਰਾਨੀ ਦੀ ਗੱਲ ਇਹ ਹੈ ਕਿ ਕਈ ਵਾਰ ਇਕੋ ਆਲੋਚਕ/ਸੰਪਾਦਕ ਇਕੋ ਵਾਰ ਵਿਚ ਇਸ ਰਚਨਾ ਨੂੰ ਇਕ ਤੋਂ ਵਧ ਸਰੂਪ ਦੇ ਜਾਂਦਾ ਹੈ। ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, "ਸ਼ਾਹ ਮੁਹੰਮਦ ਦਾ ਇਹ ਕਿੱਸਾ ਜਿਸ ਵਿਚ ਲਾਹੌਰ ਦੀ ਖਾਨਾਜੰਗੀ ਤੇ ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਲੜਾਈ ਦਾ ਹਾਲ ਹੈ, ਸਿੱਖਾਂ ਦਾ ਇਕ ਪ੍ਰਸਿੱਧ ਜੰਗਨਾਮਾ ਹੈ।"[1] ਪ੍ਰੋ. ਸੀਤਾ ਰਾਮ ਕੋਹਲੀ ਨੇ ਇਸ ਰਚਨਾ ਨੂੰ 'ਵਾਰ ਸ਼ਾਹ ਮੁਹੰਮਦ' ਕਿਹਾ ਹੈ। ਇਸਦੇ ਨਾਲ ਹੀ ਉਨ੍ਹਾਂ ਦੁਆਰਾ ਸੰਪਾਦਿਤ ਸ਼ਾਹ ਮੁਹੰਮਦ ਦੀ ਰਚਨਾ ਨੂੰ 'ਹਿੰਦ ਪੰਜਾਬ ਦਾ ਜੰਗ' ਵੀ ਕਿਹਾ ਗਿਆ ਹੈ।[2] ਇਸ ਦੇ ਨਾਲ ਹੀ ਪ੍ਰੋ. ਸੀਤਾ ਰਾਮ ਕੋਹਲੀ ਇਸਨੂੰ ਕਿੱਸਾ ਵੀ ਕਹਿ ਜਾਂਦੇ ਹਨ।[3] ਡਾ.ਗੰਡਾ ਸਿੰਘ ਨੇ ਸ਼ਾਹ ਮੁਹੰਮਦ ਦੀ ਰਚਨਾ ਨੂੰ ਆਪਣੀ ਸੰਪਾਦਿਤ ਪੁਸਤਕ 'ਪੰਜਾਬ ਦੀਆਂ ਵਾਰਾਂ' ਵਿਚ ਸ਼ਾਮਲ ਕੀਤਾ ਹੈ। ਡਾ. ਦੀਵਾਨ ਸਿੰਘ ਨੇ ਸ਼ਾਹ ਮੁਹੰਮਦ ਦੀ ਰਚਨਾ ਨੂੰ 'ਕਿੱਸਾ' ਸਿੱਧ ਕਰਨ ਦਾ ਯਤਨ ਕੀਤਾ ਹੈ। ਬਲਬੀਰ ਸਿੰਘ ਪੂਨੀ ਨੇ ਆਪਣੀ ਸੰਪਾਦਿਤ ਪੁਸਤਕ 'ਜੰਗ ਸਿੰਘਾਂ ਤੇ ਅੰਗਰੇਜ਼ਾਂ' ਵਿਚ ਸ਼ਾਹ ਮੁਹੰਮਦ ਦੀ ਇਸ ਰਚਨਾ ਨੂੰ ਕਿੱਸਾ ਸਿੱਧ ਕੀਤਾ ਹੈ।[4] ਡਾ. ਰਤਨ ਸਿੰਘ ਜੱਗੀ ਨੇ ਸ਼ਾਹ ਮੁਹੰਮਦ ਦੀ ਰਚਨਾ ਨੂੰ ਜੰਗਨਾਮਾ ਕਿਹਾ ਹੈ।[5] ਪ੍ਰੋ. ਪਿਆਰਾ ਸਿੰਘ ਪਦਮ ਸ਼ਾਹ ਮੁਹੰਮਦ ਦੀ ਰਚਨਾ ਨੂੰ ਜੰਗਨਾਮੇ ਦਾ ਨਾਂ ਦਿੰਦੇ ਹੋਏ ਕਹਿੰਦੇ ਹਨ, "ਇਹ ਜੰਗਨਾਮਾ ਹੈ ਜਿਸ ਵਿਚ ਸਿੰਘਾਂ ਤੇ ਅੰਗਰੇਜ਼ਾਂ ਦੀ ਜੰਗੀ ਵਾਰਤਾ ਕਲਮਬੰਦ ਕੀਤੀ ਗਈ ਹੈ।[6] ਇਸ ਤਰ੍ਹਾਂ ਸ਼ਾਹ ਮੁਹੰਮਦ ਦੀ ਰਚਨਾ ਨੂੰ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਸਰੂਪ ਦਿੱਤੇ ਹਨ।

ਵਾਰ, ਜੰਗਨਾਮਾ ਤੇ ਕ਼ਿੱਸਾ ਸਾਹਿਤ ਦੇ ਵੱਖ ਵੱਖ ਕਾਵਿ ਰੂਪ ਹਨ। ਇਨ੍ਹਾਂ ਦਾ ਆਪਣਾ ਵੱਖਰਾ-ਵੱਖਰਾ ਸਰੂਪ ਹੈ। ਇਕ ਦੂਜੇ ਨਾਲ ਰਲ-ਗੱਡ ਕਰਨ ਨਾਲ ਰਚਨਾ ਦਾ ਸਾਹਿਤਕ ਵਿਸ਼ਲੇਸ਼ਣ ਕਰਨਾ ਕਠਨ ਹੋ ਜਾਂਦਾ ਹੈ ਅਤੇ ਸਾਹਿਤਕ ਸਰੂਪ ਆਪਸ ਵਿਚ ਉਲਝ ਜਾਂਦਾ ਹੈ। ਦੂਜਾ, ਇਸਦਾ ਪ੍ਰਯੋਜਨ 'ਕਾਵਿਕ ਆਨੰਦ' ਦੀ ਪ੍ਰਦਾਨਗੀ ਵਿਚ ਵੀ

ਵਿਘਨ ਪੈਂਦਾ ਹੈ। ਹਰ ਇਕ ਕਾਵਿ ਰੂਪ ਦੀ ਅਧਿਐਨ ਵਿਧੀ ਉਸ ਰਚਨਾ ਦੇ ਸਰੂਪ ਅਨੁਸਾਰ ਹੁੰਦੀ ਹੈ। ਅਸੀਂ 'ਚੰਡੀ ਦੀ ਵਾਰ' ਨੂੰ 'ਹੀਰ ਵਾਰਿਸ' ਵਾਂਗ ਨਹੀਂ ਪੜ੍ਹ ਸਕਦੇ। ਇਨ੍ਹਾਂ ਦੋਵਾਂ ਰਚਨਾਵਾਂ ਦੀ ਅਧਿਐਨ ਵਿਧੀ ਵੱਖ ਵੱਖ ਹੈ। ਮਿਸਾਲ ਵਜੋਂ ਜਦੋਂ 'ਚੰਡੀ ਦੀ ਵਾਰ' ਦਾ ਅਧਿਐਨ ਅਥਵਾ ਪਾਠ ਕੀਤਾ ਜਾਂਦਾ ਹੈ ਤਾਂ ਸਰੋਤਿਆਂ ਦੇ ਮਨ ਵਿਚ ਦੇਸ਼-ਭਗਤੀ ਅਥਵਾ ਜ਼ੁਲਮ ਦੇ ਖਿਲਾਫ਼ ਜੂਝਣ ਦੀ ਭਾਵਨਾ ਦਾ ਸੰਚਾਰ ਹੁੰਦਾ ਹੈ। 'ਹੀਰ ਵਾਰਿਸ' ਦਾ ਗਾਣ ਸਰੋਤਿਆਂ ਨੂੰ ਰੁਮਾਂਚਿਤ ਕਰਦਾ ਹੈ। ਇਸ ਲਈ ਸਭ ਤੋਂ ਪਹਿਲਾਂ ਇਸ ਰਚਨਾ ਦੇ ਸਰੂਪ ਬਾਰੇ ਨਿਰਣਾ ਕਰਨਾ ਅਤਿ ਜ਼ਰੂਰੀ ਹੈ।

ਵਾਰ:- ਵਾਰ-ਕਾਵਿ ਮੱਧਕਾਲੀਨ ਪੰਜਾਬੀ ਸਾਹਿਤ ਦੀ ਇਕ ਮਹੱਤਵਪੂਰਣ ਕਾਵਿ-ਧਾਰਾ ਹੈ। ਇਸ ਕਾਵਿ-ਧਾਰਾ ਦਾ ਪ੍ਰਭਾਵ ਆਪਣੇ ਯੁੱਗ ਦੀਆਂ ਦੂਜੀਆਂ ਕਾਵਿ ਧਾਰਾਵਾਂ ਉਤੇ ਵੀ ਪ੍ਰਤੱਖ ਤੌਰ ਤੇ ਦੇਖਿਆ ਜਾ ਸਕਦਾ ਹੈ। ਗੁਰਮਤਿ ਕਾਵਿ-ਧਾਰਾ, ਸੂਫੀ ਕਾਵਿ-ਧਾਰਾ, ਕਿੱਸਾ ਕਾਵਿ-ਧਾਰਾ ਆਦਿਕ ਬਿਲਕੁਲ ਵੱਖਰੀਆਂ ਵਸਤੂ ਪ੍ਰਣਾਲੀਆਂ ਵਿਚ ਵੀ ਇਸ ਤੱਥ ਦੀ ਸਾਂਝ ਸਪੱਸ਼ਟ ਰੂਪ ਵਿਚ ਦੇਖੀ ਜਾ ਸਕਦੀ ਹੈ, ਕਿ ਇਨ੍ਹਾਂ ਵਿਚ ਬੀਰਤਾ ਦੇ ਸਵਰਾਂ ਦੀ ਗੂੰਜ ਹੈ। ਪਰੰਤੂ ਇਹ ਬੀਰਤਾਪੂਰਕ ਗੂੰਜ ਜਿਸ ਸ਼ਿੱਦਤ ਤੇ ਪ੍ਰਚੰਡਤਾ ਨਾਲ ਬੀਰ-ਰਸੀ ਕਾਵਿ 'ਵਾਰ' ਵਿਚ ਪ੍ਰਚਲਤ ਹੋਈ ਹੈ, ਉਹ ਕਿਸੇ ਹੋਰ ਧਾਰਾ ਵਿਚ ਉਪਲਬਧ ਨਹੀਂ ਹੈ। ਇਹੋ ਕਾਰਨ ਹੈ ਕਿ ਪੰਜਾਬੀ ਦਾ ਵਾਰ-ਕਾਵਿ ਪੰਜਾਬ ਦੀ ਜੁਝਾਰੂ ਆਤਮਾ ਦਾ ਪ੍ਰਤੀਬਿੰਬਤ ਕਾਵਿ ਕਿਹਾ ਜਾ ਸਕਦਾ ਹੈ। ਜਿਸ ਵਿਚ ਪੰਜਾਬੀ ਜਨ-ਜੀਵਨ ਦਾ ਜੁਝਾਰੂ ਇਤਿਹਾਸ ਕਲਾਤਮਕਤਾ ਨਾਲ ਪ੍ਰਤੀਬਿੰਬਤ ਹੋਇਆ ਮਿਲਦਾ ਹੈ।

'ਗੁਰਸ਼ਬਦ ਰਤਨਾਕਾਰ' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਵਾਰ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਸ਼ਬਦ 'ਵਿਰੀ' ਵਿਚੋਂ ਮੰਨੀ ਹੈ।[7] 'ਵਿਰੀ' ਦੇ ਅਰਥ ਹਨ-ਚੁਣਨਾ, ਛਾਨਣਾ, ਵਿਆਹ ਕਰਵਾਉਣ ਲਈ ਚੁਣ ਕੇ ਪਸੰਦ ਕਰਨਾ, ਯਾਚਨਾ ਕਰਨਾ, ਮੰਗਣਾ, ਢੱਕਣਾ, ਛੁਪਾਉਣਾ, ਪਰਦਾ ਪਾਉਣਾ, ਰੋਕਣਾ, ਬਚਾਉਣਾ, ਅੜਚਣ ਪਾਉਣਾ ਜਾਂ ਵਿਰੋਧ ਕਰਨਾ। ਡਾ. ਗੰਡਾ ਸਿੰਘ ਨੇ ਸੰਸਕ੍ਰਿਤ 'ਵਿਰੀ' ਧਾਤੂ ਤੋਂ ਬਣੇ ਅਤੇ ਸੰਸਕ੍ਰਿਤ ਵਿਚੋਂ ਆ ਕੇ 'ਪੰਜਾਬੀ ਵਿਚ ਪ੍ਰਚਲਤ ਹੋਏ ਕੁਝ ਸ਼ਬਦਾਂ ਦਾ ਵਰਨਣ ਆਪਣੀ ਸੰਪਾਦਿਤ ਪੁਸਤਕ 'ਪੰਜਾਬ ਦੀਆਂ ਵਾਰਾਂ' ਵਿਚ ਕੀਤਾ ਹੈ। "'ਵਾਰ' ਸ਼ਬਦ ਦਾ ਮੁੱਢ 'ਵਿਰੀ' ਧਾਤੂ ਤੋਂ ਹੈ ਜਿਸਦਾ ਅਰਥ ਹੈ ਵੈਰੀ ( ਬਹਾਦਰ, ਦੁਸ਼ਮਣ) ਅਰਥਾਤ ਵਾਰ ਕਰਨ ਵਾਲਾ ਜਾਂ ਵਾਰ

ਰੋਕਣ ਵਾਲਾ ਵਾਹਰ ( ਕਿਸੇ ਦੂਸਰੇ ਤੇ ਹੱਲਾ ਕਰਨ ਵਾਲਾ ਜਾਂ ਪੁਰਾਏ ਹੱਲੇ ਨੂੰ ਰੋਕਣ ਲਈ ਜਮਾਂ ਹੋਏ ਮਨੁੱਖਾਂ ਦਾ ਇਕੱਠ) ਅਤੇ ਪੰਜਾਬੀ, 'ਵਾਹਰੂ' ਸ਼ਬਦ ਬਣੇ ਹਨ।[8] ਡਾ. ਗੰਡਾ ਸਿੰਘ ਨੇ ਵਾਰ ਦੇ ਵੱਖ ਵੱਖ ਅਰਥਾਂ ਦੀ ਸੂਚੀ ਇਸ ਤਰ੍ਹਾਂ ਦਿੱਤੀ ਹੈ ਜੋ ਕਿ ਪੰਜਾਬੀ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਜਿਵੇਂ ਵੈਰ ਕੱਢਣਾ, ਹੱਲਾ ਕਰਨਾ,ਸੱਟ ਮਾਰਨਾ, ਜੁਧ-ਜੰਗ, ਵਾੜ ਕਰਨਾ, ਬਦਲਾ ਲੈਣਾ, ਦਰਵਾਜਾ ਭੇੜਨਾ, ਕੁਰਬਾਨ ਜਾਂ ਨਿਛਾਵਰ ਕਰਨਾ, ਬਾਰ,ਬਾਰੀ ਆਦਿ।[9] ਪ੍ਰੋ. ਸਾਹਿਬ ਸਿੰਘ ਦਾ ਇਸ ਸ਼ਬਦ ਦੀ ਉਤਪਤੀ ਬਾਰੇ ਖਿਆਲ ਹੈ ਕਿ ਹੋਰ ਅਨੇਕਾਂ ਪੰਜਾਬੀ ਸ਼ਬਦਾਂ ਵਾਂਗ ਲਫ਼ਜ਼ 'ਵਾਰ' ਵੀ ਸੰਸਕ੍ਰਿਤੀ ਬੋਲੀ ਵਿਚੋਂ ਆਪਣੇ ਅਸਲੀ ਰੂਪ ਵਿਚ ਹੀ ਪੰਜਾਬੀ ਬੋਲੀ ਵਿਚ ਟਿਕਿਆ ਆ ਰਿਹਾ ਹੈ। ਸੰਸਕ੍ਰਿਤ ਵਿਚ ਇਸ ਲਫ਼ਜ਼ ਦੇ ਕਈ ਅਰਥ ਹਨ। ਪੰਜਾਬੀ ਵਿਚ ਵੀ ਇਹ ਲਫ਼ਜ਼ ਕਈ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ।[10] ਪ੍ਰੋ. ਸਾਹਿਬ ਸਿੰਘ ਦੇ ਉਪਰੋਕਤ ਵਿਚਾਰ ਤੋਂ ਸਾਡੇ ਸਾਹਮਣੇ ਤਿੰਨ ਸਿੱਟੇ ਦ੍ਰਿਸ਼ਟੀਮਾਨ ਹੁੰਦੇ ਹਨ।

1. ਵਾਰ ਸ਼ਬਦ ਨਿਸਚਿਤ ਰੂਪ ਵਿਚ ਸੰਸਕ੍ਰਿਤ ਭਾਸ਼ਾ ਵਿਚੋਂ ਪੰਜਾਬੀ ਭਾਸ਼ਾ ਵਿਚ ਆਇਆ ਹੈ।
2. ਇਹ ਸ਼ਬਦ ਆਪਣੇ ਅਸਲੀ ਰੂਪ, ਅਰਥਾਤ ਤਤਸਮ ਰੂਪ ਵਿਚ ਹੀ ਪੰਜਾਬੀ ਵਿਚ ਪ੍ਰਚਲਤ ਹੈ।
3. ਇਹ ਸ਼ਬਦ ਸੰਸਕ੍ਰਿਤ ਵਿਚ ਵੀ ਬਹੁ-ਅਰਥਕ ਸੀ ਅਤੇ ਸੰਸਕ੍ਰਿਤ ਵਿਚੋਂ ਪੰਜਾਬੀ ਵਿਚ ਆ ਕੇ ਵੀ ਬਹੁ-ਅਰਥਕ ਹੀ ਰਿਹਾ ।

ਪ੍ਰੋ. ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ 'ਪੰਜਾਬੀ ਵਾਰਾਂ' ਵਿਚ ਵਾਰ ਦੀ ਰੂਪ ਰੇਖਾ ਸਿਰਲੇਖ ਹੇਠ ਵਾਰ ਸੰਬੰਧੀ ਵਿਦਵਾਨਾਂ ਦੇ ਵੱਖ ਵੱਖ ਛੇ ਮੱਤ ਅੰਕਿਤ ਕੀਤੇ ਹਨ।

1. ਕਈ ਵਿਦਵਾਨਾਂ ਦਾ ਖਿਆਲ ਹੈ ਕਿ 'ਵਾਰ' ਸ਼ਬਦ ਦਾ ਅਰਥ ਹੈ ਹੱਲਾ ਕਰਨਾ, ਜਾਂ ਧਾਵਾ ਬੋਲਣਾ। ਜਿਸ ਕਾਵਿ ਵਿਚ ਹੱਲਿਆਂ, ਧਾਵਿਆਂ ਜਾਂ ਜੰਗਾਂ, ਯੁੱਧਾਂ ਦਾ ਵਰਣਨ ਹੋਵੇ ਉਸ ਨੂੰ 'ਵਾਰ' ਕਿਹਾ ਜਾਂਦਾ ਹੈ।
2. 'ਵਾਰ' ਦਾ ਅਰਥ ਹੈ ਵਰਜਣਾ, ਰੋਕਣਾ। ਇਸ ਅਰਥ ਵਿਚ ਇਹ ਪਦ ਰਿਗਵੇਦ ਵਿਚ ਵੀ ਆਇਆ ਹੈ। ਹੱਲੇ,ਧਾਵੇ ਦੀ ਰੋਕਥਾਮ ਲਈ ਜਾਂ ਸੁਰੱਖਿਆ ਲਈ ਕੀਤੇ ਯਤਨਾਂ ਦਾ ਜ਼ਿਕਰ ਆਉਣ ਕਰਕੇ ਵੀ ਇਸ ਨੂੰ 'ਵਾਰ' ਦਾ ਨਾਂ

ਦਿੱਤਾ ਗਿਆ ਹੋਵੇਗਾ।

3. ਕਈ ਵਿਦਵਾਨਾਂ ਦਾ ਮੱਤ ਹੈ ਕਿ 'ਵਾਰ' ਬਾਰ-ਬਾਰ ਦੁਹਰਾਉਣ ਦੇ ਅਰਥਾਂ ਵਿਚ ਆਉਂਦਾ ਹੈ। ਢਾਡੀ ਲੋਕ ਸੂਰਮਗਤੀ ਦੇ ਗੀਤਾਂ ਨੂੰ ਬਾਰ ਬਾਰ ਦੁਹਰਾਕੇ ਸੁਣਾਇਆ ਕਰਦੇ ਸਨ। ਇਸੇ ਲਈ ਇਸਦਾ ਨਾਂ ਵਾਰ ਪੈ ਗਿਆ।

4. ਵਾਰ ਜਾਂ ਬਾਰ ਦਰਵਾਜੇ ਨੂੰ ਕਹਿੰਦੇ ਹਨ ਕਿਉਂਕਿ ਢਾਡੀ ਜਾਂ ਭੱਟ ਲੋਕ ਸੂਰਮਿਆਂ ਦੇ ਦਰ ਤੇ ਖਲੋਕੇ ਬੀਰ ਗੀਤਾਂ ਦਾ ਉਚਾਰਣ ਕਰਦੇ ਸਨ।

5. ਰਾਜਸਥਾਨੀ ਬੋਲੀ ਵਿਚ ਵਾਰ ਸ਼ਬਦ ਦਾ ਅਰਥ ਹੈ, ਸਹਾਇਤਾ ਲਈ ਪੁਕਾਰਨਾ। ਰਾਜਸਥਾਨ ਵਿਚ ਬਾਰ-ਹੱਠ ਨਾਂ ਦੀ ਇਕ ਜਾਤੀ ਵੀ ਹੈ ਜੋ ਆਪਣੇ ਸੁਆਮੀਆਂ ਦੇ ਦਰਾਂ ਤੇ ਪ੍ਰਸ਼ੰਸਾ ਦੇ ਗੀਤ ਗਾਉਂਦੇ ਹੱਠ ਕਰਕੇ ਮੰਗਣ ਲਈ ਅੜੇ ਰਹਿੰਦੇ ਹਨ।

6. ਵਾਰ ਸ਼ਬਦ ਦਾ ਮੂਲ 'ਵਾਰਤਾ' ਪਦ ਹੈ। ਪੁਰਾਣੇ ਜ਼ਮਾਨੇ ਵਿਚ ਜੰਗਾਂ-ਯੁੱਧਾਂ ਦੀ ਵਾਰਤਾ ਹੀ ਮੂਲ ਵਿਸ਼ਾ ਸੀ ਜੋ ਭੱਟਾਂ ਤੇ ਢਾਡੀਆਂ ਨੇ ਅਪਣਾਇਆ ਹੋਇਆ ਸੀ। ਇਸ ਤੋਂ ਉਨ੍ਹਾਂ ਇਹ ਸਿੱਟਾ ਕੱਢਿਆ ਹੈ ਕਿ "ਵਾਰ ਸ਼ਬਦ ਇਸ 'ਵਾਰਤਾ' ਪਦ ਤੋਂ ਸੰਖੇਪ ਜਾਪਦਾ ਹੈ।"[11] ਵਾਰਤਾ ਸ਼ਬਦ ਦੇ ਅਰਥ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਵਿਚ ਵੀ. ਐਸ. ਆਪਟੇ ਨੇ ਇਸ ਪ੍ਰਕਾਰ ਦਿੱਤੇ ਹਨ।" Staying, abiding, ticing lively-hood, Profession, agriculture."[12]

ਇਸੇ ਤਰ੍ਹਾਂ ਡਾ. ਰਤਨ ਸਿੰਘ ਜੱਗੀ ਨੇ ਵੀ ਵਾਰ ਦੇ ਅਰਥ ਆਪਣੇ ਸੰਪਾਦਿਤ ਖੋਜ ਪੱਤਰ 'ਵਿਚਾਰਧਾਰਾ' ਵਿਚ ਇਸ ਤਰ੍ਹਾਂ ਦੱਸੇ ਹਨ। ਵਾਰ ਸ਼ਬਦ ਦਾ ਅਰਥ ਹੈ- "ਸਾਹਮਣਾ ਕਰਨਾ, ਪਿੱਛੇ ਧੱਕਣਾ, ਪਰ੍ਹੇ ਹਟਾਣਾ, ਰੋਕਣਾ। ਇਹ ਸੰਸਕ੍ਰਿਤ ਸ਼ਬਦ 'ਵਾਰਣਾ' ਦਾ ਪੰਜਾਬੀ ਤਦਭਵ ਰੂਪ ਹੈ।"[13]

ਫ਼ਾਰਸੀ ਦੀਆਂ ਜਿਨ੍ਹਾਂ ਕਵਿਤਾਵਾਂ ਵਿਚ ਜਸ ਗਾਇਆ ਜਾਂਦਾ ਹੈ। ਉਨ੍ਹਾਂ ਨੂੰ ਕਸੀਦਾ ਕਿਹਾ ਜਾਂਦਾ ਹੈ। 'ਹਮਦ'-ਰੱਬ ਦੀ ਉਪਮਾ ਵਿਚ ਗਾਈ ਜਾਂਦੀ ਹੈ। ਨਾਹਤ-ਰਸੂਲ ਦੀ ਉਪਮਾ ਵਿਚ ਗਾਇਆ ਜਾਂਦਾ ਹੈ। ਸੰਸਕ੍ਰਿਤ ਤੇ ਪ੍ਰਾਕ੍ਰਿਤ ਵਿਚ 'ਰਾਇਸੋ' ਜਸ ਵਾਲੀ ਕਵਿਤਾ ਨੂੰ ਕਿਹਾ ਜਾਂਦਾ ਹੈ, ਪਰ ਪੰਜਾਬੀ ਵਿਚ ਇਸ ਨੂੰ ਵਾਰ ਦਾ ਨਾਂ ਦਿੱਤਾ ਗਿਆ ਹੈ। ਬਲਬੀਰ ਸਿੰਘ ਪੂਨੀ ਦੇ ਸ਼ਬਦਾਂ ਵਿਚ, "ਵਾਰ ਵਿਚ ਕਿਸੇ ਇਤਿਹਾਸਕ

ਜਾਂ ਮਿਥਿਹਾਸਕ ਨਾਇਕ ਦੀ ਸਿਫ਼ਤ ਕੀਤੀ ਹੁੰਦੀ ਹੈ। ਇਹ ਛੰਦ ਵਿਚ ਲਿਖੀ ਜਾਂਦੀ ਹੈ, ਕਿਉਂਕਿ ਵਾਰ ਛੰਦ-ਬੱਧ ਕਵਿਤਾ ਹੈ, ਇਸ ਲਈ ਇਸ ਵਿਚ ਕੋਈ ਤਬਦੀਲੀ ਕਿਸੇ ਬੱਝਵੇਂ ਨਿਯਮ ਅਧੀਨ ਹੋ ਸਕਦੀ ਹੈ।"[14] ਵਾਰ ਦੇ ਅਰਥਾਂ ਬਾਰੇ ਡਾ. ਕਾਲਾ ਸਿੰਘ ਬੇਦੀ ਦੀ ਧਾਰਨਾ ਇਸ ਪ੍ਰਕਾਰ ਹੈ -- "ਵਾਰ ਪਦ ਜਿਸ ਦੇ ਅਰਥ ਰੋਕਣਾ, ਹਮਲੇ ਦਾ ਟਾਕਰਾ ਕਰਨਾ ਆਦਿ ਅਰਥਾਂ ਵਿਚ ਖ ਇਹ ( ਪਦ ਮੰਡਲ) ਸੂਕਤ ੩੨ ਥ (ਮੰਤਰ 12) ਰਿਗਵੇਦ ਵਿਚ ਵਰਤਿਆ ਹੋਇਆ ਹੈ। ਇਸੇ ਲਈ ਵਾਰ ਦਾ ਅਰਥ ਰੋਕਣਾ, ਹਮਲੇ ਦਾ ਨਿਵਾਰਣ ਕਰਨਾ ਆਦਿ ਹਨ। ਇਹ ਵੀ ਹੋ ਸਕਦਾ ਹੈ ਕਿ ਵਾਰ 'ਜਸ ਭਰਪੂਰ ਗੀਤ ਦੇ ਅਰਥ ਵਿਚ 'ਵਾਰਤਾ' ਪਦ ਤੋਂ ਸੰਖੇਪ ਹੋ ਕੇ ਬਣਿਆ ਹੋਵੇ। 'ਵਾਰਤਾ' ਪਦ ਵ੍ਰਿਤ ਧਾਤੂ ਤੋਂ ਨਿਕਲਿਆ ਹੈ। ਸੰਸਕ੍ਰਿਤ ਵਿਚ ਵਾਰ ਪਦ ਉਤਮ ਗਣੇਯ ਦੇ ਅਰਥਾਂ ਵਿਚ ਮਿਲਦਾ ਹੈ। ਅੰਗਰੇਜੀ ਵਿਚ ਵਾਰ ਦਾ ਅਰਥ ਹੈ ਜੁੱਧ। ਪ੍ਰਾਚੀਨ ਆਰੀਆ ਦੇ ਬਜੁਰਗਾਂ ਨੂੰ Wiros ਕਿਹਾ ਜਾਂਦਾ ਸੀ। ਹੋ ਸਕਦਾ ਹੈ ਇਸੇ ਤੋਂ ਹੀ Warrior ਜੋਧਾ) ਵੀਰ, ਸੂਰਮਾ, ਵਾਰ ਆਦਿ ਸ਼ਬਦ ਨਿਕਲੇ ਹੋਣ। ਇਥੇ ਵਾਰ ਦਾ ਅਰਥ ਜੱਸ ਭਰਪੂਰ ਗੀਤ ਹੈ।"[15] ਵਾਰ ਦੇ ਅਰਥਾਂ ਬਾਰੇ 'ਗੁਰਸ਼ਬਦ ਰਤਨਾਕਰ' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਕਹਿੰਦੇ ਹਨ, "ਯੁੱਧ ਸੰਬੰਧੀ ਕਾਵਯ। ਉਹ ਰਚਨਾ ਜਿਸ ਵਿਚ ਸੂਰਬੀਰਤਾ ਦਾ ਵਰਣਨ ਹੋਵੇ। ਵਾਰ ਛੰਦ ਦਾ ਅਰਥ ਪੌੜੀ ਛੰਦ ਭੀ ਹੋ ਗਿਆ ਹੈ, ਕਿਉਂਕਿ ਯੋਧਿਆਂ ਦੀ ਸੂਰਬੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ।"[16] 'ਗੁਰ ਸ਼ਬਦ ਰਤਨਾਕਰ' ਵਿਚ ਦਿੱਤੀ ਪਰਿਭਾਸ਼ਾ ਦੇ ਆਧਾਰ ਤੇ ਅਸੀਂ ਵਾਰ ਦੇ ਚਾਰ ਸਿੱਟੇ ਕੱਢ ਸਕਦੇ ਹਾਂ।

1. ਵਾਰ ਯੁੱਧ ਸੰਬੰਧੀ ਕਾਵਿ ਹੈ।
2. ਵਾਰ ਵਿਚ ਸੂਰਬੀਰਤਾ ਦਾ ਵਰਣਨ ਹੁੰਦਾ ਹੈ।
3. ਵਾਰ ਵਿਚ ਯੋਧਿਆਂ ਦਾ ਜਸ ਹੁੰਦਾ ਹੈ।
4. ਵਾਰ ਅਤੇ ਪਉੜੀ ਦਾ ਸੰਬੰਧ ਸਮੀਪੀ ਹੈ।

ਪ੍ਰੋ. ਪਿਆਰਾ ਸਿੰਘ ਪਦਮ 'ਪੰਜਾਬੀ ਵਾਰਾਂ' ਦੇ ਮੁਖ-ਬੰਦ ਵਿਚ ਵਾਰ ਸੰਬੰਧੀ ਹੇਠ ਵਰਣਿਤ ਸਿੱਟੇ ਕਢਦੇ ਹਨ।

1. ਵਾਰ ਪੰਜਾਬੀ ਕਾਵਿ-ਸ਼ੈਲੀ ਹੈ।

2. ਵਾਰ ਪਉੜੀ ਛੰਦ ਵਿਚ ਰਚੀ ਜਾਂਦੀ ਹੈ।
3. ਵਾਰ ਦਾ ਵਿਸ਼ਾ ਯੁੱਧ ਕਥਾ ਦੀ ਵਾਰਤਾ ਹੁੰਦਾ ਹੈ।
4. ਵਾਰ ਲਈ ਇਤਿਹਾਸਕ ਤੇ ਯਥਾਰਥਿਕ ਅਨੁਭਵ ਦੀ ਲੋੜ ਹੈ।[17]

ਡਾ. ਚਰਨ ਸਿੰਘ ਅਨੁਸਾਰ, "ਵਾਰ ਉਹ ਕਾਵਿ ਸ਼ੈਲੀ ਹੈ ਜਿਸ ਦੁਆਰਾ ਪਉੜੀਆਂ ਵਿਚ ਕਿਸੇ ਯੁੱਧ ਕਥਾ ਜਾਂ ਜੰਗੀ ਵਾਰਤਾ ਦਾ ਵਰਣਨ ਕੀਤਾ ਗਿਆ ਹੋਵੇ।"[18] ਹਰਿੰਦਰ ਸਿੰਘ ਰੂਪ ਨੇ ਵਾਰ ਦੇ ਅਰਥ ਇਸ ਪ੍ਰਕਾਰ ਦਿੱਤੇ ਹਨ, "ਵਾਰ ਦੇ ਅਰਥ ਹਨ-ਹਮਲਾ ਕਰਨਾ, ਜਸ ਕਰਨਾ ਜਾਂ ਪਹਿਲੇ ਅਰਥਵਾਲੀ ਵਾਰ ਵਿਚ ਯੁੱਧ ਦੀ ਗੱਲ ਅਤੇ ਸੂਰਮੇ ਦਾ ਜੱਸ ਗਾਇਆ ਜਾਂਦਾ ਹੈ ਅਤੇ ਦੂਜੇ ਵਿਚ ਵਾਹਿਗੁਰੂ, ਸਤਿਗੁਰੂ, ਸਤਿਪੁਰਖ ਦੀ ਮਹਿਮਾ ਗਾਈ ਜਾਂਦੀ ਹੈ ਜਾਂ ਫਿਰ ਗੁਣਾਂ ਦੀ ਵਡਿਆਈ ਕੀਤੀ ਜਾਂਦੀ ਹੈ। ਇਸ ਵਿਚ ਸੁਭ ਤੇ ਅਸ਼ੁੱਭ ਗੁਣਾਂ ਦੀ ਟੱਕਰ ਹੁੰਦੀ ਹੈ।"[19] ਹਰਿੰਦਰ ਸਿੰਘ ਰੂਪ ਦੀ ਇਸ ਪਰਿਭਾਸ਼ਾ ਤੋਂ ਚਾਰ ਸਿੱਟੇ ਸਹਿਜੇ ਹੀ ਨਿਕਲਦੇ ਹਨ, ਯੁੱਧ, ਸੂਰਬੀਰਤਾ, ਜਸ ਤੇ ਪਉੜੀ। ਇਸ ਦ੍ਰਿਸ਼ਟੀ ਤੋਂ ਪਰਖਿਆਂ ਯੁੱਧ ਕਥਾ ਦੇ ਵਰਣਨ ਦੁਆਰਾ ਸੂਰਬੀਰ ਯੋਧਿਆਂ ਦਾ ਪਉੜੀਆਂ ਵਿਚ ਜੱਸ ਗਾਇਨ ਕਰਨ ਵਾਲੀ ਰਚਨਾ ਨੂੰ 'ਵਾਰ' ਕਹਿਣਾ ਉਚਿਤ ਹੈ ਪਰ ਅਸੀਂ ਇਸਨੂੰ ਅੰਤਿਮ ਸੱਚ ਜਾਂ ਸਾਰੀ ਵਿਆਖਿਆ ਦਾ ਨਿਚੋੜ ਨਹੀਂ ਕਹਿ ਸਕਦੇ। ਬਾਵਾ ਬੁੱਧ ਸਿੰਘ ਅਨੁਸਾਰ, "ਵਾਰ ਉਹ ਰਚਨਾ ਹੈ ਜਿਸ ਵਿਚ ਜੱਸ ਤੇ ਵਡਿਆਈ ਹੋਵੇ।"[20] ਵਾਰ ਦੀ ਕਹਾਣੀ ਵਿਚ ਇਤਿਹਾਸਕ ਮਸਾਲੇ ਦੀ ਭਰਤੀ ਹੋਣੀ ਚਾਹੀਦੀ ਹੈ। ਇਹ ਇਸ ਲਈ ਕਿ ਸਾਨੂੰ ਬਿਆਨ ਵਿਚ ਸਚਾਈ ਨਜ਼ਰ ਆਵੇ। ਹਰ ਭਾਗ ਨਾਟਕ ਦੀਆਂ ਝਾਕੀਆਂ ਵਾਂਗ ਚਲਦਾ ਨਜ਼ਰ ਆਵੇ। ਵਾਰ ਕਲਪਨਾ ਦੀ ਬਜਾਏ ਹਕੀਕਤ ਜਾਪੇ, ਬੋਲੀ ਵਿਚ ਜੋਰ, ਤਾਜ਼ਗੀ, ਕੜਾਕੇਦਾਰ ਸ਼ਬਦਾਵਲੀ ਹੋਵੇ। ਸੁਸਤ ਅਤੇ ਪੁਰਾਣੇ ਸ਼ਬਦ ਨਹੀ ਵਰਤਣੇ ਚਾਹੀਦੇ ਕਿਉਂਕਿ ਇਹ ਵਾਰ ਵਿਚ ਢਿੱਲਾਪਣ ਅਤੇ ਰਵਾਨਗੀ ਵਿਚ ਸੁਸਤੀ ਪੈਦਾ ਕਰਦੇ ਹਨ ।ਵਾਰ ਵਿਚ ਵਿਸ਼ੇ ਦੀ ਏਕਤਾ ਤੇ ਇਕਾਗਰਤਾ ਜ਼ਰੂਰੀ ਹੁੰਦੀ ਹੈ। ਹਰ ਪਉੜੀ ਮਜ਼ਮੂਨ ਨਾਲ ਸੰਬੰਧਿਤ ਹੋਵੇ। ਨਾਇਕ ਦੀ ਆਦਰਸ਼ਕਤਾ ਨੂੰ ਨਿਭਾਉਣਾ ਵੀ ਵਿਸ਼ੇ ਦੀ ਇਕਾਗਰਤਾ ਵਾਂਗ ਹੀ ਜ਼ਰੂਰੀ ਹੁੰਦਾ ਹੈ। ਵਾਰ ਦੀ ਬੋਲੀ ਦਾ ਸਜਰਾਪਣ ਤੇ ਨਰੋਆਪਣ ਇਸ ਦੇ ਸ਼ਿੰਗਾਰ ਹੁੰਦੇ ਹਨ। ਸ਼ਬਦ ਕਲਾ ਤੋਂ ਜਾਣੂ ਹੋਣਾ, ਸ਼ਬਦ ਭੰਡਾਰ ਦੀ ਬਹੁਲਤਾ ਰੱਖਣਾ ਵਾਰ ਲੇਖਕ ਲਈ ਅਤਿ ਜ਼ਰੂਰੀ ਹੈ। ਜਿਵੇਂ ਕਿ ਵਾਰ ਕਾਵਿ-ਸਤਰਾਂ ਦੇ ਅੰਤ ਤੇ 'ੜ' ਅੱਖਰ ਦੀ ਵਰਤੋਂ ਜਾਂ ਇਸ ਦੇ ਜੋੜ ਨਾਲ ਬਣੇ ਸ਼ਬਦ ਜਿਵੇਂ 'ਸੱਤੇ ਬਲਵੰਡ ਦੀ ਵਾਰ'

ਵਿਚ 'ਰਿੜਕਿਓਨ', 'ਚਿਲਕਿਓਨ', 'ਠਣਕਿਓਨ' ਆਦਿ ਸ਼ਬਦ ਸਿਰਫ਼ ਕਲਾ ਪੂਰਤੀ ਲਈ ਘੜੇ ਗਏ ਹਨ।

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨ।।
ਚਉਦਹ ਰਤਨ ਨਿਕਾਲਿਅਨੁ, ਕਰਿ ਆਵਾਗਉਣ ਚਿਲਕਿਓਨ। ।।
ਕੁਦਰਤਿ ਅਹਿ ਵੇਖਾਲਿਅਨੁ, ਜਿਣਿ ਐਵਡ ਪਿਡ ਠਣਕਿਓਨੁ ।।[21]

ਮਿਸਾਲ ਵਜੋਂ ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਵਿਚ ਅਜੇਹੀ ਵਰਤੋਂ ਆਮ ਵੇਖੀ ਜਾ ਸਕਦੀ ਹੈ:

ਉਮਲ ਲਥੇ ਜੋਧੇ ਮਾਰੂ ਬੱਜਿਆ ।
ਬੱਦਲ ਜਿਉ ਮਹਿਖਾਸੁਰ ਰਣ ਵਿਚਿ ਗਜਿਆ ।
ਇੰਦਰ ਜੇਹਾ ਜੋਧਾ ਮੈਥਉ ਭਜਿਆ ।
ਕਉਣੁ ਵਿਚਾਰੀ ਦੁਰਗਾ ਜਿਨ ਰਣ ਸਜਿਆ ।[22]

'ਤਾੜ-ਤਾੜ', 'ਕਾੜ-ਕਾੜ', 'ਫਾੜ-ਫਾੜ' ਆਦਿ ਸ਼ਬਦ ਰੰਗ ਜਮਾਉਣ ਲਈ ਹੀ ਬੋਲੀ ਵਿਚ ਲਿਆਂਦੇ ਜਾਂਦੇ ਹਨ। ਵਾਰ ਦੀ ਰਚਨਾ ਸਿਰਫ਼ ਪਉੜੀਆਂ ਵਿਚ ਹੀ ਕੀਤੀ ਜਾਂਦੀ ਹੈ। ਵਾਰ ਛੰਦਬੱਧ ਰਚਨਾ ਹੋਣੀ ਚਾਹੀਦੀ ਹੈ। ਵਾਰ ਦੇ ਦੋ ਪ੍ਰਮੁੱਖ ਛੰਦ ਨਿਸ਼ਾਨੀ ਛੰਦ ਤੇ ਸਿਰਖੰਡੀ ਛੰਦ ਹਨ। ਵਾਰ ਲਈ ਬੈਂਤ ਛੰਦ ਇਸ ਲਈ ਨਹੀਂ ਵਰਤਿਆ ਜਾਂਦਾ ਕਿਉਂਕਿ ਇਹ ਇਕ ਲੰਮੇ ਵਹਿਣ ਦਾ ਛੰਦ ਹੈ। ਇਸ ਛੰਦ ਹੇਠ ਰਚੀ ਰਚਨਾ ਦੇ ਗਾਇਣ ਵਿਚ ਵਾਰ ਦਾ ਪ੍ਰਯੋਜਨ ਜੋਸ਼ ਅਥਵਾ ਹਿੰਮਤ ਪੈਦਾ ਕਰਨਾ ਮੁਕੰਮਲ ਤੌਰ ਤੇ ਪੂਰਾ ਨਹੀਂ ਹੁੰਦਾ। ਦੋਹਿਰੇ ਵਿਚ ਵੀ ਉਹ ਜੋਸ਼ ਤੇ ਲੈਅ ਨਹੀਂ ਭਰਿਆ ਜਾ ਸਕਦਾ। ਦੋਹਿੜੇ ਵੀ ਪਉੜੀ ਦੇ ਮੁਕਾਬਲੇ ਤੇ ਨਹੀਂ ਪਹੁੰਚਦੇ ਪਰ ਇਸ ਦੇ ਉਲਟ ਪਉੜੀ ਦੀਆਂ ਲੰਮੀਆਂ ਤੇ ਛੋਟੀਆਂ ਤੁੱਕਾਂ ਵਿਚ ਰਵਾਨੀ ਕਾਇਮ ਰਹਿੰਦੀ ਹੈ। 'ਵਾਰ ' ਦੀ ਇਕ-ਇਕ ਪਉੜੀ ਇਕ ਹੁਨਰੀ ਤਸਵੀਰ ਹੁੰਦੀ ਹੈ ਤੇ ਕਈ ਵਾਰ ਮਾਹਰ ਮੁਸੱਵਰ ਵਾਂਗ ਸ਼ਾਇਰ ਇਕੋ ਇਕ ਤੁਕ ਨਾਲ ਬੁਰਛ ਦੀ ਇਕੋ ਇਕ ਛੁਹ ਵਾਂਗ ਮੁਕੰਮਲ ਤਸਵੀਰ ਬਣਾ ਦਿੰਦਾ ਹੈ। 'ਚੰਡੀ ਦੀ ਵਾਰ' ਦਾ ਕਰਤਾ ਤੇ 'ਨਾਦਰਸ਼ਾਹ ਦੀ ਵਾਰ' ਦਾ ਕਰਤਾ ਇਸ ਪੱਖੋਂ ਸਿਰਮੌਰ ਉਸਤਾਦ ਮੰਨੇ ਜਾ ਸਕਦੇ ਹਨ। ਦੋਹਾਂ ਵਿਚੋਂ ਇਸ ਰੰਗੀਨੀ ਦੀ ਛੁਹ ਆਉਂਦੀ ਹੈ।[23] ਹਿੰਦੀ ਸਾਹਿਤ

ਕੋਸ਼ ਵਿਚ ਰਾਜਸਥਾਨ ਦੇ ਚਾਰਣ ਕਵੀਆਂ ਦੁਆਰਾ ਬੀਰ ਰਸੀ ਰਚਨਾਵਾਂ ਲਈ ਪੱਧਰੀ ਛੰਦ ਦੀ ਵਰਤੋਂ ਦਾ ਸੰਕੇਤ ਵੀ ਮਿਲਦਾ ਹੈ।[24] ਜਸੋਧਾ ਨੰਦਨ ਆਪਣੀ ਪੁਸਤਕ 'ਲਵ ਕੁਸ਼ ਦੀ ਵਾਰ' ਦੇ ਅੰਤ ਵਿਚ ਲਿਖਦਾ ਹੈ। ਲਵ ਤੇ ਕੁਸ਼ ਦੀਆਂ ਪਉੜੀਆਂ ਸਮਾਪਤ।[25]

ਵਾਰ ਦਾ ਵਿਸ਼ਾ/ਕੇਂਦਰੀ ਭਾਵ ਘਟਨਾ ਜਾਂ ਵਾਕਿਆ ਹੁੰਦਾ ਹੈ। ਵਾਰ ਬਿਆਨੀਆ ਕਵਿਤਾ ਵਿਚ ਜਾਂ ਧਾਰਮਿਕ ਸਮਾਗਮਾਂ ਵਿਚ ਗਾਉਣ ਲਈ ਹੁੰਦੀ ਹੈ। ਰੂਪਕਾਂ, ਅਲੰਕਾਰਾਂ, ਅਟੱਲ ਸਚਾਈਆਂ ਦੀ ਜੜਤ ਨਾਲ ਰਾਗ ਦੀ ਇਕਸਾਰਤਾ ਨੂੰ ਕਾਇਮ ਰਖਿਆ ਜਾਂਦਾ ਹੈ। ਨਾਇਕ ਦੀ ਪਾਤਰ ਉਸਾਰੀ ਯੁੱਧ ਦੇ ਵਾਤਾਵਰਣ ਨੂੰ ਨਾਇਕ ਦੇ ਟਾਕਰੇ ਤੇ ਸਕਤੇ ਦੀ ਡਰਾਉਣੀ ਤਸਵੀਰ ਬੰਨ੍ਹਣ ਵਿਚ ਵੀ ਸਹਾਈ ਹੁੰਦੀ ਹੈ। ਬੀਰ ਰਸ ਵਾਰ ਦਾ ਪ੍ਰਮੁੱਖ ਰਸ ਹੈ। ਵਾਰ ਦੇ ਨਾਇਕ ਦਾ ਯੁੱਧਵੀਰ ਹੋਣਾ ਹੀ ਅਨਿਵਾਰਯ ਹੈ। ਵਾਰਾਂ ਦੇ ਇਸ ਪ੍ਰਮੁੱਖ ਰਸ ਨੂੰ ਮੁੱਖ ਰਖਦੇ ਹੋਏ ਪ੍ਰੋ. ਪਰਮਿੰਦਰ ਸਿੰਘ ਤੇ ਕ੍ਰਿਪਾਲ ਸਿੰਘ ਕਸੇਲ ਨੇ 'ਚੰਡੀ ਦੀ ਵਾਰ' ਦੀ ਸੰਪਾਦਨਾ ਕਰਦੇ ਹੋਏ ਭੂਮਿਕਾ ਵਿਚ ਸੁਝਾਓ ਦਿੱਤਾ ਹੈ। 'ਚੰਡੀ ਦੀ ਵਾਰ' ਦੇ ਇਨ੍ਹਾਂ ਸੰਪਾਦਕਾਂ ਨੇ ਰਸ ਦੇ ਆਧਾਰ ਤੇ ਵਾਰਾਂ ਤਿੰਨ ਪ੍ਰਕਾਰ ਦੀਆਂ ਦੱਸੀਆਂ ਹਨ। ਬੀਰ ਰਸੀ ਵਾਰਾਂ, ਅਧਿਆਤਮਕ ਵਾਰਾਂ, ਸ਼ਿੰਗਾਰ ਰਸੀ ਵਾਰਾਂ। ਬੀਰ-ਰਸੀ ਵਾਰਾਂ ਵਿਚ ਕਿਸੇ ਬਹਾਦਰ ਤੇ ਉਚੀ ਸ਼ਖਸੀਅਤ ਰੱਖਣ ਵਾਲੇ ਵਿਅਕਤੀ ਦਾ ਜੱਸ ਗਾਇਆ ਜਾਂਦਾ ਹੈ। ਅਧਿਆਤਮਕ ਵਾਰਾਂ ਵਿਚ ਗੁਰਮੁਖਾਂ ਤੇ ਮਨਮੁੱਖਾਂ, ਸਤਿਸੰਗਤ ਤੇ ਕੁਸੰਗਤ, ਕੂੜ ਤੇ ਸੱਚ, ਕੁਕਰਮ ਤੇ ਸ਼ੁਭਕਰਮ, ਨੇਕੀ ਤੇ ਬਦੀ ਦਾ ਭੇੜ ਕਰਾਇਆ ਗਿਆ ਹੁੰਦਾ ਹੈ ਤੇ ਹਮੇਸ਼ਾਂ ਹੀ ਜਿੱਤ ਸੱਚ ਦੀ, ਨੇਕੀ ਦੀ ਜਾਂ ਗੁਰਮੁਖਾਂ ਦੀ ਕਰਾਈ ਹੁੰਦੀ ਹੈ। ਇਨ੍ਹਾਂ ਦਾ ਹੀ ਜੱਸ ਗਾਇਆ ਜਾਂਦਾ ਹੈ। ਮਨੁੱਖ ਦੀ ਆਤਮਾ ਨੂੰ ਇੰਨਾਂ ਤਾਕਤਵਰ ਬਣਾਇਆ ਜਾਂਦਾ ਹੈ ਕਿ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਟਾਕਰਾ ਕਰ ਸਕੇ। ਪ੍ਰੇਮ ਦੀਆਂ ਵਾਰਾਂ ਜਾਂ ਸ਼ਿੰਗਾਰ ਰਸੀ ਵਾਰਾਂ ਵਿਚ ਆਸ਼ਕਾਂ ਦੀ ਉਪਮਾ ਗਾਈ ਜਾਂਦੀ ਹੈ। ਇਨ੍ਹਾਂ ਵਾਰਾਂ ਵਿਚ ਸ਼ਿੰਗਾਰ ਰਸ ਪ੍ਰਧਾਨ ਹੋਣ ਕਾਰਨ 'ਸ਼ਿੰਗਾਰ-ਰਸੀ ਵਾਰਾਂ' ਕਹਿੰਦੇ ਹਾਂ। ਸ਼ਿੰਗਾਰ ਰਸੀ ਵਾਰਾਂ ਵਿਚ ਬੀਰ ਰਸ ਦੀ ਘਾਟ ਹੁੰਦੀ ਹੈ। ਅਧਿਆਤਮਕ ਵਾਰਾਂ ਸਾਨੂੰ ਭਾਈ ਗੁਰਦਾਸ ਦੀਆਂ ਮਿਲਦੀਆਂ ਹਨ। ਹੋਰ ਗੁਰੂ ਸਾਹਿਬਾਂ ਵੀ ਅਧਿਆਤਮਕ ਵਾਰਾਂ ਰਚੀਆਂ ਹਨ। ਵਾਰ ਦੇ ਨਾਇਕ ਦਾ ਸੁਭਾਅ ਵੀ ਇਸ ਗੱਲ ਦੀ ਮੰਗ ਕਰਦਾ ਹੈ ਕਿ ਉਹ ਪ੍ਰਭਾਵਸ਼ਾਲੀ ਹੋਵੇ। ਪ੍ਰਤੀਨਾਇਕ ਜਾਂ ਖਲਨਾਇਕ ਵੀ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ ਜੇ ਉਹ ਸ਼ਕਤੀਸ਼ਾਲੀ ਨਾ ਹੋਵੇ ਤਾਂ ਵਾਰ ਵਿਚਲੀ ਟੱਕਰ ਪੂਰਨ ਭਾਂਤ

ਨਹੀਂ ਉਘੜੇਗੀ। ਡਾ. ਕੇਸਰ ਸਿੰਘ ਕੇਸਰ ਵਾਰ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੇ ਹਨ। "ਪੰਜਾਬੀ ਵਿਚ ਬੀਰ-ਗਾਥਾ ਨੂੰ 'ਵਾਰ' ਕਹਿੰਦੇ ਹਨ। ਇਸ ਵਿਚ ਜੋਧਿਆਂ ਦੀ ਬੀਰਤਾ ਭਰੀ ਵਾਰਤਾ ਪਉੜੀਆਂ ਵਿਚ ਗਾਇਨ ਕੀਤੀ ਜਾਂਦੀ ਹੈ। ਸੋ ਯੁੱਧ-ਕਥਾ ਵਾਰ ਦੀ ਆਤਮਾ ਹੈ ਤੇ ਪਉੜੀ ਸਰੀਰ। ਇਨ੍ਹਾਂ ਦਾ ਉੱਤਮ ਸੰਜੋਗ ਹੀ 'ਵਾਰ' ਦੀ ਸਿਰਜਣਾ ਕਰਦਾ ਹੈ।[26]

'ਵਾਰ' ਦੇ ਸਰੂਪ ਬਾਰੇ ਜਾਨਣ ਤੋਂ ਮਗਰੋਂ ਇਹ ਵੇਖਣਾ ਪਵੇਗਾ ਕਿ ਉਹ ਕਿਹੜੀਆਂ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਕਰਕੇ ਕਿਸੇ ਕਾਵਿ ਰੂਪ ਨੂੰ 'ਵਾਰ' ਦਾ ਨਾਂ ਦਿੱਤਾ ਜਾ ਸਕਦਾ ਹੈ। ਪੰਜਾਬੀ 'ਵਾਰ-ਕਾਵਿ-ਰੂਪ' ਨੂੰ ਸਾਹਮਣੇ ਰਖਦਿਆਂ ਪਰਿਭਾਸ਼ਿਕ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਵਾਰ' ਉਸ ਕਾਵਿ-ਵਾਰਤਾ ਨੂੰ ਕਹਿੰਦੇ ਹਨ ਜਿਸ ਵਿਚ ਨਾਇਕ ਦੀ ਪ੍ਰਸ਼ੰਸਾ ਯੁੱਧ ਦੇ ਪ੍ਰਸੰਗ ਵਿਚ ਕੀਤੀ ਗਈ ਹੋਵੇ ਅਤੇ ਨਾਇਕ-ਪ੍ਰਤੀਨਾਇਕ ਦੀ ਟੱਕਰ ਦਾ ਵਰਣਨ ਉਤਸ਼ਾਹ ਵਧਾਉਣ ਵਾਲੀ ਸ਼ੈਲੀ ਵਿਚ ਕੀਤਾ ਗਿਆ ਹੋਵੇ। ਇਹ ਟੱਕਰ ਸਥੂਲ ਜਾਂ ਸੂਖਮ ਦੋਹਾਂ ਤਰ੍ਹਾਂ ਦੀ ਹੋ ਸਕਦੀ ਹੈ। ਯੁੱਧ ਸੰਬੰਧੀ ਲਿਖੀਆਂ ਵਾਰਾਂ ਵਿਚ ਇਹ ਟੱਕਰ ਸਥੂਲ ਹੁੰਦੀ ਹੈ ਅਤੇ ਅਧਿਆਤਮਕ ਵਾਰਾਂ ਵਿਚ ਇਸਦਾ ਸਰੂਪ ਸੂਖਮ ਹੁੰਦਾ ਹੈ। ਉਦਾਹਰਣ ਲਈ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਚੰਡੀ ਦੀ ਵਾਰ' ਦਾ ਸਰੂਪ ਸਥੂਲ ਹੈ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਟੱਕਰ ਦਾ ਸਰੂਪ ਸੂਖਮ ਹੈ।

ਪੰਜਾਬੀ ਵਾਰ ਆਪਣੇ ਆਪ ਵਿਚ ਇਕ ਸੁਤੰਤਰ ਕਾਵਿ ਰੂਪ ਹੈ। ਕਿਉਂਕਿ ਸੰਸਾਰ ਦੇ ਬੀਰ ਰਸੀ ਸਾਹਿਤ ਵਿਚ ਪੰਜਾਬੀ ਵਾਰ ਇਕ ਨਿਵੇਕਲਾ ਤੇ ਬੇਨਜ਼ੀਰ ਕਾਵਿ ਰੂਪ ਹੈ। ਭਾਰਤ ਦੀਆਂ ਦੂਸਰੀਆਂ ਭਾਸ਼ਾਵਾਂ ਵਿਚ ਪੰਜਾਬੀ ਵਾਰ ਵਰਗਾ ਕੜਾਕੇਦਾਰ ਅਤੇ ਜੋਸ਼ੀਲੇ ਮਜ਼ਮੂਨ ਭਰਿਆ ਲੋਕ ਕਾਵਿ ਰੂਪ ਨਹੀਂ ਮਿਲਦਾ। ਕਿਸੇ ਕਾਵਿ ਰੂਪ ਨੂੰ ਵਾਰ ਆਖਣ ਲਈ ਉਸ ਵਿਚ ਹੇਠ ਲਿਖੇ ਲੱਛਣਾਂ ਦਾ ਹੋਣਾ ਜ਼ਰੂਰੀ ਹੈ।

1. ਇਹ ਇਕ ਛੰਦ-ਬੱਧ ਰਚਨਾ ਹੁੰਦੀ ਹੈ। ਬੈਤ ਵਰਗੇ ਲੰਮੇ ਛੰਦ ਇਸ ਲਈ ਯੋਗ ਨਹੀਂ ਕਿਉਂਕਿ ਜਿੰਨਾ ਛੋਟਾ ਛੰਦ ਹੋਵੇਗਾ ਵਾਰ ਵਿਚ ਉਤਨੀ ਹੀ ਜ਼ਿਆਦਾ ਰਵਾਨੀ ਹੋਵੇਗੀ। ਇਸ ਲਈ ਵਾਰ ਪਉੜੀਆਂ ਵਿਚ ਲਿਖੀ ਜਾਂਦੀ ਹੈ। ਜੇ ਟੱਕਰ ਵਾਰ ਦੀ ਆਤਮਾ ਹੈ ਤਾਂ ਪਉੜੀ ਉਸ ਦਾ ਸਰੀਰ ਹੈ। ਇਨ੍ਹਾਂ ਦੋਹਾਂ ਵਿਚ ਹੁਣ ਪਰੰਪਰਾਗਤ ਸੰਬੰਧ ਕਾਇਮ ਹੋ ਚੁਕਿਆ ਹੈ। ਯੁੱਧ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਕੋਈ ਰਚਨਾ ਉਦੋਂ ਤਕ ਵਾਰ ਨਹੀਂ

ਅਖਵਾ ਸਕਦੀ ਜਦੋਂ ਤਕ ਪਉੜੀਆਂ ਵਿਚ ਨਾ ਰਚੀ ਗਈ ਹੋਵੇ। ਬਹੁਤ ਸਾਰੇ ਲੇਖਕਾਂ ਨੇ 'ਵਾਰ' ਤੇ 'ਪਉੜੀ' ਦੋਹਾਂ ਸ਼ਬਦਾਂ ਨੂੰ ਇਕੋ ਹੀ ਅਰਥਾਂ ਵਿਚ ਵਰਤਿਆ ਹੈ। 'ਨਾਦਰਸ਼ਾਹ ਦੀ ਵਾਰ' ਨੂੰ ਹੁਣ ਤਕ 'ਨਾਦਰ ਸ਼ਾਹ ਦੀ ਪਉੜੀ' ਹੀ ਲਿਖਿਆ ਜਾਂਦਾ ਹੈ। 'ਲਵ ਕੁਸ਼ ਦੀ ਵਾਰ' ਦੇ ਕਰਤਾ ਨੇ ਵਾਰ ਦੇ ਅੰਤ ਵਿਚ ਲਿਖਿਆ ਹੈ, "ਲਵ ਕੁਸ਼ ਦੀਆਂ ਪਉੜੀਆਂ ਸੰਪੂਰਣ।"[27] ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ 'ਚੰਡੀ ਦੀ ਵਾਰ' ਦੇ ਅੰਤ ਤੇ ਲਿਖਦੇ ਹਨ, "ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।"[28] ਸਪੱਸ਼ਟ ਹੈ ਕਿ ਪਉੜੀ ਵਾਰ ਦਾ ਅਨਿੱਖੜਵਾਂ ਅੰਗ ਹੈ। ਇਹ ਦੋਵੇਂ ਇਕ ਦੂਜੇ ਉਤੇ ਆਧਾਰਿਤ ਹਨ। ਪਉੜੀ ਲਿਖਣ ਲਈ ਦੋ ਛੰਦ ਵਿਧੀਆਂ-ਸਿਰਖੰਡੀ ਅਤੇ ਨਿਸ਼ਾਨੀ ਦੀ ਵਰਤੋਂ ਕੀਤੀ ਜਾਂਦੀ ਹੈ। ਸਿਰਖੰਡੀ ਵਿਚ ਤੁਕਾਂਤ ਮੱਧ ਵਿਚ ਹੁੰਦਾ ਹੈ ਅਤੇ ਨਿਸ਼ਾਨੀ ਵਿਚ ਅੰਤ ਉਤੇ। ਤੁਕਾਂ ਵਿਚਲੀਆਂ ਮਾਤਰਾਵਾਂ ਦੀ ਗਿਣਤੀ ਵੀ ਹਰ ਇਕ ਪਉੜੀ ਵਿਚ ਇਕਸਾਰ ਨਹੀਂ ਹੁੰਦੀ। ਸਿਰਖੰਡੀ ਛੰਦ ਦੀ ਵਰਤੋਂ ਯੁੱਧ ਦੀ ਤੇਜੀ ਨੂੰ ਪ੍ਰਗਟਾਉਣ ਲਈ ਬੜੀ ਢੁੱਕਵੀਂ ਹੈ। ਸਿਰਖੰਡੀ ਅਤੇ ਨਿਸ਼ਾਨੀ ਛੰਦ ਹੀ ਵਾਰ ਲਈ ਢੁੱਕਵਾਂ ਵਾਤਾਵਰਣ ਪੈਦਾ ਕਰਦੇ ਹਨ।

2. ਵਾਰ ਵਿਚ ਬੀਰ-ਰਸ ਦੀ ਪ੍ਰਧਾਨਤਾ ਹੁੰਦੀ ਹੈ ਪਰ ਨਾਲ ਨਾਲ ਰੌਦਰ ਰਸ, ਵੀਭਤਸ ਰਸ, ਭਿਆਨਕ ਰਸ ਵੀ ਸ਼ਾਮਲ ਹੋ ਜਾਂਦੇ ਹਨ। ਅਧਿਆਤਮਕ ਵਾਰਾਂ ਵਿਚ ਭਾਵੇਂ ਸਾਂਤ ਰਸ ਹੁੰਦਾ ਹੈ ਪਰ ਉਸ ਵਿਚਲੀ ਨੇਕੀ ਬਦੀ ਦੀ ਟੱਕਰ ਉਤਸ਼ਾਹ ਨੂੰ ਕਾਇਮ ਰੱਖਦੀ ਹੈ।

3. ਵਾਰ ਦੇ ਆਰੰਭ ਵਿਚ ਮੰਗਲਾਚਰਣ ਹੁੰਦਾ ਹੈ। ਜਿਸ ਵਿਚ ਵਾਰਕਾਰ ਆਪਣੇ ਇਸ਼ਟ ਜਾਂ ਪਰਮਾਤਮਾ ਨੂੰ ਧਿਆਉਂਦਾ ਹੈ। ਪੰਜਾਬੀ ਸਾਹਿਤ ਵਿਚ ਇਹ ਪਰੰਪਰਾ ਸ਼ੁਰੂ ਤੋਂ ਹੀ ਚਲਦੀ ਆ ਰਹੀ ਹੈ।

4. ਵਾਰ ਵਿਚ ਚਿੱਤਰੀ ਘਟਨਾ ਦਾ ਸੰਬੰਧ ਇਤਿਹਾਸ ਜਾਂ ਮਿਥਿਹਾਸ ਵਿਚਲੀ ਕਿਸੇ ਵੀ ਘਟਨਾ ਨਾਲ ਹੋ ਸਕਦਾ ਹੈ।

5. ਵਾਰ ਵਿਚ ਨਾਇਕ ਦਾ ਹੋਣਾ ਜ਼ਰੂਰੀ ਹੈ। ਨਾਇਕ ਨੂੰ ਹੋਰ ਪਾਤਰਾਂ ਤੋਂ ਖਾਸ ਕਰਕੇ ਦੁਸ਼ਮਣ ਤੋਂ ਉਚੇਰਾ ਦਿਖਾਇਆ ਜਾਂਦਾ ਹੈ। ਨਾਇਕ ਚੰਗਿਆਈ ਵਾਲੀ ਧਿਰ ਦੀ ਪ੍ਰਤੀਨਿਧਤਾ ਕਰਦਾ ਹੈ। ਨਾਇਕ ਦੇ ਟਾਕਰੇ ਤੇ ਬੁਰਿਆਈ ਵਾਲੀ ਧਿਰ ਦੀ ਪ੍ਰਤੀਨਿਧਤਾ ਕਰਨ ਵਾਲੇ ਧੜੇ ਦੇ ਆਗੂ ਪ੍ਰਤੀ-ਨਾਇਕ ਦਾ ਹੋਣਾ ਵੀ ਜ਼ਰੂਰੀ ਹੈ।

ਵਾਰ ਵਿਚ ਪ੍ਰਤੀਨਾਇਕ ਦਾ ਯੋਗ ਵਰਣਨ ਹੀ ਨਾਇਕ ਨੂੰ ਵਧੇਰੇ ਯਥਾਰਥਕ ਰੂਪ ਵਿਚ ਪ੍ਰਗਟਾਉਂਦਾ ਹੈ। ਅਧਿਆਤਮਕ ਵਾਰਾਂ ਵਿਚ ਨਾਇਕ ਗੁਰੂ ਅਥਵਾ ਗੁਰਮੁਖ ਹੁੰਦਾ ਹੈ ਜੋ ਕਿ ਨੇਕੀ ਦਾ ਪ੍ਰਤੀਕ ਹੈ ਅਤੇ ਪ੍ਰਤੀ-ਨਾਇਕ ਇਕ ਮਨਮੁੱਖ ਹੈ ਜੋ ਗੁਰੂ ਤੋਂ ਬੇਮੁੱਖ ਹੋ ਕੇ ਆਪਣੀ ਮਰਜੀ ਅਨੁਸਾਰ ਚਲਦਾ ਹੈ। ਮਾਨਸਿਕ ਸੰਘਰਸ਼ ਵਿਚ ਮਨਮੁਖ ਪਛਾੜਿਆ ਜਾਂਦਾ ਹੈ ਤੇ ਗੁਰੂ ਦੀ ਨਦਰ ਦੁਆਰਾ ਗੁਰਮੁਖ ਦੀ ਜਿੱਤ ਹੁੰਦੀ ਹੈ।

6. 'ਵਾਰ' ਦੀ ਰਚਨਾ ਲੋਕ ਭਾਸ਼ਾ ਵਿਚ ਹੋਣੀ ਜ਼ਰੂਰੀ ਹੈ। ਵਾਰਾਂ ਰਾਹੀਂ ਰਾਜਨੀਤਕ ਸਮਾਜਿਕ ਅਤੇ ਧਾਰਮਿਕ ਅੰਦੋਲਨਾਂ ਲਈ ਆਮ ਤੌਰ ਤੇ ਸਾਧਾਰਣ ਜਨਤਾ ਨੂੰ ਤਿਆਰ ਕੀਤਾ ਜਾਂਦਾ ਹੈ। ਵਾਰ ਦੀ ਬੋਲੀ ਬੜੀ ਸਾਦੀ ਪਰ ਦਿਲ ਖਿੱਚਵੀਂ ਤੇ ਜੋਰਦਾਰ ਹੁੰਦੀ ਹੈ ਅਤੇ ਮਜ਼ਮੂਨ ਬੜਾ ਘਰੋਗੀ, ਨੇੜੇ ਦਾ ਤੇ ਉਤਸ਼ਾਹ ਜਨਕ ਹੁੰਦਾ ਹੈ। ਵਾਰ ਮਨੁੱਖ ਦੇ ਅੰਦਰ ਝਰਨਾਟ ਛੇੜ ਦਿੰਦੀ ਹੈ। ਇਸ ਵਿਚ ਕਰੜੇ ਸ਼ਬਦਾਂ ਦੀ ਵਰਤੋਂ ਰਾਹੀਂ ਜੋਸ਼ ਤੇ ਜੰਗੀ ਖੜਾਕ ਦੀ ਆਵਾਜ਼ ਆਉਂਦੀ ਹੈ। ਵਾਰ ਕਿਸੇ ਇਕੱਲੇ ਦੀ ਖੁਸ਼ੀ ਲਈ ਨਹੀਂ ਰਚੀ ਜਾਂਦੀ। ਇਸ ਲਈ ਇਸ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਾਫੀ ਗਿਣਤੀ ਵਿਚ ਸਥਾਨਕ ਰੰਗ, ਰੂਪਕ ਉਪਮਾਵਾਂ, ਅਟੱਲ ਸਚਾਈਆਂ ਅਤੇ ਅਖੋਤਾਂ ਦੀ ਵਰਤੋਂ ਜ਼ਰੂਰੀ ਹੁੰਦੀ ਹੈ।

7. ਵਾਰ ਵਿਚ ਟੱਕਰ ਜਾਂ ਸੰਘਰਸ਼ ਦਾ ਹੋਣਾ ਵੀ ਲਾਜ਼ਮੀ ਹੈ ਕਿਉਂਕਿ ਵਾਰਕਾਰ ਕਿਸੇ ਪ੍ਰਭਾਵਸ਼ਾਲੀ ਯੁੱਧ ਕਥਾ ਨੂੰ ਹੀ ਆਪਣੀ ਰਚਨਾ ਦਾ ਵਿਸ਼ਾ ਬਣਾਉਂਦਾ ਹੈ। ਇਹ ਟੱਕਰ ਪ੍ਰਤੱਖ ਜਾਂ ਅਪ੍ਰਤੱਖ, ਸਰੀਰਕ ਜਾਂ ਮਾਨਸਿਕ ਕੋਈ ਵੀ ਹੋ ਸਕਦੀ ਹੈ। ਵਾਰ ਵਿਚ ਸੰਘਰਸ਼ ਦਾ ਵਰਣਨ ਤਿੰਨ ਸਟੇਜ਼ਾਂ ਰਾਹੀਂ ਕੀਤਾ ਜਾਂਦਾ ਹੈ ਜੋ ਕਿ ਸ਼ੰਕਾ ਪੱਖ, ਸੰਘਰਸ਼ ਪੱਖ ਅਤੇ ਸਮਾਧਾਨ ਪੱਖ ਹਨ। ਸ਼ੰਕਾ ਪੱਖ ਵਿਚ ਲੜਾਈ ਦੇ ਕਾਰਨਾਂ ਦਾ ਵਰਣਨ ਕੀਤਾ ਜਾਂਦਾ ਹੈ। ਸੰਘਰਸ਼ ਪੱਖ ਵਿਚ ਵਾਰ ਵਿਚ ਵਰਣਿਤ ਦੋਹਾਂ ਵਿਰੋਧੀ ਪੱਖਾਂ ਦੇ ਸੰਘਰਸ਼ ਦਾ ਵਿਸਤ੍ਰਿਤ ਵਰਣਨ ਕੀਤਾ ਜਾਂਦਾ ਹੈ ਅਤੇ ਸਮਾਧਾਨ ਪੱਖ ਵਿਚ ਵਾਰ ਵਿਚ ਵਰਣਿਤ ਦੋਹਾਂ ਵਿਰੋਧੀ ਧੜਿਆਂ ਵਿਚਕਾਰ ਹੋਏ ਸੰਘਰਸ਼ ਤੋਂ ਨਿਕਲੇ ਸਿੱਟਿਆਂ ਦਾ ਵਰਣਨ ਕੀਤਾ ਗਿਆ ਹੁੰਦਾ ਹੈ।

8. ਵਾਰ ਦਾ ਇਕ ਕੇਂਦਰੀ ਭਾਵ, ਕੋਈ ਘਟਨਾ ਜਾਂ ਵਾਕਿਆ ਹੁੰਦਾ ਹੈ। ਜਿਸ ਦੁਆਲੇ ਇਹ ਘੁੰਮਦੀ ਹੈ।

9. ਵਾਰਾਂ ਦੀਆਂ ਧੁਨੀਆਂ ਨਿਸਚਿਤ ਹੁੰਦੀਆਂ ਹਨ। ਵਾਰਾਂ ਨੂੰ ਪੜ੍ਹਨ ਤੇ ਗਾਉਣ ਦਾ

ਕੰਮ ਪੁਸ਼ਤੋ-ਪੁਸ਼ਤੀ ਚਲਦਾ ਆ ਰਿਹਾ ਹੈ।

ਕਿੱਸਾ:- ਡਾ. ਰਤਨ ਸਿੰਘ ਜੱਗੀ ਅਨੁਸਾਰ, "ਕਿੱਸਾ ਸ਼ਬਦ ਅਰਬੀ ਭਾਸ਼ਾ ਦਾ ਹੈ।"[29] ਇਸ ਦਾ ਅਰਥ ਹੈ ਕਥਾ, ਕਹਾਣੀ, ਆਖਿਆਨ। ਅਰਬੀ ਭਾਸ਼ਾ ਵਿਚ ਗੱਦ ਵਿਚ ਲਿਖੀਆਂ ਕਹਾਣੀਆਂ ਜਾਂ ਬਿਰਤਾਂਤਕ ਰਚਨਾਵਾਂ ਲਈ ਪ੍ਰਾਚੀਨ ਕਾਲ ਤੋਂ ਇਸ ਸ਼ਬਦ ਦੀ ਵਰਤੋਂ ਹੁੰਦੀ ਆ ਰਹੀ ਹੈ। ਪਰ ਪੰਜਾਬੀ ਵਿਚ ਕਿੱਸੇ ਕਵਿਤਾ ਵਿਚ ਲਿਖੇ ਗਏ ਹਨ ਅਤੇ ਇਨ੍ਹਾਂ ਦੀ ਰਚਨਾ ਫ਼ਾਰਸੀ ਦੇ ਮਸਨਵੀ ਕਾਵਿ ਰੂਪ ਤੋਂ ਪ੍ਰਭਾਵਿਤ ਹੋਈ ਮੰਨੀ ਜਾਂਦੀ ਹੈ। ਫਾਰਸੀ ਭਾਸ਼ਾ ਵਿਚ ਲੰਬੀ-ਕਹਾਣੀ ਜਿਸ ਕਾਵਿ ਰੂਪ ਵਿਚ ਬਿਆਨ ਕੀਤੀ ਜਾਂਦੀ ਹੈ, ਉਸ ਨੂੰ ਮਸਨਵੀ ਕਹਿੰਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੁਆਰਾ ਰਚਿਤ ਪੰਜਾਬੀ ਸਾਹਿਤ ਕੋਸ਼ ਵਿਚ ਮਸਨਵੀ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, "ਮਸਨਵੀ ਫਾਰਸੀ ਅਦਬ ਦਾ ਸਭ ਤੋਂ ਵੱਧ ਹਰਮਨ ਪਿਆਰਾ ਕਾਵਿ ਰੂਪ ਹੈ। ਇਸਦਾ ਮੁੱਖ ਕਾਰਣ ਇਹ ਹੈ ਕਿ ਇਸ ਵਿਚ ਕਾਫੀਆਂ ਜਾਂ ਰਦੀਫ ਦੀ ਅਜੇਹੀ ਕੋਈ ਪਾਬੰਦੀ ਨਹੀਂ ਜੋ ਗਜ਼ਲ, ਕਸੀਦਾ ਜਾਂ ਰੁਬਾਈ ਵਿਚ ਹੈ। ਸ਼ਰਤ ਕੇਵਲ ਇਤਨੀ ਹੈ ਕਿ ਹਰ ਸ਼ਿਅਰ ਅਥਵਾ ਬੈਤ ਦੇ ਦੋਵੇਂ ਮਿਸਰੇ ਹਮਕਾਫੀਆ ਹੋਣ। ਪਰ ਇਹ ਜਰੂਰੀ ਨਹੀਂ ਕਿ ਹਰ ਆਉਣ ਵਾਲਾ ਸ਼ਿਆਰ ਪਹਿਲੇ ਨਾਲ ਹਮਕਾਫੀਆ ਹੋਵੇ।"[30] ਫਾਰਸੀ ਕਵਿਤਾ ਵਿਚ 'ਕਿੱਸੇ' ਲਈ ਸ਼ਬਦ 'ਕਿੱਸਾ ਨਹੀਂ ਵਰਤਿਆ ਗਿਆ, ਸਗੋਂ ਇਸ ਨੂੰ ਸਾਰੇ ਪ੍ਰਸਿੱਧ ਕਵੀ ' ਮਸਨਵੀ' ਹੀ ਕਹਿੰਦੇ ਆਏ ਹਨ। ਅਰਬੀ, ਫਾਰਸੀ ਤੇ ਉਰਦੂ ਵਿਚ 'ਕਿੱਸਾ' ਕਿਸੇ ਵਾਰਤਕ ਵਿਚ ਲਿਖੀ ਕਹਾਣੀ ਲਈ ਵਰਤਿਆ ਜਾਂਦਾ ਰਿਹਾ ਹੈ। ਪਹਿਲੀ ਵਾਰ ਪੰਜਾਬੀ ਕਵਿਤਾ ਵਿਚ ਰਚੇ ਕਿੱਸਿਆਂ ਨੂੰ ਸੰਕੇਤ 'ਕਿੱਸਾ' ਰਾਹੀਂ ਪ੍ਰਗਟਾਇਆ ਹੈ ਜੋ ਕਿ ਪੰਜਾਬੀ ਸਾਹਿਤ ਦੀ ਨਿਵੇਕਲੀ ਘਾੜਤ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਹੀ "ਇਸ ਵਿਚ ਫ਼ਾਰਸੀ ਮਸਨਵੀ ਅਤੇ ਫਾਰਸੀ ਪ੍ਰਬੰਧ ਕਾਵਿ ਦੇ ਕੁਝ ਤੱਤ ਤਾਂ ਮਿਲ ਜਾਂਦੇ ਹਨ ਪਰ ਇਹ ਹੈ ਪੰਜਾਬੀ ਦਾ ਹੀ ਆਪਣਾ ਨਿਵੇਕਲਾ ਸਾਹਿਤ ਰੂਪ।"[31] ਹਾਫਿਜ਼ ਬਰਖੁਰਦਾਰ ਰਚਿਤ 'ਯੂਸਫ ਜ਼ੁਲੈਖਾਂ' ਵਿਚ ਫਾਰਸੀ-ਮਸਨਵੀ ਪਰੰਪਰਾ ਦਾ ਪਾਲਨ ਵਿਸਥਾਰ ਵਿਚ ਕੀਤਾ ਗਿਆ ਹੈ।[32] ਵਾਰਿਸ ਸ਼ਾਹ ਨੇ ਹੀਰ ਦੇ ਸ਼ੁਰੂ ਦੇ ਪੰਜ ਬੈਂਤਾਂ ਵਿਚ ਖੁਦਾ ਰਸੂਲ, ਚਾਰ-ਯਾਰ, ਪੀਰ ਆਦਿ ਦੀ ਬੰਦਗੀ ਕੀਤੀ ਹੈ। [33] ਇਸ ਤਰ੍ਹਾਂ ਹਾਸ਼ਮ, ਅਹਿਮਦਯਾਰ, ਅਮਾਮ ਬਖਸ਼ ਆਦਿ ਸਭ ਕਵੀਆਂ ਨੇ ਫਾਰਸੀ ਮਸਨਵੀ ਦੀ

ਪਰੰਪਰਾ ਦਾ ਪਾਲਨ ਕਰਨ ਦਾ ਯਤਨ ਕੀਤਾ ਹੈ। 'ਸੈਫਲ ਮਲੂਕ' ਵਿਚ ਇਸ ਦਾ ਪਾਲਨ ਸਭ ਤੋਂ ਵਧੇਰੇ ਹੋਇਆ ਹੈ। ਕਿੱਸਾ ਕਾਵਿ ਵਿਚ ਅੰਕਿਤ ਜਨ ਜੀਵਨ, ਭਾਰਤੀ ਸਭਿਅਤਾ ਅਤੇ ਸਭਿਆਚਾਰ ਦੀ ਝਲਕ ਉਸਨੂੰ ਨਿਰੋਲ ਫਾਰਸੀ ਮਸਨਵੀ ਦੇ ਪ੍ਰਭਾਵ ਅਧੀਨ ਨਹੀਂ ਰਹਿਣ ਦਿੰਦੀ। ਇਸੇ ਲਈ ਇਸ ਕਿੱਸਾ ਕਾਵਿ ਦੀ ਉਤਪਤੀ ਲਈ ਚਾਰ ਤਰ੍ਹਾਂ ਦੇ ਪ੍ਰਭਾਵਾਂ ਨੂੰ ਜ਼ਿੰਮੇਵਾਰ ਦਸਦੇ ਹੋਏ ਡਾ. ਤਾਰਨ ਸਿੰਘ ਕਹਿੰਦੇ ਹਨ, "ਆਮ ਵਿਚਾਰ ਹੈ ਕਿ ਪੰਜਾਬੀ ਮਨ ਦੀ ਜਿਸ ਪੱਧਰ ਤੋਂ ਕਿੱਸਾ ਪੈਦਾ ਹੋ ਸਕਿਆ, ਉਹਦੇ ਬਣਾਉਣ ਵਿਚ ਸੈਂਕੜੇ ਹੋਰ ਨਿੱਕੇ ਮੋਟੇ ਪ੍ਰਭਾਵਾਂ ਤੋਂ ਛੁੱਟ ਚਾਰ ਵੱਡੇ ਪ੍ਰਭਾਵ ਕੰਮ ਕਰ ਰਹੇ ਹਨ।

1. ਸੰਸਕ੍ਰਿਤ ਦਾ ਪ੍ਰਭਾਵ
2. ਯੂਨਾਨੀਆਂ ਦਾ ਪ੍ਰਭਾਵ
3. ਅਰਬੀ ਫਾਰਸੀ ਦਾ ਪ੍ਰਭਾਵ
4. ਪੰਜਾਬੀ ਸਾਹਿਤ ਅਤੇ ਪੰਜਾਬੀਅਤ ਦਾ ਆਪਣਾ ਪ੍ਰਭਾਵ।"[34]

ਪ੍ਰੋ. ਪਿਆਰਾ ਸਿੰਘ ਭੋਗਲ ਦੇ ਵਿਚਾਰ ਅਨੁਸਾਰ "ਪੰਜਾਬੀ ਦੀ ਕਿੱਸਾ ਕਵਿਤਾ ਇਸਲਾਮੀ ਸੰਸਕ੍ਰਿਤੀ ਦਾ ਪ੍ਰਭਾਵ ਸਾਡੇ ਦੇਸ਼ ਵਿਚ ਆ ਜਾਣ ਤੋਂ ਬਾਅਦ ਪ੍ਰਚਲਤ ਹੋਇਆ ਰੂਪ ਹੈ। ਨਾਮ ਅਰਬੀ ਵਿਚੋਂ ਆਇਆ ਹੈ ਤੇ ਢਾਂਚਾ ਜਾਂ ਸਾਂਚਾ ਫਾਰਸੀ ਵਿਚੋਂ।"[35] ਪੰਜਾਬੀ ਦੇ ਕਵੀਆਂ ਨੇ ਆਪਣੀ ਦੇਸੀ ਪ੍ਰਤਿਭਾ ਦੇ ਅਨੁਸਾਰ ਇਸ ਨੂੰ ਕਾਫੀ ਸੁਤੰਤਰ ਰੂਪ ਵਿਚ ਢਾਲਿਆ ਹੈ। ਫਾਰਸੀ ਮਸਨਵੀ ਦੀ ਨਕਲ ਨਹੀਂ ਕੀਤੀ। ਜਿੰਨੇ ਵੱਡੇ ਕਿੱਸਾਕਾਰ ਹੋਏ, ਉਹ ਅਰਬੀ, ਫਾਰਸੀ ਦੇ ਸ਼ਬਦ ਵਰਤਦੇ ਹੋਏ ਵੀ, ਪੰਜਾਬੀ ਰੂਪ ਨੂੰ ਵੱਧ ਤੋਂ ਵੱਧ ਠੇਠ ਰੱਖਦੇ ਹਨ।

ਪੰਜਾਬੀ ਕਿੱਸਾ ਕਵੀ ਜਨਤਾ ਲਈ ਉਸ ਦੇ ਮਨੋਰੰਜਨ ਲਈ ਕਿੱਸੇ ਲਿਖਦੇ ਸਨ। ਪੰਜਾਬੀ ਦਾ ਆਪਣਾ ਸਾਹਿਤਕ ਵਿਰਸਾ ਵੀ ਕਿੱਸਿਆਂ ਦੀ ਉਤਪਤੀ ਵਿਚ ਸਹਾਇਕ ਸਿੱਧ ਹੋਇਆ। ਡਾ. ਤਾਰਨ ਸਿੰਘ ਅਨੁਸਾਰ, "ਹੀਰ ਦੇ ਕਿੱਸਿਆਂ ਵਿਚ ਲੜਾਈਆਂ ਦਾ ਵਰਣਨ ਹੈ ਤੇ ਪੰਜਾਬੀ ਵਾਰਾਂ ਵਿਚ ਇਹ ਪੱਖ ਮੌਜੂਦ ਸੀ। ਜੋਗੀ, ਉਨ੍ਹਾਂ ਦੀਆਂ ਕਰਾਮਾਤਾਂ ਤੇ ਉਨ੍ਹਾਂ ਦੇ ਟਿੱਲੇ ਪੰਜਾਬੀ ਜੀਵਨ ਦਾ ਅੰਗ ਸਨ ਅਤੇ ਇਹ ਹੀਰ ਦੇ ਕਿੱਸੇ ਵਿਚ ਬਿਰਾਜਮਾਨ ਹਨ। ਪੰਜਾਬੀਆਂ ਦੇ ਜੀਵਨ ਵਿਚੋਂ ਇਹ ਕਹਾਣੀਆਂ ਪ੍ਰਗਟ ਹੋ ਸਕਦੀਆਂ ਸਨ। ਪੰਜਾਬੀ ਦਾ ਆਪਣਾ ਸਾਹਿਤਕ ਪਿਛੋਕੜ ਬੜਾ ਭਾਰਾ ਹੈ। ਕਿਥੇ

ਅੱਠਵੀਂ ਸਦੀ ਤੋਂ ਇਨ੍ਹਾਂ ਲਿਖਣਾ ਸ਼ੁਰੂ ਕੀਤਾ ਹੋਇਆ ਸੀ ਤੇ ਅੱਠ ਸੌ ਸਾਲਾਂ ਵਿਚ ਕਿੱਸਿਆਂ ਤੱਕ ਪੁੱਜਣਾ ਸੀ।"[36] ਕਿੱਸੇ ਦਾ ਆਧਾਰ ਲੋਕ ਕਹਾਣੀ ਹੈ ਅਤੇ ਕਈ ਲੋਕ ਕਹਾਣੀਆਂ ਕਿੱਸਿਆਂ ਵਿਚੋਂ ਲੋਕਾਂ ਵਿਚ ਪ੍ਰਚਲਤ ਹੋਈਆਂ ਹਨ। ਪ੍ਰਸਿੱਧ ਇਤਿਹਾਸਕ ਪ੍ਰਸੰਗ ਜਿਨ੍ਹਾਂ ਨਾਲ ਲੋਕ-ਭਾਵਨਾ ਜੁੜੀ ਹੋਵੇ, ਕਿੱਸਿਆਂ ਦਾ ਆਧਾਰ ਬਣ ਸਕਦੇ ਹਨ। ਡਾ. ਰਤਨ ਸਿੰਘ ਜੱਗੀ ਨੇ ਪੰਜਾਬੀ ਦੀ ਇਸ ਵਿਸ਼ਾਲ ਕਾਵਿ ਪਰੰਪਰਾ ਦੇ ਕੁਝ ਮਹੱਤਵਪੂਰਨ ਸਾਹਿਤਕ ਪੱਖ ਸਪਸ਼ਟ ਕੀਤੇ ਹਨ ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ:

(ੳ) ਕਿੱਸਾਕਾਰੀ ਪੰਜਾਬੀ ਸਾਹਿਤ ਦੀ ਵਿਲੱਖਣ ਤੇ ਮਹੱਤਵਪੂਰਣ ਕਾਵਿ ਪਰੰਪਰਾ ਹੈ ਜੋ ਲਗਭਗ ਚਾਰ ਸੌ ਸਾਲਾਂ ਤੋਂ ਚਲੀ ਆ ਰਹੀ ਹੈ।

(ਅ) ਇਹ ਗਿਣਤੀ ਦੇ ਪੱਖ ਤੋਂ ਬਹੁਤ ਜ਼ਿਆਦਾ ਹਨ ਅਤੇ ਪੰਜਾਬੀ ਕਾਵਿ/ਸਾਹਿਤ ਦੀ ਸਾਰੀ ਸਮੱਗਰੀ ਤੋਂ ਵੱਧ ਹਨ।

(ੲ) ਇਨ੍ਹਾਂ ਵਿਚ ਰੋਮਾਂਸ ਅਤੇ ਪ੍ਰੇਮ ਦਾ ਅਨੋਖਾ ਮਿਸ਼ਰਣ ਹੋਇਆ ਹੈ। ਇਨ੍ਹਾਂ ਵਿਚ ਗਲਪ ਦੇ ਦੁਖਾਂਤ ਦੇ ਤੱਤ ਹਨ। ਅਧਿਆਤਮਵਾਦ ਦੀ ਥਾਂ ਭੌਤਿਕਤਾ ਦੀ ਸੁਰ ਪ੍ਰਧਾਨ ਹੈ। ਇਨ੍ਹਾਂ ਦੀ ਰਚਨਾ ਬਹੁਜਨ ਸੁਖਾਇ ਲਈ ਹੋਈ ਹੈ।

(ਸ) ਇਨ੍ਹਾਂ ਵਿਚ ਪੰਜਾਬੀਅਤ ਦਾ ਚਿਤਰਣ ਹੈ ਅਤੇ ਪੰਜਾਬੀ ਜੀਵਨ ਦੀ ਭਰਪੂਰ ਤਸਵੀਰ ਪੇਸ਼ ਹੋਈ ਹੈ। ਇਸ ਰੂਪ ਨੇ ਬਾਕੀਆਂ ਨਾਲੋਂ ਪੰਜਾਬੀ ਜੀਵਨ ਉਪਰ ਬਹੁਤ ਪ੍ਰਭਾਵ ਪਾਇਆ ਹੈ।

(ਹ) ਇਸ ਦੀ ਭਾਸ਼ਾ ਸਰਲ, ਸਬੋਧ ਤੇ ਹਰਮਨ ਪਿਆਰੀ ਸ਼ੈਲੀ ਹੈ।

(ਕ) ਇਹ ਜਨ ਸਾਹਿਤ ਹਨ, ਲੋਕ ਵੇਦ ਹਨ ਅਤੇ ਜਨਤਾ ਦੇ ਜੀਵਨ ਦਾ ਅਨਿੱਖੜ ਅੰਗ ਹਨ।[37]

ਗੁਰਦਿਤ ਸਿੰਘ ਪ੍ਰੇਮੀ ਅਨੁਸਾਰ, "ਪੰਜਾਬੀ ਵਿਚ ਇਹ ਨਾਂ ਪਹਿਲੇ ਪਹਿਲ ਰੋਮਾਂਟਿਕ ਕਵਿਤਾ ਦੇ ਉਸ ਰੂਪ ਨੂੰ ਦਿੱਤਾ ਗਿਆ ਜਿਸ ਵਿਚ ਕਿਸੇ ਪ੍ਰੀਤ ਜੋੜੀ ਦੀਆਂ ਪ੍ਰੇਮ ਪੂਰਤੀ ਲਈ ਕੀਤੀਆਂ ਘਾਲਾਂ ਦਾ ਵਰਣਨ ਹੁੰਦਾ ਸੀ।"[38] ਡਾ. ਹਰਿਭਜਨ ਸਿੰਘ ਨੇ ਪੰਜਾਬੀ ਕਿੱਸਾ-ਕਾਵਿ ਦੀਆਂ ਚਾਰ ਵਿਸ਼ੇਸ਼ਤਾਈਆਂ ਮੰਨੀਆਂ ਹਨ।

(1) ਸਾਦਗੀ, (2) ਸਦਾਚਾਰ, (3) ਸੁਤੰਤਰਤਾ, (4) ਸੰਜਮ ।[39]

ਡਾ. ਦੀਵਾਨ ਸਿੰਘ ਅਤੇ ਡਾ. ਬਿਕਰਮ ਸਿੰਘ ਘੁੰਮਣ ਦੇ ਵਿਚਾਰ ਅਨੁਸਾਰ, "ਪੰਜਾਬੀ ਦੇ ਕਿੱਸੇ ਚਾਰ ਪ੍ਰਕਾਰ ਦੇ ਹਨ। (1) ਰੁਮਾਂਟਿਕ (2) ਇਸ਼ਕੀਆ, (3) ਧਾਰਮਿਕ, (4) ਬੀਰ ਰਸੀ। ਪਹਿਲੀਆਂ ਤਿੰਨ ਸ਼੍ਰੇਣੀਆਂ ਨੂੰ ਆਮ ਕਰਕੇ ਕਿੱਸਾ ਆਖਿਆ ਜਾਂਦਾ ਹੈ ਅਤੇ ਚੌਥੀ ਨੂੰ ਵਾਰ। ਅਸਲ ਵਿਚ ਸਾਰੇ ਹੀ ਕਿੱਸੇ ਹਨ। ਕਿੱਸੇ ਦੀ ਪਰਿਭਾਸ਼ਾ ਕਰਨੀ ਹੋਵੇ ਤਾਂ ਇਉਂ ਹੋਵੇਗੀ -"ਕਿੱਸਾ ਉਹ ਲੰਮੀ ਕਵਿਤਾ ਹੈ ਜਿਸ ਵਿਚ ਕਿਸੇ ਨਾਇਕ ਤੇ ਨਾਇਕਾ ਦੀ ਪ੍ਰੇਮ ਕਥਾ ਜਾਂ ਬੀਰਤਾ ਦਾ ਸਵਿਸਥਾਰ ਵਰਣਨ ਕੀਤਾ ਹੋਵੇ।"[40] 'ਪੰਜਾਬੀ ਦੁਨੀਆਂ' ਦੇ 'ਕਿੱਸਾ ਕਾਵਿ ਅੰਕ' ਵਿਚ ਡਾ. ਦੀਵਾਨ ਸਿੰਘ ਨੇ ਕਿੱਸੇ ਨੂੰ ਕਥਾ ਜਾਂ ਕਹਾਣੀ ਮੰਨਦੇ ਹੋਏ ਉਸ ਦੇ ਵਿਸ਼ਾ-ਵਸਤੂ ਨੂੰ ਇਸ਼ਕ ਤੱਕ ਹੀ ਸੀਮਤ ਕਰ ਦਿੱਤਾ ਹੈ। ਉਹ ਆਪਣੇ ਅਧਿਐਨ ਦੇ ਆਧਾਰ ਤੇ ਲਿਖਦੇ ਹਨ, "ਇਸ਼ਕ ਦੀ ਕਹਾਣੀ ਨੂੰ ਪੰਜਾਬੀ ਕਵੀਆਂ ਨੇ ਕਿੱਸਾ ਆਖਿਆ ਤਾਂ ਇਹ ਰੀਤ ਚਲ ਪਈ ਕਿ ਇਸ਼ਕ ਦੀ ਕਹਾਣੀ ਕਿੱਸਾ ਹੈ। ਫਾਰਸੀ ਮਸਨਵੀ, ਵਿਚ ਇਹ ਕਦੀ ਨਹੀਂ ਹੋਇਆ ਕਿ ਇਸ਼ਕ ਦੇ ਵਿਸ਼ੇ ਨਾਲ ਹੀ ਉਸਨੂੰ ਨੱਥ ਦਿੱਤਾ ਜਾਵੇ।"[41] ਕਿੱਸਾ ਸਾਹਿਤ ਦੇ ਪ੍ਰਸਿੱਧ ਖੋਜੀ ਡਾ. ਜੀਤ ਸਿੰਘ ਸੀਤਲ ਉਪਰੋਕਤ ਕਥਨ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ। ਉਨ੍ਹਾਂ ਦਾ ਨਿਰਣਾ ਹੈ ਕਿ, "ਕਿੱਸਾਕਾਰੀ ਦੋ-ਮੁਖੀਆ ਦੀਵਾ ਹੈ। ਇਸਦੀ ਇਕ ਬੱਤੀ ਮਨੁੱਖ ਦੀ ਬਹਾਦਰੀ, ਅਣਖ, ਗੈਰਤ, ਵਫ਼ਾ ਤੇ ਦੇਸ਼ ਭਗਤੀ ਦੀ ਲੰਬੀ ਕਹਾਣੀ ਹਰ ਰਾਤ ਨੂੰ ਅੱਗ ਦੇ ਚਟਕਾਰੇ ਲੈ ਲੈ ਸੁਣਾਉਂਦੀ ਹੈ ਤੇ ਦੂਜੀ ਇਸ਼ਰਤ ਦੀ ਮਹਿਫਲ ਵਿਚ ਮਨੁੱਖੀ ਪ੍ਰੀਤ, ਬ੍ਰਿਹਾ ਤੇ ਮਿਲਣੀ ਦਾ ਕਿੱਸਾ ਸੁਣਾ ਸੁਣਾ ਹੰਝੂ ਕੇਰਦੀ ਹੈ।"[42] ਉਪਰੋਕਤ ਚਰਚਾ ਤੋਂ ਹੇਠ ਲਿਖੇ ਸਿੱਟੇ ਨਿਕਲਦੇ ਹਨ।

1. ਕਿੱਸਾ ਬਿਰਤਾਂਤਕ ਕਵਿਤਾ ਹੈ।
2. ਕਿੱਸਾ ਕਥਾ ਦਾ ਹੀ ਇਕ ਰੂਪ ਹੈ।
3. ਕਿੱਸਾ ਇਸ਼ਕ ਦੀ ਕਹਾਣੀ ਹੈ।
4. ਕਿੱਸਾ ਬਹਾਦਰੀ, ਅਣਖ ਤੇ ਦੇਸ਼ ਭਗਤੀ ਦੀ ਲੰਬੀ ਕਹਾਣੀ ਦਾ ਨਾਂ ਹੈ।

ਇਸਦਾ ਅਰਥ ਇਹ ਹੋਇਆ ਕਿ ਪੰਜਾਬੀ ਕਿੱਸਾ ਅਰਬੀ ਦੇ ਕਿੱਸੇ, ਫਾਰਸੀ ਦੀ ਮਸਨਵੀ, ਸੰਸਕ੍ਰਿਤ-ਹਿੰਦੀ ਦੇ ਪ੍ਰੇਮ-ਆਖਿਆਨ ਅਤੇ ਅੰਗਰੇਜ਼ੀ ਦੀ ਬਿਆਨੀਆ ਰੁਮਾਂਚਕ

ਕਵਿਤਾ ਵਰਗੀ ਸਾਹਿਤ ਰਚਨਾ ਹੁੰਦੀ ਹੈ। ਜਿਸ ਵਿਚ ਮਹਾਂਕਾਵਿ ਦੇ ਵੀ ਕੁਝ ਅੰਸ਼ ਮਿਲਦੇ ਹਨ। ਇਸੇ ਲਈ ਡਾ. ਵਿਸ਼ਵਾਨਾਥ ਤਿਵਾੜੀ ਨੇ ਇਸ ਦੀ ਪਰਿਭਾਸ਼ਾ ਬੜੇ ਸੰਤੁਲਿਤ ਸ਼ਬਦਾਂ ਵਿਚ ਇਸ ਤਰ੍ਹਾਂ ਕੀਤੀ ਹੈ। "ਜਿਸ ਤਰ੍ਹਾਂ ਦੀਆਂ ਛੰਦਮਈ ਬਿਆਨੀਆ ਕਥਾਵਾਂ ਨੂੰ ਅੰਗਰੇਜ਼ੀ ਵਿਚ ਛੰਦ-ਬੱਧ ਰੁਮਾਂਸ, ਫਾਰਸੀ ਵਿਚ ਮਸਨਵੀ, ਸੰਸਕ੍ਰਿਤੀ ਵਿਚ ਪ੍ਰੇਮ-ਆਖਿਆਨ ਕਿਹਾ ਜਾਂਦਾ ਹੈ। ਉਸੇ ਤਰ੍ਹਾਂ ਦੀਆਂ ਰਚਨਾਵਾਂ ਨੂੰ ਪੰਜਾਬੀ ਸਾਹਿਤ ਵਿਚ ਕਿੱਸੇ ਦਾ ਨਾਂ ਦਿੱਤਾ ਗਿਆ ਹੈ।"[43] ਪੰਜਾਬੀ ਦੀ ਪੁਰਾਣੀ ਬਿਆਨੀਆ ਕਵਿਤਾ ਦਾ ਸਾਡਾ ਆਪਣਾ ਅਧਿਐਨ ਵੀ ਇਸੇ ਸਿੱਟੇ ਉਤੇ ਪੁੱਜਿਆ ਹੈ ਕਿ ਭਾਰਤੀ ਤੇ ਵਿਦੇਸ਼ੀ ਬਿਆਨੀਆ ਕਵਿਤਾ ਨਾਲ ਬਹੁਤ ਸਾਰੀ ਸਾਂਝ ਰੱਖਦੇ ਹੋਏ ਵੀ ਪੰਜਾਬੀ ਕਿੱਸਾ ਉਨ੍ਹਾਂ ਤੋਂ ਵੱਖਰੀ ਤਰ੍ਹਾਂ ਦਾ ਸਾਹਿਤ ਰੂਪ ਹੈ। ਉਸ ਦੀ ਅੰਦਰੂਨੀ ਬਣਤਰ ਬਾਹਰਲੇ ਪ੍ਰਭਾਵਾਂ ਨੂੰ ਕਬੂਲ ਕਰਦੀ ਹੋਈ ਵੀ ਆਪਣੇ ਅਖੰਡ-ਰੂਪ ਵਿਚ ਦੂਜੇ ਸਭ ਸਾਹਿਤ ਰੂਪਾਂ ਨਾਲੋਂ ਆਪਣੇ ਆਪ ਨੂੰ ਨਿਖੇੜਦੀ ਆਈ ਹੈ। ਇਸੇ ਤਰ੍ਹਾਂ ਇਸ ਦੀ ਬਣਤਰ ਵਾਰ ਅਤੇ ਜੰਗਨਾਮੇ ਨਾਲੋਂ ਵੀ ਵੱਖਰੀ ਹੈ। ਕਥਾ, ਲੜਾਈ, ਝਗੜਾ, ਬਹਾਦਰੀ ਆਦਿ ਲੱਛਣ ਵਾਰ, ਜੰਗਨਾਮਾ ਅਤੇ ਕਿੱਸਾ ਆਦਿ ਤਿੰਨਾਂ ਵਿਚ ਮਿਲ ਜਾਂਦੇ ਹਨ। ਜੰਗਨਾਮੇ ਵਿਚ ਯੁੱਧ ਮੰਤਵ ਹੈ, ਸਾਧਨ ਨਹੀਂ ਅਤੇ ਵਾਰ ਵਿਚ ਯੁੱਧ ਰਾਹੀਂ ਉਤਸ਼ਾਹ ਪ੍ਰਦਾਨ ਕਰਨਾ ਵਾਰਕਾਰ ਦਾ ਮੰਤਵ ਹੁੰਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਕੁਝ ਘਟਨਾਵਾਂ ਵਿਚ ਸਾਂਝ ਹੋਣ ਦੇ ਬਾਵਜੂਦ ਵੀ ਇਹਨਾਂ ਤਿੰਨਾਂ ਸਾਹਿਤ ਰੂਪਾਂ ਦਾ ਵਿਸ਼ਾ ਅਲੱਗ ਅਲੱਗ ਹੁੰਦਾ ਹੈ। ਇਸੇ ਅਨੁਸਾਰ ਹੀ ਇਨ੍ਹਾਂ ਦੇ ਢਾਂਚੇ ਵਿਚ ਵੀ ਫਰਕ ਹੁੰਦਾ ਹੈ।

ਪੰਜਾਬੀ ਕਿੱਸਾ ਸਾਹਿਤ ਦਾ ਆਰੰਭ ਕਿਉਂਕਿ ਇਕ ਪ੍ਰੀਤ ਕਹਾਣੀ (ਹੀਰ-ਦਮੋਦਰ) ਨਾਲ ਹੁੰਦਾ ਹੈ। ਇਸ ਲਈ ਅਸੀਂ ਕਿੱਸੇ ਨੂੰ ਪ੍ਰੀਤ ਕਹਾਣੀ ਹੀ ਆਖਣ ਲਗ ਪਏ ਹਾਂ ਪਰ ਕਿੱਸਾ ਉਹ ਬਿਰਤਾਂਤਕ ਤੇ ਬਾਹਰਮੁਖੀ ਕਾਵਿ ਰਚਨਾ ਹੈ ਜੋ ਕਿ ਇਕ ਲੰਮ-ਸਲੰਮੀ ਕਥਾ ਨੂੰ ਨਾਟਕੀ ਢੰਗ ਨਾਲ ਬਿਆਨ ਕਰਦਾ ਹੋਇਆ ਅਤੇ ਸ਼ਬਦ ਚਿਤਰਾਂ ਤੇ ਅਲੰਕਾਰਾਂ ਦਾ ਆਸਰਾ ਲੈਂਦਾ ਹੋਇਆ ਤੋੜ ਤੀਕ ਚਲਦਾ ਹੈ। ਕਿੱਸੇ ਦੇ ਜਨਮ ਦੇ ਉਹੀ ਕਾਰਣ ਹਨ ਜੋ ਸਾਹਿਤ ਦੇ ਬਾਕੀ ਰੂਪਾਂ ਦੇ ਕਾਰਣ ਹਨ, ਅਰਥਾਤ ਅੰਦਰਲੇ ਦੀਆਂ ਪੀੜਾਂ ਰੀਝਾਂ ਆਦਿ ਦਾ ਸੁਹਜਮਈ ਪ੍ਰਗਟਾ। ਪੰਜਾਬੀ ਵਿਚ ਕਿੱਸਾ ਉਸ ਛੰਦ-ਬੱਧ ਬਿਰਤਾਂਤਕ ਰਚਨਾ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਕਥਾਨਕ ਦਾ ਸੰਬੰਧ ਪ੍ਰੇਮ, ਰੋਮਾਂਸ, ਬੀਰਤਾ

ਭਗਤੀ, ਦੇਸ਼-ਪ੍ਰੇਮ, ਧਰਮ ਜਾਂ ਸਮਾਜ ਸੁਧਾਰ ਨਾਲ ਹੋਵੇ। ਕਿੱਸੇ ਦੇ ਸਰੂਪ ਬਾਰੇ ਜਾਣਨ ਤੋਂ ਮਗਰੋਂ ਇਹ ਵੇਖਣਾ ਪਵੇਗਾ ਕਿ ਉਹ ਕਿਹੜੀਆਂ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਕਰਕੇ ਕਿਸੇ ਕਾਵਿ ਰੂਪ ਨੂੰ 'ਕਿੱਸੇ' ਦਾ ਨਾਂ ਦਿੱਤਾ ਜਾ ਸਕਦਾ ਹੈ। ਕਿਸੇ ਕਾਵਿ ਰਚਨਾ ਨੂੰ ਕਿੱਸਾ ਅਖਵਾਉਣ ਲਈ ਉਸ ਵਿਚ ਹੇਠ ਲਿਖੇ ਲੱਛਣਾਂ ਦਾ ਹੋਣਾ ਜਰੂਰੀ ਹੈ।

(1) ਕਿੱਸੇ ਵਿਚ ਕਥਾਨਕ ਦਾ ਆਰੰਭ ਆਮ ਤੌਰ ਤੇ ਮੰਗਲਾਚਰਣ ਜਾਂ ਹਮਦ ਤੋਂ ਹੁੰਦਾ ਹੈ। ਜਿਸ ਵਿਚ ਕਵੀ ਆਪਣੇ ਇਸ਼ਟ,ਗੁਰੂ,ਪੀਰ ਆਦਿ ਦੀ ਬੰਦਨਾ ਕਰਦਾ ਹੈ। ਕਿੱਸੇ ਵਿਚ ਕੋਈ ਵੀ ਲੋਕ ਪ੍ਰਚਲਤ,ਕਾਲਪਨਿਕ ਜਾਂ ਯਥਾਰਥਕ ਘਟਨਾ ਜਾਂ ਕਥਾ ਲਈਜਾ ਸਕਦੀ ਹੈ।

(2) ਕਿੱਸਿਆਂ ਵਿਚ ਆਮ ਤੌਰ ਤੇ ਮਨੁੱਖ ਪਾਤਰ ਹੁੰਦੇ ਹਨ ਪਰ ਇਨ੍ਹਾਂ ਦਾ ਸੰਬੰਧ ਗੈਰ-ਮਨੁੱਖੀ ਜਾਂ ਅਸ਼ਰੀਰੀ ਸ਼ਕਤੀਆਂ ਨਾਲ ਵੀ ਹੁੰਦਾ ਹੈ। ਕਿੱਸਿਆਂ ਵਿਚ ਕਰਾਮਾਤਾਂ/ਹੋਣੀ/ ਪਰਾਸਰੀਰਕ ਘਟਨਾਵਾਂ ਦਾ ਵਰਣਨ ਆਮ ਹੁੰਦਾ ਹੈ। ਕਿੱਸਿਆਂ ਦੇ ਪਾਤਰ ਘਟਨਾਵਾਂ ਦੇ ਅਧੀਨ ਹੁੰਦੇ ਹਨ ਅਤੇ ਕਥਾਨਕ ਦਾ ਵਿਕਾਸ ਹੋਣੀ ਨਿਸਚਿਤ ਕਰਦੀ ਹੈ।ਪਾਤਰਾਂ ਵਿਚ ਘਟਨਾਵਾਂ ਨੂੰ ਆਪਣੇ ਕਰਮ ਅਨੁਸਾਰ ਚਲਾਉਣ ਜਾਂ ਹੋਣੀ ਨੂੰ ਬਦਲਣ ਦੀ ਸਮਰਥਾ ਨਹੀਂ ਹੁੰਦੀ।

(3) ਬਿਰਤਾਂਤਕ ਕਾਵਿ ਹੋਣ ਕਰਕੇ ਕਿੱਸਿਆਂ ਵਿਚ ਅਨੇਕ ਪ੍ਰਾਕ੍ਰਿਤਕ ਵਸਤੂਆਂ,ਰਸਮਾਂ, ਸਥਿਤੀਆਂ ਆਦਿ ਦਾ ਵਿਸਥਾਰ ਸਹਿਤ ਚਿਤਰਣ ਹੁੰਦਾ ਹੈ।

(4) ਕਿੱਸਾਕਾਰ ਆਪਣੀ ਰਚਨਾ ਵਿਚ ਮੂਲ ਕਹਾਣੀ ਨੂੰ ਬਿਆਨਣ ਦੇ ਨਾਲ ਨਾਲ ਜ਼ਿੰਦਗੀ ਦੀਆਂ ਕੁਝ ਅਟੱਲ ਸਚਾਈਆਂ ਨੂੰ ਵੀ ਬਿਆਨ ਕਰਦੇ ਹਨ।

(5) ਕਿੱਸਿਆਂ ਵਿਚ ਪਾਤਰਾਂ ਦੇ ਆਪਸੀ ਸੰਵਾਦ ਵੀ ਲਿਖੇ ਹੁੰਦੇ ਹਨ। ਇਸ ਨਾਲ ਕਥਾਨਕ ਵਿਚ ਨਾਟਕੀਅਤਾ ਆਉਂਦੀ ਹੈ।

(6) ਕਿੱਸਿਆਂ ਵਿਚ ਆਮ ਤੌਰ ਤੇ ਸ਼ਿੰਗਾਰ, ਕਰੁਣਾ ਤੇ ਵੀਰ ਰਸਾਂ ਦੀ ਵਰਤੋਂ ਹੀ ਕੀਤੀ ਜਾਂਦੀ ਹੈ।

(7) ਕਿੱਸਿਆਂ ਦਾ ਪ੍ਰਧਾਨ ਛੰਦ ਬੈਤ ਹੈ। ਇਸ ਛੰਦ ਵਿਚਲੀ ਸੰਗੀਤਾਤਮਕਤਾ ਅਤੇ ਲੰਮੀ ਸੁਰ ਕਿੱਸੇ ਦੇ ਬਿਰਤਾਂਤ ਨੂੰ ਬਹੁਤ ਅਨੁਕੂਲ ਬੈਠਦੀ ਹੈ। ਦਵੈਯਾ, ਸਦ, ਕਲੀ, ਦੋਹਿਰਾ ਕਬਿੱਤ, ਕੋਰੜਾ, ਚੌਪਈ, ਆਦਿ ਛੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

(8) ਕਿੱਸੇ ਦੀ ਭਾਸ਼ਾ ਦਾ ਲੋਕ ਪੱਧਰ ਦੀ ਹੋਣਾ ਜ਼ਰੂਰੀ ਹੈ।

(8) ਕਿੱਸਿਆਂ ਵਿਚ ਰੋਮਾਂਸ ਦਾ ਅੰਸ਼ ਪ੍ਰਧਾਨ ਹੁੰਦਾ ਹੈ।

ਜੰਗਨਾਮਾ: - 'ਜੰਗਨਾਮਾ' ਦੋ ਸ਼ਬਦਾਂ 'ਜੰਗ' ਅਤੇ ਨਾਮਾ' ਦਾ ਸੰਯੁਕਤ ਰੂਪ ਹੈ। ਇਹ ਦੋਵੇਂ ਸ਼ਬਦ ਫਾਰਸੀ ਭਾਸ਼ਾ ਦੇ ਹਨ। 'ਨਾਮਾ' ਫਾਰਸੀ ਦੇ 'ਨਾਮਹ' ਸ਼ਬਦ ਤੋਂ ਬਣਿਆ ਹੈ। ਮੂਲ ਰੂਪ ਵਿਚ ਭਾਵੇਂ ਇਸਦਾ ਅਰਥ ਚਿੱਠੀ ਜਾਂ ਖੱਤ ਰਿਹਾ ਹੋਵੇ ਪਰ ਸਾਹਿਤ ਵਿਚ ਇਹ ਆਪਣੇ ਮੂਲ ਅਰਥ ਤੋਂ ਇਲਾਵਾ ਕਿਸੇ ਬਿਰਤਾਂਤਕ ਸਾਹਿਤ ਰਚਨਾ ਲਈ ਵੀ ਪ੍ਰਯੁਕਤ ਹੋਣ ਲਗ ਗਿਆ ਸੀ। ਇਸ ਤਰ੍ਹਾਂ ਜੰਗਨਾਮਾ ਫਾਰਸੀ ਦਾ ਇਕ ਕਾਵਿ-ਰੂਪ ਬਣ ਗਿਆ। ਫਾਰਸੀ ਸਾਹਿਤ ਦੇ ਪ੍ਰਭਾਵ ਨਾਲ 'ਜੰਗਨਾਮਾ' ਕਾਵਿ ਰੂਪ ਦਾ ਪ੍ਰਵੇਸ਼ ਵੀ ਪੰਜਾਬੀ ਸਾਹਿਤ ਵਿਚ ਹੋਇਆ। 'ਜੰਗਨਾਮਾ' ਪੰਜਾਬੀ ਸਾਹਿਤ ਦੀ ਇਕ ਮਹੱਤਵਪੂਰਣ ਕਲਾ ਕ੍ਰਿਤੀ ਹੈ। ਯੁੱਧ-ਵਰਣਨ ਨਾਲ ਸੰਬੰਧਿਤ ਪੰਜਾਬੀ ਦਾ ਆਪਣਾ ਦੇਸੀ ਕਾਵਿ ਰੂਪ 'ਵਾਰ' ਹੈ। ਜਿਸ ਵਿਚ ਕਿਸੇ ਨਾਇਕ ਦੀ ਪ੍ਰਸ਼ੰਸਾ ਜਾਂ ਉਸਤਤ ਯੁੱਧ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ) ਅਤੇ ਆਮ ਤੌਰ ਤੇ ਪਉੜੀਆਂ ਵਿਚ ਉਸਦਾ ਰਚਨਾ-ਵਿਧਾਨ ਹੁੰਦਾ ਹੈ। ਜੰਗਨਾਮੇ ਦਾ ਸੰਬੰਧ ਵੀ ਯੁੱਧ ਘਟਨਾ ਅਥਵਾ ਲੜਾਈ ਦੇ ਪ੍ਰਸੰਗ ਨਾਲ ਹੁੰਦਾ ਹੈ। ਇਸ ਲਈ ਜੰਗਨਾਮੇ ਨੂੰ ਵਾਰ ਵੀ ਕਹਿ ਦਿੱਤਾ ਜਾਂਦਾ ਹੈ। ਜੰਗਨਾਮਾ ਇਕ ਵੱਖਰਾ ਕਾਵਿ ਰੂਪ ਹੈ। ਇਸਦਾ ਆਰੰਭ ਮਸਨਵੀ ਪਰੰਪਰਾ ਵਿਚ ਹੋਈ ਸ਼ਹਾਦਤ ਅਤੇ ਯਜ਼ਦ ਦੇ ਅੱਤਿਆਚਾਰਾਂ ਦੇ ਪ੍ਰਸੰਗ ਚਿਤਰਣ ਤੋਂ ਹੋਇਆ ਹੈ। ਮੁੱਢਲੇ ਜੰਗਨਾਮੇ ਵਿਚ ਯੁੱਧ ਦਾ ਵਰਣਨ ਅਤੇ ਕਰੁਣਾ ਰਸ ਦਾ ਚਿਤਰਣ ਬਾਅਦ ਵਿਚ ਜੰਗਨਾਮੇ ਦੀਆਂ ਮੂਲ ਵਿਸ਼ੇਸ਼ਤਾਵਾਂ ਬਣ ਕੇ ਰਹਿ ਗਏ। ਫਾਰਸੀ ਵਿਚ ਅਨੇਕ ਕਵੀਆਂ ਨੇ ਜੰਗਨਾਮੇ ਲਿਖ ਕੇ ਇਮਾਮ ਹੁਸੈਨ ਨੂੰ ਆਪਣੀ ਅਕੀਦਤ ਦੇ ਫੁੱਲ ਪੇਸ਼ ਕੀਤੇ ਹਨ। ਪੰਜਾਬੀ ਸਾਹਿਤ ਵਿਚ ਮੁਸਲਮਾਨ ਕਵੀਆਂ ਨੇ ਇਮਾਮ ਹੁਸੈਨ ਦੇ ਕਰਬਲਾ ਵਾਲੇ ਸਾਕੇ ਨੂੰ ਹੀ ਆਪਣੇ ਚਿਤਰਣ ਦਾ ਆਧਾਰ ਬਣਾਇਆ। ਬਾਅਦ ਵਿਚ ਹਿੰਦੂ ਅਤੇ ਸਿੱਖ ਕਵੀਆਂ ਨੇ ਵੀ ਸਿੱਖ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਦੇ ਆਧਾਰ 'ਤੇ ਜੰਗਨਾਮੇ ਲਿਖੇ। ਮੁਸਲਮਾਨ ਕਵੀਆਂ ਨੇ ਜਦੋਂ ਪੰਜਾਬੀ ਵਿਚ ਜੰਗਨਾਮੇ ਲਿਖਣ ਦੀ ਪਿਰਤ ਪਾਈ ਤਾਂ ਫਿਰ ਗੈਰ-ਮੁਸਲਮਾਨ ਕਵੀਆਂ ਨੇ ਉਨ੍ਹਾਂ ਦੇ ਅਨੁਕਰਣ ਵਜੋਂ ਇਸ ਕਾਵਿ ਰੂਪ ਨੂੰ ਅਪਣਾਇਆ। ਪੰਜਾਬੀ ਵਿਚ ਸਭ ਤੋਂ ਪਹਿਲਾਂ ਜੰਗਨਾਮਾ ਪੀਰ ਮੁਹੰਮਦ ਕਾਸਬੀ ਨੇ 1592 ਈ: ਵਿਚ ਲਿਖਿਆ ।[44]

ਡਾ. ਸੁਰਿੰਦਰ ਸਿੰਘ ਕੋਹਲੀ ਜੰਗਨਾਮੇ ਦੀ ਪਰਿਭਾਸ਼ਾ ਕਰਦੇ ਹੋਏ ਲਿਖਦੇ ਹਨ, "ਯੁੱਧ ਕਵਯ ਦਾ ਨਾਂ ਹੈ 'ਵਾਰ' ਜਾਂ 'ਜੰਗਨਾਮਾ'। 'ਵਾਰ' ਜਾਂ 'ਜੰਗਨਾਮਾ' ਪਹਿਲੇ ਪਹਿਲ ਚਾਰਣ, ਢਾਡੀ, ਬੰਦੀ ਜਨ ਜਾਂ ਭੱਟ ਜਾਂ ਕਵੀ ਲੋਕ ਖਾਸ ਤੌਰ ਤੇ ਰਾਜ ਦਰਬਾਰਾਂ ਵਿਚ ਉਨ੍ਹਾਂ ਦੀਆਂ ਫੌਜਾਂ ਨੂੰ ਜੋਧਿਆਂ ਦੀਆਂ ਬਹਾਦਰੀਆਂ ਸੁਣਾਕੇ ਜੰਗ ਦਾ ਜੋਸ਼ ਜਾਂ ਉਤਸ਼ਾਹ ਦੇਣ ਲਈ ਗਾਇਆ ਕਰਦੇ ਸਨ।"[45] ਜੰਗਨਾਮੇ ਬਾਰੇ ਸਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, "ਸਾਹਿਤ ਵਿਚ 'ਜੰਗਨਾਮਾ' ਅਥਵਾ 'ਵਾਰ' ਇਕੋ ਹੀ ਅਰਥ ਰੱਖਣ ਵਾਲੇ ਸ਼ਬਦ ਹਨ ਅਤੇ ਇਨ੍ਹਾਂ ਦੇ ਲੇਖਕ ਆਮ ਤੌਰ ਤੇ ਢਾਡੀ, ਭੱਟ ਜਾਂ ਚਰਣ ਕਵੀ ਹੁੰਦੇ ਹਨ।"[46] ਪ੍ਰੋ. ਪਿਆਰਾ ਸਿੰਘ ਪਦਮ ਜੰਗਨਾਮੇ ਬਾਰੇ ਲਿਖਦੇ ਹਨ, "ਜੰਗਨਾਮਾ ਵਾਰ ਦਾ ਹੀ ਛੋਟਾ ਭਾਈ ਹੈ। ਇਸ ਸ਼ੈਲੀ ਦਾ ਮੁਸਲਮ ਪ੍ਰਭਾਵ ਹੇਠ ਜਨਮ ਹੋਇਆ। ਵਾਰ ਨੂੰ ਜਗਨਾਮਾ ਆਖਿਆ ਜਾ ਸਕਦਾ ਹੈ ਪਰ ਹਰ ਜੰਗਨਾਮੇ ਨੂੰ ਵਾਰ ਨਹੀਂ ਕਿਹਾ ਜਾ ਸਕਦਾ।"[47] ਭਾਈ ਕਾਨ੍ਹ ਸਿੰਘ ਨਾਭਾ ਜੰਗਨਾਮੇ ਬਾਰੇ ਲਿਖਦੇ ਹਨ, "ਜੰਗਨਾਮਾ ਯੁੱਧ ਦੀ ਕਥਾ ਦਾ ਗ੍ਰੰਥ ਹੈ। ਇਸ ਨਾਮ ਦੇ ਕਈ ਗ੍ਰੰਥ ਦੇਖੇ ਜਾਂਦੇ ਹਨ। ਜਿਨ੍ਹਾਂ ਵਿਚ ਲਾਹੌਰ ਦਰਬਾਰ ਦੀ ਫੌਜ ਦਾ ਅੰਗਰੇਜ਼ਾਂ ਨਾਲ ਜੰਗ ਕਰਨ ਦਾ ਹਾਲ ਵੀ ਹੈ। ਸ਼ਾਹ ਮੁਹੰਮਦ ਅਤੇ ਭਾਈ ਸਾਹਿਬ ਸਿੰਘ ਦੇ ਲਿਖੇ ਜੰਗਨਾਮੇ ਪ੍ਰਸਿੱਧ ਹਨ।"[48] ਜੰਗਨਾਮੇ ਬਾਰੇ ਸ਼ਮਸ਼ੇਰ ਸਿੰਘ ਅਸ਼ੋਕ ਇਕ ਹੋਰ ਥਾਂ ਲਿਖਦੇ ਹਨ, "ਜੰਗਨਾਮਾ ਕਵਿਤਾ ਦਾ ਉਹ ਭੇਦ ਹੈ ਜਿਸ ਵਿਚ ਲੜਾਈ ਦੇ ਸਮਾਚਾਰ ਦਿੱਤੇ ਹੋਣ। ਬਹੁਤ ਸਾਰੇ ਜੰਗਨਾਮੇ ਹਜ਼ਰਤ ਇਮਾਮ ਹੁਸੈਨ ਦੀ ਸ਼ਹਾਦਤ ਦੇ ਸੰਬੰਧ ਵਿਚ ਮਿਲਦੇ ਹਨ।"[49]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਾਹਿਤ ਦੇ ਬਾਕੀ ਰੂਪਾਂ ਦੀ ਤਰ੍ਹਾਂ ਜੰਗਨਾਮੇ ਵੀ ਸਾਹਿਤ ਦਾ ਇਕ ਕਾਵਿ ਰੂਪ ਹੈ। ਬੀਰ-ਕਾਵਿ ਦੇ ਘੇਰੇ ਵਿਚ ਆਮ ਕਰਕੇ 'ਵਾਰ' ਕਾਵਿ ਰੂਪ ਵਿਚ ਲਿਖੀ ਕਵਿਤਾ ਹੀ ਆਉਂਦੀ ਹੈ ਪਰ ਕੁਝ ਕੁ ਮੁਸਲਮਾਨ ਕਵੀਆਂ ਨੇ ਤੇ ਪਿੱਛੋਂ ਹਿੰਦੂ ਸਿੱਖ ਕਵੀਆਂ ਨੇ ਵੀ ਜੰਗ ਯੁੱਧ ਦੇ ਵਿਸ਼ੇ ਨੂੰ 'ਵਾਰ' ਦੀ ਥਾਂ 'ਜੰਗਨਾਮੇ' ਵਿਚ ਵੀ ਨਿਭਾਇਆ ਹੈ। ਸੋ ਵਾਰ ਦੇ ਨਾਲ ਨਾਲ ਜੰਗਨਾਮਿਆਂ ਦੀ ਵੀ ਇਕ ਵਿਸ਼ੇਸ਼ ਥਾਂ ਅਤੇ ਦੇਣ ਹੈ। ਜੰਗਨਾਮੇ ਵਿਚ ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿਸੇ ਜੰਗ, ਲੜਾਈ ਜਾਂ ਯੁੱਧ ਕਥਾ ਦਾ ਵਰਣਨ ਹੁੰਦਾ ਹੈ ਪਰ ਇਹ ਵਾਰ ਵਾਂਗ ਪਉੜੀਆਂ ਵਿਚ ਨਹੀਂ ਰਚਿਆ ਜਾਂਦਾ। ਪੰਜਾਬੀ ਸਾਹਿਤ ਵਿਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ

ਕਿ ਜੰਗਨਾਮਾ ਕੇਵਲ ਪਉੜੀਆਂ ਵਿਚ ਹੀ ਰਚਿਆ ਗਿਆ ਹੋਵੇ ਅਤੇ ਨਾਂ ਹੀ ਕੋਈ ਅਜਿਹੀ ਮਿਸਾਲ ਮਿਲਦੀ ਹੈ ਕਿ ਵਾਰ ਪਉੜੀਆਂ ਤੋਂ ਬਿਨਾਂ ਲਿਖੀ ਗਈ ਹੋਵੇ। ਇਸ ਲਈ ਜਿਥੇ ਵਾਰ ਦਾ ਪ੍ਰਮਾਣਿਕ ਰੂਪ ਪਉੜੀ ਹੈ ਉਥੇ ਜੰਗਨਾਮਾ ਇਸ ਤੋਂ ਬਿਨਾਂ ਕਿਸੇ ਵੀ ਬਹਿਰ ਅਤੇ ਛੰਦ ਵਿਚ ਰਚਿਆ ਜਾ ਸਕਦਾ ਹੈ। ਜੰਗਨਾਮਿਆਂ ਵਿਚ ਜਿਥੇ ਭਾਰਤੀ ਛੰਦ ਦਵੈਯਾ, ਦੋਹੜੇ ਤੇ ਬੈਂਤ ਦੀ ਵਰਤੋਂ ਹੋਈ ਹੈ, ਉਥੇ ਹੀ ਫਾਰਸੀ ਮਸਨਵੀਆਂ ਦੇ ਬਹਿਰਾਂ ਨੂੰ ਵੀ ਕਈ ਥਾਂ ਅਪਣਾਇਆ ਗਿਆ ਹੈ। ਇਸ ਸਮੁੱਚੀ ਵਿਚਾਰ ਚਰਚਾ ਦਾ ਤਾਤਪਰ ਇਹ ਹੈ ਕਿ ਵਾਰ ਤੇ ਜੰਗਨਾਮਾ ਸਾਹਿਤ ਦੇ ਵੱਖ ਵੱਖ ਕਾਵਿ ਰੂਪ ਹਨ। ਇਨ੍ਹਾਂ ਦੀ ਵੱਖਰੀ-ਵੱਖਰੀ ਪਰੰਪਰਾ ਹੈ। ਇਸ ਕਰਕੇ ਵਾਰ ਨੂੰ ਜੰਗਨਾਮਾ ਤੇ ਜੰਗਨਾਮੇ ਨੂੰ ਵਾਰ ਨਹੀਂ ਕਿਹਾ ਜਾ ਸਕਦਾ।

ਸ਼ੁਰੂ ਸ਼ੁਰੂ ਵਿਚ ਇਸਲਾਮੀ ਜੰਗਾਂ ਬਾਰੇ ਲਿਖੇ ਗਏ ਕਿੱਸੇ ਹੀ ਜੰਗਨਾਮੇ ਕਹੇ ਜਾਂਦੇ ਸਨ। ਪਰ ਪਿਛੋ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਭਿਆਨਕ ਲੜਾਈਆਂ ਨੇ ਕਵੀਆਂ ਨੂੰ ਨਵਾਂ ਮਜ਼ਮੂਨ ਦਿੱਤਾ ਤੇ ਕਈ ਕਵੀਆਂ ਨੇ ਗੁਰੂ ਗੋਬਿੰਦ ਸਿੰਘ ਦੇ ਧਰਮ ਯੁੱਧਾਂ ਤੇ ਚਾਰ ਸਾਹਿਬਜ਼ਾਦਿਆਂ ਦੇ ਸਾਕਿਆਂ ਨੂੰ ਵੀ ਜੰਗਨਾਮਿਆਂ ਦੇ ਰੂਪ ਵਿਚ ਢਾਲਿਆ ਹੈ। ਇਸ ਤਰ੍ਹਾਂ ਇਹ ਕਾਵਿ ਰੂਪ ਵਿਕਸਿਤ ਹੋਇਆ। ਪੰਜਾਬੀ ਵਿਚ ਹੁਣ ਤਕ ਜਿੰਨੇ ਜੰਗਨਾਮੇ ਲਿਖੇ ਗਏ ਹਨ, ਉਹ ਇਸ ਗੱਲ ਦਾ ਸਬੂਤ ਹਨ ਕਿ ਵਾਰਾਂ ਵਾਂਗ ਇਨ੍ਹਾਂ ਦੀ ਵੀ ਚੰਗੀ ਭਰਪੂਰ ਪਰੰਪਰਾ ਰਹੀ ਹੈ। ਕਿਸੇ ਵੀ ਕਾਵਿ ਰੂਪ ਨੂੰ ਜੰਗਨਾਮਾ ਕਹਿਣ ਲਈ ਉਸ ਵਿਚ ਹੇਠ ਲਿਖੇ ਲੱਛਣਾਂ ਦਾ ਹੋਣਾ ਅਤਿ ਜ਼ਰੂਰੀ ਹੈ।

(1) ਜੰਗਨਾਮਾ ਕਿਸੇ ਇਤਿਹਾਸਕ ਘਟਨਾ ਜਾਂ ਜੰਗ ਦੇ ਆਧਾਰ ਤੇ ਹੀ ਸਿਰਜਿਆ ਜਾਂਦਾ ਹੈ। ਕਾਲਪਨਿਕ ਘਟਨਾ ਜੰਗਨਾਮੇ ਦਾ ਵਿਸ਼ਾ ਨਹੀਂ ਬਣ ਸਕਦੀ। ਇਸ ਲਈ ਕਵੀ ਨੂੰ ਜੰਗਨਾਮੇ ਦਾ ਬਿਰਤਾਂਤ ਲਿਖਦੇ ਸਮੇਂ ਇਤਿਹਾਸਕ ਸਚਾਈ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ। ਲੜਾਈ ਦੇ ਕਾਰਣ, ਜੰਗੀ ਤਿਆਰੀਆਂ, ਜੰਗ ਦੀ ਥਾਂ, ਉਸ ਵਿਚ ਲੜੇ ਦੋਹਾਂ ਧਿਰਾਂ ਦੇ ਪ੍ਰਮੁੱਖ ਜਰਨੈਲ, ਮੁੱਖ ਹਥਿਆਰਾਂ ਦੀ ਵਰਤੋਂ, ਹਾਣ-ਲਾਭ ਤੇ ਅੰਤਿਮ ਜਿੱਤ-ਹਾਰ ਦੀ ਯਥਾਰਥ ਸਥਿਤੀ ਬਾਰੇ ਜੰਗਨਾਮੇ ਵਿਚ ਸਹੀ ਢੰਗ ਨਾਲ ਪ੍ਰਕਾਸ਼ ਪਾਇਆ ਹੁੰਦਾ ਹੈ।

(2) ਜੰਗਨਾਮੇ ਦੇ ਪਾਤਰ ਲਹੂ ਮਾਸ ਦੇ ਵਾਸਤਵਿਕ ਪਾਤਰ ਹੁੰਦੇ ਹਨ।

(3) ਜੰਗਨਾਮੇ ਵਿਚ ਅਸਲ ਮੰਤਵ ਤਾਰੀਖੀ ਘਟਨਾਵਾਂ ਦਾ ਬਿਆਨ ਕਰਨਾ ਹੈ। ਇਸ ਲਈ ਉਸ ਵਿਚ ਨਾਇਕ ਦੇ ਨਾਲ ਨਾਲ ਬਾਕੀ ਪਾਤਰਾਂ ਨੂੰ ਵੀ ਪੂਰੀ ਮਹੱਤਤਾ ਪ੍ਰਾਪਤ ਹੁੰਦੀ ਹੈ। ਜੰਗਨਾਮੇ ਵਿਚ ਕਿਸੇ ਪਾਤਰ ਦੇ ਮਹੱਤਵ ਨੂੰ ਘਟਾਇਆ ਜਾਂ ਲੁਕਾਇਆ ਨਹੀਂ ਜਾ ਸਕਦਾ।

(4) ਜੰਗਨਾਮੇ ਦਾ ਵਿਸ਼ਾ ਜੰਗੀ ਕਥਾ ਜਾਂ ਕਰੁਣਾਮਈ ਬਿਰਤਾਂਤ ਨਾਲ ਸੰਬੰਧਿਤ ਹੁੰਦਾ ਹੈ। ਭਾਵ ਉਹ ਰਚਨਾ ਜਿਸ ਵਿਚ ਜੰਗ ਦਾ ਹਾਲ ਹੋਵੇ, ਜੰਗਨਾਮਾ ਅਖਵਾਉਂਦੀ ਹੈ।

(5) ਜੰਗਨਾਮਾ ਬੀਰ-ਰਸ ਦਾ ਧਾਰਨੀ ਹੁੰਦਾ ਹੈ ਪਰ ਇਸ ਦੇ ਨਾਲ ਨਾਲ ਸੋਗ ਤੇ ਕਰੁਣਾ ਰਸ ਦੀ ਵੀ ਭਰਮਾਰ ਹੁੰਦੀ ਹੈ।

(6) ਜੰਗਨਾਮਾ ਲਿਖਣ ਲਈ ਕੋਈ ਖਾਸ ਛੰਦ ਨਿਸਚਿਤ ਨਹੀਂ। ਬੈਤ, ਸਵੈਯਾ, ਕੁੰਡਲੀਆ, ਦੋਹਿਰਾ, ਡਿਉਡ ਆਦਿ ਕੋਈ ਵੀ ਛੰਦ ਵਰਤਿਆ ਜਾ ਸਕਦਾ ਹੈ। ਉਚਿਤ ਛੰਦ-ਯੋਜਨਾ ਰਾਹੀਂ ਹੀ ਸਹੀ ਵਾਤਾਵਰਣ ਉਸਾਰਿਆ ਜਾ ਸਕਦਾ ਹੈ।

(7) ਢੁੱਕਵੀਂ ਸ਼ਬਦਾਵਲੀ ਹੀ ਜੰਗਨਾਮੇ ਦੀ ਜਿੰਦਜਾਨ ਹੁੰਦੀ ਹੈ। ਮੁਸਲਮਾਨ ਕਵੀਆਂ ਦੇ ਲਿਖੇ ਜੰਗਨਾਮਿਆਂ ਵਿਚ ਸ਼ਬਦਾਵਲੀ ਅਰਬੀ-ਫਾਰਸੀ ਪ੍ਰਧਾਨ ਹੈ ਪਰ ਗੈਰ-ਮੁਸਲਮਾਨਾਂ ਦੇ ਲਿਖੇ ਜੰਗਨਾਮਿਆਂ ਵਿਚ ਅਰਬੀ ਫਾਰਸੀ ਦਾ ਅਸਰ ਘੱਟ ਹੈ।

(8) ਜੰਗਨਾਮੇ ਦਾ ਰਚਨਹਾਰਾ ਵੀ ਆਪਣੀ ਰਚਨਾ ਦਾ ਆਰੰਭ ਮੰਗਲਾਚਰਣ ਦੀਆਂ ਤੁਕਾਂ ਨਾਲ ਕਰਦਾ ਹੈ। ਪੰਜਾਬੀ ਸਾਹਿਤ ਵਿਚ ਇਹ ਪਰੰਪਰਾ ਮੁੱਢ ਤੋਂ ਹੀ ਚਲੀ ਆ ਰਹੀ ਹੈ।

(9) ਜੰਗਨਾਮੇ ਨੂੰ ਪੜ੍ਹਕੇ ਵੀ ਵਾਰ ਦੀ ਤਰ੍ਹਾਂ ਪਾਠਕ ਦੇ ਮਨ ਵਿਚ ਉਤਸ਼ਾਹ ਪੈਦਾ ਹੁੰਦਾ ਹੈ।

(10) ਜੰਗਨਾਮਾ ਯੁੱਧ ਭਰਪੂਰ ਕਿਸੇ ਇਤਿਹਾਸਕ ਘਟਨਾ ਦੇ ਨਾਲ ਨਾਲ ਸਾਹਿਤਕਤਾ ਨੂੰ ਵੀ ਪੇਸ਼ ਕਰਦਾ ਹੈ। ਸਾਹਿਤਕਤਾ ਦੇ ਅਭਾਵ ਵਿਚ ਕੋਈ ਜੰਗਨਾਮਾ ਨਿਰਾ ਕਾਵਿ-ਬੱਧ ਇਤਿਹਾਸ ਬਣ ਕੇ ਰਹਿ ਜਾਂਦਾ ਹੈ। ਸਾਹਿਕਤਾ ਦੇ ਪੱਖ ਤੋਂ ਅਲੰਕਾਰਾਂ ਦੀ ਵਰਤੋਂ ਬਹੁਤ ਉਪਯੋਗੀ ਹੈ।

(ਅ) <u>ਜੰਗਨਾਮੇ ਦੀ ਸੰਰਚਨਾਗਤ ਵਿਲੱਖਣਤਾ:-</u>

ਸ਼ਾਹ ਮੁਹੰਮਦ ਦੀ ਰਚਨਾ ਨੂੰ 'ਵਾਰ' ,'ਕਿੱਸਾ', 'ਜੰਗਨਾਮਾ' ਆਦਿ ਰੂਪਾਕਾਰ

ਵਿਚੋਂ ਕਿਸ ਨਾਲ ਸੰਬੰਧਿਤ ਕੀਤਾ ਜਾਣਾ ਚਾਹੀਦਾ ਹੈ। ਇਸਦਾ ਨਿਰਣਾ ਵੱਖ ਵੱਖ ਰੂਪਾਕਾਰਾਂ ਦੇ ਤੱਤਾਂ ਦੇ ਪ੍ਰਸੰਗ ਵਿਚ ਸ਼ਾਹ ਮੁਹੰਮਦ ਦੀ ਰਚਨਾ ਦੀ ਪਰਖ ਕਰਕੇ ਹੀ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਇਹ ਦੇਖਦੇ ਹਾਂ ਕਿ ਸ਼ਾਹ ਮੁਹੰਮਦ ਦੀ ਰਚਨਾ ਵਿਚ 'ਵਾਰ' ਦੇ ਕਿਹੜੇ ਤੱਤ ਮਿਲਦੇ ਹਨ।

ਸ਼ਾਹ ਮੁਹੰਮਦ ਦੀ ਰਚਨਾ ਵਿਚ ਵਾਰ ਦੇ ਤੱਤ:-

'ਵਾਰ' ਸ਼ਬਦ ਦੀ ਉਤਪਤੀ ਅਤੇ ਪੰਜਾਬੀ ਵਾਰ-ਕਾਵਿ ਦੀ ਲੰਮੀ ਪਰੰਪਰਾ ਦਾ ਅਧਿਐਨ ਕਰਨ ਤੇ ਇਸ ਗੱਲ ਦਾ ਪਤਾ ਲਗਦਾ ਹੈ ਕਿ 'ਵਾਰ' ਪੰਜਾਬੀ ਕਾਵਿ- ਸਾਹਿਤ ਦਾ ਮਹੱਤਵਪੂਰਨ ਰੂਪਾਕਾਰ ਹੈ। ਪੰਜਾਬੀ ਸਾਹਿਤ ਵਿਚ ਬੀਰ ਰਸੀ ਅਤੇ ਅਧਿਆਤਮਕ ਦੋਹਾਂ ਤਰ੍ਹਾਂ ਦੀਆਂ ਵਾਰਾਂ ਉਪਲਬੱਧ ਹਨ। ਬੀਰ ਰਸੀ ਵਾਰ ਵਿਚ ਜਿਥੇ ਕਿਸੇ ਯੋਧੇ ਦੀ ਬਹਾਦਰੀ ਨੂੰ ਬਿਆਨਿਆ ਜਾਂਦਾ ਹੈ, ਉਥੇ ਅਧਿਆਤਮਕ ਵਾਰ ਵਿਚ ਅਕਾਲ ਪੁਰਖ ਜਾਂ ਕਿਸੇ ਮਹਾਂਪੁਰਸ਼ ਨੂੰ ਨਾਇਕ ਬਣਾ ਕੇ ਉਸ ਦਾ ਜਸ ਗਾਇਨ ਕੀਤਾ ਜਾਂਦਾ ਹੈ। ਵਾਰ ਪਰੰਪਰਾ ਅਨੁਸਾਰ ਵਾਰ ਦੇ ਆਰੰਭ ਵਿਚ ਮੰਗਲਾਚਰਨ ਹੁੰਦਾ ਹੈ, ਜਿਸ ਵਿਚ ਕਵੀ ਆਪਣੇ ਪ੍ਰਭੂ ਨੂੰ ਧਿਆਉਂਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਦਾ ਆਰੰਭ ਵੀ ਮੰਗਲਾਚਰਣ ਨਾਲ ਹੁੰਦਾ ਹੈ।

ਅੱਵਲ ਹਮਦ ਜਨਾਬ ਅੱਲਾਹ ਦੀ ਨੂੰ,
ਜਿਹੜਾ ਕੁਦਰਤੀ ਖੇਲ ਬਣਾਵਦਾ ਈ।
ਚੌਦਾਂ ਤਬਕਾਂ ਦਾ ਨਕਸ਼ ਨਿਗਾਰ ਕਰਕੇ,
ਰੰਗ-ਰੰਗ ਦੇ ਬਾਗ ਲਗਾਵਦਾ ਈ।
ਸਫਾਂ ਪਿਛਲੀਆਂ ਸਭ ਲਪੇਟ ਲੈਂਦਾ,
ਅੱਗੋਂ ਹੋਰ ਹੀ ਹੋਰ ਵਛਾਵਦਾ ਈ।
ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।[50]

ਮੰਗਲਾਚਰਨ ਤੋਂ ਬਾਅਦ ਵਾਰ ਨੂੰ ਹੇਠ ਲਿਖੇ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ੳ) ਸ਼ੰਕਾ ਪੱਖ ਅ )ਸੰਘਰਸ਼ ਪਖੱ, ੲ) ਸਮਾਧਾਨ ਪੱਖ।[51] ਸ਼ਾਹ ਮੁਹੰਮਦ ਦੀ ਰਚਨਾ ਦਾ ਅਧਿਐਨ ਕਰਨ ਤੇ ਇਹ ਤਿੰਨੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਸ਼ੰਕਾ ਪੱਖ ਵਿਚ ਲੜਾਈ/

ਟੱਕਰ ਦਾ ਕਾਰਨ ਦੱਸਿਆ ਜਾਂਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿਚ ਪਹਿਲੇ ਸੱਤ ਬੰਦਾਂ ਤੱਕ ਰਣਜੀਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੋਂ ਪਿਛੋਂ ਰਾਜ ਦਰਬਾਰ ਵਿਚ ਸ਼ੁਰੂ ਹੋਈ ਕਤਲੇਆਮ ਅਤੇ ਅਰਾਜਕਤਾ ਫੈਲਣ ਦਾ ਵਰਣਨ ਹੈ। ਜਿਸ ਕਾਰਨ ਰਚਨਾ ਵਿਚ ਵਰਣਿਤ ਸੰਘਰਸ਼ ਦੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ।[52] ਅਸਲ ਵਿਚ ਇਹ ਲੜਾਈ ਦਾ ਪਿਛੋਕੜ ਹੈ। ਜਿਸ ਵਿਚ ਕਵੀ ਸਿੰਘਾਂ ਦੀ ਘਰੇਲੂ ਲੜਾਈ ਨੂੰ ਕੁੱਝ ਵਿਸਥਾਰ ਵਿਚ ਬਿਆਨ ਕਰਦਾ ਹੈ। ਇਸ ਰਚਨਾ ਦਾ ਸ਼ੰਕਾ-ਪੱਖ ਚੁਆਲੀਵੇਂ ਬੰਦ ਵਿਚ ਪ੍ਰਗਟ ਹੁੰਦਾ ਹੈ। ਜਿਸ ਵਿਚ ਰਾਣੀ ਜ਼ਿੰਦਾਂ ਆਪਣੇ ਭਰਾ ਦੇ ਕਤਲ ਦਾ ਬਦਲਾ ਲੈਣਾ ਚਾਹੁੰਦੀ ਹੈ।

ਪਈ ਝੂਰਦੀ ਏ ਰਾਣੀ ਜਿੰਦ ਕੌਰਾਂ,
ਕਿਥੋਂ ਕੱਢਾਂ ਮੈਂ ਕਲਗੀਆਂ ਨਿੱਤ ਤੋੜੇ।
ਮੇਰੇ ਸਾਹਮਣੇ ਕੋਹਿਆ ਏ ਵੀਰ ਮੇਰਾ,
ਜਿਸ ਦੀ ਤਾਬਿਆ ਲੱਖ ਹਜ਼ਾਰ ਘੋੜੇ।
ਕਿਥੋਂ ਕੱਢਾਂ ਮੈਂ ਦੇਸ ਫ਼ਰੰਗੀਆਂ ਦਾ,
ਕੋਈ ਮਿਲੇ ਜੋ ਇਨ੍ਹਾਂ ਦਾ ਗਰਬ ਤੋੜੇ।
ਸ਼ਾਹ ਮੁਹੰਮਦਾ ਉਸ ਥੀਂ ਜਾਨ ਵਾਰਾਂ
ਜਵਾਹਰ ਸਿੰਘ ਦਾ ਵੈਰ ਜੋ ਕੋਈ ਮੋੜੇ ।[53]

ਇਸ ਤਰ੍ਹਾਂ ਹੀ ਛਿਆਲੀਵੇਂ ਬੰਦ ਵਿਚ ਵੀ ਆਪਣੇ ਭਰਾ ਦੀ ਮੌਤ ਵਿਚ ਪਾਗਲ ਹੋਈ ਰਾਣੀ ਜਿੰਦਾਂ ਪੰਜਾਬਣਾਂ ਨੂੰ ਰੰਡੀਆਂ ਕਰਨ ਦੀ ਸੋਚਦੀ ਹੈ। ਭਰਾ ਦੀ ਮੌਤ ਦਾ ਬਦਲਾ ਲੈਣ ਲਈ ਰਾਣੀ ਜਿੰਦਾਂ ਅੰਗਰੇਜ਼ਾਂ ਨੂੰ ਚਿੱਠੀ ਲਿਖਦੀ ਹੈ ਕਿ ਉਹ ਉਸ ਦੀ ਫੌਜ ਦੇ ਦੰਦ ਖੱਟੇ ਕਰਨ।

ਸੰਘਰਸ਼ ਪੱਖ ਵਿਚ ਦੋਹਾਂ ਧਿਰਾਂ ਦੀ ਟੱਕਰ ਅਥਵਾ ਸੰਘਰਸ਼ ਦਾ ਵਿਸਤ੍ਰਿਤ ਚਿਤਰਨ ਕੀਤਾ ਜਾਂਦਾ ਹੈ। ਰਾਣੀ ਜਿੰਦਾਂ ਦੇ ਕਹਿਣ ਉਤੇ ਅੰਗਰੇਜ਼ ਲੜਾਈ ਦੀ ਸਕੀਮ ਬਣਾਉਂਦੇ ਹਨ। ਲਾਰਡ ਹੈਨਰੀ ਹਾਰਡਿੰਗ ( ਟੁੰਡੀ ਲਾਟ) ਇਸ ਲੜਾਈ ਦਾ ਬੀੜਾ ਚੁੱਕਣ ਲਈ ਤਿਆਰ ਹੁੰਦਾ ਹੈ। ਦੂਜੇ ਪਾਸੇ ਰਾਣੀ ਜਿੰਦਾਂ ਆਪਣੀ ਫੌਜ ਨੂੰ ਵੀ ਹੱਲਾਸ਼ੇਰੀ ਦਿੰਦੀ ਹੈ ਪਰ ਅੰਦਰੋਂ ਉਹ ਆਪਣੀ ਫੌਜ ਦੇ ਵਿਨਾਸ਼ ਦੀ ਇਛੁੱਕ ਹੈ। ਸਿੱਖ ਫੌਜਾਂ ਪੂਰੀ ਬਹਾਦਰੀ ਨਾਲ ਲੜਾਈ ਲਈ ਕੂਚ ਕਰਦੀਆਂ ਹਨ।

ਛੰਡੇ ਨਿਕਲੇ ਕੂਚ ਦਾ ਹੁਕਮ ਹੋਇਆ
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ
ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜੰਮੂਰ-ਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ ।[54]

ਸੰਘਰਸ਼ ਪੱਖ ਵਾਰ ਕਾਵਿ ਦਾ ਇਕ ਮਹੱਤਵਪੂਰਣ ਅੰਗ ਹੈ। ਅਸਲ ਵਿਚ ਵਾਰ-ਕਾਵਿ ਦਾ ਸਾਰਾ ਦਾਰੋਮਦਾਰ ਹੀ ਇਸ ਪੱਖ ਉਤੇ ਹੁੰਦਾ ਹੈ। ਇਸ ਵਿਚ ਦੋਹਾਂ ਫੌਜਾਂ ਦੀ ਆਪਸੀ ਟੱਕਰ ਹੁੰਦੀ ਹੈ। ਇਸ ਵਿਚ ਸੂਰਬੀਰਾਂ ਦੀ ਸੂਰਬੀਰਤਾ ਦੀ ਪਰਖ ਹੁੰਦੀ ਹੈ। ਇਥੇ ਤਲਵਾਰਾਂ ਦੀ ਝਨਕਾਰ ਸੁਣਾਈ ਦਿੰਦੀ ਹੈ। ਕਵੀ ਦੋਹਾਂ ਫੌਜਾਂ ਦੇ ਯੋਧਿਆਂ ਦੀ ਬਹਾਦਰੀ ਨੂੰ ਨਿਰਪੱਖ ਹੋ ਕੇ ਚਿਤਰਦਾ ਹੈ, ਜਿਵੇ ਅਸੀਂ 'ਚੰਡੀ ਦੀ ਵਾਰ' ਵਿਚ ਵੇਖਦੇ ਹਾਂ ਕਿ ਇਸ ਵਾਰ ਵਿਚ ਯੁੱਧ ਚੌਥੀ ਪਉੜੀ ਤੋਂ ਸ਼ੁਰੂ ਹੁੰਦਾ ਹੈ ਅਤੇ ਤ੍ਰਿਵੰਜਵੀਂ ਪਉੜੀ ਤਕ ਚਲਦਾ ਹੈ। ਜਦੋਂ ਦੇਵੀ ਇਕ ਦੈਂਤਾਂ ਦੇ ਮੁੱਖੀ ਦਾ ਸੰਘਾਰ ਕਰ ਦਿੰਦੀ ਹੈ ਤਾਂ ਉਸ ਦੀ ਥਾਂ ਦੂਜਾ ਮੁੱਖੀ ਆਪ ਤੁਰੰਤ ਫੌਜਾਂ ਦੀ ਕਮਾਨ ਸੰਭਾਲ ਲੈਂਦਾ ਹੈ ਅਤੇ ਇਹ ਸੰਘਰਸ਼ ਅਖੀਰ ਤੱਕ ਚਲਦਾ ਹੈ। ਦੈਂਤ ਕਿਧਰੇ ਵੀ ਰਣਭੂਮੀ ਵਿਚੋਂ ਪਿੱਠ ਨਹੀਂ ਵਿਖਾਉਂਦੇ। ਪਰ ਇਸ ਰਚਨਾ ਵਿਚ ਲੜਾਈ ਇਕੱਤਰਵੇਂ ਬੰਦ ਤੋਂ ਸ਼ੁਰੂ ਹੁੰਦੀ ਹੈ, ਅਤੇ ਇਕਾਨਵੇਂ ਬੰਦ ਤਕ ਅਖੀਰਲੀ ਸਭਰਾਉਂ ਦੀ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਸ਼ਹਾਦਤ ਨਾਲ ਖ਼ਤਮ ਹੋ ਜਾਂਦੀ ਹੈ। ਸ਼ਾਹ ਮੁਹੰਮਦ ਨੇ ਦੋਹਾਂ ਧਿਰਾਂ ਦੀ ਬਹਾਦਰੀ ਦਾ ਨਿਰਪੱਖ ਵਰਣਨ ਕੀਤਾ ਹੈ। ਮਿਸਾਲ ਵਜੋ

(ੳ) ਸਿੰਘਾਂ ਦੀ ਬਹਾਦਰੀ:-

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅੱਗੋ ਸਿੰਘਾਂ ਨੇ ਪਾਸੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।

ਸ਼ਾਮ ਸਿੰਘ ਸਰਦਾਰ ਅਟਾਰੀਵਾਲੇ,
ਬੰਨ ਸ਼ਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ । 55

(ਅ) ਅੰਗਰੇਜ਼ਾਂ ਦੀ ਬਹਾਦਰੀ:-

ਮੁੜ ਕੇ ਫੇਰ ਫਰੰਗੀਆਂ ਜ਼ੋਰ ਕੀਤਾ,
ਲਾਟਾਂਦਾਰ ਗੋਲੇ ਜਦੋਂ ਆਣ ਛੁੱਟੇ।
ਉਡੀ ਰਲ ਤੇ ਚਾਦਰਾਂ ਕੜਕੀਆਂ ਨੀ,
ਕੈਰਵ ਪਾਂਡਵਾਂ ਦੇ ਜੈਸੇ ਬਾਣ ਛੁੱਟੇ।
ਜਦੋਂ ਡਿੱਠੇ ਨੀ ਹੱਥ ਫ਼ਰੰਗੀਆਂ ਦੇ
ਉਥੇ ਕਈਆਂ ਦੇ ਆਣ ਪ੍ਰਾਣ ਛੁੱਟੇ
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ,
ਤੋਸ਼ੇਖਾਨੇ ਫ਼ਰੰਗੀਆਂ ਆਣ ਲੁੱਟੇ ।[56]

ਇਸਤੋਂ ਮਗਰੋਂ ਸਮਾਧਾਨ ਪੱਖ ਆਉਂਦਾ ਹੈ। ਸਮਾਧਾਨ ਪੱਖ ਵਿਚ ਲੜਾਈ ਦੇ ਸਿੱਟਿਆਂ ਦਾ ਬਿਆਨ ਕੀਤਾ ਜਾਂਦਾ ਹੈ। ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਦਾ ਸਿੱਟਾ ਇਹ ਨਿਕਲਦਾ ਹੈ ਕਿ ਲਾਹੌਰ ਦਰਬਾਰ ਦੀ ਘਰੇਲੂ ਫੁੱਟ ਦੇ ਕਾਰਨ ਪੰਜਾਬੀਆਂ ਦਾ ਆਪਣਾ ਸਾਂਝਾ ਰਾਜ ਖ਼ਤਮ ਹੋ ਜਾਂਦਾ ਹੈ ਅਤੇ ਅੰਗਰੇਜ਼ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਕਰ ਲੈਂਦੇ ਹਨ। ਕਈ ਮਾਵਾਂ ਦੇ ਪੁੱਤ ਤੇ ਭੈਣਾਂ ਦੇ ਵੀਰ ਇਸ ਲੜਾਈ ਵਿਚ ਮਾਰੇ ਜਾਂਦੇ ਹਨ। ਕਵੀ ਦਾ ਹਿਰਦਾ ਇਸ ਦੁੱਖ ਨਾਲ ਪੀੜਤ ਹੋ ਜਾਂਦਾ ਹੈ।

ਕਈ ਮਾਵਾਂ ਦੇ ਪੁੱਤਰ ਨੇ ਮੋਏ ਉਥੇ
ਸੀਨੇ ਲਗੀਆਂ ਤੇਜ ਕਟਾਰੀਆਂ ਨੀ।
ਜਿਨ੍ਹਾਂ ਭੈਣਾਂ ਦੇ ਵੀਰ ਨਾ ਮਿਲੇ ਮੁੜਕੇ
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।[57]

ਸ਼ਾਹ ਮੁਹੰਮਦ ਦੀ ਰਚਨਾ ਇਕ ਸਫ਼ਲ ਬੀਰ ਰਸੀ ਰਚਨਾ ਹੈ ਅਤੇ ਇਸ ਵਿਚ ਵਾਰ ਦੇ

ਕਈ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ ਪਰ ਫਿਰ ਵੀ ਇਸ ਰਚਨਾ ਨੂੰ ਵਾਰ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਰਚਨਾ ਵਿਚੋਂ ਵਾਰ ਦੇ ਕੁੱਝ ਮੁੱਢਲੇ ਤੱਤ ਗਾਇਬ ਹਨ। 'ਵਾਰ' ਪਉੜੀਆਂ ਵਿਚ ਹੁੰਦੀ ਹੈ। ਇਹ ਪਉੜੀਆਂ ਸਿਰਖੰਡੀ ਜਾਂ ਨਿਸ਼ਾਨੀ ਛੰਦ ਵਿਚ ਰਚੀਆਂ ਜਾਂਦੀਆਂ ਹਨ। ਸਿਰਖੰਡੀ ਤੇ ਨਿਸ਼ਾਨੀ ਛੰਦ ਹੀ ਵਾਰ ਦੇ ਲਈ ਢੁੱਕਵੇਂ ਛੰਦ ਹਨ ਕਿਉਂਕਿ ਇਨ੍ਹਾਂ ਵਿਚ ਯੁੱਧ ਦੀ ਸਜੀਵਤਾ ਨੂੰ ਚਿਤਰਨ ਦੀ ਵਧੇਰੇ ਸਮਰੱਥਾ ਹੈ ਤੇ ਇਨ੍ਹਾਂ ਛੰਦਾਂ ਰਾਹੀਂ ਬੀਰ ਰਸੀ ਵਰਣਨ ਵਧੇਰੇ ਪ੍ਰਭਾਵਸ਼ਾਲੀ ਹੋ ਜਾਂਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਬੈਂਤਾਂ ਵਿਚ ਹੈ, ਜਿਹੜਾ ਕਿ ਲੰਮੀ ਬਹਿਰ ਦਾ ਛੰਦ ਹੈ। ਇਸ ਲਈ ਇਸ ਨੂੰ ਵਾਰ ਨਹੀਂ ਕਿਹਾ ਜਾ ਸਕਦਾ। ਸ਼ਾਹ ਮੁਹੰਮਦ ਨੇ ਇਸ ਰਚਨਾ ਦਾ ਘੋਰ ਨਿਰਾਸ਼ਾ ਨਾਲ ਵਰਣਨ ਕੀਤਾ ਹੈ। ਉਹ ਸਾਰੀ ਰਚਨਾ ਵਿਚ ਕਿਧਰੇ ਉਤਸ਼ਾਹ ਭਰਪੂਰ ਜਾਂ ਜੋਸ਼ਮਈ ਵਾਤਾਵਰਣ ਨਹੀਂ ਉਸਾਰ ਸਕਿਆ, ਜੋ ਵਾਰ ਦੇ ਲਈ ਅਤਿ ਜ਼ਰੂਰੀ ਹੁੰਦਾ ਹੈ। ਡਾ. ਬਲਧੀਰ ਸਿੰਘ ਪੂਨੀ ਇਸ ਰਚਨਾ ਸੰਬੰਧੀ ਲਿਖਦਾ ਹੈ, " ਸ਼ਾਹ ਮੁਹੰਮਦ ਦੀ ਰਚਨਾ ਵਿਚ ਉਹ ਸਖਤ ਟੱਕਰ ਪੇਸ਼ ਨਹੀਂ ਹੋਈ ਜੋ ਵਾਰ ਲਈ ਜ਼ਰੂਰੀ ਹੈ ਤੇ ਨਾ ਹੀ ਕਵੀ ਜੋਸ਼ ਭਰਿਆ ਅਤੇ ਉਤਸ਼ਾਹ ਭਰਪੂਰ ਵਾਤਾਵਰਣ ਪੈਦਾ ਕਰ ਸਕਿਆ ਹੈ।"[58] ਇਸ ਰਚਨਾ ਵਿਚ ਕਿੱਸੇ ਦੇ ਵੀ ਕੁੱਝ ਲੱਛਣ ਮਿਲਦੇ ਹਨ, ਜਿਹੜੇ ਇਸ ਨੂੰ ਵਾਰ ਨਹੀਂ ਬਣਨ ਦਿੰਦੇ। ਕਵੀ ਆਪਣਾ ਸਾਰਾ ਧਿਆਨ ਪਿਛੋਕੜ ਨੂੰ ਬਿਆਨ ਕਰਨ ਉਤੇ ਹੀ ਦਿੰਦਾ ਹੈ ਜਦੋਂਕਿ ਵਾਰ ਲਈ ਟੱਕਰ ਦਾ ਹੋਣਾ ਬਹੁਤ ਜ਼ਰੂਰੀ ਹੈ। ਡਾ. ਦੀਵਾਨ ਸਿੰਘ ਲਿਖਦੇ ਹਨ, "ਵਾਰ ਦਾ ਮੁੱਖ ਵਿਸ਼ਾ ਯੁੱਧ ਜਾਂ ਬੀਰ ਰਸ ਹੁੰਦਾ ਹੈ ਪਰ ਇਸ ਕਿੱਸੇ ਦਾ ਤਿੰਨ ਚੌਥਾਈ ਭਾਗ ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ ਦੀ ਥਾਂ ਕਈ ਹੋਰ ਇਤਿਹਾਸਕ ਘਟਨਾਵਾਂ ਦੇ ਵਰਣਨ ਨੇ ਮਲਿਆ ਹੋਇਆ ਹੈ। ਲੜਾਈ ਦਾ ਬਿਆਨ ਅਖੀਰ ਤੇ ਬੜੇ ਖੁਲ੍ਹੇ ਤੇ ਅਧੂਰੇ ਢੰਗ ਨਾਲ ਕੀਤਾ ਗਿਆ ਹੈ। ਅਸਲ ਲੜਾਈ ਦਾ ਚਿਤਰ ਖਿੱਚਣ ਦੀ ਥਾਂ ਇਥੇ ਲੜਾਈ ਦੇ ਕਾਰਨਾਂ, ਪਿਛੋਕੜ, ਚੌਗਿਰਦੇ, ਪਰਿਣਾਮਾਂ ਅਤੇ ਕਈ ਹੋਰ ਸੰਬੰਧਤ ਆਸ਼ਿਆਂ ਉਤੇ ਜ਼ੋਰ ਪਾਇਆ ਹੈ।[59] ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਵੀ ਇਹ ਗੱਲ ਸਪੱਸ਼ਟ ਕੀਤੀ ਹੈ ਕਿ, "ਸ਼ਾਹ ਮੁਹੰਮਦ ਦੀ ਰਚਨਾ ਵਿਚ ਵਾਰ-ਕਾਵਿ ਦੀਆਂ ਕਾਫੀ ਖੂਬੀਆਂ ਹਨ ਪਰ ਆਰੰਭ ਤੇ ਅੰਤ ਵਿਚ ਕਰੁਣਾ ਰਸ ਅਤੇ ਵਾਰ ਦੀ ਪਉੜੀ ਦੇ ਪ੍ਰਮਾਣਿਕ ਛੰਦਾਂ ਦੇ ਤਿਆਗ ਨੇ ਇਸ ਰਚਨਾ ਨੂੰ ਵਾਰ ਨਹੀਂ ਬਣਨ ਦਿੱਤਾ।"[60]

ਪ੍ਰੋ. ਜੀ. ਐਲ. ਸ਼ਰਮਾ ਅਨੁਸਾਰ, "ਸ਼ਾਹ ਮੁਹੰਮਦ ਦੀ ਰਚਨਾ ਇਸ ਲਈ ਵਾਰ ਨਹੀਂ ਕਿਉਂਕਿ ਇਸ ਵਿਚ ਕਿਸੇ ਇਕ ਕੇਂਦਰੀ ਪਾਤਰ ਨੂੰ ਧੁਰਾ ਬਣਾ ਕੇ ਉਸ ਦੀ ਯੁੱਧ ਬੀਰਤਾ ਧਰਮ ਬੀਰਤਾ, ਦਇਆ ਬੀਰਤਾ ਜਾਂ ਦਾਨ ਬੀਰਤਾ ਦਾ ਜਸ ਨਹੀਂ ਗਾਂਵਿਆ ਗਿਆ।"[61] ਡਾ. ਰੰਡਾ ਸਿੰਘ ਦੇ ਵਿਚਾਰ ਅਨੁਸਾਰ, "ਜੰਗਨਾਮਿਆਂ ਨੂੰ ਵਾਰ ਸਮਝਣਾ ਠੀਕ ਨਹੀਂ। ਆਪਣੀ ਇਸ ਉਕਤੀ ਦਾ ਆਧਾਰ ਉਸ ਦੇ ਕੁਝ ਕੁ ਇਹ ਤਰਕ ਹਨ।

1. ਜੰਗਨਾਮਿਆਂ ਵਿਚ ਬਿਰਤਾਂਤ ਦੀ ਪ੍ਰਧਾਨਤਾ ਹੁੰਦੀ ਹੈ ਜਦਕਿ ਵਾਰ ਵਿਚ ਬਿਰਤਾਂਤ ਉਤੇ ਘੱਟ ਜੋਰ ਹੁੰਦਾ ਹੈ।

2. ਜੰਗਨਾਮੇ ਵਿਚ ਨਾਟਕੀਅਤਾ ਘੱਟ ਹੁੰਦੀ ਹੈ ਤੇ ਵਾਰ ਵਿਚ ਵਧੇਰੇ ।

3. ਵਾਰ ਆਮ ਤੌਰ ਤੇ ਪਉੜੀਆਂ ਵਿਚ ਬੀੜੀ ਹੁੰਦੀ ਹੈ ਜਦਕਿ ਜੰਗਨਾਮਿਆਂ ਵਿਚ ਛੰਦਾਂ ਦੀ ਵਿਭਿੰਨਤਾ ਹੁੰਦੀ ਹੈ।

4. ਜੰਗਨਾਮਾ ਕਿੱਸਾ ਕਾਵਿ ਦੀ ਹੀ ਇਕ ਲੰਮੀ ਵੰਨਗੀ ਕਹੀ ਜਾ ਸਕਦੀ ਹੈ ਪਰ ਵਾਰ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ।"[62]

ਉਪਰੋਕਤ ਵਿਚਾਰ ਅਨੁਸਾਰ ਵਾਰ ਇਕ ਵਿਲੱਖਣ ਕਾਵਿ ਰੂਪ ਹੈ ਅਤੇ ਜੰਗਨਾਮੇ ਨਾਲ ਇਸਦਾ ਮੁਹਾਂਦਰਾ ਮਾੜਾ ਮੋਟਾ ਭਾਵੇਂ ਮਿਲਦਾ ਜੁਲਦਾ ਹੋਵੇ ਪਰ ਇਸ ਨੂੰ ਜੰਗਨਾਮਾ ਕਹਿਣਾ ਉਚਿਤ ਨਹੀਂ ਅਤੇ ਨਾ ਹੀ ਹਰ ਜੰਗਨਾਮਾ ਵਾਰ ਹੀ ਅਖਵਾ ਸਕਦਾ ਹੈ। ਇਸ ਚਰਚਾ ਦੇ ਆਧਾਰ ਉਤੇ ਇਸ ਰਚਨਾ ਨੂੰ ਵਾਰ ਨਹੀਂ ਮੰਨ ਸਕਦੇ।

ਸ਼ਾਹ ਮੁਹੰਮਦ ਦੀ ਰਚਨਾ ਵਿਚ ਕਿੱਸੇ ਦੇ ਤੱਤ:-

ਕਿੱਸਾ ਪੰਜਾਬੀ ਕਵਿਤਾ ਦਾ ਇਕ ਹਰਮਨ ਪਿਆਰਾ ਤੇ ਮਹੱਤਵਪੂਰਨ ਰੂਪਾਕਾਰ ਹੈ। ਪੰਜਾਬੀ ਕਿੱਸਾ- ਕਾਵਿ ਦੀ ਲੰਮੀ ਅਤੇ ਅਮੀਰ ਕਾਵਿ-ਪਰੰਪਰਾ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਹ ਕਾਵਿ ਪਰੰਪਰਾ ਮੁੱਖ ਰੂਪ ਵਿਚ ਪਿਆਰ, ਇਸ਼ਕ ਤੇ ਰੋਮਾਂਸ ਨੂੰ ਪ੍ਰਗਟਾਉਣ ਵਾਲੀ ਕਾਵਿ ਪਰੰਪਰਾ ਹੈ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ, "ਪੰਜਾਬੀ ਸਾਹਿਤ ਵਿਚ ਕਿੱਸਾ, ਇਕ ਛੰਦ-ਮਈ ਬਿਰਤਾਂਤਕ ਕ੍ਰਿਤੀ ਦੀ ਜਾਣਕਾਰੀ ਕਰਾਉਂਦਾ ਹੈ। ਜਿਸ ਦੇ ਵਿਸਥਾਰ ਦੀਆਂ ਹੱਦਾਂ ਅਨਿਸਚਿਤ ਹਨ ਅਤੇ ਕਥਾਨਕ ਦਾ ਸੰਬੰਧ ਪ੍ਰੇਮ, ਬਹਾਦਰੀ, ਧਰਮ, ਸਮਾਜ-ਸੁਧਾਰ, ਦੇਸ਼-ਭਗਤੀ ਆਦਿ ਕਿਸੇ ਵਿਸ਼ੇ ਨਾਲ ਵੀ ਹੋ

ਸਕਦਾ ਹੈ ਪਰ ਹੁਣ ਇਹ ਸ਼ਬਦ ਕੇਵਲ ਪ੍ਰੇਮ ਦੇ ਵਿਸ਼ੇ ਨਾਲ ਸੰਬੰਧਿਤ ਬਿਰਤਾਂਤਕ ਰਚਨਾ ਲਈ ਰੂੜ ਹੋ ਚੁਕਿਆ ਹੈ। ਰੋਮਾਂਸ ਇਨ੍ਹਾਂ ਵਿਚ ਵੱਧ ਤੋਂ ਵੱਧ ਮਾਤਰਾ ਵਿਚ ਸ਼ਾਮਲ ਹੁੰਦਾ ਹੈ।"[63] ਕਿੱਸੇ ਦੀ ਪਰਿਭਾਸ਼ਾ ਅਤੇ ਕਿੱਸੇ ਦੇ ਤੱਤਾਂ ਦੇ ਪ੍ਰਸੰਗ ਵਿਚ ਸ਼ਾਹ ਮੁਹੰਮਦ ਦੀ ਰਚਨਾ ਦਾ ਅਧਿਐਨ ਕਰਨ ਉਤੇ ਇਸ ਗੱਲ ਦਾ ਪਤਾ ਲਗਦਾ ਹੈ ਕਿ ਇਸ ਰਚਨਾ ਵਿਚ ਕਿੱਸੇ ਦੇ ਲੱਛਣ ਮੌਜੂਦ ਹਨ, ਜਿਨ੍ਹਾਂ ਦਾ ਵੇਰਵਾ ਅੱਗੇ ਦਿੱਤਾ ਜਾਂਦਾ ਹੈ।

1. ਕਿੱਸੇ ਵਾਂਗ ਹੀ ਸ਼ਾਹ ਮੁਹੰਮਦ ਨੇ ਵੀ ਆਪਣੀ ਰਚਨਾ ਦਾ ਆਰੰਭ ਮੰਗਲਾਚਰਨ ਨਾਲ ਕੀਤਾ ਹੈ। ਇਸ ਪੱਖੋਂ ਇਹ ਰਚਨਾ ਕਿੱਸਾ ਕਾਵਿ ਲਈ ਨਿਰਧਾਰਿਤ ਤੱਤ ਉਤੇ ਪੂਰੀ ਉਤਰਦੀ ਹੈ।

2. ਮੰਗਲਾਚਰਨ ਤੋਂ ਬਾਅਦ ਕਿੱਸਾਕਾਰ ਕਿੱਸਾ ਲਿਖਣ ਦਾ ਕਾਰਨ ਦੱਸਦੇ ਹਨ। ਕਿੱਸਾ ਲਿਖਣ ਦਾ ਕਾਰਨ ਆਮ ਤੌਰ ਤੇ ਯਾਰਾਂ ਦੀ ਫੁਰਮਾਇਸ਼ ਹੁੰਦਾ ਹੈ। ਜਿਸਨੂੰ ਵਾਰਿਸ ਸ਼ਾਹ ਨੇ ਆਪਣੀ ਹੀਰ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ:-

ਯਾਰਾਂ ਅਸਾਂ ਨੂੰ ਆਨ ਸਵਾਲ ਕੀਤਾ
ਇਸ਼ਕ ਹੀਰ ਦਾ ਨਵਾਂ ਬਨਾਈਏ ਜੀ।
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ
ਢਬ ਸੋਹਣੇ ਨਾਲ ਸੁਣਾਈਏ ਜੀ।[64]

ਇਸੇ ਤਰ੍ਹਾਂ ਹਾਸ਼ਮ ਨੇ ਆਪਣੇ ਰਚੇ ਕਿੱਸੇ 'ਹੀਰ' ਵਿਚ ਇਸ ਵਿਧਾ ਦੀ ਵਰਤੋਂ ਕੀਤੀ ਹੈ।

ਹਾਸ਼ਮ ਸ਼ਾਹ ਨੂੰ ਆਖਿਆ ਦੋਸਤਾਂ ਨੇ,
ਰਾਂਝੇ ਹੀਰ ਦੀ ਸ਼ਾਇਰੀ ਆਖ ਕਾਈ।[65]

ਸ਼ਾਹ ਮੁਹੰਮਦ ਇਸ ਪਰੰਪਰਾ ਨੂੰ ਅਪਣਾਉਦਾ ਹੋਇਆ ਆਪਣੀ ਰਚਨਾ ਦਾ ਆਰੰਭ ਯਾਰਾਂ ਦੀ ਫੁਰਮਾਇਸ਼ ਨਾਲ ਕਰਦਾ ਹੈ। ਜਿਥੇ ਕਿੱਸਾਕਾਰ ਕੇਵਲ ਯਾਰ ਸ਼ਬਦ ਪ੍ਰਯੋਗ ਕਰਦੇ ਸਨ, ਉਥੇ ਸ਼ਾਹ ਮੁਹੰਮਦ ਜਿਨ੍ਹਾਂ ਦੀ ਫੁਰਮਾਇਸ਼ ਉਤੇ ਇਹ ਰਚਨਾ ਲਿਖਦਾ ਹੈ, ਦਾ ਨਾਂਮ ਹੀਰਾ ਤੇ ਨੂਰ ਖਾਂ ਵੀ ਦੱਸਦਾ ਹੈ।

ਇਕ ਰੋਜ਼ ਵਡਾਲੇ ਦੇ ਵਿਚ ਬੈਠੇ,

ਚੱਲੀ ਆਣ ਫਰੰਗੀ ਦੀ ਬਾਤ ਆਈ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ।[66]

3. ਕਿੱਸਾਕਾਰ ਆਪਣੀ ਰਚਨਾ ਵਿਚ ਮੂਲ ਕਹਾਣੀ ਨੂੰ ਬਿਆਨਣ ਦੇ ਨਾਲ ਨਾਲ ਜ਼ਿੰਦਗੀ ਦੀਆਂ ਕੁਝ ਅਟੱਲ ਸਚਾਈਆਂ ਨੂੰ ਵੀ ਬਿਆਨ ਕਰਦੇ ਹਨ। ਇਸ ਨਾਲ ਰਚਨਾ ਪ੍ਰਸਿੱਧ ਤੇ ਅਮਰ ਹੋ ਜਾਂਦੀ ਹੈ। ਇਸ ਪੱਖੋਂ ਕੋਈ ਵੀ ਕਿੱਸਾਕਾਰ ਕੋਰਾ ਨਹੀਂ ਰਿਹਾ। ਪੀਲੂ ਦੇ ਕਿੱਸੇ 'ਮਿਰਜ਼ਾ ਸਾਹਿਬਾਂ' ਨੂੰ ਉਦਾਹਰਣ ਹਿੱਤ ਪੇਸ਼ ਕੀਤਾ ਜਾਂਦਾ ਹੈ। ਜਿਸ ਵਿਚ ਕਵੀ ਮਿਰਜ਼ਾ ਸਾਹਿਬਾਂ ਦੀ ਪ੍ਰੀਤ ਕਥਾ ਦੇ ਨਾਲ ਨਾਲ ਅਟੱਲ ਸਚਾਈਆਂ ਦਾ ਬਿਆਨ ਵੀ ਕਰੀ ਜਾਂਦਾ ਹੈ।

ਇਸ਼ਕ ਲਿਤਾੜੇ ਆਦਮੀ ਬਰਫ ਲਿਤਾੜੇ ਰੁੱਖ
ਨੀਂਦ ਨਾ ਆਉਂਦੀ ਚੋਰ ਨੂੰ ਆਸ਼ਕ ਨਾ ਲੱਗੇ ਭੁੱਖ ।[67]

ਸ਼ਾਹ ਮੁਹੰਮਦ ਨੇ ਵੀ ਇਸ ਪਰੰਪਰਾ ਨੂੰ ਨਿਭਾਇਆ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿਚ ਅਨੇਕਾਂ ਥਾਵਾਂ ਉਤੇ ਅਟੱਲ ਸਚਾਈਆਂ ਮਿਲਦੀਆਂ ਹਨ।ਕਵੀ ਮਨੁੱਖ ਨੂੰ ਹੰਕਾਰ ਮਾਰਨ ਤੇ ਪਰਮਾਤਮਾ ਦੀ ਰਜ਼ਾ ਵਿਚ ਰਹਿਣ ਲਈ ਉਪਦੇਸ਼ ਦਿੰਦਾ ਹੋਇਆ, ਸੰਸਾਰ ਦੀ ਨਾਸ਼ਮਾਨਤਾ ਦਾ ਬਿਆਨ ਕਰਦਾ ਹੈ।

ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।[68]

ਹਮੇਸ਼ਾਂ ਸਮਾਂ ਇਕੋ ਜਿਹਾ ਨਹੀਂ ਰਹਿੰਦਾ, ਬਲਕਿ ਇਹ ਪਰਿਵਰਤਨਸ਼ੀਲ ਹੈ। ਜਵਾਨੀ ਤੇ ਤਾਕਤ ਦੇ ਨਸ਼ੇ ਵਿਚ ਆ ਕੇ ਅਤਿ ਨਹੀਂ ਚੁਕਣੀ ਚਾਹੀਦੀ, ਇਹ ਤਾਂ ਢਲਦੇ ਪ੍ਰਛਾਵੇ ਹਨ।

(ੳ) ਇਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ
ਦਗੇਬਾਜ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ ।

ਸਦਾ ਨਹੀਂ ਜੋ ਦੌਲਤਾਂ ਫੀਲ ਘੋੜੇ,
ਸਦਾ ਨਹੀਂ ਜੋ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ ।[69]

(ਅ) ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ ਦੇ ਕਈ ਵਜਾਇ ਗਏ।[70]

4. ਪੰਜਾਬੀ ਕਿੱਸਿਆਂ ਵਿਚ ਕਰਾਮਾਤਾਂ/ਹੋਣੀ/ਪਰਾਸਰੀਰਕ ਘਟਨਾਵਾਂ ਦਾ ਵਰਣਨ ਆਮ ਹੁੰਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿਚ ਛੱਜਾ ਡਿੱਗਣ ਵਾਲੀ ਘਟਨਾ ਦਾ ਵਰਣਨ ਕਿੱਸਾ-ਕਾਵਿ -ਪਰੰਪਰਾ ਦੇ ਇਸੇ ਪ੍ਰਭਾਵ ਦਾ ਸਿੱਟਾ ਕਿਹਾ ਜਾ ਸਕਦਾ ਹੈ।

5. ਕਿੱਸਾਕਾਰ ਆਮ ਤੌਰ ਤੇ ਇਸਤਰੀ ਜਾਤੀ ਨੂੰ ਭੰਡਦੇ ਰਹੇ ਹਨ। ਵਾਰਿਸ ਸ਼ਾਹ ਨੇ ਆਪਣੀ ਰਚਨਾ 'ਹੀਰ' ਵਿਚ ਇਸਤਰੀ ਜਾਤੀ ਦੀ ਭੰਡੀ ਕੀਤੀ ਹੈ।

ਤੁਸਾਂ ਛੱਤਰੇ ਮਰਦ ਬਣਾਇ ਦਿੱਤੇ,
ਸੱਪ ਰਸੀਆਂ ਦੇ ਕਰੋ ਡਾਰੀਓ ਨੀ।
ਰਾਜੇ ਭੋਜ ਦੇ ਮੂੰਹ ਲਗਾਮ ਦੇ ਕੇ,
ਚੜ੍ਹ ਦੌੜੀਆਂ ਹੋ ਟੂਣੇ ਹਾਰੀਓ ਨੀ ।

ਕੈਰੋਂ ਪਾਂਡਵਾਂ ਦੀ ਸਫਾ ਗਾਲ ਦਿੱਤੀ
ਜਰਾ ਗੱਲ ਦੇ ਨਾਲ ਨਾ ਹਰਿਆਰੀਓ ਨੀ।
ਰਾਵਣ ਲੰਕਾ ਲੁਟਾਇ ਕੇ ਗਰਕ ਹੋਇਆ
ਕਾਰਣ ਤੁਸਾਂ ਦੇ ਹੈ ਹਤਿਆਰੀਓ ਨੀ।[71]

ਕਿੱਸਾ ਕਵੀਆਂ ਵਾਂਗ ਸ਼ਾਹ ਮੁਹੰਮਦ ਨੇ ਵੀ ਰਾਣੀ ਜਿੰਦਾਂ ਦੇ ਨਾਂ ਤੇ ਇਸਤਰੀ ਜਾਤੀ ਨੂੰ ਨਿੰਦਿਆ ਹੈ।

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।

ਕੌਰਵ-ਪਾਂਡਵਾਂ ਨਾਲ ਕੀ ਭਲਾ ਕੀਤਾ,
ਅਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ,
ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ।[72]

ਇਨ੍ਹਾਂ ਉਪਰੋਕਤ ਵਿਚਾਰਾਂ ਦੇ ਆਧਾਰ ਤੇ ਅਸੀਂ ਵੇਖਦੇ ਹਾਂ ਕਿ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਵਿਚ ਕਿੱਸੇ ਦੇ ਕਈ ਤੱਤ ਮਿਲਦੇ ਹਨ। ਡਾ. ਦੀਵਾਨ ਸਿੰਘ ਨੇ ਸ਼ਾਹ ਮੁਹੰਮਦ ਦੀ ਰਚਨਾ ਨੂੰ ਕਿੱਸਾ ਹੀ ਸਿੱਧ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਇਸ ਰਚਨਾ ਦੇ 'ਵਾਰ' ਹੋਣ ਨੂੰ ਇਸ ਦਲੀਲ ਨਾਲ ਰੱਦ ਕੀਤਾ ਹੈ ਕਿ ਇਹ ਪਉੜੀਆਂ ਵਿਚ ਨਹੀਂ ਤੇ ਇਸਦਾ ਛੰਦ 'ਵਾਰ' ਵਾਲਾ ਨਹੀਂ ਅਥਵਾ ਇਹ ਰਚਨਾ ਚੌਤੁਕੀਏ ਬੈਤ ਛੰਦ ਵਿਚ ਹੈ।[73] ਡਾ. ਦੀਵਾਨ ਸਿੰਘ ਕਿੱਸੇ ਨੂੰ ਚਾਰ ਵੰਨਗੀਆਂ ਦਾ ਮੰਨਦੇ ਹਨ।

1. ਬੀਰ ਰਸੀ ਜਾਂ ਇਤਿਹਾਸਕ ਕਿੱਸਾ।
2. ਇਸ਼ਕੀਆ ਕਿੱਸਾ ।
3. ਅਧਿਆਤਮਕ ਕਿੱਸਾ ।
4. ਨਿਰੋਲ ਰੁਮਾਂਟਿਕ ਕਿੱਸਾ ।[74]

ਸ਼ਾਹ ਮੁਹੰਮਦ ਦੀ ਰਚਨਾ ਨੂੰ ਬੀਰ-ਰਸੀ ਜਾਂ ਇਤਿਹਾਸਕ ਕਿੱਸਿਆਂ ਦੀ ਵੰਨਗੀ ਵਿਚ ਰੱਖਦੇ ਹਨ। ਡਾ. ਦੀਵਾਨ ਸਿੰਘ ਦਾ ਮੱਤ ਹੈ ਕਿ ਫਾਰਸੀ ਵਿਚ ਯੁੱਧ, ਪਿਆਰ ਤੇ ਰਹੱਸਵਾਦ ਨਾਲ ਸੰਬੰਧਿਤ ਵਸਤੂ ਨੂੰ ਪ੍ਰਗਟਾਉਣ ਵਾਲੀ ਬਿਰਤਾਂਤਕ ਰਚਨਾ ਨੂੰ 'ਮਸਨਵੀ' ਹੀ ਆਖਿਆ ਜਾਂਦਾ ਹੈ। ਇਸ ਲਈ ਪੰਜਾਬੀ ਵਿਚ ਵੀ ਪਿਆਰ ਤੇ ਬੀਰ-ਰਸ ਦੋਹਾਂ ਨੂੰ ਪ੍ਰਗਟਾਉਣ ਵਾਲੀ ਬਿਰਤਾਂਤਕ ਰਚਨਾ ਨੂੰ 'ਕਿੱਸਾ' ਹੀ ਕਿਹਾ ਜਾਣਾ ਚਾਹੀਦਾ ਹੈ। ਅਸਲ ਵਿਚ ਅਜਿਹਾ ਨਹੀਂ ਹੋ ਸਕਦਾ, ਕਿਉਂਕਿ ਪੰਜਾਬੀ ਸਾਹਿਤ ਵਿਚ 'ਵਾਰ' ਅਤੇ 'ਕਿੱਸਾ' ਨਾਂ ਦੇ ਰੂਪਾਕਾਰਾਂ ਦੀ ਅਲੱਗ ਅਲੱਗ ਕਾਵਿ-ਪਰੰਪਰਾ ਹੈ ਅਤੇ ਡਾ. ਦੀਵਾਨ ਸਿੰਘ ਦੇ ਆਪਣੇ ਹੀ ਸ਼ਬਦਾਂ ਵਿਚ, "ਫਾਰਸੀ ਵਿਚ ਯੁੱਧ ਦੀ ਮਸਨਵੀ ਨੂੰ 'ਰਮਜ਼' ਕਹਿੰਦੇ ਸਨ ਅਤੇ ਪ੍ਰੇਮ ਤੇ ਵਿਲਾਸ ਦੇ ਕਾਵਿ ਨੂੰ 'ਬਜ਼ਮ'। ਇਸੇ ਤਰ੍ਹਾਂ ਦਰਸ਼ਨ ਰਹੱਸ ਆਦਿ ਦੀ ਕਵਿਤਾ ਨੂੰ ਵੀ ਮਸਨਵੀ ਹੀ ਕਹਿੰਦੇ ਸਨ।"[75]

ਸ਼ਾਹ ਮੁਹੰਮਦ ਦੀ ਰਚਨਾ ਵਿਚ ਭਾਵੇ ਕਿੱਸੇ ਦੇ ਕਈ ਤੱਤ ਮਿਲਦੇ ਹਨ ਪਰ ਫਿਰ ਵੀ ਇਸ ਰਚਨਾ ਨੂੰ ਕਿੱਸਾ ਨਹੀਂ ਕਿਹਾ ਜਾ ਸਕਦਾ, ਕਿਉਂਕਿ ਕਿੱਸੇ ਵਿਚ ਗਲਪ ਵਾਂਗ ਅਸਲੀਅਤ ਅਤੇ ਕਲਪਨਾ ਦਾ ਮਿਸ਼ਰਣ ਹੁੰਦਾ ਹੈ। ਜਦਕਿ ਸ਼ਾਹ ਮੁਹੰਮਦ ਦੀ ਰਚਨਾ ਵਿਚ ਯਥਾਰਥਕ ਇਤਿਹਾਸ ਦਾ ਵਰਣਨ ਹੈ।[76] ਉਂਝ ਵੀ ਪੰਜਾਬੀ ਸਾਹਿਤ ਵਿਚ ਬੀਰ-ਰਸ ਨੂੰ ਪ੍ਰਗਟਾਉਣ ਵਾਲੀਆਂ 'ਵਾਰਾਂ' ਅਤੇ'ਜੰਗਨਾਮਾ'ਨਾਮ ਦੀਆਂ ਦੋ ਵੱਖਰੀਆਂ ਕਾਵਿ-ਧਾਰਾਵਾਂ ਹਨ। ਸ਼ਾਹ ਮੁਹੰਮਦ ਦੀ ਰਚਨਾ ਨੂੰ ਕਿੱਸਾ ਸਿੱਧ ਕਰਨ ਵਾਲੇ ਵਿਦਵਾਨ ਆਲੋਚਕ ਡਾ. ਦੀਵਾਨ ਸਿੰਘ ਲਿਖਦੇ ਹਨ, "ਇਉਂ ਜਾਪਦਾ ਹੈ ਕਿ ਸ਼ਾਹ ਮੁਹੰਮਦ ਵਾਰ ਸਾਹਿਤ ਅਤੇ ਕਿੱਸਾ ਸਾਹਿਤ ਵਿਚ ਇਕ ਮਹਾਨ ਸਮਝੌਤਾ ਕਰਦਾ ਹੈ।"[77] ਇਸ ਸਮਝੌਤੇ ਦੇ ਕਾਰਨ ਹੀ ਇਹ ਰਚਨਾ ਨਾਂ ਤਾਂ 'ਵਾਰ' ਰਹਿੰਦੀ ਹੈ ਅਤੇ ਨਾ ਹੀ ਕਿੱਸਾ।

ਸ਼ਾਹ ਮੁਹੰਮਦ ਦੀ ਰਚਨਾ ਵਿਚ ਜੰਗਨਾਮੇ ਦੇ ਤੱਤ:-

'ਜੰਗਨਾਮਾ ਵੀ 'ਵਾਰ' ਵਾਂਗ ਬੀਰ-ਰਸੀ ਕਾਵਿ ਰੂਪ ਹੈ, ਅਥਵਾ ਬਿਆਨੀਆ ਕਵਿਤਾ ਦੀ ਇਕ ਵੰਨਗੀ ਹੈ। ਜੰਗਨਾਮੇ ਦਾ ਸ਼ਬਦੀ ਅਰਥ ਹੈ, ਜੰਗ ਯੁੱਧ ਦੀ ਵਾਰਤਾ ਜਾਂ ਲੜਾਈ ਦਾ ਕਿੱਸਾ। ਜੰਗਨਾਮਾ ਅਜਿਹੀ ਰਚਨਾ ਨੂੰ ਆਖਦੇ ਹਨ ਜਿਸ ਵਿਚ ਯੁੱਧ ਦਾ ਵਰਣਨ ਹੋਵੇ। ਜੰਗਨਾਮੇ ਦਾ ਅਰਥ ਹੀ ਜੰਗ ਦਾ ਬਿਆਨ ਕਰਨ ਵਾਲੀ ਕਵਿਤਾ ਤੋਂ ਹੈ। ਇਸ ਕਰਕੇ ਇਹ ਸਾਹਿਤ ਤੇ ਇਤਿਹਾਸ ਦੋਹਾਂ ਦਾ ਹੀ ਮਹੱਤਵਪੂਰਨ ਅੰਗ ਹੈ। ਜੰਗਨਾਮੇ ਦੇ ਸਰੂਪ ਨੂੰ ਸਮਝਣ ਲਈ ਇਸ ਦਾ ਵਾਰ ਨਾਲੋਂ ਫਰਕ ਸਮਝਣਾ ਜ਼ਰੂਰੀ ਹੈ। ਦੋਹਾਂ ਵਿਚਾਲੇ ਕੁਝ ਬੁਨਿਆਦੀ ਅੰਤਰ-ਤੱਤ ਇਸ ਪ੍ਰਕਾਰ ਹਨ:

1. ਜੰਗਨਾਮੇ ਦਾ ਵਿਸ਼ਾ, ਇਤਿਹਾਸਕ ਹੁੰਦਾ ਹੈ, ਪਰ ਵਾਰ ਇਤਿਹਾਸਕ ਹੋਣ ਦੇ ਨਾਲ ਨਾਲ ਧਾਰਮਕ ਅਤੇ ਮਿਥਿਹਾਸਕ ਵਿਸ਼ੇ ਨਾਲ ਵੀ ਸੰਬੰਧਤ ਹੋ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਮਾਰਕੰਡੇ ਪੁਰਾਣ ਦੀ ਇਕ ਮਿਥਿਹਾਸਕ ਕਥਾ ਤੇ ਆਧਾਰਿਤ ਹੈ।

2. ਜੰਗਨਾਮੇ ਲਈ ਕੋਈ ਵਿਸ਼ੇਸ਼ ਛੰਦ ਨਿਸਚਿਤ ਨਹੀਂ। ਇਹ ਕਿਸੇ ਵੀ ਛੰਦ ਵਿਚ ਹੋ ਸਕਦਾ ਹੈ, ਪਰ ਵਾਰ ਤਾਂ ਨਿਸ਼ਾਨੀ ਜਾਂ ਸਿਰਖੰਡੀ ਛੰਦ ਵਿਚ ਹੀ ਲਿਖੀ ਜਾਂਦੀ ਹੈ।

3. ਵਾਰਕਾਰ ਦਾ ਮੁੱਖ ਪ੍ਰਯੋਜਨ ਨਾਇਕ ਦਾ ਜੱਸ ਗਾਉਣਾ ਹੁੰਦਾ ਹੈ, ਪਰ ਜੰਗਨਾਮੇ ਵਿਚ ਕਵੀ ਦਾ ਮੁੱਖ ਉਦੇਸ਼ ਇਤਿਹਾਸਕ ਘਟਨਾ ਨੂੰ ਬਿਆਨਣਾ ਹੁੰਦਾ ਹੈ। ਇਸ ਲਈ ਜੰਗਨਾਮੇ ਵਿਚ ਨਾਇਕ ਤੋਂ ਬਿਨਾਂ ਬਾਕੀ ਪਾਤਰਾਂ ਨੂੰ ਵੀ ਪੂਰਾ ਮਹੱਤਵ ਦਿੱਤਾ ਜਾਂਦਾ ਹੈ।[78]

4. ਵਾਰ ਵਿਚ ਜਿੱਤ ਨਾਇਕ ਦੀ ਹੁੰਦੀ ਹੈ, ਪਰ ਜੰਗਨਾਮੇ ਵਿਚ ਅਜਿਹਾ ਹੋਣਾ ਜ਼ਰੂਰੀ ਨਹੀਂ। ਇਸ ਦੇ ਨਾਲ ਹੀ ਵਾਰ ਆਸ਼ਾਵਾਦੀ ਹੁੰਦੀ ਹੈ ਜਦਕਿ ਜੰਗਨਾਮੇ ਵਿਚ ਨਿਰਾਸ਼ਾਵਾਦ ਤੇ ਕਰੁਣਾਰਸ ਦੀ ਪ੍ਰਧਾਨਗੀ ਹੁੰਦੀ ਹੈ।[79]

5. ਜੰਗਨਾਮੇ ਵਿਚ ਵੀ 'ਵਾਰ' ਵਾਂਗ ਦੋ ਧਿਰਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਸਦੇ ਨਾਲ ਹੀ ਜੰਗਨਾਮੇ ਵਿਚ ਫੌਜਾਂ ਦੀ ਚੜ੍ਹਾਈ, ਮੁਕਾਬਲਾ, ਯੁੱਧਦਾ ਬਿਆਨ, ਕਾਵਿ-ਨਿਆਂ ਅਨੁਸਾਰ ਦੋਹਾਂ ਧਿਰਾਂ ਦੀ ਬਹਾਦਰੀ ਦਾ ਵਰਣਨ ਅਤੇ ਅਖੀਰ ਵਿਚ ਜਿੱਤ ਹਾਰ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।[80]

ਜੰਗਨਾਮੇ ਦੇ ਉਪਰੋਕਤ ਲੱਛਣਾਂ ਉਤੇ ਸ਼ਾਹ ਮੁਹੰਮਦ ਦੀ ਰਚਨਾ ਨੂੰ ਪਰਖਣ ਤੇ ਇਸ ਗੱਲ ਦਾ ਪਤਾ ਲਗਦਾ ਹੈ ਕਿ ਇਹ ਰਚਨਾ ਜੰਗਨਾਮੇ ਦੀ ਵਿਧਾ ਦੇ ਵਧੇਰੇ ਨੇੜੇ ਹੈ। ਇਸ ਦੇ ਕੁਝ ਪ੍ਰਮੁੱਖ ਪਹਿਲੂ ਇਸ ਪ੍ਰਕਾਰ ਹਨ:

1. ਇਸ ਰਚਨਾ ਦਾ ਵਿਸ਼ਾ ਨਿਰੋਲ ਇਤਿਹਾਸਕ ਹੈ।
2. ਇਹ ਰਚਨਾ ਵਾਰ ਦੇ ਛੰਦ ਵਿਚ ਨਾ ਹੋ ਕੇ ਬੈਂਤ ਛੰਦ ਵਿਚ ਹੈ ਜੋ ਕਿ ਪੰਜਾਬੀ ਵਿਚ ਮਿਲਦੇ ਕੁਝ ਹੋਰ ਜੰਗਨਾਮਿਆਂ ਲਈ ਵੀ ਵਰਤਿਆ ਗਿਆ ਹੈ।
3. ਸ਼ਾਹ ਮੁਹੰਮਦ ਦੀ ਰਚਨਾ ਵਿਚ ਆਸ਼ਾਵਾਦ ਦੀ ਥਾਂ ਨਿਰਾਸ਼ਾਵਾਦ ਤੇ ਕਰੁਣਾ ਦੀ ਪ੍ਰਧਾਨਤਾ ਹੈ।
4. ਜੰਗਨਾਮੇ ਦਾ ਅਸਲ ਮੰਤਵ ਤਾਰੀਖੀ ਘਟਨਾ ਦਾ ਬਿਆਨ ਕਰਨਾ ਹੈ। ਇਸ ਲਈ ਜੰਗਨਾਮੇ ਵਿਚ ਨਾਇਕ ਦੇ ਨਾਲ ਨਾਲ ਬਾਕੀ ਪਾਤਰਾਂ ਨੂੰ ਵੀ ਪੂਰੀ ਮਹੱਤਤਾ ਪ੍ਰਾਪਤ ਹੁੰਦੀ ਹੈ। ਸ਼ਾਹ ਮੁਹੰਮਦ ਦੀ ਰਚਨਾ ਇਸ ਕਸਵੱਟੀ ਤੇ ਵੀ ਪੂਰੀ ਉਤਰਦੀ ਹੈ।

ਉਪਰੋਕਤ ਵਿਸਤ੍ਰਿਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸ਼ਾਹ ਮੁਹੰਮਦ ਦੀ ਰਚਨਾ 'ਜੰਗ ਸਿੰਘਾਂ ਤੇ ਫਰੰਗੀਆਂ' ਇਕ ਅਜਿਹੀ ਰਚਨਾ ਹੈ, ਜਿਸ ਵਿਚ ਇਕ ਤੋਂ

ਵੱਧ ਰੂਪਾਕਾਰਾਂ ਦੇ ਤੱਤ ਦ੍ਰਿਸ਼ਟੀਗੋਚਰ ਹੁੰਦੇ ਹਨ। ਅਸਲ ਵਿਚ ਇਹ ਰਚਨਾ 'ਵਾਰ' ਤੇ 'ਕਿੱਸੇ' ਦੇ ਕੁਝ ਤੱਤ ਰੱਖਦੀ ਹੋਈ ਵੀ 'ਵਾਰ' ਜਾਂ 'ਕਿੱਸਾ' ਨਹੀਂ ਸਗੋਂ ਇਕ ਜੰਗਨਾਮਾ ਹੈ। ਭਾਵੇਂ ਕੁਝ ਵਿਦਵਾਨਾਂ ਨੇ ਇਸ ਰਚਨਾ ਨੂੰ ਵਾਰ ਤੇ ਕਿੱਸਾ ਸਿੱਧ ਕਰਨ ਦਾ ਯਤਨ ਕੀਤਾ ਹੈ ਪਰ ਇਹ ਰਚਨਾ ਜੰਗਨਾਮੇ ਦੇ ਨਿਯਮਾਂ ਉਤੇ ਹੀ ਵਧੇਰੇ ਪੂਰੀ ਉਤਰਦੀ ਹੈ। ਨਿਰਸੰਦੇਹ ਸ਼ਾਹ ਮੁਹੰਮਦ ਦੀ ਰਚਨਾ ਨੂੰ ਜੰਗਨਾਮਾ ਕਹਿਣਾ ਹੀ ਉਚਿਤ ਹੈ।

****

## ਪੈਰ ਟਿੱਪਣੀਆਂ ਅਤੇ ਹਵਾਲੇ


1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 'ਪ੍ਰਾਚੀਨ ਵਾਰਾਂ', ਤੇ ਜੰਗਨਾਮੇ', ਪੰਨਾ- 303
2. ਪ੍ਰੋ. ਸੀਤਾ ਰਾਮ ਕੋਹਲੀ ਤੇ ਸੇਵਾ ਸਿੰਘ, ਗਿਆਨੀ, 'ਵਾਰ ਸ਼ਾਹ ਮੁਹੰਮਦ' ( ਹਿੰਦ ਪੰਜਾਬ ਦਾ ਜੰਗ), ਮੁੱਖ ਪੰਨਾ।
3. ਉਹੀ, ਪੰਨਾ-111
4. ਬਲਬੀਰ ਸਿੰਘ ਪੂਨੀ, 'ਜੰਗ ਸਿੰਘਾਂ ਤੇ ਅੰਗਰੇਜ਼ਾਂ', ਪੰਨਾ-48
5. ਡਾ. ਰਤਨ ਸਿੰਘ ਜੱਗੀ, 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ', ਪੰਨਾ-12
6. ਪ੍ਰੋ. ਪਿਆਰਾ ਸਿੰਘ ਪਦਮ, 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ', ਪੰਨਾ-12
7. ਭਾਈ ਕਾਨ੍ਹ ਸਿੰਘ ਨਾਭਾ, 'ਗੁਰਸ਼ਬਦ ਰਤਨਾਕਰ', ਪੰਨਾ-1090
8. ਡਾ. ਗੰਡਾ ਸਿੰਘ, 'ਪੰਜਾਬ ਦੀਆਂ ਵਾਰਾਂ', ਪੰਨਾ-6
9. ਉਹੀ,
10. ਪ੍ਰੋ. ਸਾਹਿਬ ਸਿੰਘ, 'ਸੱਤੇ ਬਲਵੰਡ ਦੀ ਵਾਰ', ਭੂਮਿਕਾ।
11. ਪ੍ਰੋ. ਪਿਆਰਾ ਸਿੰਘ ਪਦਮ, 'ਪੰਜਾਬੀ ਵਾਰਾਂ', ਪੰਨਾ-18
12. V.S.Apte, 'Sanskrit-English Dictionary', P- 503
13. ਡਾ. ਰਤਨ ਸਿੰਘ ਜੱਗੀ, 'ਵਿਚਾਰਧਾਰਾ', ਪੰਨਾ-173
14. ਡਾ. ਬਲਬੀਰ ਸਿੰਘ ਪੂਨੀ, 'ਲੋਕਧਾਰਾ', ਪੰਨਾ-54
15. ਡਾ. ਕਾਲਾ ਸਿੰਘ ਬੇਦੀ, 'ਗੁਰੂ ਨਾਨਕ ਦਰਸ਼ਨ', ਪੰਨਾ-190
16. ਭਾਈ ਕਾਨ੍ਹ ਸਿੰਘ ਨਾਭਾ, 'ਗੁਰਸ਼ਬਦ ਰਤਨਾਕਰ', ਪੰਨਾ-1091
17. ਪ੍ਰੋ. ਪਿਆਰਾ ਸਿੰਘ ਪਦਮ,'ਪੰਜਾਬੀ ਵਾਰਾਂ', ਮੁਖ-ਬੰਦ
18. ਡਾ. ਚਰਨ ਸਿੰਘ, 'ਬਾਣੀ ਬਿਓਰਾ', ਪੰਨਾ-44
19. ਹਰਿੰਦਰ ਸਿੰਘ ਰੂਪ, 'ਭਾਈ ਗੁਰਦਾਸ', ਪੰਨਾ-30
20. ਬਾਵਾ ਬੁੱਧ ਸਿੰਘ, 'ਬੰਬੀਹਾ ਬੋਲ', ਪੰਨਾ-120
21. ਪ੍ਰੋ. ਸਾਹਿਬ ਸਿੰਘ, 'ਸੱਤੇ ਬਲਵੰਡ ਦੀ ਵਾਰ', ਪੰਨਾ 87-88
22. ਪ੍ਰੋ. ਪਿਆਰਾ ਸਿੰਘ ਪਦਮ, 'ਪੰਜਾਬੀ ਵਾਰਾਂ', ਪੰਨਾ-81

23. ਭਾਸ਼ਾ ਵਿਭਾਗ, ਪੰਜਾਬ, 'ਚੋਣਵੀਆਂ ਪੰਜਾਬੀ ਵਾਰਾਂ', ਪੰਨਾ-ਗ

24. 'ਹਿੰਦੀ ਸਾਹਿਤਯ ਕੋਸ਼' ( ਭਾਗ ਪਹਿਲਾ), ਪੰਨਾ-437

25. ਪ੍ਰੋ. ਪਿਆਰਾ ਸਿੰਘ ਪਦਮ, 'ਪੰਜਾਬੀ ਵਾਰਾਂ', ਪੰਨਾ-20

26. ਡਾ. ਕੇਸਰ ਸਿੰਘ ਕੇਸਰ, 'ਪੰਜਾਬੀ ਸਾਹਿਤ ਕੋਸ਼(ਭਾਗ ਤੀਜਾ),ਪੰਨਾ-322

27. ਪ੍ਰੋ. ਪਿਆਰਾ ਸਿੰਘ ਪਦਮ, 'ਪੰਜਾਬੀ ਵਾਰਾਂ', ਪੰਨਾ-184

28. ਉਹੀ, ਪੰਨਾ-229

29. ਡਾ. ਰਤਨ ਸਿੰਘ ਜੱਗੀ, 'ਖੋਜ ਪਤ੍ਰਿਕਾ', ਭੂਮਿਕਾ।

30. ਪੰਜਾਬੀ ਯੂਨੀਵਰਸਿਟੀ ਪਟਿਆਲਾ, 'ਪੰਜਾਬੀ ਸਾਹਿਤ ਕੋਸ਼', ਪੰਨਾ-390

31. ਡਾ. ਰਤਨ ਸਿੰਘ ਜੱਗੀ, 'ਖੋਜ ਪਤ੍ਰਿਕਾ',ਭੂਮਿਕਾ।

32. ਹਾਫਿਜ਼ ਬਰਖੁਰਦਾਰ, 'ਯੂਸਫ ਜ਼ੁਲੇਖਾਂ', ਪੰਨਾ-37

33. ਭਾਸ਼ਾ ਵਿਭਾਗ, ਪੰਜਾਬ, 'ਹੀਰ ਵਾਰਸ', ਪੰਨਾ 1-2

34. ਡਾ. ਤਾਰਨ ਸਿੰਘ, 'ਕਿੱਸਾ ਕਾਵਿ ਅੰਕ' (ਪੰਜਾਬੀ ਦੁਨੀਆਂ), ਪੰਨਾ-65

35. ਪ੍ਰੋ. ਪਿਆਰਾ ਸਿੰਘ ਭੋਗਲ 'ਪ੍ਰਸਿੱਧ ਕਿੱਸਾਕਾਰ', ਪੰਨਾ-27

36. ਡਾ. ਤਾਰਨ ਸਿੰਘ, 'ਕਿੱਸਾ ਕਾਵਿ ਅੰਕ' (ਪੰਜਾਬੀ ਦੁਨੀਆਂ), ਪੰਨਾ- 55

37. ਡਾ. ਸਤਿੰਦਰ ਸਿੰਘ, 'ਵਿਚਾਰਕ ਸਮੀਖਿਆ', ਪੰਨਾ-354

38. ਗੁਰਦਿੱਤ ਸਿੰਘ ਪ੍ਰੇਮੀ, 'ਦਮੋਦਰ', ਪੰਨਾ-4

39. ਡਾ. ਹਰਿਭਜਨ ਸਿੰਘ, 'ਕਿੱਸਾ ਪੰਜਾਬ', ਪੰਨਾ-ਗ

40. ਡਾ. ਦੀਵਾਨ ਸਿੰਘ ਅਤੇ ਡਾ. ਬਿਕਰਮ ਸਿੰਘ ਘੁੰਮਣ, 'ਵਾਰਿਸ ਸ਼ਾਹ ਦਾ ਕਾਵਿ-ਲੋਕ', ਪੰਨਾ-24

41. ਪ੍ਰੋ. ਦੀਵਾਨ ਸਿੰਘ, 'ਕਿੱਸਾ ਕਾਵਿ ਅੰਕ'(ਪੰਜਾਬੀ ਦੁਨੀਆਂ), ਪੰਨਾ 75

42. ਡਾ. ਜੀਤ ਸਿੰਘ ਸੀਤਲ, 'ਵਾਰਿਸ ਸ਼ਾਹ ਜੀਵਨ ਤੇ ਰਚਨਾ', ਭੂਮਿਕਾ

43. ਡਾ. ਵਿਸ਼ਵਾਨਾਥ ਤਿਵਾੜੀ, 'ਕਿੱਸਾ ਕਾਵਿ ਦਾ ਸਰਵੇਖਣ', ਪੰਨਾ-25

44. ਡਾ. ਪ੍ਰੀਤਮ ਸੈਨੀ, 'ਵਾਰ ਸ਼ਾਹ ਮੁਹੰਮਦ', ਪੰਨਾ-17

45. ਡਾ. ਸੁਰਿੰਦਰ ਸਿੰਘ ਕੋਹਲੀ, 'ਪੰਜਾਬੀ ਸਾਹਿਤ ਕੋਸ਼', ਪੰਨਾ-361

46. ਸਮਸ਼ੇਰ ਸਿੰਘ ਅਸ਼ੋਕ, 'ਪ੍ਰਾਚੀਨ ਜੰਗਨਾਮੇ', ਪੰਨਾ-ੳ

47. ਪ੍ਰੋ. ਪਿਆਰਾ ਸਿੰਘ ਪਦਮ, 'ਪੰਜਾਬੀ ਵਾਰਾਂ', ਪੰਨਾ-20

48. ਭਾਈ ਕਾਨ੍ਹ ਸਿੰਘ ਨਾਭਾ, 'ਗੁਰਸ਼ਬਦ ਰਤਨਾਕਰ', ਪੰਨਾ-403

49. ਸਮਸ਼ੇਰ ਸਿੰਘ ਅਸ਼ੋਕ, 'ਮੁਕਬਲ', ਪੰਨਾ ਨ-ਪ

50. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-1

51. ਡਾ. ਰਤਨ ਸਿੰਘ ਜੱਗੀ, 'ਵਿਚਾਰਧਾਰਾ', ਪੰਨਾ-175

52. ਡਾ. ਰਤਨ ਸਿੰਘ ਜੱਗੀ, 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ', ਭੂਮਿਕਾ

53. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-15

54. ਉਹੀ, ਪੰਨਾ-20

55. ਉਹੀ, ਪੰਨਾ-31

56. ਉਹੀ, ਪੰਨਾ-26

57. ਉਹੀ, ਪੰਨਾ-32

58. ਡਾ. ਬਲਬੀਰ ਸਿੰਘ ਪੂਨੀ, 'ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ', ਪੰਨਾ-11

59. ਡਾ. ਦੀਵਾਨ ਸਿੰਘ, 'ਸੂਫ਼ੀਵਾਦ ਤੇ ਹੋਰ ਲੇਖ', ਪੰਨਾ 89-90

60. ਪ੍ਰੋ. ਕਿਰਪਾਲ ਸਿੰਘ ਕਸੇਲ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-42

61. ਪ੍ਰੋ. ਜੀ.ਐਲ.ਸ਼ਰਮਾ, 'ਜੰਗ ਸਿੰਘਾਂ ਤੇ ਫਰੰਗੀਆਂ', ਪੰਨਾ-196

62. ਡਾ. ਗੰਡਾ ਸਿੰਘ, 'ਪੰਜਾਬ ਦੀਆਂ ਵਾਰਾਂ', ਭੂਮਿਕਾ

63. ਡਾ. ਰਤਨ ਸਿੰਘ ਜੱਗੀ 'ਵਿਚਾਰਧਾਰਾ', ਪੰਨਾ 194,195

64. ਹੀਰ ਵਾਰਸ ਸ਼ਾਹ, ਪੰਨਾ-2

65. ਪ੍ਰੋ. ਪਿਆਰਾ ਸਿੰਘ ਪਦਮ, 'ਹਾਸ਼ਮ ਰਚਨਾਵਲੀ', ਪੰਨਾ 38

66. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-2

67. ਸਰ ਰਿਚਰਡ ਟੈਂਪਲ, 'ਪੰਜਾਬ ਦੀਆਂ ਲੋਕ ਗਾਥਾਵਾਂ', ਪੰਨਾ-7

68. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-1

69. ਉਹੀ, ਪੰਨਾ-1

70. ਉਹੀ, ਪੰਨਾ-2

71. ਡਾ. ਦੀਵਾਨ ਸਿੰਘ ਤੇ ਡਾ. ਬਿਕਰਮ ਸਿੰਘ ਘੁੰਮਣ, 'ਵਾਰਿਸ ਸ਼ਾਹ ਦਾ ਕਾਵਿ ਲੋਕ', ਪੰਨਾ-65

72. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-35
73. ਡਾ. ਦੀਵਾਨ ਸਿੰਘ, 'ਸੂਫੀਵਾਦ ਤੇ ਹੋਰ ਲੇਖ', ਪੰਨਾ-89
74. ਉਹੀ, ਪੰਨਾ-93
75. ਉਹੀ, ਪੰਨਾ-83
76. ਪ੍ਰੋ. ਜੀ.ਐਲ.ਸ਼ਰਮਾ, 'ਜੰਗ ਸਿੰਘਾਂ ਤੇ ਫਰੰਗੀਆਂ', ਪੰਨਾ-156
77. ਡਾ. ਦੀਵਾਨ ਸਿੰਘ 'ਸੂਫੀਵਾਦ ਤੇ ਹੋਰ ਲੇਖ,' ਪੰਨਾ-92
78. ਪੰਜਾਬੀ ਯੂਨੀਵਰਸਿਟੀ ਪਟਿਆਲਾ, 'ਪੰਜਾਬੀ ਸਾਹਿਤ ਕੋਸ਼', ਪੰਨਾ-288
79. ਡਾ. ਪ੍ਰੀਤਮ ਸੈਨੀ,'ਵਾਰ ਸ਼ਾਹ ਮੁਹੰਮਦ', ਪੰਨਾ 97
80. ਡਾ. ਜਗਜੀਤ ਸਿੰਘ, 'ਕਿੱਸਾ(ਵਾਰ) ਸ਼ਾਹ ਮੁਹੰਮਦ ਦਾ ਆਲੋਚਨਾਤਮਕ ਅਧਿਐਨ', ਪੰਨਾ-35

****

# ਅਧਿਆਇ ਦੂਜਾ

OO

OO

OO

OO

## ਪੰਜਾਬੀ ਜੰਗਨਾਮੇ ਦਾ ਸਰਵੇਖਣ

(ੳ) ਪੂਰਬ-ਸ਼ਾਹ ਮੁਹੰਮਦ ਜੰਗਨਾਮਾ

(ਅ) ਸ਼ਾਹ ਮੁਹੰਮਦ ਦੇ ਸਮਕਾਲੀ ਜੰਗਨਾਮੇ

(ੲ) ਉਤਰ-ਸ਼ਾਹ ਮੁਹੰਮਦ ਜੰਗਨਾਮੇ

****

ਪੰਜਾਬੀ ਜੰਗਨਾਮੇ ਦਾ ਸਰਵੇਖਣ:-

ਪੰਜਾਬੀ ਜੰਗਨਾਮਾ ਭਾਵੇਂ ਫਾਰਸੀ ਜੰਗਨਾਮਾ ਦੇ ਪ੍ਰਭਾਵ ਨਾਲ ਉਤਪੰਨ ਹੋਇਆ ਪਰੰਤੂ ਸਮੇ ਨਾਲ ਵਿਕਾਸ ਕਰਕੇ ਇਸਨੇ ਆਪਣੇ ਵੱਖਰੇ ਨੈਣ-ਨਕਸ਼ ਸਥਾਪਿਤ ਕਰ ਲਏ ਹਨ। ਵਾਰ ਦੇ ਨਾਲ ਨਾਲ ਜੰਗਨਾਮਾ ਕਾਵਿ ਦਾ ਵੀ ਆਰੰਭ ਹੋਇਆ। ਸੋਲ੍ਹਵੀਂ ਸਦੀ ਵਿਚ ਪੀਰ ਮੁਹੰਮਦ ਕਾਸਬੀ ਨਾਲ ਜੰਗਨਾਮਾ ਕਾਵਿ ਦੀ ਵੱਖਰੀ ਪ੍ਰਥਾ ਸ਼ੁਰੂ ਹੁੰਦੀ ਹੈ। ਇਸਤੋਂ ਪਿੱਛੋਂ ਅਠਾਰ੍ਹਵੀਂ ਸਦੀ ਵਿਚ ਇਹ ਪ੍ਰਣਾਲੀ ਮੁਸਲਮਾਨ ਪੰਜਾਬੀਆਂ ਵਿਚ ਚਲਦੀ ਰਹੀ ਜਿਸਦੇ ਪ੍ਰਭਾਵ ਵਜੋਂ ਪੰਜਾਬੀ ਵਿਚ ਹੁਣ ਤਕ ਬਹੁਤ ਸਾਰੇ ਜੰਗਨਾਮੇ ਲਿਖੇ ਗਏ। 'ਜੰਗਨਾਮਾ ਇਮਾਮ ਹੁਸੈਨ' ਮੌਲਵੀ ਰੁਕਨਉਦੀਨ ਨੇ ਰਚਿਆ ਅਤੇ ਹਾਫਿਜ਼ ਬਰਖੁਰਦਾਰ ਨੇ ਇਸੇ ਸਮੇਂ 'ਜੰਗਨਾਮਾ ਇਮਾਮ ਹੁਸੈਨ' ਰਚਿਆ ਜਿਹੜਾ ਜ਼ਿਆਦਾ ਪ੍ਰਸਿੱਧ ਨਾ ਹੋਇਆ। ਮੁਸਲਮਾਨੀ ਜਗਤ ਵਿਚ ਜੰਗਨਾਮਾ-ਕਾਵਿ'ਜੰਗਨਾਮਾ ਇਮਾਮ ਹੁਸੈਨ' ਕਿਰਤ ਹਾਮਿਦ ਸ਼ਾਹ ਅੱਬਾਸੀ ਨਾਲ ਹੀ ਪ੍ਰਸਾਰਿਤ ਤੇ ਲੋਕਪ੍ਰਿਯ ਹੋਇਆ। ਇਹ ਜੰਗਨਾਮਾ ਕਾਵਿ ਦਾ ਸਿਖਰ ਸੀ।

ਹਾਫਿਜ਼ ਮਹਿਮੂਦ ਸੀਰਾਨੀ ਦੇ ਖਿਆਲ ਅਨੁਸਾਰ, "ਜੰਗਨਾਮੇ ਪੰਜਾਬੀ ਸਾਹਿਤ ਦਾ ਇਕ ਸਾਹਿਤਕ ਰੂਪ ਹਨ, ਜਿਨ੍ਹਾਂ ਵਿਚ ਕਰਬਲਾ ਦੇ ਸ਼ਹੀਦਾਂ ਅਤੇ ਉਨ੍ਹਾਂ ਦੀਆਂ ਲੜਾਈਆਂ ਦਾ ਜ਼ਿਕਰ ਮਿਲਦਾ ਹੈ।"[1] ਇਸ ਸਮੇਂ ਅਰਧ ਧਾਰਮਿਕ ਰਚਨਾਵਾਂ ਵਿਚ ਮਿਅਰਾਜ-ਨਾਮੇ, ਨੂਰ-ਨਾਮੇ, ਵਫ਼ਾਤ-ਨਾਮੇ ਤੇ ਜੰਗਨਾਮੇ ਕਿਸਮ ਦੀਆਂ ਪੁਸਤਕਾਂ ਦੀ ਕਾਫੀ ਲੰਮੀ ਚੌੜੀ ਲੜੀ ਮਿਲਦੀ ਹੈ।

ਮੁਸਲਮਾਨੀ ਕਾਵਿ-ਰੂਪ ਅਨੁਸਾਰ ਜੰਗਨਾਮਾ ਕਾਵਿ ਕੇਵਲ ਕਰਬਲਾ ਦੇ ਸ਼ਹੀਦਾਂ ਦੀ ਸ਼ਹਾਦਤ ਨੂੰ ਵਰਣਨ ਕਰਨਾ ਅਤੇ ਕਰਬਲਾ ਦੀ ਜੰਗ ਦਾ ਦ੍ਰਿਸ਼ ਚਿਤਰਣਾ ਹੈ। ਇਹ ਕਾਵਿ ਰੂਪ ਪੰਜਾਬੀਆਂ ਵਿਚ ਪ੍ਰਚਲਿਤ ਤੇ ਪਰਵਾਨ ਨਾ ਹੋ ਸਕਿਆ ਕਿਉਂ ਜੋ ਇਸ ਵਿਚ ਕੋਈ ਜੋਸ਼ ਨਹੀਂ ਸੀ। ਪੰਜਾਬੀ ਜਨਤਾ ਤਾਂ ਵਾਰ ਕਾਵਿ ਦੁਆਰਾ ਆਪਣੇ ਜੋਧਿਆਂ ਸੂਰਮਿਆਂ ਦੀ ਸੂਰਮਗਤੀ ਦੀਆਂ ਕਹਾਣੀਆਂ ਸੁਣਨ ਵਿਚ ਦਿਲਚਸਪੀ ਰੱਖਦੀ ਸੀ। ਮੁਸਲਮਾਨ ਕਵੀ ਪਹਿਲੇ ਹੋਏ-ਬੀਤੇ ਦੂਰ ਦੇਸ਼ਾਂ ਦੇ ਸ਼ਹੀਦਾਂ ਲਈ ਕੋਈ ਵਿਸ਼ੇਸ਼ ਰੁਚੀ ਨਹੀਂ ਸਨ ਵਿਖਾਉਂਦੇ। ਇਸੇ ਲਈ ਪੰਜਾਬੀ ਜਨਤਾ ਤੇ ਵਿਸ਼ੇਸ਼ ਕਰਕੇ ਮੁਸਲਮਾਨ ਰਹਿਤ ਸ਼੍ਰੇਣੀ ਲਈ ਮੁਸਲਮਾਨ ਕਵੀਆਂ ਦੇ ਰਚੇ ਹੋਏ ਜੰਗਨਾਮੇ ਕੋਈ ਬਹੁਤੇ ਪ੍ਰਸਿੱਧ ਨਾ ਹੋ ਸਕੇ। ਮੁਕਬਲ

ਤੇ ਹਾਮਦ ਜਿਹੇ ਮਹਾਨ ਕਿੱਸਾਕਾਰਾਂ ਦੇ ਜੰਗਨਾਮੇ ਉਨ੍ਹਾਂ ਦੇ ਕਿੱਸੇ, 'ਹੀਰ-ਰਾਂਝੇ' ਜਿੰਨੇ ਮਸ਼ਹੂਰ ਨਾ ਹੋ ਸਕੇ।

ਜੰਗਨਾਮਾ ਕਾਵਿ ਨੂੰ ਸਭ ਤੋਂ ਵੱਧ ਢਾਹ ਪੰਜਾਬੀ ਵਾਰ ਕਾਵਿ ਨੇ ਲਾਈ। ਵਾਰ ਕਾਵਿ ਤਾਂ ਪੰਜਾਬ ਦੇ ਜਨ-ਸਾਧਾਰਣ ਦੀ ਜਿੰਦ-ਜਾਨ ਸੀ। ਜੰਗਨਾਮਾ-ਕਾਵਿ ਦੀ ਮਾਰ ਨੂੰ ਦੂਰ ਰੱਖਣ ਲਈ ਵਾਰ ਕਾਵਿ ਨੇ ਵੀ ਆਪਣੇ ਆਪ ਨੂੰ ਜੰਗਨਾਮਾ-ਕਾਵਿ ਨਾਲ ਮਦਗਮ ਕਰ ਲਿਆ। ਪੰਜਾਬੀ ਬੀਰ-ਕਾਵਿ ਰਚਣਹਾਰਿਆਂ ਨੇ 'ਵਾਰ' ਤੇ 'ਜੰਗਨਾਮਾ' ਦਾ ਭੇਦ ਮਿਟਾ ਦਿੱਤਾ। ਹਰ ਕੋਈ ਵਾਰ ਨੂੰ ਜੰਗਨਾਮਾ ਅਤੇ ਜੰਗਨਾਮਾ ਨੂੰ ਵਾਰ ਲਿਖਣ  ਲਗ ਪਿਆ, ਜਿਵੇਂ ਕਿ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਅਰਥਾਤ ਜੰਗਨਾਮਾ ਭੰਗਾਣੀ ( 1881 ਈ:)

ਪੰਜਾਬੀ ਵਿਚ ਜੰਗਨਾਮੇ ਲਿਖਣ ਦਾ ਰਿਵਾਜ ਮੁਸਲਮਾਨ ਕਵੀਆਂ ਨੇ ਹੀ ਪਾਇਆ। ਫਿਰ ਗੈਰ-ਮੁਸਲਿਮ ਕਵੀਆਂ ਨੇ ਵੀ ਉਨ੍ਹਾਂ ਦੇ ਅਨੁਕਰਣ ਤੇ ਜੰਗਨਾਮੇ ਲਿਖੇ। ਵੱਖ ਵੱਖ ਕਵੀਆਂ ਨੇ ਪੰਜਾਬੀ ਜੰਗਨਾਮੇ ਦੀ ਵੱਖ ਵੱਖ ਸੂਚੀ ਦਿੱਤੀ ਹੈ। ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ 'ਪੰਜਾਬੀ ਵਾਰਾਂ' ਵਿਚ ਹੇਠ ਲਿਖੀਆਂ ਰਚਨਾਵਾਂ ਨੂੰ ਜੰਗਨਾਮੇ ਮੰਨਿਆ ਹੈ:-[2]

1. ਜੰਗਨਾਮਾ ਹਾਮਦ
2. ਜੰਗਨਾਮਾ ਗੁਰੂ ਗੋਬਿੰਦ ਸਿੰਘ- ਅਣੀ ਰਾਇ
3. ਜੰਗਨਾਮਾ ਮੁਕਬਲ
4. ਜੰਗਨਾਮਾ ਇਮਾਮ ਹੱਕ- ਮੌਲਵੀ ਗੁਲਾਮ ਮੁਸਤਫਾ
5. ਜੰਗਨਾਮਾ-ਪੀਰ ਮੁਹੰਮਦ ਕਾਸਬੀ
6. ਜੰਗ ਅਹਦ, ਜੰਗ ਬਦਰ- ਅਹਿਮਦ ਯਾਰ
7. ਜੰਗ ਜੈਤੂਨ
8. ਜੰਗਨਾਮਾ ਹਜ਼ਰਤ ਅਲੀ- ਅਜ਼ੀਮ
9. ਜੰਗਨਾਮਾ ਉਮਰ- ਮੁਹੰਮਦ ਬਖਸ਼
10. ਜੰਗਨਾਮਾ ਬਦਰ- ਕਰੀਮ ਬਖਸ਼
11. ਜੰਗਨਾਮਾ- ਰੁਕਨੁਦੀਨ

12. ਜੰਗਨਾਮਾ- ਬੀਰ ਸਿੰਘ
13. ਜੰਗਨਾਮਾ ਲਾਹੌਰ - ਕਾਨ੍ਹ ਸਿੰਘ ਬੰਗਾ
14. ਜੰਗਨਾਮਾ- ਸਾਹਿਬ ਸਿੰਘ
15. ਜੰਗਨਾਮਾ ਹਰੀ ਸਿੰਘ - ਕਾਨ੍ਹ ਸਿੰਘ ਬੰਗਾ
16. ਜੰਗਨਾਮਾ ਹਰੀ ਸਿੰਘ - ਕਾਦਰਯਾਰ
17. ਜੰਗਨਾਮਾ ਹਰੀ ਸਿੰਘ - ਸਹਾਈ ਸਿੰਘ
18. ਜੰਗਨਾਮਾ ਹਰੀ ਸਿੰਘ - ਗੁਰਮੁੱਖ ਸਿੰਘ
19. ਜੰਗਨਾਮਾ ਹਰੀ ਸਿੰਘ - ਰਾਮ ਦਿਆਲ
20. ਜੰਗਨਾਮਾ ਮਲਾਕੰਦ - ਗੋਪਾਲ ਸਿੰਘ
21. ਜੰਗ ਚਤਰਾਲ - ਵਧਾਵਾ ਸਿੰਘ
22. ਜੰਗ ਚਤਰਾਲ - ਕੇਹਰ ਸਿੰਘ
23. ਜੰਗ ਚੀਨ - ਰੂੜ ਸਿੰਘ
24. ਜੰਗ ਮੁਲਖ ਤੀਰਾਹ - ਲਾਭ ਸਿੰਘ
25. ਜੰਗਨਾਮਾ ਕਾਬਲ ਕੰਧਾਰ - ਸ਼ਿਆਮ ਸਿੰਘ
26. ਜੰਗਨਾਮਾ ਕਾਬਲ - ਕਰਮ ਸਿੰਘ
27. ਜੰਗਨਾਮਾ ਖੈਬਰ - ਅਬਦੁਲ ਹਮੀਦ
28. ਜੰਗ ਯੂਰਪ - ਹੌਲਦਾਰ ਨੰਦ ਸਿੰਘ

ਇਸੇ ਤਰ੍ਹਾਂ ਡਾ. ਗੰਡਾ ਸਿੰਘ ਨੇ ਵੀ ਆਪਣੀ ਪੁਸਤਕ 'ਪੰਜਾਬ ਦੀਆਂ ਵਾਰਾਂ' ਵਿਚ ਜੰਗਨਾਮੇ ਤੇ ਵਾਰਾਂ ਦੀ ਇਕੱਠੀ ਸੂਚੀ ਦਿੱਤੀ ਹੈ। ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪ੍ਰਾਚੀਨ ਵਾਰਾਂ' ਤੇ ਜੰਗਨਾਮੇ' ਵਿਚ ਕੁਲ ਸਤਾਰਾਂ ਰਚਨਾਵਾਂ ਦਾ ਜ਼ਿਕਰ ਕੀਤਾ ਹੈ। ਜੀਤ ਸਿੰਘ ਸੀਤਲ ਨੇ ਆਪਣੀ ਪੁਸਤਕ 'ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਇਤਿਹਾਸ' ਵਿਚ ਪ੍ਰਮੁੱਖ ਜੰਗਨਾਮੇ ਇਸ ਪ੍ਰਕਾਰ ਦੱਸੇ ਹਨ:-[3]

1. ਜੰਗਨਾਮਾ ਮੁਕਬਲ
2. ਜੰਗਨਾਮਾ ਹਾਮਦ
3. ਜੰਗਨਾਮਾ ਹਜ਼ਰਤ ਅਲੀ ਕ੍ਰਿਤ ਅਜ਼ੀਮ ਵਲਦ ਮੁਹੰਮਦ ਸਈਦ

4. ਜੰਗਨਾਮਾ ਇਮਾਮ ਹੁਸੈਨ ਅਰਥਾਤ ਰੋਜ਼ਾ ਤੁਲ ਸੁਹਦਾ ਕ੍ਰਿਤ ਮੌਲਵੀ ਰੁਕਨਦੀਨ
5. ਜੰਗਨਾਮਾ ਸਰਦਾਰ ਹਰੀ ਸਿੰਘ ਕ੍ਰਿਤ ਰਾਮ ਦਿਆਲ ਅਦਦ
6. ਜੰਗਨਾਮਾ ਹਿੰਦ-ਪੰਜਾਬ ਕ੍ਰਿਤ ਸ਼ਾਹ-ਮੁਹੰਮਦ
7. ਜੰਗਨਾਮਾ ਲਾਹੌਰ ਕ੍ਰਿਤ ਕਾਨ ਸਿੰਘ ਬੰਗਿਆਂ ਵਾਲਾ
8. ਜੰਗ ਸਿੰਘਾਂ ਤੇ ਫਰੰਗੀਆਂ' ਕ੍ਰਿਤ ਕਵੀ ਮਟਕ
9. ਜੰਗਨਾਮਾ ਦਿੱਲੀ ਕ੍ਰਿਤ ਖ਼ਜ਼ਾਨ ਸਿੰਘ

"ਪੰਜਾਬੀ ਵਿਚ ਸਭ ਤੋਂ ਪੁਰਾਣਾ ਜੰਗਨਾਮਾ ਗੁਰੂ ਗੋਬਿੰਦ ਸਿੰਘ ਰਚਿਤ 'ਅਣੀ ਰਾਇ' ਮਿਲਦਾ ਹੈ। ਇਸ ਦੀ ਲਿਪੀ ਗੁਰਮੁਖੀ ਤੇ ਬੋਲੀ ਬ੍ਰਿਜ ਹੈ। ਰਚਨਾ ਦੋਹਰਿਆਂ ਕਬਿਤਾਂ ਤੇ ਸਵੈਯਾ ਵਿਚ ਹੈ।"[4] ਨਿਰੋਲ ਪੰਜਾਬੀ ਵਿਚ ਸਭ ਤੋਂ ਪਹਿਲਾਂ ਜੰਗਨਾਮਾ ਪੀਰ ਮੁਹੰਮਦ ਕਾਸਬੀ ਦਾ "ਜੰਗਨਾਮਾ ਇਮਾਮ ਹੁਸੈਨ" 1592 ਈ: ਵਿਚ ਲਿਖਿਆ ਮਿਲਦਾ ਹੈ। ਪਰ ਇਸ ਖੇਤਰ ਵਿਚ ਪਹਿਲੀ ਪ੍ਰਸਿਧਤਾ ਮੁਕਬਲ ਨੂੰ ਮਿਲੀ। 'ਜੰਗਨਾਮਾ ਮੁਕਬਲ' 1747 ਈ: ਵਿਚ ਲਿਖਿਆ ਗਿਆ ਤੇ ਇਸ ਵਿਚ 'ਹਸਨ ਤੇ ਹੁਸੈਨ' ਦੀ ਸ਼ਹਾਦਤ ਦਾ ਕਰੁਣਾਮਈ ਢੰਗ ਨਾਲ ਵਰਣਨ ਕੀਤਾ ਗਿਆ। ਕਰਬਲਾਂ ਦੀ ਘਟਨਾ ਨੂੰ ਹਾਮਦ ਨੇ 'ਜੰਗ ਹਮਦ' ਨਾਂ ਦੇ ਕੇ 1777 ਈ: ਵਿਚ ਬਿਆਨ ਕੀਤਾ। ਪਰ ਸਭ ਤੋਂ ਉਤਮ ਅਤੇ ਪ੍ਰਸਿੱਧ ਜੰਗਨਾਮਾ ਸ਼ਾਹ ਮੁਹੰਮਦ ਨੇ ਬੈਂਤ ਛੰਦ ਵਿਚ ਰਚਿਆ। ਇਸਦਾ ਨਾਂ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਹੈ। 1857 ਈ: ਦੀ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਸੰਬੰਧੀ 'ਜੰਗਨਾਮਾ ਦਿੱਲੀ' ਖਜ਼ਾਨ ਸਿੰਘ ਰਚਿੱਤ ਵੀ ਮਿਲਦਾ ਹੈ। ਪੰਜਾਬੀ ਜੰਗਨਾਮੇ ਦੇ ਜਨਮ ਤੇ ਵਿਕਾਸ ਨੂੰ ਚਿਤਰਣ ਲਈ ਅਸੀਂ ਇਸ ਨੂੰ ਤਿੰਨ ਕਾਲਾਂ ਵਿਚ ਵੰਡਿਆ ਹੈ।

(ੳ) <u>ਪੂਰਬ-ਸ਼ਾਹ ਮੁਹੰਮਦ ਜੰਗਨਾਮਾ ( 1800 ਈ: ਤੱਕ )</u>

<u>ਜੰਗਨਾਮਾ ਪੀਰ ਮੁਹੰਮਦ ਕਾਸਬੀ:-</u>

ਪੀਰ ਮੁਹੰਮਦ ਕਾਸਬੀ ਪੀਨਾਖ ਜਿਲ੍ਹਾ ਗੁਜਰਾਂਵਾਲਾ ਦਾ ਨਿਵਾਸੀ ਸੀ। ਉਸਦੇ ਜੀਵਨ ਬਾਰੇ ਇਸ ਤੋਂ ਵੱਧ ਚਾਨਣਾ ਕਿਸੇ ਪੁਸਤਕ ਵਿਚ ਨਹੀਂ ਪਾਇਆ ਗਿਆ। ਇਸਦੇ ਜਨਮ ਬਾਰੇ ਡਾ. ਪ੍ਰੀਤਮ ਸੈਣੀ ਲਿਖਦੇ ਹਨ- "ਇਹ ਜੰਗਨਾਮਾ ਨਵੀਂ ਖੋਜ ਅਨੁਸਾਰ 1592 ਈ: ਵਿਚ ਲਿਖਿਆ ਗਿਆ ਸੀ। ਇਸ ਜੰਗਨਾਮੇ ਦਾ ਜ਼ਿਕਰ ਵੀ ਅਸੀਂ ਭਿੰਨ-ਭਿੱਨ ਪੁਸਤਕਾਂ ਵਿਚ ਹੀ ਪੜ੍ਹਿਆ ਹੈ। ਇਹ ਦੁਰਲਭ ਜੰਗਨਾਮਾ ਹਾਲੀ ਸਾਡੇ ਅਧਿਐਨ

ਵਿਚ ਨਹੀਂ ਆਇਆ।"[5]

ਜੰਗਨਾਮਾ ਭੰਗਾਣੀ:-

ਜੰਗਨਾਮਾ ਭੰਗਾਣੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ ਦਾ ਹਾਲ ਅੰਕਿਤ ਹੈ। ਭੰਗਾਣੀ ਦਾ ਯੁੱਧ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਪਹਿਲੀ ਘਟਨਾ ਹੈ। ਇਹ ਘਟਨਾ 1742 ਬਿਕਰਮੀ ਅਰਥਾਤ 1684 ਈ: ਦੀ ਹੈ। ਇਸ ਵਿਚ ਗੁਰੂ ਸਾਹਿਬ ਦੀ ਜਿੱਤ ਹੋਈ ਇਸ ਯੁੱਧ ਕਥਾ ਨੂੰ ਕਿਸੇ ਕਵੀ ਨੇ ਜੰਗਨਾਮੇ ਦੇ ਰੂਪ ਵਿਚ ਲਿਖਿਆ ਹੈ। ਕਵੀ ਦੇ ਨਾਂ ਤੇ ਰਚਨਾ ਕਾਲ ਸੰਬੰਧੀ ਬਹੁਤ ਕੁਝ ਪਤਾ ਨਹੀਂ ਲਗਦਾ ਪਰੰਤੂ ਇਸ ਦੀ ਬੋਲੀ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਜੰਗਨਾਮਾ ਬਹੁਤਾ ਪੁਰਾਣਾ ਨਹੀਂ ਹੈ। ਇਹ ਸਿੱਖ ਰਾਜ ਤੋਂ ਬਾਅਦ ਦੀ ਲਿਖਤ ਜਾਪਦੀ ਹੈ। ਇਸਦੀ ਬੋਲੀ ਠੇਠ ਕੇਂਦਰੀ ਪੰਜਾਬੀ ਹੈ। ਜਿਵੇਂ:-

ਤੂੰ ਬਖਸ਼ੀ ਸੱਚੇ ਪਾਤਸ਼ਾਹ, ਜਸ ਤੇਰਾ ਪੜ੍ਹਿਆ
ਤੂੰ ਬਖਸ਼ੀ ਗੁਰੂ ਗੋਬਿੰਦ ਸਿੰਘ, ਜਸ ਤੇਰਾ ਪੜ੍ਹਿਆ ।[6]

ਜੰਗਨਾਮਾ ਰੁਕਨਉਦੀਨ:-

ਰੁਕਨਉਦੀਨ ਦੇ ਜੰਗਨਾਮੇ ਨੂੰ 'ਜੰਗਨਾਮਾ ਇਮਾਮ ਹੁਸੈਨ' ਤੇ ਰੋਜ਼ਾਤਉਲ ਸੁਹਦਾ ਵੀ ਆਖਿਆ ਜਾਂਦਾ ਹੈ। ਮੌਲਵੀ ਰੁਕਨਉਦੀਨ ਦੀ ਇਹ ਪੁਸਤਕ ਪ੍ਰਕਾਸ਼ਿਤ ਰੂਪ ਵਿਚ ਅਪ੍ਰਾਪਤ ਹੈ। ਉਸਨੇ ਇਹ ਜੰਗਨਾਮਾ 1723 ਈ: ਵਿਚ ਲਿਖਿਆ ਸੀ। ਇਸਦੇ ਆਰੰਭ ਵਿਚ ਉਸਨੇ ਆਪਣੇ ਉਸਤਾਦ ਸ਼ਾਹ ਸ਼ਰੀਫ ਦਾ ਗੁਣਗਾਨ ਵੀ ਕੀਤਾ ਹੈ। ਇਹ ਜੰਗਨਾਮਾ ਬੀਰ ਰਸ ਤੇ ਕਰੁਣਾ ਰਸ ਦਾ ਮਿਲਿਆ ਜੁਲਿਆ ਨਮੂਨਾ ਹੈ। ਇਹ ਜੰਗਨਾਮਾ ਮਸਨਵੀ ਨਮੂਨੇ ਤੇ ਰਚਿਆ ਗਿਆ ਹੈ।

ਜੰਗਨਾਮਾ ਹਾਫਿਜ਼ ਬਰਖੁਰਦਾਰ:-

ਹਾਫਿਜ਼ ਬਰਖੁਰਦਾਰ ਦਾ ਜੰਗਨਾਮਾ 1330 ਸ਼ੇਅਰਾਂ ਵਿਚ ਰਚਿਆ ਗਿਆ ਹੈ। ਹਾਫਿਜ਼ ਬਰਖੁਰਦਾਰ ਦਾ ਜੰਗਨਾਮਾ ਹੱਥ ਲਿਖਤ ਵਿਚ ਹੀ ਪਿਆ ਸੀ। ਇਸ ਨੂੰ ਪੰਜਾਬੀ ਅਦਬੀ ਬੋਰਡ ਲਾਹੌਰ ਨੇ ਡਾ. ਕੁਰੈਸ਼ੀ ਅਹਿਮਦ ਹੁਸੈਨ ਕਿਲ੍ਹੇਦਾਰ ਤੋਂ ਸੰਪਾਦਿਤ ਕਰਵਾ ਕੇ ਪਹਿਲੀ ਵਾਰ 1979 ਵਿਚ ਫਾਰਸੀ ਅੱਖਰਾਂ ਵਿਚ ਛਪਵਾਇਆ ਸੀ।

ਇਸ ਜੰਗਨਾਮੇ ਵਿਚ ਇਸਦੇ ਰਚਨਾ ਕਾਲ ਦਾ ਪਤਾ ਨਹੀਂ ਲਗਦਾ। ਹਾਫਿਜ਼ ਬਰਖੁਰਦਾਰ ਨੇ ਆਪਣੇ ਇਸ ਜੰਗਨਾਮੇ ਵਿਚ ਪੀਰ ਮੁਹੰਮਦ ਕਾਸਬੀ ਦੇ ਜੰਗਨਾਮੇ ਦਾ ਜ਼ਿਕਰ ਵੀ ਕੀਤਾ ਹੈ:-

> ਇਹ ਜੰਗਨਾਮਾ ਜੋੜਿਆ ਸਾਨੀ ਬਰਖੁਰਦਾਰ
> ਸੁਣ ਕੇ ਮੋਮਿਨ ਜ਼ੁਲਮ ਥੀਂ, ਹੰਝੂ ਰੋਵਣ ਜ਼ਾਰ ।
> ਪੀਰਾ ਕਾਸਬੀ ਵੀ ਆਖ ਗਏ ਮਰਦਾਨ
> ਜੋ ਕੁੱਝ ਸਰਿਆ ਅਸਾਂ ਥੀ ਕੀਤਾ ਅਸਾਂ ਬਿਆਨ ।[7]

ਜੰਗਨਾਮਾ ਮੁਕਬਲ:

ਮੁਕਬਲ ਦੀ ਇਹ ਰਚਨਾ 'ਜੰਗਨਾਮਾ ਇਮਾਮ ਹੁਸੈਨ' 1159-60 ਹਿਜਰੀ ਅਰਥਾਤ 1746-47 ਈ: ਵਿਚ ਰਚਿਆ ਗਿਆ।

ਸ਼ਮਸ਼ੇਰ ਸਿੰਘ ਅਸ਼ੋਕ ਇਸ ਜੰਗਨਾਮੇ ਬਾਰੇ ਲਿਖਦੇ ਹਨ- "ਮੁਕਬਲ ਦਾ ਜੰਗਨਾਮਾ ਪੰਜਾਬੀ ਵਿਚ ਸਭ ਤੋਂ ਪਹਿਲਾ ਯਤਨ ਹੈ।"[8] ਇਸ ਜੰਗਨਾਮੇ ਵਿਚ ਮੁਕਬਲ ਨੇ ਕੇਵਲ ਕਰਬਲਾ ਦੀ ਖੂਨੀ ਘਟਨਾ ਦਾ ਜ਼ਿਕਰ ਹੀ ਨਹੀਂ ਕੀਤਾ, ਬਲਕਿ ਇਸ ਘਟਨਾ ਤੋਂ ਪਹਿਲਾਂ ਤੇ ਪਿੱਛੋਂ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਹੈ। ਇਮਾਮ ਹੁਸੈਨ, ਜਿਸਦੇ ਬਾਰੇ ਇਹ ਜੰਗਨਾਮਾ ਲਿਖਿਆ ਗਿਆ ਹੈ। ਉਹ ਆਪਣੇ 72 ਸਾਥੀਆਂ ਸਮੇਤ ਕੂਫਾ ਦੇ ਮੈਦਾਨ ਵਿਚ ਸ਼ਹੀਦ ਹੋਇਆ ਤੇ ਇਸ ਵਿਚ ਉਸ ਦੀ ਸ਼ਹਾਦਤ ਦਾ ਜ਼ਿਕਰ ਹੈ। ਡਾ. ਜੀਤ ਸਿੰਘ ਸੀਤਲ ਅਨੁਸਾਰ ਮੌਲਾ ਬਖਸ਼ ਕੁਸ਼ਤਾ ਦੇ ਸ਼ਬਦਾਂ ਵਿਚ-"ਇਹ ਜੰਗਨਾਮਾ ਕਰੁਣਾ ਰਸ ਦਾ ਸੋਹਣਾ ਨਮੂਨਾ ਹੈ। ਬਿਆਨ ਵਿਚ ਸਾਦਗੀ, ਸੋਜ ਤੇ ਰਵਾਨਗੀ ਏ। ਤਸ਼ਬੀਹਾਂ ਤੇ ਇਸਤਿਆਰੇ ( ਉਪਮਾ ਤੇ ਰੂਪਕ) ਢੁੱਕਵੇਂ ਅਤੇ ਫਾਰਸੀ ਦੇ ਲਫਜ਼ ਥਾਂ ਸਿਰ ਚੰਗੇ ਵਰਤੇ ਹਨ।"[8]

ਮੁਕਬਲ ਨੇ ਆਪਣੀ ਕਲਪਨਾ ਸ਼ਕਤੀ ਰਾਹੀਂ ਇਤਿਹਾਸਕ ਘਟਨਾਵਾਂ ਵਿਚ ਕਾਫੀ ਚਮਤਕਾਰੀ ਗੱਲਾਂ ਦਾ ਮਿਸ਼ਰਣ ਕਰਕੇ ਭਵਿੱਖ ਦੇ ਜੰਗਨਾਮਾ ਲਿਖਾਰੀਆਂ ਲਈ ਇਕ ਨਵੀਂ ਲੀਹ ਪਾ ਦਿੱਤੀ ਜਿਸ ਤੇ ਹੋਰ ਕਵੀ ਵੀ ਤੁਰਨ ਲਗ ਪਏ। ਜੰਗਨਾਮੇ ਦਾ ਬਿਆਨ ਸਾਦਾ ਤੇ ਸਰਲ ਹੈ। ਇਸਦੀ ਬੋਲੀ ਠੇਠ ਪੰਜਾਬੀ ਤੇ ਮਾਂਜੀ ਹੋਈ ਹੈ। ਸ਼ਬਦਾਂ ਦੀ ਜੜਤ ਢੁਕਵੀਂ ਹੈ। ਇਸ ਦੀ ਬੋਲੀ ਵੀ ਮੁਹਾਵਰੇਦਾਰ ਹੈ। ਇਸ ਜੰਗਨਾਮੇ ਵਿਚ ਵਰਤੀਆਂ

ਗਈਆਂ ਅੱਟਲ ਸਚਾਈਆਂ ਕਈ ਥਾਂ ਬਿਆਨ ਨੂੰ ਪ੍ਰਭਾਵਸ਼ਾਲੀ ਤੇ ਰੌਚਿਕ ਬਣਾਉਂਦੀਆਂ ਹਨ। ਜਿਵੇਂ:-

ਕਲਮ ਵਾਗੀ ਦਰਗਾਹ ਦੀ, ਮੋੜ ਨ ਸੱਕੇ ਕੋਇ ।
ਜਿਉ ਕਰ ਖ਼ਾਹਿਸ਼ ਰੱਬ ਦੀ, ਰਹਿੰਦੀ ਸੋਇਓ ਹੋਇ ।[10]

ਜੰਗਨਾਮਾ ਹਾਮਿਦ:-

ਹਾਮਿਦਸ਼ਾਹ ਨੇ ਇਹ ਜੰਗਨਾਮਾ 1777 ਈ: ਵਿਚ ਲਿਖਿਆ। ਇਹ ਜੰਗਨਾਮਾ ਬਹੁਤ ਮਕਬੂਲ ਹੋਇਆ।" ਜੰਗਨਾਮਾ ਹਾਮਿਦ ਤੀਹ ਵਰ੍ਹੇ ਦੀ ਉਮਰ ਵਿਚ ਲਿਖਣ ਪਿਛੋਂ ਹਾਮਿਦ ਕਿਸੇ ਭਾਗਵਾਨ ਕਾਦਰਦਾਨ ਨੂੰ ਵਿਖਾ ਕੇ ਇਸ ਜੰਗਨਾਮੇ ਨੂੰ ਭੇਟਾ ਕਰਨਾ ਚਾਹੁੰਦਾ ਸੀ। ਇਸ ਭੇਟਾ ਨੂੰ ਪਰਵਾਨ ਕਰਨ ਵਾਲਾ ਉਸ ਨੂੰ ਇਕ ਦੀਦਾਰੀ ਸਿੱਖ ਪ੍ਰਿਥੀ ਸਿੰਘ ਨੂਰਪੁਰ ਬਿਸ਼ਤ ਜਲੰਧਰ ਦੇ ਸਰਦਾਰ ਦਾ ਵਜ਼ੀਰ ਅਲ੍ਹਾ ਬਖਸ਼ ਮਿਨਹਾਸ ਹੀ ਮਿਲਿਆ ।"[11]

ਹਾਮਿਦ ਨੇ ਆਪਣੇ ਜੰਗਨਾਮੇ ਵਿਚ ਮੁਕਬਲ ਵਾਂਗ ਹੀ ਈਮਾਮ ਹੁਸੈਨ ਦੀ ਸ਼ਹੀਦੀ ਤੇ ਕਰੁਣਾਮਈ ਚਿੱਤਰ ਪੇਸ਼ ਕੀਤਾ ਹੈ:

ਲਗਾ ਪੜ੍ਹਨ ਨਮਾਜ਼ ਜਦ, ਸਜਦੇ ਅੰਦਰ ਜਾ।
ਕਾਫਿਰ ਸ਼ਮਰ ਲਅਈਨ ਨੇ, ਮਾਰੀ ਤੇਗ ਉਠਾ।
ਸਿਰ ਤਨ ਸ਼ਾਹ ਹੁਸੈਨ ਦੇ, ਉਤੋਂ ਹੋਇਆ ਜੁਦਾ।
ਕੰਬਿਆ ਅਰਸ਼ ਖੁਦਾਏ ਦਾ, ਥਰ ਥਰ ਆਵੇ ਆ।
ਰੰਨਾ ਨਬੀ ਕਰੀਮ ਆ, ਵਿਚ ਜਨਾਬ ਖੁਦਾ
ਪਗੜੀ ਹਜ਼ਰਤ ਅਲੀ ਨੇ, ਮਾਰੀ ਧਰਤ ਵਗਾਂ।
ਕੁਲ ਫ਼ਰਿਸ਼ਤੇ ਰੋਵਦੇ, ਸਾਰੇ ਵਿਚ ਜਹਾਨ ।
ਅੰਦਰ ਸਭ ਜ਼ਮੀਨ ਦੇ ਡਾਢਾ ਗੋਗਾ ਜਾਣ । [12]

ਹਾਮਿਦ ਨੇ ਵੀ ਆਪਣੇ ਜੰਗਨਾਮੇ ਵਿਚ ਪਰਾਸਰੀਰਕ ਗੱਲਾਂ ਲਿਖ ਕੇ ਉਸਦੀ ਇਤਿਹਾਸਕਤਾ ਉਤੇ ਸੱਟ ਮਾਰੀ ਹੈ। ਜਿਵੇਂ ਇਮਾਮ ਹੁਸੈਨ ਦੀ ਸ਼ਹੀਦੀ ਸਮੇਂ ਇਕ ਚਿੱਟਾ ਕਬੂਤਰ ਆ ਕੇ ਉਨ੍ਹਾਂ ਦੇ ਲਹੂ ਨਾਲ ਆਪਣੇ ਖੰਭ ਭਿਉਂ ਲੈਂਦਾ ਹੈ। ਅਤੇ ਫਿਰ ਹਜ਼ਰਤ ਮੁਹੰਮਦ ਦੇ ਰੋਜ਼ੇ ਜਾ ਬੈਠਦਾ ਹੈ। ਉਸਨੇ ਆਪਣੇ ਜੰਗਨਾਮੇ ਵਿਚ ਅਰਬੀ ਫਾਰਸੀ ਸ਼ਬਦਾਵਲੀ

ਦੀ ਖੁੱਲ੍ਹੀ ਵਰਤੋਂ ਕੀਤੀ ਹੈ।

<u>ਜੰਗਨਾਮਾ ਹਜ਼ਰਤ ਅਲੀ ਕ੍ਰਿਤ ਅਜ਼ੀਮ ਵਲਦ ਮੁਹੰਮਦ ਸਈਦ:-</u>

ਡਾ. ਜੀਤ ਸਿੰਘ ਸੀਤਲ ਆਪਣੀ ਪੁਸਤਕ 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ' ਵਿਚ ਇਸ ਜੰਗਨਾਮੇ ਦਾ ਜ਼ਿਕਰ ਵੀ ਕਰਦੇ ਹਨ। ਉਨ੍ਹਾਂ ਦੇ ਅਨੁਸਾਰ, 'ਅਹਿਮਦ ਹੁਸੈਨ ਅਹਿਮਦ ਕੁਰੈਸ਼ੀ' ਪੰਜਾਬੀ ਅਦਬ ਦੀ ਮੁਖਤਸਰ ਤਾਰੀਖ' ਵਿਚ 'ਜੰਗਨਾਮਾ ਹਜ਼ਰਤ ਅਲੀ' ਦਾ ਕੇਵਲ ਜ਼ਿਕਰ ਹੀ ਕਰਦਾ ਹੈ। ਇਸ ਜੰਗਨਾਮੇ ਦੇ ਜਨਮ ਬਾਰੇ ਕੋਈ ਪਤਾ ਨਹੀਂ ਲਗਦਾ । ਉਸ ਅਨੁਸਾਰ ਇਹ ਬਾਰ੍ਹਵੀਂ ਸਦੀ ਦੀ ਰਚਨਾ ਹੈ।[13]

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਇਹ ਸਿੱਟਾ ਕਢਦੇ ਹਾਂ ਕਿ ਅਠਾਰ੍ਹਵੀਂ ਸਦੀ ਵਿਚ ਜੰਗਨਾਮੇ ਪੰਜਾਬੀ ਸਾਹਿਤ ਦਾ ਹਰਮਨ ਪਿਆਰਾ ਰੂਪ ਬਣ ਚੁੱਕੇ ਸਨ। ਭਾਰਤ ਦੀਆਂ ਹੋਰਨਾਂ ਬੋਲੀਆਂ ਦੇ ਨਾਲ ਨਾਲ ਪੰਜਾਬੀ ਵਿਚ ਕਾਫੀ ਗਿਣਤੀ ਵਿਚ ਜੰਗਨਾਮੇ ਲਿਖੇ ਜਾ ਚੁੱਕੇ ਸਨ ਅਤੇ ਇਨ੍ਹਾਂ ਰਚਨਾਵਾਂ ਵਿਚ ਉਸ ਸਮੇ ਦੀਆਂ ਸਮਾਜਿਕ, ਆਰਥਿਕ ਤੇ ਰਾਜਸੀ ਤਬਦੀਲੀਆਂ ਦਾ ਵਰਣਨ ਕੀਤਾ ਗਿਆ ਹੈ। ਰਾਜਸੀ ਤੇ ਆਰਥਿਕ ਤਬਦੀਲੀਆਂ ਹੀ ਸਾਹਿਤ ਵਿਚ ਨਵਾਂ ਮੋੜ ਲਿਆਉਂਦੀਆਂ ਹਨ। ਜੰਗਨਾਮਾ ਪੰਜਾਬੀ ਇਸਲਾਮੀ ਸਾਹਿਤ ਦੀ ਇਕ ਵਿਸ਼ੇਸ਼ ਵਿਧਾ ਹੈ। ਜਿਸਦਾ ਪੰਜਾਬੀ ਮੁਸਲਮਾਨਾਂ ਦੇ ਜੀਵਨ ਉਤੇ ਡੂੰਘਾ ਪ੍ਰਭਾਵ ਪਿਆ ਹੈ। ਵੰਡ ਤੋਂ ਪਹਿਲਾਂ ਪੰਜਾਬ ਵਿਚ ਹੀਰ ਵਾਰਿਸ ਥਾਂ ਥਾਂ ਤੇ ਗਾਈ ਜਾਂਦੀ ਸੀ। ਪਰੰਤੂ ਅੱਜ ਕਲ੍ਹ ਪੱਛਮੀ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਵਿਸ਼ੇਸ਼ ਤੌਰ ਤੇ ਮੁਹਰਮ ਦੇ ਦਿਨਾਂ ਤੇ ਜੰਗਨਾਮਿਆਂ ਦਾ ਅਟੁੱਟ ਪਾਠ ਹੁੰਦਾ ਹੈ। ਧਾਰਮਿਕ ਰੁਚੀਆਂ ਰੱਖਣ ਵਾਲੇ ਲੋਕ ਇਸ ਨੂੰ ਸੁਣਕੇ ਮਾਨਸਿਕ ਸ਼ਾਂਤੀ ਮਹਿਸੂਸ ਕਰਦੇ ਹਨ। ਜੰਗਨਾਮੇ ਦੇ ਲਿਖਾਰੀਆਂ ਨੇ ਇਮਾਮ ਹੁਸੈਨ ਦੀ ਸ਼ਹੀਦੀ ਅਤੇ ਉਪਰੰਤ ਪੈਣ ਵਾਲੇ ਵੈਣਾਂ ਉਤੇ ਹੀ ਕਥਾ ਦਾ ਭੋਗ ਨਹੀਂ ਪਾਇਆ ਸਗੋਂ ਉਨ੍ਹਾਂ ਦੇ ਭਰਾ ਇਮਾਮ ਹਨੀਫ ਦੁਆਰਾ ਜਾਲਮ ਯਜ਼ੀਦ ਨੂੰ ਮਾਰਨ ਅਤੇ ਹਜ਼ਰਤ ਹੁਸੈਨ ਦੇ ਨਿੱਕੇ ਬੇਟੇ ਜੈਨ ਉਲ ਆਬਦੀਨ ਨੂੰ ਤਖਤ ਤੇ ਬਿਠਲਾਉਣ ਤਕ ਕਥਾ ਵਰਣਨ ਨੂੰ ਖਿੜ੍ਹਿਆ ਹੈ। ਇਹ ਵਧੀਕ ਪ੍ਰਸੰਗ ਬਦੀ ਉਤੇ ਨੇਕੀ ਦੀ ਜਿੱਤ ਦਰਸਾਉਂਦਾ ਹੈ। ਇਸਦੇ ਪਾਠ ਰਾਹੀਂ ਮਾਨਵੀ ਹਿਰਦੇ ਸੁਧ ਤੇ ਸੰਵੇਦਨਸ਼ੀਲ ਬਣ ਜਾਂਦੇ ਹਨ ਅਤੇ ਉਹ ਆਪਣੇ ਮਾਨਵਵਾਦੀ ਨਾਇਕ ਨੂੰ ਜਿੱਤਦਾ ਵੇਖ ਕੇ ਮਾਨਸਿਕ ਆਨੰਦ ਤੇ ਤ੍ਰਿਪਤੀ ਮਹਿਸੂਸ ਕਰਦੇ ਹਨ।

## (ਅ) ਸ਼ਾਹ ਮੁਹੰਮਦ ਦੇ ਸਮਕਾਲੀ ਜੰਗਨਾਮੇ ( 1801- 1900 ਤੱਕ)

1900 ਸਦੀ ਦਾ ਪਹਿਲਾ ਅੱਧ ਪੰਜਾਬ ਦੇ ਸਮੁੱਚੇ ਇਤਿਹਾਸ ਵਿਚ ਖਾਸ ਕਰਕੇ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਿਸ਼ੇਸ਼ ਕਰਕੇ ਹੋਣੀਆਂ-ਭਰਪੂਰ ਹੈ। ਇਨ੍ਹਾਂ ਵਰ੍ਹਿਆਂ ਵਿਚ ਪੰਜਾਬੀ ਕੌਮ ਨੇ ਜੋ ਤਬਦੀਲੀਆਂ ਵੇਖੀਆਂ ਉਨ੍ਹਾਂ ਅਧੀਨ ਪੰਜਾਬੀਆਂ ਦਾ ਕੌਮੀ ਚਰਿੱਤਰ ਹੀ ਬਦਲ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੂਰੇ ਜਤਨ ਕੀਤੇ ਗਏ ਕਿ ਪੰਜਾਬ ਵਿਚ ਅਜਿਹੇ ਸਾਂਝੇ ਸਭਿਆਚਾਰ ਦੀ ਨੀਂਹ ਰੱਖੀ ਜਾਏ ਜਿਸ ਵਿਚ ਧਾਰਮਿਕ ਸਹਿਣਸ਼ੀਲਤਾ ਜਿਹੇ ਮੌਲਿਕ ਗੁਣ ਲੋਕਾਂ ਵਿਚ ਆ ਸਕਣ। ਪੰਜਾਬੀ ਲੋਕਾਂ ਵਿਚ ਇਹ ਵਿਚਾਰ ਦਿਨੋ-ਦਿਨ ਵਧ ਰਹੇ ਸਨ। ਸਿੱਖ ਰਾਜ ਦੇ ਅੰਤ ਸਮੇ ਹੋਏ ਕਵੀ ਸ਼ਾਹ ਮੁਹੰਮਦ ਨੇ ਇਸੇ ਸਾਂਝੀ ਕੌਮ ਨੂੰ ਗਾਇਆ ਹੈ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਆਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜਾਤ ਆਈ।[14]

ਇਹ ਸਾਂਝ ਹਾਲੀ ਬਹੁਤੀ ਪੱਕੀ ਨਹੀਂ ਸੀ ਹੋਈ। ਕਿਉਂਜੋ ਪੰਜਾਬੀਆਂ ਨੇ ਸੁਤੰਤਰ ਜੀਵਨ ਦੀ ਹਾਲੀ ਝਲਕ ਹੀ ਵੇਖੀ ਸੀ। ਇਸ ਸਮੇਂ ਦੌਰਾਨ ਹੀ ਇਸ ਕੌਮ ਦੇ ਉਸਰਈਏ ਦਾ ਦਿਹਾਂਤ ਹੋ ਗਿਆ। ਸਮੇਂ ਦੇ ਗੇੜ ਨਾਲ ਅੰਗਰੇਜ਼ ਪੰਜਾਬ ਉਪਰ ਕਾਬਜ਼ ਹੋ ਗਏ। ਪੰਜਾਬੀਆਂ ਨੇ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਕਈ ਵਰ੍ਹੇ, ਸੰਘਰਸ਼ ਜਾਰੀ ਰੱਖਿਆ ਪਰ 1857 ਈ: ਦੇ ਸੁਤੰਤਰਤਾ ਘੋਲ ਵਿਚ ਅੰਗਰੇਜ਼ਾਂ ਦੀ ਜਿੱਤ ਨੇ ਲੋਕਾਂ ਦੇ ਹੌਸਲੇ ਮੁੜ ਢਾਹ ਦਿੱਤੇ ਅਤੇ ਪੰਜਾਬ ਦਾ ਰਾਜਸੀ ਜੀਵਨ ਤਹਿਸ-ਨਹਿਸ ਹੋ ਕੇ ਰਹਿ ਗਿਆ। ਉਸਦੇ ਨਾਲ ਹੀ ਅੰਗਰੇਜ਼ਾਂ ਨੇ ਕੁਝ ਆਰਥਿਕ ਸੁਧਾਰ ਕਰਕੇ ਲੋਕਾਂ ਨੂੰ ਠੰਡਿਆਂ ਕਰ ਦਿੱਤਾ। ਉਸ ਸਮੇਂ ਲੋਕਾਂ ਦੀਆਂ ਭਾਵਨਾਵਾਂ, ਉਦੇਸ਼ ਤੇ ਲਕਸ਼ ਨਵੇਂ ਰੂਪ ਵਿਚ ਨਿਖਰ ਕੇ ਸਾਹਮਣੇ ਆਏ। ਇਸ ਰੂਪ ਅਤੇ ਚਰਿੱਤਰ ਦੇ ਪਰਿਵਰਤਨ ਦਾ ਵਿਸਥਾਰ ਅਤੇ ਦਿਸ਼ਾ ਨਿਰਧਾਰਣ ਹੀ, ਇਸ ਕਾਲ ਵਿਚ ਰਚੇ ਗਏ ਸਾਹਿਤ ਦੀ ਪ੍ਰਧਾਨ ਸੁਰ ਹੈ। ਤੇ ਇਹੀ ਸਾਡਾ ਉਸ ਵੇਲੇ ਦਾ ਕੌਮੀ ਇਤਿਹਾਸ ਹੈ। ਪੰਜਾਬੀ ਸਾਹਿਤ ਉਤੇ ਇਸ ਤਰ੍ਹਾਂ ਦੇ ਸਿਥਲ ਪ੍ਰਭਾਵਾਂ ਦੀ ਝਲਕ ਸਪੱਸ਼ਟ ਦਿੱਸਦੀ ਹੈ।

ਇਸ ਸਮੇਂ ਵਿਚ ਬੀਰ ਕਾਵਿ ਦਾ ਦੂਸਰਾ ਪ੍ਰਮੁੱਖ ਤੇ ਪ੍ਰਚਲਿਤ ਕਾਵਿ ਰੂਪ 'ਜੰਗਨਾਮਾ-ਕਾਵਿ' ਆਪਣੇ ਸਿਖਰ ਤੇ ਪਹੁੰਚਦਾ ਹੈ। ਇਸ ਕਾਲ ਦੇ ਪ੍ਰਮੁੱਖ ਅਤੇ ਪ੍ਰਚਲਿਤ ਜੰਗਨਾਮੇ ਹੇਠ ਲਿਖੇ ਹਨ:-

ਸ੍ਹੀਹਰਫੀ ਗੁਰੂ ਖਾਲਸੇ ਸ਼ਾਹਕੀ:-

ਇਸ ਰਚਨਾ ਦਾ ਕਰਤਾ ਹਾਕਮ ਸਿੰਘ 'ਦਰਵੇਸ਼' ਲੁਧਿਆਣੇ ਜ਼ਿਲ੍ਹੇ ਦੇ ਇਕ ਨਗਰ ਰਾਏਪੁਰ, ਗੁੱਜਰਵਾਲ ਦਾ ਵਸਨੀਕ ਸੀ। ਇਹ ਕਵੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਰਦਾਰ ਗੁਲਾਬ ਸਿੰਘ ਪਹੁਵਿੰਡੀਏ ਦੇ ਡੇਰੇ ਦਾ ਫੌਜੀ ਸੀ। ਇਸ ਕਵੀ ਨੇ ਮੁਲਤਾਨ ਦੀ 1818 ਈ: ਵਿਚ ਹੋਈ ਜਿੱਤ ਦੀ ਖਬਰ ਸ਼ੇਰੇ ਪੰਜਾਬ ਨੂੰ ਆ ਕੇ ਸੁਣਾਈ ਸੀ ਤੇ ਕਾਫੀ ਇਨਾਮ ਪ੍ਰਾਪਤ ਕੀਤਾ ਸੀ। ਇਸ ਕਵੀ ਨੇ 1830 ਈ: ਵਿਚ ਇਕ ਬੀਰ ਰਸੀ ਰਚਨਾ 'ਸੀਹਰਫੀ ਗੁਰੂ ਖਾਲਸੇ ਸ਼ਾਹ ਕੀ' ਨਾਂ ਹੇਠ ਲਿਖੀ ਜਿਸ ਵਿਚ ਇਸ ਕਵੀ ਨੇ 1830 ਈ: ਤੱਕ ਦੀਆਂ ਰਣਜੀਤ ਸਿੰਘ ਦੀਆਂ ਜਿੱਤਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਦੇ ਭਰੋਸੇ ਅਤੇ ਰਣਜੀਤ ਸਿੰਘ ਲਈ ਉਜਲੇ ਭਵਿੱਖ ਦੀ ਮੰਗ ਕੀਤੀ। ਇਸ ਰਚਨਾ ਵਿਚ ਉਸਨੇ ਮਹਾਰਾਜਾ ਰਣਜੀਤ ਸਿੰਘ ਦੀ ਉਪਮਾ ਵੀ ਕੀਤੀ ਹੈ ਤੇ ਉਸ ਨੂੰ ਅਸੀਸ ਵੀ ਦਿੱਤੀ ਹੈ:

ਬਾਦਸ਼ਾਹ ਰਣਜੀਤ ਸਿੰਘ ਵਲੀ ਜੋਧੇ,
ਤੈਨੂੰ ਜ਼ੋਰ ਗੋਬਿੰਦ ਸਿੰਘ ਪੀਰ ਦਾ ਜੀ।
ਹਾਕਮ ਸਿੰਘ ਦੀ 'ਸੀਸ' ਹਮੇਸ਼ ਰਹੇ,
ਸਦਾ ਅਟਲ ਹੈ ਬਚਨ ਫ਼ਕੀਰ ਦਾ ਜੀ। [15]

ਜੰਗਨਾਮਾ ਸਰਦਾਰ ਹਰੀ ਸਿੰਘ ਕ੍ਰਿਤ ਰਾਮ ਦਿਆਲ ਅਣਦ:-

ਇਹ ਜੰਗਨਾਮਾ ਰਾਮ ਦਿਆਲ ਨਾਮੀ ਅਣਦ ਖੱਤਰੀ ਦਾ ਲਿਖਿਆ ਹੋਇਆ ਹੈ। ਇਸ ਕਵੀ ਦੇ ਬਾਰੇ ਕੋਈ ਖਾਸ ਪਤਾ ਨਹੀਂ ਲਗਦਾ। ਜੰਗਨਾਮੇ ਦੀ ਬੋਲੀ ਤੋਂ ਕਵੀ ਲਹਿੰਦੇ ਦਾ ਰਹਿਣ ਵਾਲਾ ਪ੍ਰਤੀਤ ਹੁੰਦਾ ਹੈ। ਇਹ ਕਵੀ ਬ੍ਰਾਹਮਣੀ ਖਿਆਲਾਂ ਦਾ ਮਾਲਕ ਹੈ ਅਤੇ ਹਰ ਇਕ ਗੱਲ ਨੂੰ ਹਿੰਦੂ ਰੰਗਣ ਅਨੁਸਾਰ ਪੇਸ਼ ਕਰਦਾ ਹੈ।

ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ ਪੁਸਤਕ 'ਪੰਜਾਬ ਦੀਆਂ ਵਾਰਾਂ' ਵਿਚ ਇਹ ਜੰਗਨਾਮਾ ਦਰਜ ਹੈ।[16] ਇਸ ਜੰਗਨਾਮੇ ਦਾ ਰਚਨਾ ਕਾਲ ਸਰਦਾਰ ਹਰੀ ਸਿੰਘ ਦੇ ਮਿਰਤੂ ਸਾਲ ਨਾਲ ਮਿਲਦਾ ਹੈ। ਇਹ ਲਈ ਇਹ ਰਚਨਾ 1837-38 ਈ: ਵਿਚ ਰਚੀ ਗਈ ਹੈ। ਇਸ ਰਚਨਾ ਵਿਚ ਕਵੀ ਨੇ ਸਰਦਾਰ ਹਰੀ ਸਿੰਘ ਨਲੂਏ ਦੇ ਜਮਰੌਦ ਵਿਖੇ ਲੜਾਈ ਲੜਨ, ਉਸ ਦੀ ਮੌਤ ਦਾ ਮਹਾਰਾਜਾ ਰਣਜੀਤ ਸਿੰਘ ਤੇ ਅਸਰ ਅਤੇ ਮਹਾਂ ਸਿੰਘ ਦੀ ਬਹਾਦਰੀ, ਪ੍ਰਬੰਧ ਤੇ ਰਾਜ ਦੀ ਪ੍ਰਸ਼ੰਸਾ ਕੀਤੀ ਹੈ। ਜਿਸਤੋਂ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਸ਼ਾਇਦ ਕਵੀ ਸਰਦਾਰ ਮਹਾਂ ਸਿੰਘ ਦਾ ਨਿਕਟਵਰਤੀ ਹੀ ਹੋਵੇ ਜੋ ਇਸ ਬਾਰੇ ਇਨ੍ਹਾਂ ਵਿਸਥਾਰ ਤੇ ਸਾਧਾਰਣ ਗੱਲਾਂ ਦਾ ਵੇਰਵਾ ਦੇ ਸਕਿਆ ਹੈ। ਸ. ਹਰੀ ਸਿੰਘ ਨਲੂਏ ਦੀ ਬਹਾਦਰੀ ਤੇ ਯੁੱਧ ਕਰਨ ਦੀ ਸ਼ਕਤੀ ਨੂੰ ਬਹੁਤ ਸਲਾਹਿਆ ਹੈ। ਉਸ ਨੂੰ ਪਾਂਡਵਾਂ ਨਾਲ ਉਪਮਾ ਦਿੱਤੀ ਹੈ:

ਹਰੀ ਸਿੰਘ ਸਰਦਾਰ ਨੇ ਯੁੱਧ ਕੀਤਾ,  
ਜਿਉਂ ਕਰ ਪਾਂਡਵਾਂ ਕੈਰਵਾਂ ਅੰਤ ਕੀਤਾ।

....

ਦੇਖ ਜੁੱਧ ਸਰਦਾਰ ਦਾ ਖੁਸ਼ੀ ਹੋਏ  
ਇਸ ਵਾਸ ਬੈਕੁੰਠ ਤੇ ਆਇ ਲੀਤਾ।[17]

ਇਹ ਜੰਗਨਾਮਾ ਬੈਂਤਾਂ ਵਿਚ ਹੈ। ਹਰ ਬੰਦ ਚਹੁ-ਤਕੀਆ ਹੈ। ਕੁਲ 89 ਬੰਦ ਹਨ। ਅੰਤ ਉਤੇ ਦੋ ਦੋਹਰੇ ਹਨ। ਬੋਲੀ ਸਰਲ ਤੇ ਸਾਦੀ ਹੈ। ਫਾਰਸੀ ਸ਼ਬਦਾਵਲੀ ਦੀ ਬਹੁਤ ਘੱਟ ਵਰਤੋਂ ਕੀਤੀ ਹੈ। ਬਹੁਤੇ ਹਿੰਦੂ ਇਤਿਹਾਸਕ, ਮਿਥਿਹਾਸਕ ਹਵਾਲੇ ਦਿੱਤੇ ਹਨ। ਮਿਸਾਲ ਵਜੋਂ:-

ਆਪੋ ਆਪਣੀ ਜਾਈ ਦੇ ਦੇਵਤੇ ਨੀ  
ਜਿਨ੍ਹਾਂ ਰੱਬ ਦਾ ਨਾਮ ਜਪਾਇਆ ਈ।  
ਪਰਸ ਰਾਮ ਤੇ ਕ੍ਰਿਸ਼ਨ ਅਉਤਾਰ ਹੋਏ,  
ਸਿਰੀ ਰਾਮ ਨੇ ਜਸ ਵਧਾਇਆ ਈ।  
ਲਛਮਣ ਖੂਬ ਭਗਵਾਨ ਦੀ ਭਗਤ ਕੀਤੀ,  
ਵਸ਼ਿਸ਼ਟ ਨੇ ਗਿਆਨ ਦ੍ਰਿੜਾਇਆ ਈ।

ਰਾਮ ਚੰਦ ਨੇ ਰੱਜ ਕੇ ਖੇਲ ਕੀਤੇ
ਰਾਵਣ ਮਾਰ ਕੇ ਸੀਤਾ ਨੂੰ ਲਿਆਇਆ ਈ।[18]

## ਬੈਤਾਂ ਸ਼ੇਰ ਸਿੰਘ ਦੀਆਂ ਕ੍ਰਿਤ ਕਵੀ ਨਿਹਾਲ ਸਿੰਘ:-

ਰਣਜੀਤ ਸਿੰਘ ਦੀ ਮੌਤ ਦੇ ਮਗਰੋਂ ਸੱਤ ਸਾਲ ਤੱਕ ਉਸਦੇ ਰਾਜ ਵਿਚ ਹਫੜਾ-ਦਫ਼ੜੀ ਮਚੀ ਰਹੀ ਅਤੇ ਕੋਈ ਵੀ ਵਿਅਕਤੀ ਡੇਢ ਸਾਲ ਤੋਂ ਵੱਧ ਸਮੇਂ ਤਕ ਲਾਹੌਰ ਦੇ ਤਖ਼ਤ ਤੇ ਨਾ ਬੈਠਾ। ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਤੋਂ ਛੁੱਟ ਬਾਕੀ ਸਾਰੇ ਵਾਰੋ ਵਾਰੀ ਕਤਲ ਕੀਤੇ ਗਏ। ਸਭ ਤੋਂ ਮਹੱਤਵਪੂਰਨ ਵਜ਼ੀਰ ਜਾਂ ਸੈਨਾਪਤੀ ਕਿਸੇ ਨਾ ਕਿਸੇ ਗਰੁੱਪ ਵਲੋਂ ਕਤਲ ਕਰ ਦਿੱਤਾ ਜਾਂਦਾ ਰਿਹਾ।

ਇਹ ਰਚਨਾ 1843 ਈ: ਵਿਚ ਰਚੀ ਗਈ ਹੋਵੇਗੀ ਜਦੋਂ ਹੀਰਾ ਸਿੰਘ ਤੇ ਜੱਲ੍ਹਾ ਪੰਡਤ ਤਾਕਤ ਵਿਚ ਸਨ। ਇਹ ਸਿੱਟਾ ਇਸ ਗੱਲ ਉਤੇ ਆਧਾਰਿਤ ਹੈ ਕਿ ਹੀਰਾ ਤੇ ਜੱਲ੍ਹਾਂ ਪੰਡਤ ਦੋਵੇਂ ਉਸ ਸਮੇਂ ਕਤਲ ਕੀਤੇ ਗਏ ਜਦੋਂ ਉਹ ਨੱਸ ਕੇ ਜੰਮੂ ਜਾ ਰਹੇ ਸਨ। ਨਿਹਾਲ ਸਿੰਘ, ਹੀਰਾ ਸਿੰਘ ਦੀ ਜਿੱਤ ਦਿਖਾ ਕੇ ਆਪਣੀ ਰਚਨਾ ਖ਼ਤਮ ਕਰ ਦਿੰਦਾ ਹੈ। ਇਸ ਲਈ ਇਸ ਰਚਨਾ ਦਾ ਰਚਨਾਕਾਲ 1843 ਈ: ਹੈ। ਨਿਹਾਲ ਸਿੰਘ ਨੇ ਇਸ ਰਚਨਾ ਦੇ ਅਖੀਰ ਵਿਚ ਇਸਦਾ ਸੰਕੇਤ ਦਿੱਤਾ ਹੈ:-

ਨਿਹਾਲ ਸਿੰਘ ਤੇ ਮਾਤਾ ਦਿਆਲ ਹੋਈ
ਬੈਤ ਸਭ ਕੀਤੇ ਚੌਤੀ ਵਖਤ ਉਸੇ।
ਸੰਮਤ ਉਨੀ ਸੈ ਵਿਖੇ ਅੱਸੂ ਪਹਿਲੀ ਆਹ
ਏਹੋ ਹੰਗਾਮਾ ਹੋਇਆ ਤਖਤ ਲਾਹੌਰ ਕੀ ਜਾਹਿ।[19]

ਇਸ ਜੰਗਨਾਮੇ ਵਿਚ ਕਵੀ ਨੇ ਲਾਹੌਰ ਦਰਬਾਰ ਦੀ ਇਕ ਤੋਂ ਮਗਰੋਂ ਦੂਜੀ ਘਟਨਾ ਦਾ ਸਹੀ ਚਿੱਤਰ ਪੇਸ਼ ਕੀਤਾ ਹੈ।

## ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਕ੍ਰਿਤ ਸ਼ਾਹ ਮੁਹੰਮਦ:-

ਸ਼ਾਹ ਮੁਹੰਮਦ ਨੂੰ ਬੀਰ ਕਾਵਿ ਦਾ ਪ੍ਰਮੁੱਖ ਕਵੀ ਕਿਹਾ ਜਾਂਦਾ ਹੈ, ਜਿਸਦੀ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਇਕ ਪ੍ਰਸਿੱਧ ਤੇ ਦਿਲ ਖਿੱਚਵੀਂ ਰਚਨਾ ਨੇ ਇਸਨੂੰ

ਅਮਰ ਕਰ ਦਿੱਤਾ ਹੈ। ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ, ਅਤੇ ਅੰਗਰੇਜ਼ੀ ਰਾਜ ਨੂੰ ਆਪਣੀ ਅੱਖੀਂ ਡਿੱਠਾ ਸੀ। ਉਸ ਦੇ ਵਿਅਕਤੀਤਵ ਤੇ ਸੋਚ ਉਤੇ ਤਤਕਾਲੀ ਯੁੱਗ ਦੇ ਭੌਤਿਕ ਹਾਲਾਤ ਦਾ ਬੜਾ ਪ੍ਰਭਾਵ ਸੀ। ਉਹ ਇਕ ਤੂਫਾਨੀ ਯੁੱਗ ਵਿਚੋਂ ਲੰਘਿਆ ਅਤੇ ਇਕ ਸੱਚੇ ਕਲਾਕਾਰ ਵਾਂਗ ਆਪਣੀ ਬੌਧਿਕ ਪ੍ਰਤੀਕ੍ਰਿਆ ਤਤਕਾਲੀ ਤੇ ਭਵਿੱਖਕਾਲੀ ਪੀੜ੍ਹੀਆਂ ਨੂੰ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਦੀ ਸ਼ਕਲ ਵਿਚ ਦੇ ਗਿਆ ਹੈ। ਇਹ ਰਚਨਾ ਹੋਰ ਕਈ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ। ਜਿਵੇਂ ਕਿ 'ਵਾਰ ਸ਼ਾਹ ਮੁਹੰਮਦ 'ਕਿੱਸਾ ਸ਼ਾਹ ਮੁਹੰਮਦ', 'ਬੈਤ ਸ਼ਾਹ ਮੁਹੰਮਦ','ਜੰਗਨਾਮਾ ਹਿੰਦ ਪੰਜਾਬ' ਆਦਿ।

ਸ਼ਾਹ ਮੁਹੰਮਦ ਦਾ ਇਹ ਜੰਗਨਾਮਾ ਜਿਸ ਵਿਚ ਰਣਜੀਤ ਸਿੰਘ ਦੀਆਂ ਜਿੱਤਾਂ ਤੇ ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਲੜਾਈ ਦਾ ਹਾਲ ਹੈ, ਸਿੱਖਾਂ ਦਾ ਇਕ ਪ੍ਰਸਿੱਧ ਜੰਗਨਾਮਾ-ਕਾਵਿ ਰੂਪ ਹੈ। ਸਿੱਖਾਂ ਦੀ ਪਹਿਲੀ ਲੜਾਈ ਸੰਨ 1845-46 ਈ: ਵਿਚ ਸਤਲੁਜ ਕੰਢੇ ਤੇ ਹੋਈ ਸੀ। ਸ਼ਾਹ ਮੁਹੰਮਦ ਨੇ ਇਸ ਲੜਾਈ ਦਾ ਵਰਣਨ ਬੈਤਾਂ ਵਿਚ ਬੜੇ ਹੀ ਦਰਦਨਾਕ ਢੰਗ ਨਾਲ ਕੀਤਾ ਹੈ। ਜਿਸ ਵਿਚੋਂ ਬਹਾਦਰੀ ਅਤੇ ਦੇਸ਼ ਭਗਤੀ ਆਪ ਮੁਹਾਰੀ ਫੁੱਟਦੀ ਹੈ। ਡਾ. ਗੰਡਾ ਸਿੰਘ ਅਨੁਸਾਰ,"ਇਹ ਰਚਨਾ 1845 -46 ਈ: ਤੋਂ ਬਾਅਦ ਅਤੇ 1848-49 ਦੇ ਮੁਲਤਾਨ ਦੇ ਵਿਦਰੋਹ,ਚੇਲੀਆਂ ਵਾਲੇ ਅਤੇ ਗੁਜਰਾਤ ਦੀਆਂ ਜੰਗਾਂ ਤੋਂ ਪਹਿਲਾਂ ਲਿਖੀ ਹੈ।[20]

ਇਸ ਰਚਨਾ ਵਿਚ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਪੰਜਾਬ ਦੇ ਦੁਖਾਂਤ ਨੂੰ ਬੜੀ ਭਾਵਨਾਮਈ ਸ਼ੈਲੀ ਵਿਚ ਪੇਸ਼ ਕਰਕੇ ਆਪਣੇ ਅੰਦਰ ਦੀਆਂ ਅਜ਼ਰ ਪੀੜਾਂ ਨੂੰ ਲੋਕਾਂ ਨਾਲ ਸਾਂਝਾ ਕੀਤਾ ਹੈ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਿਖਰਲੇ ਕਲਸ ਨੂੰ ਹੇਠਾਂ ਡਿਗਦਿਆਂ ਦਿਖਾਇਆ ਗਿਆ ਹੈ। ਸਿੱਖ ਰਾਜ ਦੇ ਵੇਲੇ ਪੰਜਾਬ ਵਿਚ ਸੁੱਖਾਂ ਭਰੀ ਜ਼ਿੰਦਗੀ, ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੇ ਆਪਸ ਵਿਚ ਪਿਆਰ ਭਰੇ ਸੰਬੰਧ, ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੇ ਹਾਲਾਤ, ਅੰਗਰੇਜ਼ਾਂ ਵਲੋਂ ਲੜਾਈ ਦੀ ਛੇੜ, ਸਿੰਘਾਂ ਤੇ ਫਿਰੰਗੀਆਂ ਦਾ ਘੋਰ ਯੁੱਧ ਅਤੇ ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਦੇ ਹਾਲਾਤ ਇਸ ਵਿਚ ਦਰਜ ਹਨ।

ਭਾਵੇਂ ਕਵੀ ਸ਼ਾਹ ਮੁਹੰਮਦ ਜਾਤ ਦਾ ਮੁਸਲਮਾਨ ਸੀ। ਪਰ ਉਸਨੇ ਫਿਰਕੂ ਨਜ਼ਰ ਆਪਣੇ ਜੰਗਨਾਮੇ ਵਿਚ ਨਹੀਂ ਆਉਣ ਦਿੱਤੀ। ਇਹ ਜੰਗਨਾਮਾ ਪੰਜਾਬ ਦੇ ਸਮਾਜਕ ਤੇ

ਰਾਜਨੀਤਕ ਇਤਿਹਾਸ ਦੀ ਇਕ ਮਹੱਤਵਪੂਰਨ ਰਚਨਾ ਹੈ ਕਿਉਂਕਿ ਸ਼ਾਹ ਮੁਹੰਮਦ ਪੰਜਾਬ ਨੂੰ ਇਕ ਸੁਤੰਤਰ ਰਾਜ ਕਹਿਣ ਵਿਚ ਮਾਣ ਮਹਿਸੂਸ ਕਰਦਾ ਹੈ। ਉਸ ਸਮੇਂ ਪੰਜਾਬ ਆਜ਼ਾਦ ਸੀ ਤੇ ਬਾਕੀ ਸਾਰਾ ਹਿੰਦੋਸਤਾਨ ਅੰਗਰੇਜ਼ਾਂ ਦੇ ਕਬਜ਼ੇ ਵਿਚ ਸੀ। ਇਸ ਲਈ ਉਹ ਪੰਜਾਬ ਅਤੇ ਭਾਰਤ ਨੂੰ ਦੋ ਵੱਖਰੇ-ਵੱਖਰੇ ਰਾਜ ਕਹਿੰਦਾ ਹੈ ਜੋ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਸੱਚ ਹੈ ਕਿਉਂਕਿ ਸ਼ਾਹ ਮੁਹੰਮਦ ਆਪ ਇਸ ਸਾਰੀ ਘਟਨਾ ਨੂੰ ਪੰਜਾਬ ਅਤੇ ਹਿੰਦ ਵਿਚਕਾਰ ਹੋਇਆ ਯੁੱਧ ਕਹਿੰਦਾ ਹੈ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ।[21]

ਦੇਸ਼ ਪੰਜਾਬ ਦੇ ਰਾਖੇ ਪੰਜਾਬ ਦੀ ਆਜ਼ਾਦੀ ਬਚਾਉਣ ਲਈ ਕਿਵੇਂ ਜ਼ੋਰ-ਸ਼ੋਰ ਨਾਲ ਨਿਕਲਦੇ ਹਨ। ਕਵੀ ਨੇ ਇਸ ਨੂੰ ਬਹੁਤ ਖੂਬੀ ਨਾਲ ਵਰਣਨ ਕੀਤਾ ਹੈ:

ਡੇਰੇ ਨਿਕਲੇ ਕੂਚ ਦਾ ਹੁਕਮ ਹੋਇਆ
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ,
ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਨੇ ਵੇਰ ਮੀਆਂ।[22]

ਕਵੀ ਦਾ ਆਪਣੇ ਸਾਂਝੇ ਪੰਜਾਬ ਨਾਲ ਬਹੁਤ ਪਿਆਰ ਸੀ ਤੇ ਉਹ ਇਸ ਦਾ ਉਜਾੜਾ ਹੁੰਦਾ ਬਰਦਾਸ਼ਤ ਨਹੀਂ ਸੀ ਕਰ ਸਕਦਾ। ਇਸ ਲਈ ਉਸਨੇ ਨਿਮਕ ਹਰਾਮ ਵਜ਼ੀਰ ਲਾਲ ਸਿੰਘ, ਫੌਜ ਕਮਾਂਡਰ ਤੇਜ ਸਿੰਘ, ਰਾਜਾ ਧਿਆਨ ਸਿੰਘ, ਰਾਜਾ ਗੁਲਾਬ ਸਿੰਘ, ਰਣਜੋਧ ਸਿੰਘ ਆਦਿ ਦੀ ਗ਼ਦਾਰੀ ਦਾ ਵਰਣਨ ਕੀਤਾ ਹੈ। ਸ਼ਾਹ ਮੁਹੰਮਦ ਰਾਣੀ ਜਿੰਦ ਕੌਰ ਨੂੰ ਵੀ ਇਸ ਗਦਾਰਾਂ ਦੀ ਸੂਚੀ ਵਿਚ ਦਰਜ ਕਰਦਾ ਹੈ। ਰਾਣੀ ਜਿੰਦਾਂ ਬਾਰੇ ਕਵੀ ਕਹਿੰਦਾ ਹੈ ਕਿ ਉਹ ਪਹਿਲਾਂ ਹੀ ਅੰਗਰੇਜ਼ਾਂ ਨਾਲ ਮਿਲੀ ਹੋਈ ਸੀ ਤੇ ਫੌਜ ਪਾਸੋਂ ਆਪਣੇ ਭਰਾ ਜਵਾਹਰ ਸਿੰਘ ਦਾ ਬਦਲਾ ਲੈਣਾ ਚਾਹੁੰਦੀ ਸੀ:-

ਅਰਜ਼ੀ ਲਿਖੀ ਫਰੰਗੀ ਨੂੰ ਕੂੰਜ ਗੋਸ਼ੇ,

ਪਹਿਲੇ ਆਪਣਾ ਸੁੱਖ ਆਨੰਦ ਵਾਰੀ।
ਤੇਰੀ ਵਲ ਮੈ ਫੌਜ ਨੂੰ ਘਲਨੀਆਂ
ਖੱਟੇ ਕਰੀ ਤੂੰ ਇਨ੍ਹਾਂ ਦੇ ਦੰਦ ਵਾਰੀ।[23]

ਕਵੀ ਇਨ੍ਹਾਂ ਗਦਾਰਾਂ ਦੇ ਕਾਰਨਾਮਿਆਂ ਉਤੇ ਦੁੱਖ ਅਹਿਸੂਸ ਕਰਦਾ ਹੈ। ਜਦੋਂ ਉਹ ਕਹਿੰਦਾ ਹੈ ਕਿ ਦੇਸ਼ ਦੇ ਮਾਲਕ ਹਾਕਮ ਸਾਰੇ ਅੰਗਰੇਜ਼ਾਂ ਨਾਲ ਅੰਦਰ ਖਾਨਿਉਂ ਮਿਲੇ ਹੋਏ ਸਨ ਤੇ ਲੜਦੇ ਸਿਰਫ ਉਹ ਸਨ ਜਿਹੜੇ ਇਸ ਧੋਖੇ ਨੂੰ ਨਹੀਂ ਸਨ ਸਮਝਦੇ:-

ਸੋਈ ਲੜਨਗੇ ਹੋਣ ਬੇਖ਼ਬਰ ਜਿਹੜੇ
ਮੱਥਾ ਕਦੀ ਸਰਦਾਰ ਨਾ ਡਾਹਵਣੀਗੇ।
ਏਸੇ ਵਾਸਤੇ ਫੌਜ ਮੈਂ ਪਾੜ ਛੱਡੀ
ਕਈ ਭਾਂਜ ਅਚਾਨਕੀ ਪਾਵਣੀਗੇ।[24]

ਸ਼ਾਹ ਮੁਹੰਮਦ ਨੇ ਆਪਣੀ ਰਚਨਾ ਰਾਹੀ ਮਨੋਭਾਵਾਂ ਤੇ ਬੌਧਿਕ ਸੰਕਲਪਾਂ ਦੇ ਨਵੇਂ ਮਿਆਰ ਪੈਦਾ ਕੀਤੇ ਹਨ। ਭਾਵੇਂ ਉਹ ਸਾਂਝੀ ਪੰਜਾਬੀ ਕੌਮੀਅਤ ਦਾ ਚੇਤੰਨ ਤੌਰ ਤੇ ਪ੍ਰਚਾਰਕ ਨਾ ਵੀ ਹੋਵੇ ਪਰ ਫਿਰ ਵੀ ਉਸਨੇ ਪੰਜਾਬੀਅਤ ਦੇ ਨਵੇਂ ਮਨੋਭਾਵ ਪੈਦਾ ਕੀਤੇ ਹਨ।

ਸ਼ਾਹ ਮੁਹੰਮਦ ਦਾ ਇਸ ਰਚਨਾ ਨੂੰ ਲਿਖਣ ਵਿਚ ਕੋਈ ਜਾਤੀ ਜਾਂ ਰਾਜਨੀਤਕ ਮਨੋਰਥ ਨਹੀਂ ਸੀ। ਉਸਨੇ ਇਹ ਰਚਨਾ ਉਸ ਸਮੇਂ ਕੀਤੀ ਜਦੋਂ ਪੰਜਾਬ ਦੇ ਰਾਜਨੀਤਕ ਢਾਂਚੇ ਵਿਚ ਪਰਿਵਰਤਨ ਆਉਂਦਾ ਵੇਖਿਆ ਅਤੇ ਉਹ ਜਾਣਦਾ ਸੀ ਕਿ ਅੰਗਰੇਜ਼ ਇਸ ਧਰਤੀ ਉਤੇ ਪੱਕੀ ਤਰ੍ਹਾਂ ਪੈਰ ਜਮਾ ਰਹੇ ਹਨ। ਇਸ ਲਈ ਕਵੀ ਨੇ ਅੰਗਰੇਜ਼ ਸੈਨਾ ਦੇ ਹੱਲੇ ਨੂੰ ਕੌਮੀ ਆਫਤ ਕਿਹਾ ਹੈ। ਅਤੇ ਇਸ ਲਈ ਪੰਜਾਬ ਦੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਤੀਜੀ ਸ਼ਕਤੀ ਅਰਥਾਤ ਅੰਗਰੇਜ਼ਾਂ ਨਾਲ ਲੜਨ ਲਈ ਇਕੱਠੇ ਹੋਣ ਦੀ ਪ੍ਰੇਰਣਾ ਦਿੱਤੀ ਸੀ। ਇਸ ਤਰ੍ਹਾਂ ਸ਼ਾਹ ਮੁਹੰਮਦ ਪੰਜਾਬ ਦੀ ਆਰਥਿਕ ਖੁਸ਼ਹਾਲੀ ਅਤੇ ਫਿਰਕੂ ਏਕਤਾ ਦੀ ਗੱਲ ਕਰਦਾ ਹੈ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫ਼ਾਤ ਆਈ।

ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।[25]

ਸ਼ਾਹ ਮੁਹੰਮਦ ਨੇ ਇਹ ਰਚਨਾ ਲੜਾਈ ਦੇ ਸਮੇਂ ਲਿਖੀ। ਫਿਰ ਵੀ ਉਸਨੂੰ ਉਮੀਦ ਹੈ ਕਿ ਰੱਬ ਚਾਹੇ ਤਾਂ ਮਿਹਰਬਾਨੀ ਕਰ ਸਕਦਾ ਹੈ ਅਤੇ ਉਹ ਪੁਰ ਅਮਨ ਹਾਲਾਤ ਪੈਦਾ ਕਰ ਸਕਦਾ ਹੈ। ਜਿਸ ਨਾਲ ਕਿ ਉਨ੍ਹਾਂ ਦੀ ਆਪਣੀ ਸਰਦਾਰੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹਿ ਸਕਦੀ ਹੈ। ਇਕ ਹੋਰ ਬੜਾ ਮਹੱਤਵਪੂਰਨ ਨੁਕਤਾ ਹੈ ਜਿਸ ਉਤੇ ਜ਼ੋਰ ਦਿੰਦਾ ਹੈ। ਉਸਨੂੰ ਵਿਸ਼ਵਾਸ ਹੈ ਕਿ ਭਾਵੇਂ ਕੋਈ ਵੀ ਹਾਕਮ ਹੋਵੇ, ਰਾਜਨੀਤਕ ਹਾਲਾਤ ਕੁਝ ਵੀ ਹੋਣ ਰਣਜੀਤ ਸਿੰਘ ਦੀ ਕਾਇਮ ਕੀਤੀ ਸੰਪਰਦਾਇਕ ਏਕਤਾ ਹਰ ਹਾਲਤ ਰਹੇਗੀ:-

ਰੱਬ ਚਾਹੇ ਤਾਂ ਕਰੇਗਾ ਮੇਹਰਬਾਨੀ
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।[26]

ਸ਼ਾਹ ਮੁਹੰਮਦ ਆਪਣੇ ਜੰਗਨਾਮੇ ਵਿਚ 'ਪੰਜਾਬੀ' ਸ਼ਬਦ ਸਾਂਝੀ ਪੰਜਾਬੀ ਕੌਮ ਦੇ ਤੌਰ ਤੇ ਵਰਤਦਾ ਹੈ ਤੇ ਨਾਲ ਹੀ ਪੰਜਾਬ ਦੇ ਸੂਰਮਿਆਂ ਨੂੰ ਵੰਗਾਰਦਾ ਹੈ ਕਿ ਤੁਸਾਂ ਪੰਜਾਬ ਦੇ ਸਿਪਾਹੀ ਦੀ ਸ਼ੁਹਰਤ ਤੇ ਕੀਰਤ ਰੱਖਣੀ ਹੈ:

ਸ਼ਾਹ ਮੁਹੰਮਦਾ ਤੁਸਾਂ ਪੰਜਾਬੀਓ ਜੀ,
ਕੀਰਤ, ਸਿੰਘ ਸਿਪਾਹੀ ਦੀ ਰੱਖਣੀ ਜੀ।[27]

ਇਸਤੋਂ ਇਲਾਵਾ ਕਵੀ ਨੇ ਹੇਠ ਲਿਖੀਆਂ ਪੰਗਤੀਆਂ ਵਿਚ ਰਣਜੀਤ ਸਿੰਘ ਕਾਲ ਵਿਚ ਪੰਜਾਬ ਦੀ ਰਾਸ਼ਟਰੀ-ਚੇਤੰਨਤਾ ਜਿਵੇਂ ਇਸ ਲੋਕ ਪ੍ਰਿਯ ਜਨ-ਨਾਇਕ ਦੇ ਸ਼ਾਸ਼ਨ ਕਾਲ ਵਿਚ ਲੋਕਾਂ ਨੂੰ ਅਮਨ, ਸ਼ਾਂਤੀ ਦਾ ਜੀਵਨ ਪ੍ਰਾਪਤ ਹੋਇਆ ਤੇ ਰਾਜੇ ਦੀ ਮੌਤ ਤੋਂ ਮਗਰੋਂ ਰਾਜ ਗੱਦੀ ਪਿੱਛੇ ਉਸਦੇ ਵਾਰਸਾਂ ਵਿਚ ਹੋਈ ਲੜਾਈ ਦਾ ਵਰਣਨ ਵੀ ਕੀਤਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ

ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆ। [28]

ਅਤੇ

ਚੇਤ ਸਿੰਘ ਨੂੰ ਮਾਰਿਆਂ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਵਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ,
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ ਕਰਾਰ ਮੀਆਂ ।[29]

ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਦੇ ਬਹੁਤ ਸਾਰੇ ਵਿਅਕਤੀਆਂ, ਉਸਦੇ ਨਜ਼ਦੀਕੀ ਰਿਸ਼ਤੇਦਾਰਾਂ ਅਤੇ ਡੋਗਰੇ ਸਰਦਾਰਾਂ ਦਾ, ਜੋ ਉਸ ਸਮੇਂ ਅਸਲੀ ਹਾਕਮ ਬਣ ਗਏ ਸਨ ਅਤੇ ਬਾਅਦ ਵਿਚ ਆਪਸੀ ਕੱਟ-ਵੱਢ ਦੁਰਾਨ ਖ਼ਤਮ ਕਰ ਦਿੱਤੇ ਗਏ ਸਨ, ਬਾਬਤ ਬਹੁਤ ਹੀ ਬਰੀਕੀ ਨਾਲ ਚਿੱਤਰ ਪੇਸ਼ ਕੀਤਾ ਹੈ। ਉਸਨੇ ਸਹੀ ਘਟਨਾਵਾਂ ਦੇ ਵੇਰਵੇ ਪ੍ਰਾਪਤ ਕਰਨ ਦੇ ਪੂਰੇ ਯਤਨ ਕੀਤੇ ਹਨ:-

ਸ਼ਾਹ ਮੁਹੰਮਦਾ ਸਭ ਮਲੂਮ ਕੀਤੀ,
ਕੀਕੂੰ ਹੋਈ ਸੀ ਦੱਸ ਖਾਂ ਲੁਧਿਆਣੇ।[30]

ਕਵੀ ਅਨੁਸਾਰ ਇਸ ਸੰਸਾਰ ਵਿਚ ਅਟੱਲ ਕੇਵਲ ਉਸ ਸੱਚੇ ਰੱਬ ਦੀ ਜਾਤ ਨੇ ਰਹਿਣਾ ਹੈ, ਬਾਕੀ ਸਭ ਨੇ, ਵੱਡੇ ਤੋਂ ਵੱਡੇ ਰਾਜਿਆਂ, ਮਹਾਰਾਜਿਆਂ ਨੇ ਵੀ, ਕੂੜ ਦੇ ਵਾਜੇ ਵਜਾ ਇਸ ਸਰਾਂ ਰੂਪੀ ਦੁਨੀਆਂ ਵਿਚੋਂ ਕੂਚ ਕਰ ਜਾਣਾ ਹੈ:-

ਇਹ ਜਗ ਸਰਾਇ ਮੁਸਾਫਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਏ ਗਏ,
ਸ਼ਦਾਦ, ਨਮਰੂਦ ਫ਼ਿਰਊਨ ਜੇਹੇ
ਦਾਵ੍ਹਾ ਬੰਨ ਖ਼ੁਦਾਇ ਕਹਾਇ ਗਏ।
ਅਕਬਰ ਸ਼ਾਹ ਜਿਹੇ ਵਿਚ ਦਿੱਲੀ ਦੇ ਜੋ,
ਫੇਰੀ ਵਾਂਗ ਬਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ ਦੇ ਕਈ ਵਜਾਇ ਗਏ।[31]

ਸਮੁੱਚੇ ਤੌਰ ਤੇ ਇਸ ਜੰਗਨਾਮੇ ਨੇ ਸ਼ਾਹ ਮੁਹੰਮਦ ਨੂੰ ਕੌਮੀ ਕਵੀ ਬਣਾ ਦਿੱਤਾ। ਉਹ ਕੌਮੀ ਸਦਭਾਵਨਾ, ਦੇਸ਼ ਪਿਆਰ ਤੇ ਏਕਤਾ ਦਾ ਕਵੀ ਹੈ।

## ਮਟਕ ਕ੍ਰਿਤ ਜੰਗ ਸਿੰਘਾਂ ਤੇ ਫ਼ਰੰਗੀਆਂ:

ਮਟਕ ਦੇ ਥਾਂ-ਟਿਕਾਣੇ ਅਤੇ ਇਸ ਦੀ ਰਚਨਾ ਬਾਰੇ ਕੁਝ ਪਤਾ ਨਹੀਂ ਲਗਦਾ। 'ਮਟਕ' ਕਵੀਦਾਤਖੱਲਸ ਜਾਪਦਾ ਹੈ। ਇਹ ਜੰਗਨਾਮਾ 1936 ਈ: ਵਿਚ ਅੰਮ੍ਰਿਤਸਰ ਦੇ ਭਾਈ ਨੌਰੰਗ ਸਿੰਘ ਤੋਂ ਵਿਗੜੀ ਹੋਈ ਹਾਲਤ ਵਿਚ ਡਾ. ਗੰਡਾ ਸਿੰਘ ਨੇ ਪ੍ਰਾਪਤ ਕੀਤਾ ਤੇ ਮਗਰੋਂ ਆਪਣੀ ਪੁਸਤਕ 'ਪੰਜਾਬ ਦੀਆਂ ਵਾਰਾਂ' ਵਿਚ ਅੰਕਿਤ ਕੀਤਾ।[32]

ਇਸ ਜੰਗਨਾਮੇ ਵਿਚ ਵੀ ਸ਼ਾਹ ਮੁਹੰਮਦ ਦੇ ਜੰਗਨਾਮੇ ਵਾਂਗ ਖਾਲਸਾ ਸਰਕਾਰ ਤੇ ਈਸਟ-ਇੰਡੀਆ ਕੰਪਨੀ ਵਿਚਕਾਰ ਮੁਦਕੀ, ਫੇਰੂ ਸ਼ਹਿਰ, ਅਲੀਵਾਲ ਤੇ ਸਭਰਾਵਾਂ ਵਿਖੇ ਹੋਈਆਂ ਲੜਾਈਆਂ ਦਾ ਵਰਣਨ ਹੈ। ਇਸ ਜੰਗਨਾਮੇ ਵਿਚ ਕਵੀ ਨੇ ਵਧੇਰੇ ਜ਼ੋਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਕੁਰਬਾਨੀ ਤੇ ਬਹਾਦਰੀ ਨੂੰ ਚਮਕਾਉਣ ਵਲ ਲਾਇਆ ਹੈ। ਇਸ ਜੰਗ ਦਾ ਮੂਲ ਕਾਰਣ ਅੰਗਰੇਜ਼ਾਂ ਦੀਆਂ ਸਤਲੁਜ ਦੇ ਕੰਢੇ ਪਰਜਾ ਨਾਲ ਕੀਤੀਆਂ ਵਧੀਕੀਆਂ ਹੀ ਸਨ। ਲੋਕ ਲਾਹੌਰ ਦਰਬਾਰ ਅੱਗੇ ਜਾ ਕੇ ਫ਼ਰਿਆਦੀ ਹੋਏ ਤੇ ਇਸ ਫ਼ਰਿਆਦ ਨੂੰ ਸੁਣ ਕੇ ਸਿੰਘਾਂ ਨੇ ਤਿਆਰੀ ਕੀਤੀ ਤਾਂ ਜੋ ਅੰਗਰੇਜ਼ਾਂ ਦੇ ਪੰਜਾਬ ਵਿਚ ਜ਼ਬਰਦਸਤੀ ਦਾਖਲੇ ਨੂੰ ਠਲ੍ਹਿਆ ਜਾਵੇ।

ਮਟਕ ਦਾ ਇਹ ਜੰਗਨਾਮਾ ਪੂਰਾ ਨਹੀਂ ਮਿਲਦਾ। ਡਾ. ਗੰਡਾ ਸਿੰਘ ਅਨੁਸਾਰ

34ਵੇਂ ਛੰਦ ਤੇ ਅਧੂਰਾ ਮੁੱਕ ਜਾਂਦਾ ਹੈ। ਇਸ ਜੰਗਨਾਮੇ ਦਾ ਆਦਿ ਤੇ ਅੰਤ ਨਾ ਹੋਣ ਕਾਰਨ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਕਦੋਂ ਲਿਖਿਆ ਗਿਆ ਪਰ ਜਿਥੋਂ ਤਕ ਅਨੁਮਾਨ ਹੈ ਇਹ ਜੰਗ ਤੋਂ ਛੇਤੀ ਹੀ ਬਾਅਦ ਲਿਖਿਆ ਗਿਆ। ਇਸ ਰਚਨਾ ਦੇ ਲਿਖਣ ਦਾ ਸਮਾਂ ਵੀ ਲਗਭਗ ਸ਼ਾਹ ਮੁਹੰਮਦ ਦੀ ਰਚਨਾ ਵਾਲਾ ਹੀ ਹੈ। ਇਹ ਜੰਗਨਾਮਾ 'ਸਿਓੜ ਛੰਦ' ਵਿਚ ਰਚਿਆ ਗਿਆ ਹੈ। ਇਸ ਵਿਚ ਕਵੀ ਨੇ ਸਮੇਂ ਤੇ ਸਥਾਨ ਦੇ ਸਹੀ ਤੱਥ ਦਿੱਤੇ ਹਨ, ਜਿਸ ਤੋਂ ਜਾਪਦਾ ਹੈ ਕਿ ਮਟਕ ਨੇ ਇਨ੍ਹਾਂ ਜੰਗਾਂ ਦਾ ਹਾਲ ਆਪਣੀ ਅੱਖੀਂ ਵੇਖਿਆ ਹੋਵੇ:-

ਮੰਗਲਵਾਰ ਸੰਗਰਾਂਦ ਫਾਗ ਦੀ
ਹੁਕਮ ਲਾਟ ਨੇ ਦੀਨਾ--
ਚੌਕਸ ਕੀਨਾ।

......

ਪਹਿਰ ਰਾਤ ਸਮੇਂ ਇਸ਼ਨਾਨ ਸ਼ਾਮ ਸਿੰਘ
ਵਿਚ ਨਦੀ ਦੇ ਵੜ੍ਹਿਆ
ਜਪੁਜੀ ਪੜ੍ਹਿਆ ।[33]

ਵਿਸ਼ੇ ਵਸਤੂ ਦੇ ਪੱਖ ਤੋਂ ਇਹ ਜੰਗਨਾਮਾ ਸ਼ਾਹ ਮੁਹੰਮਦ ਦੇ ਜੰਗਨਾਮੇ ਨਾਲ ਮੇਲ ਖਾਂਦਾ ਹੈ। ਛੁੱਟ ਇਸ ਗੱਲ ਤੋਂ ਕਿ ਇਹ ਲਾਲ ਸਿੰਘ ਦੀ ਗਦਾਰੀ ਨੂੰ ਨੰਗਾ ਕਰਦਾ ਹੈ, ਜਿਹੜਾ ਕਿ ਸ਼ਾਹ ਮੁਹੰਮਦ ਨੇ ਛੱਡ ਦਿੱਤਾ ਸੀ। ਲਾਲ ਸਿੰਘ ਤੇ ਤੇਜ ਸਿੰਘ, ਜੋ ਜੰਗ ਵਿਚ ਆਗੂ ਸਨ, ਉਨ੍ਹਾਂ ਦੀ ਗਦਾਰੀ ਕਾਰਣ ਕਵੀ ਕਈ ਥਾਵਾਂ ਤੇ ਉਨ੍ਹਾਂ ਨੂੰ ਨਿੰਦਦਾ ਹੈ:-

ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ
ਰਣਿ ਵਿਚ ਪਿੱਠ ਦਿਖਾਇ ਕੇ, ਮੋੜਾ ਆਏ ਫੇਰ ।[34]

'ਜੰਗਨਾਮਾ ਲਾਹੌਰ ਕ੍ਰਿਤ ਕਾਨ੍ਹ ਸਿੰਘ ਬੰਗਿਆਂ ਵਾਲਾ:-

ਇਸ ਜੰਗਨਾਮੇ ਦਾ ਲੇਖਕ ਕਾਨ੍ਹ ਸਿੰਘ, ਬੰਗਾ, ਜ਼ਿਲਾ ਜਲੰਧਰ ਦਾ ਰਹਿਣ ਵਾਲਾ ਸੀ। ਇਹ ਸਿੱਖ ਰਾਜ ਦਾ ਸਮਕਾਲੀ ਕਵੀ ਸੀ। ਕਵੀ ਨੇ ਆਪਣੇ ਜੰਗਨਾਮੇ ਵਿਚ ਇਸ

ਰਚਨਾ ਨੂੰ ਲਿਖਣ ਦਾ ਕਾਰਨ ਤੇ ਸੰਮਤ ਵੀ ਦਿੱਤੇ ਹਨ। ਕਵੀ ਦੇ ਆਪਣੇ ਸ਼ਬਦਾਂ ਵਿਚ:

ਉਨੀ ਸੈ ਕੇ ਉਪਰ ਘੋਤੇ ਦੋਇ ਸਾਲ,
ਲੀਆ ਮੁਲਕ ਅੰਗਰੇਜ਼ ਨੇ ਖੁਦ ਕਰ ਕਮਾਲ।
ਕਹਾ ਬੈਨ ਸਿਟਾਟ ਦੀ ਜੋ ਬਤਾ,
ਸਿੰਘੋ ਕੀ ਹਮਾਰੀ ਸ਼ਿਕਸ਼ਤੋਂ ਫ਼ਤਾ।
ਕੀਆ ਕਾਨ੍ਹ ਸਿੰਘ ਜੰਗਨਾਮਾ ਤਮਾਮ,
ਮੈਂ ਕਰਤਾ ਹੂੰ ਸਭ ਸ਼ਾਇਰੋ ਕੋ ਸਲਾਮ।[35]

ਬੈਨਸਿਟਾਟ, ਜਲੰਧਰ ਦਾ ਡੀ.ਸੀ. ਇਕ ਅੰਗਰੇਜ਼ ਸੀ। ਜਿਸਦੇ ਕਹਿਣ ਤੇ ਭਾਈ ਕਾਨ੍ਹ ਸਿੰਘ, ਬੰਗਾ ਨੇ ਇਹ ਜੰਗਨਾਮਾ 1902 ਬਿਕਰਮੀ ਨੂੰ ਲਿਖਿਆ। ਜੰਗਨਾਮੇ ਦੀ ਲਿਖਤ ਤੋਂ ਇਸ ਪ੍ਰਕਾਰ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਕਵੀ ਨੇ ਆਪਣਾਜੰਗਨਾਮਾ ਸ਼ਾਹ ਮੁਹੰਮਦ ਤੋਂ ਬਾਅਦ ਤੇ ਉਸ ਤੋਂ ਜਾਣੂ ਹੋ ਕੇ ਲਿਖਿਆ ਹੁੰਦਾ ਹੈ। ਪਰ ਇਹ ਕਵੀ ਸ਼ਾਹ ਮੁਹੰਮਦ ਨਾਲੋਂ ਸੰਨ 1845 -46 ਦੀ ਰਣ-ਭੂਮੀ ਦੇ ਜ਼ਿਆਦਾ ਲਾਗੇ ਦਾ ਵਸਨੀਕ ਹੋਣ ਕਰਕੇ ਜਾਂ ਹੋਰ ਕਿਸੇ ਕਾਰਣ ਕਰਕੇ ਮੁਦਕੀ, ਫੇਰੂ ਸ਼ਹਿਰ ਅਤੇ ਸਭਰਾਵਾਂਟੀਆਂ ਜੰਗਾਂ ਵਿਚ ਸ਼ਹੀਦ ਹੋਏ ਸਿੰਘਾਂ ਦੇ ਨਾਮ ਸ਼ਾਹ ਮੁਹੰਮਦ ਅਤੇ ਮਟਕ ਦੀਆਂ ਰਚਨਾਵਾਂ ਨਾਲੋਂ ਜ਼ਿਆਦਾ ਦਿੰਦਾ ਹੈ। ਕਵੀ ਨੇ ਤੇਜ ਸਿੰਘ ਗਦਾਰ ਬਾਰੇ ਇਸ ਤਰ੍ਹਾਂ ਲਿਖਿਆ ਹੈ:-

ਨਾ ਹੋਤੀ ਸੁਸਤੀ ਜੋ ਸਿੰਘ ਤੇਜ ਕੀ,
ਰਹੀ ਥੀ ਨਾ ਬਾਕੀ ਤੋ ਅੰਗਰੇਜ਼ ਕੀ।

-----

ਮਿਲੇ ਉਨ ਕੇ ਮਾਲਿਕ ਜੋ ਅੰਗਰੇਜ਼ ਸੇ,
ਦਗਾ ਕਰਾ ਕੇ ਮਰਵਾਏ ਫ਼ਰਫੇਜ ਸੇ।[36]

ਜੰਗਨਾਮਾ ਦਿੱਲੀ ਕ੍ਰਿਤ ਖਜ਼ਾਨ ਸਿੰਘ:-

ਜੰਗਨਾਮਾ ਦਿੱਲੀ' ਦਾ ਲੇਖਕ ਕਵੀ ਖਜ਼ਾਨ ਸਿੰਘ ਪਟਿਆਲਾ ਰਿਆਸਤ ਦਾ ਵਸਨੀਕ ਸੀ। ਇਹ ਰਚਨਾ ਕਵੀ ਦੁਆਰਾ 1915 ਬਿ. ਅਰਥਾਤ 1858 ਈ: ਵਿਚ ਗਦਰ ਤੋਂ ਤੁਰੰਤ ਬਾਅਦ ਲਿਖੀ ਗਈ ਸੀ। ਇਸ ਜੰਗਨਾਮੇ ਦਾ ਮੁਕੰਮਲ ਹਥ ਲਿਖਤ ਖਰੜਾ

ਮੋਤੀ ਮਹੱਲ ਲਾਇਬਰੇਰੀ ਪਟਿਆਲਾ ਵਿਚ ਮੌਜੂਦ ਹੈ।[37]

ਇਹ ਜੰਗਨਾਮਾ ਇਕ ਇਤਿਹਾਸਕ ਦਸਤਾਵੇਜ਼ ਦੇ ਤੌਰ ਤੇ ਮਹੱਤਵਪੂਰਨ ਹੈ। ਇਸ ਵਿਚ ਗਦਰ ਦੇ ਸਮੇਂ ਦਾ ਪੰਜਾਬ ਦਾ ਸਮਾਜਿਕ ਇਤਿਹਾਸ ਠੀਕ ਬਿਆਨ ਕੀਤਾ ਗਿਆ ਹੈ। ਇਸ ਜੰਗਨਾਮੇ ਵਿਚ ਕਵੀ ਨੇ ਗਦਰ ਦੇ ਸਮੇਂ ਦੀ ਪੰਜਾਬ ਦੀ ਜਨਤਾ ਦੀ ਮਾਨਸਿਕ ਅਵਸਥਾ, ਜਿਹੜੀ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਵਿਚ ਆਪਣੀ ਹਾਰ ਉਪਰੰਤ ਨਿਰਾਸਤਾ ਵਿਚੋਂ ਲੰਘ ਰਹੀ ਸੀ, ਦਾ ਵਰਣਨ ਕੀਤਾ ਹੈ।

ਇਸ ਜੰਗਨਾਮੇ ਦੀ ਖੂਬੀ ਇਸ ਦੀਆਂ ਇਸ ਗਦਰ ਬਾਰੇ ਉਹ ਘਟਨਾਵਾਂ ਹਨ, ਜੋ ਕਿਸੇ ਹੋਰ ਲਿਖਾਰੀ ਨੇ ਕਲਮਬੰਦ ਨਹੀਂ ਕੀਤੀਆਂ। ਕਵੀ ਨੇ ਇਸ ਗਦਰ ਦਾ ਹਾਲ ਬੜੇ ਸੰਕੋਚ ਨਾਲ, ਪਰ ਅਸਰ ਭਰਪੂਰ ਸ਼ਬਦਾਂ ਵਿਚ ਕੀਤਾ ਹੈ।

ਉਪਰੋਕਤ ਜੰਗਨਾਮਿਆਂ ਦੇ ਵਰਣਨ ਤੋਂ ਬਿਨਾਂ ਇਸ ਕਾਲ ਵਿਚ ਕੁਝ ਹੋਰ ਕਵੀਆਂ ਨੇ ਵੀ ਜੰਗਨਾਮੇ ਰਚੇ ਜਿਨ੍ਹਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ:-

ਡਾ. ਜੀਤ ਸਿੰਘ ਸੀਤਲ ਨੇ 'ਪੰਜਾਬੀ ਸਾਹਿਤ ਦੇ ਇਤਿਹਾਸ' ਵਿਚ ਉਨ੍ਹੀਵੀਂ ਸਦੀ ਵਿਚ ਹੋਏ ਹੇਠ ਲਿਖੇ ਮੁਸਲਮਾਨੀ ਜੰਗਨਾਮਿਆਂ ਦਾ ਵਰਣਨ ਕੀਤਾ ਹੈ।[38]

ਇਸ ਸਦੀ ਵਿਚ ਕਵੀ ਮੁਹੰਮਦ ਬਖਸ਼ ਦੁਆਰਾ 'ਜੰਗਨਾਮਾ ਉਮਰ' ਰਚਿਆ ਗਿਆ। ਇਸ ਤੋਂਇਲਾਵਾ 1227 ਹਿਜ਼ਰੀ ਅਰਥਾਤ 1815 ਈ: ਵਿਚ ਹਾਤਮ ਅਲੀ ਡਸਕਾ, ਜੋ ਕਿ ਸਿਆਲਕੋਟ ਦਾ ਰਹਿਣ ਵਾਲਾ ਸੀ ਨੇ 'ਜੰਗਨਾਮਾ ਇਮਾਮ ਅਲੀ ਉਲਹੱਕ ਲਿਖਿਆ ਜਿਸਦੇ 420 ਸ਼ਿਅਰ ਹਨ।

ਗੁਲਾਮ- ਮੁਸਤਫ਼ਾ ਨੇ 'ਜੰਗਨਾਮਾ ਇਮਾਮ ਅਲੀ' 1238 ਹਿਜਰੀ ਅਰਥਾਤ 1825 ਈ: ਵਿਚ ਲਿਖਿਆ। ਇਸ ਕਵੀ ਦਾ ਜਨਮ ਜ਼ਿਲਾ ਗੁਰਦਾਸਪੁਰ ਦੇ ਇਕ ਪਿੰਡ ਚੱਕ ਗਾਜ਼ੀਆ ਵਿਚ 1751 ਵਿਚ ਹੋਇਆ ਤੇ ਕੋਟਲੀ ਲੁਹਾਰਾਂ ਵਿਚ ਰਿਹਾ। ਇਸ ਦੀ ਮੌਤ 1870 ਈ: ਵਿਚ ਹੋਈ।

ਅਹਿਮਦਯਾਰ, ਜੋ ਕਿ ਇਕ ਪ੍ਰਸਿੱਧ ਕਿੱਸਾਕਾਰ ਹੋਇਆ, ਨੇ ਵੀ ਕੁਝ ਕੁ ਜੰਗਨਾਮੇ ਲਿਖੇ ਜਿਨ੍ਹਾਂ ਵਿਚ 'ਜੰਗਖ਼ਦਰ', 'ਜੰਗ ਉਹਦਿ', ' ਜੰਗ ਖੰਦਕ' ਆਦਿ ਮਸ਼ਹੂਰ ਹਨ। ਇਸ ਕਵੀ ਨੇ 'ਜੰਗਨਾਮਾ ਇਮਾਮ ਅਲੀ ਤੇ 'ਜੰਗਨਾਮਾ ਹਸਨ ਹੁਸੈਨ' ਵਲ ਵੀ ਕਈ

ਬਾਵਾਂ ਤੇ ਸੰਕੇਤ ਕੀਤਾ ਹੈ।

ਜਾਨ ਮੁਹੰਮਦ ਇਸ ਸਮੇਂ ਦਾ ਇਕ ਹੋਰ ਕਵੀ ਹੋਇਆ ਜਿਸਨੇ ਇਕ ਰਚਨਾ ਪੰਜਾਬੀ ਵਿਚ ਹੀ 'ਨਾਦਰਸ਼ਾਹ ਦੀ ਵਾਰ' ਦੀ ਤਰਜ਼ ਤੇ ਲਿਖੀ ਸੀ। ਇਹ ਕਵੀ ਪਿੰਡ ਬੇਗੋਵਾਲ, ਜ਼ਿਲਾ ਸਿਆਲਕੋਟ ਦਾ ਰਹਿਣ ਵਾਲਾ ਸੀ।

ਮੀਆਂ ਕਰੀਮ ਬਖਸ਼ 'ਬਦਰ' ਜਿਨ੍ਹਾਂ ਦੀ ਮੌਤ 1810 ਈ: ਵਿਚ ਹੋਈ ਨੇ, 'ਜੰਗਨਾਮਾ ਹਜ਼ਰਤ ਅਲੀ' ਲਿਖਿਆ ਜੋ ਕਿ ਇਕ ਮਸ਼ਹੂਰ ਰਚਨਾ ਸੀ। ਅਗੁੜਾ ਰਾਇ ( 1818-1880 ਈ:) ਨੇ ਵੀ 'ਇਮਾਮ ਹੁਸੈਨ' ਦੇ ਕੁਝ ਮਰਸੀਏ ਲਿਖੇ ਹਨ। ਰਹੀਮ ਯਾਦ ( 1851-1903) ਨੇ ਵੀ ਬਹੁਤ ਸਾਰੇ ਸ਼ਿਅਰ 'ਇਮਾਮਾਂ ਦੀ ਸ਼ਹਾਦਤ' ਸੰਬੰਧੀ ਲਿਖੇ ਹਨ।

ਨੂਰ ਅਹਿਮਦ ਚਿਸ਼ਤੀ ਨੇ ਕਰਬਲਾ ਦੇ ਮੈਦਾਨ ਨਾਲ ਸੰਬੰਧਿਤ ਇਕ ਸ਼ਿਹਰਫੀ ਲਿਖੀ। ਇਸ ਵਿਚ ਉਸਨੇ ਇਮਾਮ ਹੁਸੈਨ ਦੀ ਕਰਬਲਾ ਵਿਖੇ ਹੋਈ ਸ਼ਹਾਦਤ ਦਾ ਹਾਲ ਬਹੁਤ ਹੀ ਦਰਦਨਾਕ ਸ਼ਿਅਰਾਂ ਵਿਚ ਰਚਿਆ ਹੈ। ਇਹ ਰਚਨਾ 1860 ਈ: ਵਿਚ ਲਾਹੌਰ ਵਿਖੇ ਛਪੀ।

ਇਸ ਸਦੀ ਵਿਚ ਮੀਰਾ ਮਿਰਾਸੀ ਨੇ 'ਇਕ ਪਉੜੀ ਰਚੀ' ਹੈ। ਜਿਸ ਵਿਚ ਸ਼ੇਰ ਦੇ ਸ਼ਿਕਾਰ ਦੀ ਵਿਥਿਆ ਵਰਣਿਤ ਹੈ। ਇਸਤੋਂ ਇਲਾਵਾ ਭਕੜ ਦੇ ਫਿਰੋਜ਼ ਕਵੀ, ਜਿਸਦੀ ਮੌਤ 1889 ਈ: ਵਿਚ ਹੋਈ ਨੇ 'ਇਕ ਮਰਸੀਆ ਰਾਗ ਆਸਾ ਵਿਚ ਲਿਖਿਆ ਜੋ ਕਿ ਇਮਾਮ ਹੁਸੈਨ ਦੀ ਸਾਹਬਜ਼ਾਦੀ ਸ਼ਕੀਨਾਂ ਦੀ ਮੌਤ ਸੰਬੰਧੀ ਹੈ।

ਇਹਨਾਂ ਰਚਨਾਵਾਂ ਦੇ ਰਚਨਾਕਾਲ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਆਖਿਆ ਜਾ ਸਕਦਾ ਪਰੰਤੂ ਇਹਨਾਂ ਰਚਨਾਵਾਂ ਦੇ ਰਚਨਹਾਰਿਆਂ ਦੇ ਕਾਲ ਅਤੇ ਰਚਨਾ ਵਿਚ ਮਿਲਦੇ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਇਹ ਰਚਨਾਵਾਂ ਉਨ੍ਹੀਵੀਂ ਸਦੀ ਦੀਆਂ ਹੀ ਹਨ।

ਜੰਗਨਾਮਾ ਕਾਵਿ ਰੂਪ ਨੇ ਪੰਜਾਬੀ ਕਾਵਿ ਜਗਤ ਵਿਚ ਉਹ ਸਥਾਨ ਨਹੀਂ ਬਣਾਇਆ ਜੋ ਵਾਰ-ਕਾਵਿ ਰੂਪ ਨੇ ਬਣਾਇਆ ਹੈ। ਕਿਉਂਕਿ ਇਹ ਪੰਜਾਬੀ ਜੀਵਨ ਦੇ ਅਨੁਕੂਲ ਨਹੀਂ ਹੈ। ਉਤਸ਼ਾਹ ਦੀ ਘਾਟ ਜੰਗਨਾਮੇ ਨੂੰ ਪੰਜਾਬੀ ਸੁਭਾਅ ਤੋਂ ਦੂਰ ਲੈ ਜਾਂਦੀ ਹੈ। ਚੰਗੇ ਕਵੀ ਦਾ ਲਿਖਿਆ ਹੋਇਆ ਜੰਗਨਾਮਾ ਕਦੇ ਕਦੇ ਲੋਕ ਮਨਾਂ ਵਿਚ ਆਪਣਾ

PANJAB UNIVERSITY LIBRARY

541620

ਵਿਸ਼ੇਸ਼ ਸਥਾਨ ਬਣਾਉਣ ਦੇ ਸਮਰਥ ਹੋ ਜਾਂਦਾ ਹੈ, ਜਿਵੇਂ ਸ਼ਾਹ ਮੁਹੰਮਦ ਦੇ ਲਿਖੇ ਜੰਗਨਾਮੇ, ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਦਾ ਲੋਕ ਮਨਾਂ ਵਿਚ ਵਸ ਜਾਂਦਾ ਹੈ।

ਉਨ੍ਹੀਵੀਂ ਸਦੀ ਦੇ ਆਰੰਭ ਵਿਚ ਪੰਜਾਬ ਵਿਚ ਸਿੱਖ ਰਾਜ ਸਥਾਪਿਤ ਸੀ ਅਤੇ ਪੰਜਾਬੀ ਰਚਨਾਵਾਂ ਲਿਖਣ ਵਾਲਿਆਂ ਨੂੰ ਇਨਾਮ/ਇਕਰਾਮ ਆਦਿ ਦਿੱਤੇ ਜਾਂਦੇ ਸਨ ਜਿਵੇਂ ਕਾਦਰਯਾਰ ਨੂੰ ਪੂਰਨ ਭਗਤ ਦਾ ਕਿੱਸਾ ਬਣਾਉਣ ਤੇ ਇਕ ਖੂਹ ਇਨਾਮ ਵਜੋਂ ਮਿਲਿਆ।

> ਪੂਰਨ ਭਗਤ ਦੀ ਗੱਲ ਸੁਣਾਇਕੇ ਜੀ,
> ਇਕ ਖੂਹ ਇਨਾਮ ਲਿਖਾਇਆ ਮੈਂ।[39]

ਇਸ ਸਮੇਂ ਕੁਝ ਗਿਣਤੀ ਵਿਚ ਜੰਗਨਾਮਾ-ਕਾਵਿ ਰਚਿਆ ਗਿਆ ਪਰੰਤੂ 1849-50 ਤੋਂ ਬਾਅਦ ਜਦੋਂ ਪੰਜਾਬ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਹੋ ਗਈ ਤਾਂ ਜੰਗਨਾਮਾ ਕਾਵਿ ਰਚਣ ਦੀ ਪ੍ਰਕ੍ਰਿਆ ਵੀ ਘੱਟ ਹੋ ਗਈ। ਜਿਸ ਸਮੇਂ 1857 ਦਾ ਗਦਰ ਮੱਧਮ ਪੈ ਗਿਆ, ਉਸ ਸਮੇਂ ਤਾਂ ਇਸ ਤਰ੍ਹਾਂ ਜਾਪਣ ਲਗ ਪਿਆ ਸੀ ਕਿ ਪੰਜਾਬੀਆਂ ਨੂੰ ਹੁਣ ਜੰਗਨਾਮਾ-ਕਾਵਿ ਦੀ ਵਧੇਰੇ ਲੋੜ ਨਹੀਂ ਰਹੀ, ਕਿਉਂਕਿ ਪੰਜਾਬੀ ਕੌਮ ਆਪਣੇ ਆਗੂਆਂ ਦੀ ਬੇਵਫ਼ਾਈ ਦਾ ਸ਼ਿਕਾਰ ਹੋ ਕੇ ਅੰਗਰੇਜ਼ਾਂ ਨਾਲ ਦੂਜੀ ਵੱਡੀ ਲੜਾਈ ਹਾਰ ਜਾਣ ਉਪਰੰਤ ਪੂਰਨ ਤੌਰ ਤੇ ਗੁਲਾਮ ਹੋ ਗਈ।

ਅੰਗਰੇਜ਼ਾਂ ਨੇ ਆਪਣੀ ਦੂਰਅੰਦੇਸ਼ੀ ਤੇ ਰਾਜਨੀਤਕ ਪ੍ਰਬੀਨਤਾ ਤੇ ਪ੍ਰਤਿਭਾ ਦੇ ਬਲਬੂਤੇ ਸਿੱਖ ਰਾਜ ਨਾਲ ਨੇੜਿਉਂ ਸੰਬੰਧਿਤ ਰਹੇ ਕੁਝ ਬਚੇ ਸਰਦਾਰਾਂ ਨੂੰ ਨਿੱਜੀ ਸਹੂਲਤਾਂ ਤੇ ਜਗੀਰਾਂ ਨਾਲ ਮਾਲੋਮਾਲ ਕਰਕੇ ਸਦਾ ਲਈ ਆਪਣੇ ਪਿਛੇ ਲਾ ਲਿਆ। ਸਿੱਖ ਰਾਜ ਦੁਰਾਨ ਲੰਮੀ ਜੱਦੋਜਹਿਦ ਭੋਗਣ, ਨਿੱਤ ਦੀਆਂ ਜੰਗਾਂ ਅਤੇ ਹਫੜਾਦਫੜੀ ਦੇ ਅੱਕੇ ਇਹ ਸਰਦਾਰ ਘਰਾਣੇ ਨਿੱਜੀ ਸਹੂਲਤਾਂ ਤੇ ਸ਼ਾਨੋ-ਸ਼ੌਕਤ ਬਰਕਰਾਰ ਰਹਿਣ ਦੇ ਲਾਲਚਵੱਸ ਪੂਰਨ ਭਾਂਤ ਖਾਮੋਸ਼ ਹੋ ਕੇ ਰਹਿ ਗਏ। ਸਾਧਾਰਨ ਜਨਤਾ ਨੂੰ ਬੜੀ ਦੇਰ ਪਿੱਛੋਂ ਅੰਗਰੇਜ਼ੀ ਰਾਜ ਅੰਦਰ ਟਿੱਕ ਕੇ, ਸ਼ਾਂਤੀ ਭਰੇ ਮਾਹੌਲ ਵਿਚ ਜਿਉਣ ਦਾ ਅਵਸਰ ਮਿਲਿਆ ਸੀ। ਉਹਨਾਂ ਨੇ ਅੰਗਰੇਜ਼ ਪਾਤਸ਼ਾਹ ਦੀ ਰਿਆਇਆ ਬਣ ਕੇ ਸੁੱਖ ਤੇ ਸਕੂਨ ਮਹਿਸੂਸ ਕੀਤਾ। ਨਵੇਂ ਹਾਕਮਾਂ ਦੁਆਰਾ ਪੰਜਾਬ ਅੰਦਰ ਸੜਕਾਂ ਦਾ ਜਾਲ ਵਿਛਾਉਣਾ, ਸਿੰਜਾਈ ਲਈ ਨਹਿਰਾਂ ਖੋਦਣੀਆਂ ਡਾਕਖਾਨੇ ਤੇ ਰੇਲਵੇ ਦੀ ਸਹੂਲਤ, ਚੋਰਾਂ-ਡਾਕੂਆਂ ਤੋਂ ਹਿਫ਼ਾਜਤ ਜਿਹੇ ਠੋਸ ਪ੍ਰਬੰਧ ਨੇ ਆਮ

ਜਨਤਾ ਦਾ ਦਿਲ ਖਿੱਚ ਲਿਆ। ਸਿੱਟੇ ਵਜੋਂ ਉਹ ਅੰਗਰੇਜ਼ ਰਾਜ ਦੀਆਂ ਬਰਕਤਾਂ ਦੇ ਸੋਹਲੇ ਗਾਉਣ ਲੱਗੇ।

ਨੌਜਵਾਨਾਂ ਨੂੰ ਪੁਲਿਸ ਅਤੇ ਫੌਜ ਵਿਚ ਭਰਤੀ ਕੀਤਾ ਜਾਣ ਲੱਗਿਆ। ਜਿਸ ਨਾਲ ਉਹਨਾਂ ਦੀ ਆਰਥਕ ਹਾਲਤ ਦੇ ਸੁਧਾਰਨ ਨਾਲ ਜਵਾਨੀ ਦੇ ਜੋਸ਼ ਨੂੰ ਵੀ ਸੰਭਾਲ ਲਿਆ ਗਿਆ। ਸਿੱਟੇ ਵਜੋਂ ਸੈਂਕੜੇ ਨੌਜਵਾਨ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਕੇ ਸੱਤ-ਸਮੁੰਦਰੋਂ ਪਾਰ ਉਹਨਾਂ ਦੇ ਅਧੀਨ ਦੂਜੀਆਂ ਸਲਤਨਤਾਂ ਵਿਚ ਲੜਨ ਲਈ ਜਾਣ ਲੱਗੇ। ਪਰੰਤੂ ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਸੀ ਕਿ ਸਮੁੱਚਾ ਵਾਤਾਵਰਣ ਹੀ ਸ਼ਾਂਤ ਤੇ ਸਥਿਲ ਹੋ ਚੁੱਕਾ ਸੀ ਸਗੋਂ ਕੁਝ ਦੇਸ਼ ਭਗਤਾਂ ਦੁਆਰਾ ਆਪਣੇ ਗੁਪਤ ਯਤਨਾਂ ਕਾਰਨ ਬਹੁਤ ਸਾਰੇ ਲੋਕ ਉਹਨਾਂ ਦੁਆਰਾ ਵਿਉਂਤਬਧ ਸੰਘਰਸ਼ ਵਿਚ ਵੀ ਸ਼ਾਮਲ ਹੋਣ ਲਗੇ ਸਨ। ਹੁਣ ਉਹ ਆਪਣੀ ਹੋਣੀ ਨੂੰ ਇਕੱਲੇ ਪੰਜਾਬ ਦੇ ਸੰਦਰਭ ਵਿਚ ਵਾਚਣ ਤੇ ਵੇਖਣ ਦੀ ਬਜਾਇ ਪੂਰੇ ਹਿੰਦੋਸਤਾਨ ਨਾਲ ਜੋੜਨ ਲੱਗੇ। ਇੰਜ ਉਹਨਾਂ ਦੇ ਯਤਨ ਪੂਰਨ ਭਾਂਤ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਸੰਮਿਲਤ ਹੋ ਗਏ। ਇਹੀ ਵਜ੍ਹਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਉਠੇ ਹਰੇਕ ਅੰਦੋਲਨ ਵਿਚ ਪੰਜਾਬੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਬੇਸ਼ੁਕ ਇਹ ਅੰਦੋਲਨ ਮੋਰਚਿਆਂ ਦੇ ਰੂਪ ਵਿਚ ਹੋਏ ਜਾਂ ਰਾਜਨੀਤਕ ਲਹਿਰਾਂ ਦੇ ਰੂਪ ਵਿਚ ਹਰੇਕ ਜੱਦੋਜ਼ਹਿਦ ਵਿਚ ਸਮੂਹ ਪੰਜਾਬੀਆਂ ਨੇ ਸ਼ਾਂਤਮਈ ਤਰੀਕੇ ਨਾਲ ਹਿੱਸਾ ਪਾਇਆ, ਚਾਹੇ ਇਸਦੇ ਇਵਜ਼ ਵਿਚ ਉਹਨਾਂ ਨੂੰ ਲਾਠੀਆਂ, ਗੋਲੀਆਂ, ਉਮਰਕੈਦ, ਕਾਲੇਪਾਣੀ ਦੀ ਸਜ਼ਾ ਜਾਂ ਫਾਂਸੀਆਂ ਨਸੀਬ ਹੋਈਆਂ ਹਨ ਇਸੇ ਲਈ ਇਸ ਜੱਦੋਜ਼ਹਿਦ ਦੌਰਾਨ ਬੀਰ ਕਾਵਿ ਦੀ ਰਚਨਾ ਲਗਾਤਾਰ ਹੁੰਦੀ ਰਹੀ ਚਾਹੇ ਉਸ ਦਾ ਰੂਪ ਜੰਗਨਾਮਾ ਜਾਂ ਵਾਰ ਨਾਂ ਹੋ ਕੇ ਭਾਵੇਂ ਕੁਝ ਹੋਰ ਰਿਹਾ ਹੈ। ਇਸ ਚਰਚਾ ਦਾ ਇਹ ਤਾਤਪਰ ਹੈ ਲੋਕਾਂ ਨੂੰ ਸੁਤੰਤਰ ਜੀਵਨ ਦਾ ਅਹਿਸਾਸ ਹੋਣ ਕਰਕੇ ਇਸ ਵੇਲੇ ਗੁਲਾਮੀ ਦੀ ਜੰਜ਼ੀਰ ਦੀ ਜਕੜ ਮਹਿਸੂਸ ਹੋਣ ਲੱਗੀ ਸੀ। ਉਹਨਾਂ ਅੰਦਰ ਉਪਰੋਂ ਸ਼ਾਂਤ ਦਿਸਦੇ ਮਾਹੌਲ ਅੰਦਰ ਅਸੰਤੁਸ਼ਟਤਾ ਦੀ ਭਾਵਨਾ ਵਿਚਰਨ ਲੱਗੀ ਅਤੇ ਚਾਰੇ ਪਾਸੇ ਰਾਜਸੀ ਸਹਿਮ ਛਾ ਗਿਆ। ਇਹ ਸਹਿਮ ਅੰਗਰੇਜ਼ਾਂ ਦੀ ਤਾਕਤ ਦਾ ਸਹਿਮ ਸੀ। ਇਹੀ ਕਾਰਨ ਹੈ ਕਿ ਉਨ੍ਹੀਵੀਂ ਸਦੀ ਦੇ ਪਿੱਛਲੇ ਅੱਧ ਵਿਚ ਬੀਰ-ਕਾਵਿ ਦੀ ਸਿਰਜਣਾ ਵਿਚ 'ਧੀਮੀ ਗਤੀ ਵਿਦਮਾਨ ਰਹੀ ਹੈ।

<u>ਉਤਰ-ਸ਼ਾਹ ਮੁਹੰਮਦ ਜੰਗਨਾਮੇ</u> ( 1901- ਤੋਂ ਹੁਣ ਤੱਕ )

ਵੀਹਵੀਂ ਸਦੀ ਵਿਚ ਆ ਕੇ ਬੀਰ ਸਾਹਿਤ ਨੂੰ ਪ੍ਰਗਟਾਉਣ ਲਈ ਨਵੇਂ ਨਵੇਂ ਕਾਵਿ

ਰੂਪ ਹੋਂਦ ਵਿਚ ਆਏ। ਜਿਥੇ ਪੁਰਾਣੇ ਸਮੇਂ ਵਿਚ ਜੰਗਨਾਮੇ, ਵਾਰਾਂ, ਕਿੱਸਾ-ਕਾਵਿ ਅਤੇ ਹੋਰ ਕਾਵਿ ਨੂੰ ਪ੍ਰਗਟਾਉਣ ਵਾਲੇ ਕਾਵਿ ਰੂਪ ਉਪਲਬਧ ਸਨ,ਉਨ੍ਹਾਂ ਦੀ ਥਾਂ ਦੇਸ਼ ਪਿਆਰ ਦੇ ਜਜ਼ਬੇ ਨਾਲ ਭਰਪੂਰ ਕਵਿਤਾ, ਸਮਾਜਵਾਦੀ ਰੰਗਣ ਵਾਲੀ ਜਾਂ ਅਮਨ ਲਹਿਰ ਤੋਂ ਪ੍ਰਭਾਵਿਤ ਪ੍ਰਗਤੀਵਾਦੀ ਸੁਰ ਵਾਲੀ ਅਤੇ ਪੱਛਮੀ ਵਿਦਵਾਨਾਂ ਦੁਆਰਾ ਪ੍ਰਚਾਰੀ ਤੇ ਪ੍ਰਸਾਰੀ, ਐਬਸਰਡਿਟੀ ਦੇ ਅੰਤਰਗਤ ਪ੍ਰਯੋਗਵਾਦੀ ਰੁਚੀ ਵਾਲੀ ਕਵਿਤਾ ਆਦਿ ਕੁਝ ਕਾਵਿ-ਰੂਪ ਹੋਂਦ ਵਿਚ ਆਏ।

ਇਸੇ ਸਮੇਂ ਪੱਛਮੀ ਸਾਹਿਤਕ ਤਰਜ਼ ਤੇ ਵਾਰਤਕ ਦੇ ਵੀ ਨਵੇਂ ਰੂਪ ਹੋਂਦ ਵਿਚ ਆਏ, ਜਿਵੇਂ ਕਿ ਨਾਵਲ, ਨਾਟਕ, ਕਹਾਣੀ, ਇਕਾਂਗੀ, ਲੇਖ, ਜੀਵਨੀਆਂ, ਸਫਰਨਾਮੇ, ਪੱਤਰਕਾਰੀ ਆਦਿ। ਇਹਨਾਂ ਰਚਨਾਵਾਂ ਵਿਚ ਬੀਰ ਕਾਵਿ ਦੇ ਤੱਤ ਮਿਲਦੇ ਹਨ।

ਰਾਜਨੀਤਕ ਪ੍ਰਸਥਿਤੀਆਂ ਨੇ 1849 ਈ: ਤੋਂ ਬਾਅਦ ਹੀ ਪੰਜਾਬੀਆਂ ਦੇ ਮਨ ਵਿਚ ਇਕ ਜਵਾਲਾ ਜਗਾ ਦਿੱਤੀ ਸੀ, ਪਰ ਹਾਰੀ ਕੌਮ ਕੁਝ ਚਿਰ ਸਿਥੱਲ ਰਹੀ। ਨਾਮਧਾਰੀ ਲਹਿਰ ਨੇ ਸ਼ਾਂਤਮਈ ਅੰਦੋਲਨ ਦਾ ਮਾਰਗ ਨਿਰਧਾਰਿਤ ਕੀਤਾ, ਗੁਰੂ ਪਰੰਪਰਾ ਨੂੰ ਪੁਨਰ-ਪ੍ਰਾਰੰਭ ਕਰਨ ਕਰਕੇ ਉਹ ਪੰਜਾਬ ਦੀ ਮੁੱਖਧਾਰਾ ਤੋਂ ਭਾਵੇਂ ਟੁੱਟ ਗਏ ਪਰ ਤਾਂ ਵੀ ਉਨ੍ਹਾਂ ਦੇ ਆਦਰਸ਼ ਅੱਜ ਤਕ ਦੇਸ਼ ਪਿਆਰ ਨਾਲ ਜੁੜੇ ਹੋਏ ਹਨ। ਉਦੋਂ ਹੀ ਆਰਥਿਕ ਮੰਦਹਾਲੀ ਦੇ ਸ਼ਿਕਾਰ ਬਹੁਤ ਸਾਰੇ ਪੰਜਾਬੀ ਕਾਰੀਗਰ ਅਫ਼ਰੀਕਾ, ਕੈਨੇਡਾ ਤੇ ਅਮਰੀਕਾ ਵਿਚ ਕ੍ਰਿਤ ਦੁਆਰਾ ਕਮਾਈ ਕਰਨ ਲਈ ਪ੍ਰਵਾਸਿਤ ਹੋਏ। ਇਧਰ ਦੇਸ਼ ਵਿਚ ਆਜ਼ਾਦੀ ਪ੍ਰਾਪਤੀ ਦਾ ਵਿਗਲ ਵੱਜਿਆ ਅਤੇ 'ਸੁਤੰਤਰਤਾ ਸਾਡਾ ਜਨਮ-ਸਿੱਧ ਅਧਿਕਾਰ ਹੈ' ਦਾ ਨਾਅਰਾ ਬੁਲੰਦ ਹੋਇਆ। ਪ੍ਰਵਾਸੀ ਪੰਜਾਬੀ ਵੀ ਇਸ ਲਾਗ ਤੋਂ ਨਿਰਲੇਪ ਨਾ ਰਹਿ ਸਕੇ। ਬਦੇਸ਼ ਬੈਠ ਕੇ ਉਹਨਾਂ ਨੇ ਦੇਸ਼ ਦੀ ਆਜ਼ਾਦੀ ਬਾਰੇ ਸਿਰਫ ਸੋਚਿਆ ਹੀ ਨਹੀਂ ਸਗੋਂ ਹਥਿਆਰਬੰਦ ਘੋਲ ਕਰਨ ਲਈ ਆਪਣੇ ਆਪ ਨੂੰ ਸੰਗਠਤ ਵੀ ਕੀਤਾ। ਸ੍ਰ. ਅਜੀਤ ਸਿੰਘ, ਲਾਲਾ ਹਰਦਿਆਲ, ਜਲਾਵਤਨੀ ਕਾਰਣ ਬਾਹਰ ਗਏ ਤਾਂ ਉਨ੍ਹਾਂ ਨੇ ਨਵੇਂ ਵਿਚਾਰਧਾਰਾ ਨਾਲ ਲੈਸ ਤੇ ਆਰਥਿਕ ਤੌਰ ਤੇ ਸਮਰਥ ਭਾਰਤੀਆਂ ਵਿਚ ਆਜ਼ਾਦੀ ਦੀ ਤੜਪ ਜਗਾਈ ਖਾਸ ਕਰਕੇ ਵੈਨਕੋਵਰ (ਕੈਨੇਡਾ) ਵਰਗੇ ਸ਼ਹਿਰਾਂ ਤੋਂ 'ਗਦਰ ਦੀ ਗੂੰਜ' ਨਾਂ ਦਾ ਪਰਚਾ ਗੁਪਤ ਰੂਪ ਵਿਚ ਭਾਰਤ ਆਉਂਦਾ, ਉਸ ਦੀਆਂ ਨਕਲਾਂ ਪੰਜਾਬੀਆਂ ਤੱਕ ਪਹੁੰਚ ਜਾਂਦੀਆਂ। ਇਨ੍ਹਾਂ ਦਾ ਪ੍ਰਮੁੱਖ ਕੇਂਦਰ ਅਮਰੀਕਾ ਵਿਚ 'ਜੁਗਾਂਤਰ ਆਸ਼ਰਮ','ਸਾਨ ਫਰਾਂਸਿਸਕੋ ਵਿਖੇ ਸੀ। ਜਿਥੋਂ ਇਹਨਾਂ ਨੇ ਗਦਰ ਦੀ ਲਹਿਰ ਬੁਲੰਦ ਕੀਤੀ।

ਹਰੇਕ ਅੰਦੋਲਨ ਆਉਣ ਵਾਲੀਆਂ ਨਸਲਾਂ ਉਤੇ ਆਪਣਾ ਪ੍ਰਭਾਵ ਪਾਉਂਦਾ ਰਿਹਾ ਹੈ। ਜੋਤ ਤੋਂ ਜੋਤ ਜਗਦੀ ਰਹੀ ਤੇ ਇਕ ਅੰਦੋਲਨ ਦੀ ਅਸਫਲਤਾ ਦੂਜੇ ਨੂੰ ਜਨਮ ਦਿੰਦੀ ਰਹੀ ਅੰਤ ਇਹਨਾਂ ਅੰਦੋਲਨਾਂ ਦੇ ਫਲਸਰੂਪ ਅਖੀਰ ਅੰਗਰੇਜ਼ ਹਿੰਦੋਸਤਾਨ ਛੱਡਣ ਲਈ ਮਜ਼ਬੂਰ ਹੋ ਗਏ। ਸਿੱਟੇ ਵਜੋਂ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ।

ਵੀਹਵੀਂ ਸਦੀ ਵਿਚ ਦੂਜਾ ਦੌਰ, ਅਕਾਲੀ ਲਹਿਰ ਅਤੇ ਸੁਤੰਤਰਤਾ ਦੀ ਲਹਿਰ ਉਦਭਵ ਹੋਇਆ। ਅਕਾਲੀ ਲਹਿਰ ਦੇ ਮੋਰਚਿਆਂ ਸਮੇਂ ਅਨੇਕਾਂ ਅਗਿਆਤ ਕਵੀ ਬੀਰ-ਰਸੀ ਵਾਰਾਂ ਲਿਖਦੇ, ਪੜ੍ਹਦੇ ਤੇ ਮੋਰਚਿਆਂ ਵਿਚ ਸ਼ਾਮਲ ਹੋ ਰਹੇ ਸ਼ਾਂਤਮਈ ਸਿਪਾਹੀਆਂ ਨੂੰ ਵਿਦਾਇਗੀ ਦਿੰਦੇ ਸਮੇਂ ਇਹ ਬੀਰ ਰਸੀ ਕਵਿਤਾਵਾਂ ਸਟੇਜ ਤੋਂ ਮੋਰਚਾ ਸੰਚਾਲਕ ਦੀ ਨਿਗਰਾਨੀ ਵਿਚ ਗਾਈਆਂ ਜਾਂਦੀਆਂ। ਪੁਰਾਣੇ ਸ਼ਹੀਦਾਂ ਦੀ ਯਾਦ ਦੁਆਈ ਜਾਂਦੀ ਜਿਨਾਂ ਨਾਲ ਉਨ੍ਹਾਂ ਦਾ ਆਪਣੇ ਮਕਸਦ ਵਿਚ ਇਰਾਦਾ ਹੋਰ ਦ੍ਰਿੜ ਹੋ ਜਾਣਾ ਸੀ। ਇਸ ਦੌਰ ਵਿਚ ਹਜ਼ਾਰਾ ਸਿੰਘ ਗੁਰਦਾਸਪੁਰੀ, ਤੇ ਹਰਸਾ ਸਿੰਘ ਚਾਤਰ ਬੀਰ ਕਾਵਿ ਦੇ ਪ੍ਰਤੀਨਿਧ ਬਣ ਕੇ ਨਿਤਰੇ। ਉਸਤਾਦ ਕਵੀ ਵਿਧਾਤਾ ਸਿੰਘ ਤੀਰ ਇਹਨਾਂ ਦੀ ਅਗਵਾਈ ਕਰਦੇ ਹਨ। ਗੁਰੂ ਦੇ ਬਾਗ ਜਾਣ ਵਾਲੇ ਸ਼ਾਂਤਮਈ ਅਕਾਲੀ ਜੱਥਿਆਂ ਉਤੇ ਫ਼ਰੰਗੀ ਪੁਲਿਸ ਵਲੋਂ ਜ਼ੁਲਮੀ ਢੰਗ ਨਾਲ ਲਾਠੀਚਾਰਜ ਕਰਨ ਤੇ ਵਿਧਾਤਾ ਸਿੰਘ ਤੀਰ ਆਖਦਾ ਹੈ:

ਤੈਨੂੰ ਮਾਣ ਹੈ ਜਾਬਰਾ ਗੋਲੀਆਂ ਤੇ,
ਜੇਲ੍ਹਾਂ ਚੱਕੀਆਂ ਤੇ, ਤੇਜ਼ ਕਾਤੀਆਂ ਤੇ।
ਸਾਨੂੰ ਮਾਣ ਹੈ ਸਬਰ ਦੀ ਤੇਗ ਉਤੇ,
ਤੀਰ ਝਲਨੇ ਵਾਲੀਆਂ ਛਾਤੀਆਂ ਤੇ।[40]

ਇਥੋਂ ਤਕ ਕਿ ਆਧੁਨਿਕ ਅਖਵਾਏ ਜਾਂਦੇ ਕਵੀ ਪ੍ਰੋਫੈਸਰ ਮੋਹਨ ਸਿੰਘ ਨੇ ਵੀ 'ਸਾਹਿਬ ਕੌਰ ਦੀ ਵਾਰ' ਅਤੇ 'ਬਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ, ਪੈਰ ਧਰਨ ਦੇ ਮੈਨੂੰ ਰਕਾਬ ਉਤੇ' ਜਿਹੀਆਂ ਬੀਰ-ਰਸ ਭਰਪੂਰ ਕਵਿਤਾਵਾਂ ਦੀ ਸਿਰਜਣਾ ਕੀਤੀ। ਕਵੀ ਨੰਦ ਲਾਲ ਨੂਰਪੁਰੀ ਨੇ 'ਮੈਂ ਵਤਨ ਦਾ ਸ਼ਹੀਦ ਹਾਂ' ਰਚੀ। ਉਸ ਸਮੇ ਬੀਰਤਾ ਭਰਪੂਰ ਸਾਹਿਤ ਰਚਣ ਦੇ ਨਾਲ ਨਾਲ ਫ਼ਰੰਗੀ ਨੂੰ ਸ਼ਰਮਸ਼ਾਰ ਕਰਨ ਲਈ ਵੀ ਕਵਿਤਾ ਰਚੀ ਗਈ। ਮਿਸਾਲ ਵਜੋਂ:-

ਕਰ ਖਾਂ ਯਾਦ ਸਤਵੰਤਾ ਦਾ ਗ਼ਦਰ ਪਹਿਲੇ

ਅਸੀਂ ਪੱਖ ਤੇਰੇ ਜੇ ਨਾ ਛੱਬ ਜਾਂਦੇ,
ਫਿਨਾ ਪਾਣੀਓਂ ਪੂਰਬ ਦੇ ਰਹਿਣ ਵਾਲੇ
ਵਾਂਗ ਛੋਲਿਆਂ ਦੇ ਤੈਨੂੰ ਚੱਬ ਜਾਂਦੇ। 41

ਅਤੇ

ਤੇਰਾ ਫਸਤਾ ਹੀ ਜਰਮਨ ਮੁਕਾ ਦਿੰਦਾ
ਜੇਕਰ ਖਾਲਸਾ ਛਾਤੀਆਂ ਡਾਹੁੰਦਾ ਨਾ।
ਸਭ ਮੁੱਕ ਜਾਂਦਾ ਜ਼ੋਰ ਜ਼ੁਲਮ ਤੇਰਾ,
ਅੱਜ ਗੋਲੀਆਂ ਸਾਨੂੰ ਵਖਾਵਦਾ ਨਾ। 42

ਪੂਰਬ ਸੁਤੰਤਰਤਾ ਦੇ ਇਸੇ ਕਾਲ ਵਿਚ ਗਿਆਨੀ ਸੋਹਣ ਸਿੰਘ ਸੀਤਲ (ਢਾਡੀ) ਨੇ 'ਗੱਡੀ ਭਰ ਕੇ ਸਪੈਸ਼ਲ ਟੋਰੀ , ਅੰਮ੍ਰਿਤਸਰ ਸ਼ਹਿਰ ਦੇ ਵਿਚੋਂ' ਨਾਮੀ ਗੀਤ ਨੂੰ ਗਾਇਆ। ਇਹ ਗੀਤ ਸਾਰੇ ਪੰਜਾਬ ਵਿਚ ਗੂੰਜਦਾ ਰਿਹਾ। ਸੁਤੰਤਰਤਾ ਸੰਗਰਾਮ ਸਮੇ ਸ਼ਹੀਦ ਭਗਤ ਸਿੰਘ ਤੇ ਸਰਦਾਰ ਊਧਮ ਸਿੰਘ ਬੀਰ ਕਾਵਿ ਦੇ ਪ੍ਰਮੁੱਖ ਨਾਇਕ ਬਣ ਗਏ। ਭਗਤ ਸਿੰਘ ਦੀ ਘੋੜੀ ਗਾਂਵਦੇ ਲੋਕ ਭਾਵੁਕ ਹੋ ਜਾਂਦੇ ਸਨ। ਉਸਨੇ ਹਥਿਆਰਬੰਦ ਕ੍ਰਾਂਤੀ ਦਾ ਸੰਦੇਸ਼ ਦਿੱਤਾ ਜੋ ਗਾਂਧੀ ਜੀ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਸੀ ਖਾਂਦਾ। 'ਜਲ੍ਹਿਆਂ ਵਾਲੇ ਬਾਗ ਦਾ ਸਾਕਾ ਪੰਜਾਬ ਦੇ ਸੁਤੰਤਰਤਾ ਸੰਗਰਾਮੀ ਇਤਿਹਾਸ ਦਾ ਇਕ ਲਹੂ ਭਿੱਜਾ ਪੰਨਾ ਹੈ। ਇਸ ਨਾਲ ਸਾਰਾ ਦੇਸ਼ ਹਲੂਣਿਆ ਗਿਆ। ਇਸ ਕਤਲੇਆਮ ਨੂੰ ਅੰਗਰੇਜ਼ਾਂ ਦੀ ਸੁਪਰੀਮ ਅਦਾਲਤ ਨੇ ਵੀ ਅਣ-ਮਨੁੱਖੀ ਕਾਰਾ ਕਰਾਰ ਦਿੱਤਾ ਅਤੇ ਜਨਰਲ ਡਾਇਰ ਨੂੰ ਮੁਜਰਮ ਸਾਬਤ ਕੀਤਾ। ਜਲ੍ਹਿਆਂ ਵਾਲੇ ਬਾਗ ਵਿਚ ਹੋਏ ਕਤਲਾਮ ਬਾਰੇ ਕਾਂਗਰਸ ਦੀ ਪੜਤਾਲੀਆ ਕਮੇਟੀ ਦੀ ਰੀਪੋਰਟ ਹੰਟਰ ਕਮੇਟੀ ਦੀ ਘੱਟ ਗਿਣਤੀ ਦੀ ਰੀਪੋਰਟ ਨਾਲ ਇਨ-ਬਿਨ ਮਿਲਦੀ ਹੈ। 43 ਜਲ੍ਹਿਆਂ ਵਾਲਾ ਕਤਲਾਮ ਨਿਹੱਥੇ ਅਤੇ ਨਿਰਦੋਸ਼ ਲੋਕਾਂ- ਜਿਨ੍ਹਾਂ ਵਿਚ ਬੱਚੇ ਵੀ ਸ਼ਾਮਲ ਸਨ, ਉਪਰ ਇਕ ਗਿਣਿਆ-ਮਿਥਿਆ ਅਣਮਨੁੱਖੀ ਅਤਿਆਚਾਰ ਸੀ। 44 ਕਈ ਨੌਜਵਾਨਾਂ ਨੇ ਉਦੋਂ ਇਸ ਅਤਿਆਚਾਰ ਦਾ ਬਦਲਾ ਲੈਣ ਦੀਆਂ ਸਹੁੰਆਂ ਚੁੱਕੀਆਂ। ਉਨ੍ਹਾਂ ਵਿਚੋਂ ਕੇਵਲ ਊਧਮ ਸਿੰਘ ਹੀ ਕਾਮਯਾਬ ਹੋ ਸਕਿਆ।

ਸੁਤੰਤਰਤਾ ਪ੍ਰਾਪਤੀ ਉਪਰੰਤ ਪੰਜਾਬੀ ਕਵੀਆਂ ਨੂੰ ਨਵੇਂ ਨਵੇਂ ਵਿਸ਼ੇ ਮਿਲੇ। ਅੰਮ੍ਰਿਤਾ ਪ੍ਰੀਤਮ ਨੇ 'ਮੈਂ ਤਵਾਰੀਖ ਹਾਂ ਹਿੰਦ ਦੀ', ਵੈਰਾਗ ਅਲਾਪਿਆ, ਉਸ ਦੀ ਇਸ ਕਵਿਤਾ ਵਿਚ ਰੋਹ ਦੇ ਭਾਵ ਵੀ ਉਤਪੰਨ ਹੁੰਦੇ ਹਨ। ਕੁਝ ਹੋਰ ਕਵੀਆਂ ਜਿਵੇਂ - ਪ੍ਰੀਤਮ ਸਿੰਘ ਸਫ਼ੀਰ, ਧਨੀ ਰਾਮ ਚਾਤ੍ਰਿਕ, ਫਿਰੋਜ਼ਦੀਨ ਸ਼ਰਫ, ਹਜ਼ਾਰਾ ਸਿੰਘ ਗੁਰਦਾਸਪੁਰੀ, ਆਦਿ ਨੇ ਦੇਸ਼ ਦੀ ਇਸ ਵੰਡ ਤੋਂ ਉਤਪੰਨ ਅਤਿਆਚਾਰ ਬਾਰੇ ਆਪਣੀਆਂ ਕਵਿਤਾਵਾਂ ਰਚੀਆਂ। ਇਸ ਕਾਲ ਵਿਚ ਭਾਰਤ ਨੂੰ ਇਕ ਗਵਾਂਢੀ ਮੁਲਕ ਚੀਨ ਨਾਲ ਯੁੱਧ ਵਿਚ ਉਲਝਣਾ ਪਿਆ। ਇਹ ਯੁੱਧ ਨਮੋਸ਼ੀ ਭਰਿਆ ਸੀ। ਇਸ ਲਈ 1965 ਦੀ ਪਾਕਿਸਤਾਨ ਨਾਲ ਹੋਈ ਜੰਗ ਤੋਂ ਪਹਿਲਾਂ ਪੰਜਾਬੀ ਕਵੀਆਂ ਵਿਚ ਬੀਰ ਰਸੀ ਕਵਿਤਾਵਾਂ ਮੁੜ ਲਿਖਣ ਦੀ ਰਵਾਇਤ ਨੂੰ ਸਰਕਾਰ ਵਲੋਂ ਵੀ ਹੁੰਗਾਰਾ ਮਿਲਣ ਲਗ ਪਿਆ। ਭਾਸ਼ਾ ਵਿਭਾਗ,ਪੰਜਾਬ ਨੇ 1970 ਵਿਚ ਇਕ ਬੀਰ-ਕਾਵਿ ਅੰਕ 'ਪੰਜਾਬੀ ਬੀਰ ਸਾਹਿਤ' ਪ੍ਰਕਾਸ਼ਿਤ ਕੀਤਾ ਜੋ ਇਸ ਦਿਸ਼ਾ ਵਿਚ ਵਡਮੁੱਲਾ ਇਤਿਹਾਸਕ ਦਸਤਾਵੇਜ਼ ਹੈ।

1975 ਈ: ਦੇ ਲਗਭਗ, ਪਹਿਲੀ ਪ੍ਰਗਤੀਵਾਦੀ ਲਹਿਰ ਦੇ ਵਿਗਠਨ ਕਾਰਨ ਉਤਰ ਪ੍ਰਗਤੀਵਾਦੀ ਲਹਿਰ ਹੋਂਦ ਵਿਚ ਆਈ। ਇਸ ਸਮੇਂ (Revolution through bullet) ਸ਼ਸਤਰਬੱਧ ਕ੍ਰਾਂਤੀ ਦਾ ਨਾਅਰਾ ਬੁਲੰਦ ਹੋਇਆ। ਇਸ ਸਮੇਂ ਦੇ ਕਵੀਆਂ ਨੇ ਕੋਈ ਨਾ ਕੋਈ ਜੁਝਾਰੂ ਕਵਿਤਾ ਜ਼ਰੂਰ ਲਿਖੀ।

ਇਸ ਉਤਰ ਪ੍ਰਗਤੀਵਾਦੀ ਲਹਿਰ ਦੀ ਤ੍ਰਾਸਦੀ ਇਹ ਸੀ ਕਿ ਇਸ ਦੀਆਂ ਜੜ੍ਹਾਂ ਲੋਕਾਂ ਵਿਚ ਨਹੀਂ ਸਨ। ਜਨ-ਸਾਧਾਰਣ ਦੀ ਸ਼ਮੂਲੀਅਤ ਤੋਂ ਕੋਰੀ ਇਹ ਲਹਿਰ ਪੂਰਨ ਰੂਪ ਵਿਚ ਪਨਪ ਨਹੀਂ ਸਕੀ।

ਪੰਜਾਬ ਪਿਛਲੇ ਇਕ ਦਹਾਕੇ 1980-90 ਤੋਂ ਧਾਰਮਿਕ, ਰਾਜਨੀਤਕ-ਵਿਤਕਰੇ ਭਰਪੂਰ ਸੰਕਟ-ਗ੍ਰਸਤ ਹੈ। ਕੇਂਦਰ ਪੰਜਾਬੀਆਂ ਦੀਆਂ ਜਾਇਜ਼ ਮੰਗਾਂ ਵਲ ਤਵੱਜੋ ਨਹੀਂ ਦੇ ਰਿਹਾ। ਅਕਾਲੀ ਪਾਰਟੀ ਵਲੋਂ ਆਨੰਦਪੁਰ ਦਾ ਮਤਾ ਪਾਸ ਕੀਤਾ ਗਿਆ, ਜਿਸ ਵਿਚ ਰਾਜਾਂ ਨੂੰ ਖੁਦ-ਅਧਿਕਾਰ ਦੇਣ ਦੀ ਵਕਾਲਤ ਕੀਤੀ ਗਈ। ਪਰ ਭਾਰਤ ਦੀ ਇਕ ਬਹੁ-ਗਿਣਤੀ ਕੌਮ ਨੇ ਇਸਦਾ ਤ੍ਰਿਸਕਾਰ ਕੀਤਾ। ਖਾੜਕੂ ਦਲ ਹੋਂਦ ਵਿਚ ਆਏ। ਨੀਲਾ ਤਾਰਾ ਸਾਕਾ ਅਤੇ 1984 ਦੇ ਦਿੱਲੀ ਕਤਲੇਆਮ ਤੋਂ ਬਾਅਦ ਰੋਹ ਭਰੀ ਕਵਿਤਾ ਨੇ ਜਨਮ ਲਿਆ। ਪਰ ਕਵੀ ਆਪਣੇ ਉਤੇ ਇਸ ਲਹਿਰ ਦਾ ਮੋਹਰੀ ਹੋਣ ਦਾ ਲੇਬਲ ਲਗ ਜਾਣ ਦੇ ਡਰੋਂ ਬੀਰ ਰਸੀ

ਕਵਿਤਾ ਲਿਖਣੋ ਗੁਰੇਜ਼ ਕਰ ਰਹੇ ਹਨ।

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਇਸ ਸਮੁੱਚੇ ਕਾਲ ਵਿਚ ਘੋਰ ਰਸੀ ਕਾਵਿ ਤਾਂ ਜ਼ਰੂਰ ਰਚਿਆ ਗਿਆ ਪਰ ਜੰਗਨਾਮਾ ਕਾਵਿ ਦੀ ਇਸ ਕਾਲ ਵਿਚ ਅਣਹੋਂਦ ਹੀ ਰਹੀ ਹੈ।

****

## ਹਵਾਲੇ ਅਤੇ ਪੈਰ ਟਿਪਣੀਆਂ


1. ਹਾਫ਼ਿਜ਼ ਮਹਿਮੂਦ ਸੀਰਾਨੀ, 'ਪੰਜਾਬ ਵਿਚਉਰਦੂ' ਪੰਨਾ 57-58
2. ਪਿਆਰਾ ਸਿੰਘ ਪਦਮ, 'ਪੰਜਾਬੀ ਵਾਰਾਂ', ਪੰਨਾ 48,49
3. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ' ਪੰਨਾ 224-519
4. ਪੰਜਾਬੀ ਯੂਨੀਵਰਸਿਟੀ ਪਟਿਆਲਾ, 'ਪੰਜਾਬੀ ਸਾਹਿਤ ਕੋਸ਼', ਪੰਨਾ-289
5. ਡਾ. ਅਜਮੇਰ ਸਿੰਘ, 'ਬੀਰ ਕਾਵਿ ਵਿਸ਼ੇਸ਼ ਅੰਕ', ਪੰਨਾ-144
6. ਸ਼ਮਸ਼ੇਰ ਸਿੰਘ ਅਸ਼ੋਕ, 'ਪ੍ਰਾਚੀਨ ਵਾਰਾਂ ਤੇ ਜੰਗਨਾਮੇ', ਪੰਨਾ-11
7. ਡਾ. ਅਜਮੇਰ ਸਿੰਘ, 'ਬੀਰ ਕਾਵਿ ਵਿਸ਼ੇਸ਼ ਅੰਕ', ਪੰਨਾ-144
8. ਸ਼ਮਸ਼ੇਰ ਸਿੰਘ ਅਸ਼ੋਕ, 'ਮੁਕਬਲ', ਪੰਨਾ (ਨ)
9. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ-226
10. 'ਮੁਕਬਲ', ਪੰਨਾ-73
11. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ-227
12. ਡਾ. ਅਜਮੇਰ ਸਿੰਘ, 'ਬੀਰ ਕਾਵਿ ਵਿਸ਼ੇਸ਼ ਅੰਕ', ਪੰਨਾ-146
13. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ-230
14. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-2
15. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ-522
16. ਡਾ. ਗੰਡਾ ਸਿੰਘ, 'ਪੰਜਾਬ ਦੀਆਂ ਵਾਰਾਂ', ਪੰਨਾ 97-127
17. ਉਹੀ, ਪੰਨਾ-110
18. ਉਹੀ, ਪੰਨਾ-89
19. ਉਹੀ, ਪੰਨਾ-165
20. ਉਹੀ, ਪੰਨਾ-167
21. ਸੀਤਾ ਰਾਮ ਕੋਹਲੀ, 'ਵਾਰ ਸ਼ਾਹ ਮੁਹੰਮਦ', ਪੰਨਾ-183
22. ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-20

23. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-16
24. ਉਹੀ, ਪੰਨਾ-17
25. ਉਹੀ, ਪੰਨਾ-3
26. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-35
27. ਉਹੀ, ਪੰਨਾ-25
28. ਉਹੀ, ਪੰਨਾ-2
29. ਉਹੀ, ਪੰਨਾ-3
30. ਉਹੀ, ਪੰਨਾ-28
31. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-3
32. ਡਾ. ਗੰਡਾ ਸਿੰਘ, 'ਪੰਜਾਬ ਦੀਆਂ ਵਾਰਾਂ', ਪੰਨਾ-277
33. ਉਹੀ, ਪੰਨਾ-288
34. ਉਹੀ, ਪੰਨਾ-290
35. ਸ਼ਮਸ਼ੇਰ ਸਿੰਘ ਅਸ਼ੋਕ, ''ਪ੍ਰਾਚੀਨ ਵਾਰਾਂ ਤੇ ਜੰਗਨਾਮੇ', ਪੰਨਾ 249-50
36. ਉਹੀ, ਪੰਨਾ-248
37. ਉਹੀ, ਪੰਨਾ-307
38. ਡਾ. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ 540-41
39. ਪ੍ਰੋ. ਕਿਰਪਾਲ ਸਿੰਘ ਕਸੇਲ, 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ', ਪੰਨਾ 342
40. ਵਿਧਾਤਾ ਸਿੰਘ ਤੀਰ, 'ਤੀਰ ਤਰੰਗ', ਪੰਨਾ-47
41. ਫਿਰੋਜ਼ਦੀਨ ਸ਼ਰਫ, 'ਅਕਾਲੀ ਤੇ ਪਰਦੇਸੀ', 13 ਅਪ੍ਰੈਲ 1924, ਪੰਨਾ-1
42. ਰਤਨ ਸਿੰਘ ਆਜ਼ਾਦ, 'ਅਕਾਲੀ ਮੋਰਚਿਆਂ ਦਾ ਇਤਿਹਾਸ', ਕਿਰਤਜੋਸ਼ ਪੰਨਾ-460
43. ਵੀ.ਐਨ.ਦੱਤ, 'ਜਲ੍ਹਿਆਂ ਵਾਲਾ ਬਾਗ', ਪੰਨਾ-128
44. M. K. Gandhi, 'Autobiography', P-291

****

# ਅਧਿਆਇ ਤੀਜਾ

00

00

00

00

## ਜੰਗਨਾਮਾ ਸ਼ਾਹ ਮੁਹੰਮਦ ਵਿਚ ਇਤਿਹਾਸ ਦਾ ਰੂਪਾਂਤਰਣ

(ੳ) ਇਤਿਹਾਸ ਅਤੇ ਸਾਹਿਤ

(ਅ) ਸ਼ਾਹ ਮੁਹੰਮਦ ਦੀਆਂ ਸਮਕਾਲੀ ਇਤਿਹਾਸਕ ਪ੍ਰਸਥਿਤੀਆਂ ਅਤੇ ਉਨ੍ਹਾਂ ਦਾ ਕਾਵਿ ਕਰਣ

****

(ੲ) ਇਤਿਹਾਸ ਅਤੇ ਸਾਹਿਤ:

ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਨਾਂ ਕੇਵਲ ਸਾਹਿਤਕ ਪੱਖੋਂ ਹੀ ਇਕ ਉਤਕ੍ਰਿਸ਼ਟ ਰਚਨਾ ਹੈ ਸਗੋਂ ਇਹ ਇਤਿਹਾਸਕ ਪੱਖੋਂ ਵੀ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਦੇ ਅੰਗਰੇਜ਼ਾਂ ਅਧੀਨ ਹੋ ਜਾਣ ਦੀਆਂ ਘਟਨਾਵਾਂ ਇਤਿਹਾਸਕ ਪੱਖ ਤੋਂ ਬਹੁਤ ਮਹੱਤਵਪੂਰਨ ਹਨ ਪਰ ਸ਼ਾਹ ਮੁਹੰਮਦ ਦੀ ਰਚਨਾ ਕਿਉਂਕਿ ਇਕ ਸਾਹਿਤਕ ਰਚਨਾ ਹੈ। ਇਸ ਲਈ ਇਸ ਰਚਨਾ ਦੀ ਇਤਿਹਾਸਕ-ਪ੍ਰਮਾਣਿਕਤਾ ਦੀ ਸੀਮਾ ਨਿਰਧਾਰਿਤ ਕਰਨੀ ਜ਼ਰੂਰੀ ਹੈ। ਇਸ ਸੀਮਾ ਨੂੰ ਨਿਰਧਾਰਿਤ ਕਰਨ ਲਈ ਸਾਨੂੰ ਸ਼ਾਹ ਮੁਹੰਮਦ ਦੀ ਰਚਨਾ ਨੂੰ ਇਤਿਹਾਸ ਦੇ ਪ੍ਰਸੰਗ ਵਿਚ ਪਰਖਣਾ ਪਵੇਗਾ।

ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਵਿਚ ਇਤਿਹਾਸ ਚਿਤਰਣ:-

ਸ਼ਾਹ ਮੁਹੰਮਦ ਦੁਆਰਾ ਰਚਿਤ ਜੰਗਨਾਮੇ ਦਾ ਕਥਾਨਕ ਇਤਿਹਾਸਕ ਘਟਨਾਵਾਂ ਨਾਲ ਭਰਪੂਰ ਹੈ। ਇਹ ਕਥਾਨਕ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਲੈ ਕੇ ਪੰਜਾਬ ਦਾ ਅੰਗਰੇਜ਼ੀ ਰਾਜ ਦੇ ਅਧੀਨ ਹੋਣ ਤੱਕ ਫੈਲਿਆ ਹੋਇਆ ਹੈ। ਇਸ ਕਥਾਨਕ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਹਿੱਸੇ ਵਿਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਦੀ ਘਰੇਲੂ ਲੜਾਈ ਤੇ ਅਰਾਜਕਤਾ ਫੈਲਣ ਦਾ ਵਰਣਨ ਮਿਲਦਾ ਹੈ ਅਥਵਾ ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ ਦੇ ਇਤਿਹਾਸਕ ਪਿਛੋਕੜ ਨੂੰ ਬਿਆਨਿਆ ਗਿਆ ਹੈ। ਦੂਸਰੇ ਹਿੱਸੇ ਵਿਚ ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ ਦਾ ਬਿਆਨ ਕਾਵਿ-ਨਿਆਂ ਉਤੇ ਆਧਾਰਿਤ ਹੈ ਅਤੇ ਇਸ ਲੜਾਈ ਦੇ ਸਿੱਟਿਆਂ ਦਾ ਵੀ ਵਰਣਨ ਕੀਤਾ ਗਿਆ ਹੈ। ਇਸ ਤਰ੍ਹਾਂ ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਲਾਹੌਰ ਦਰਬਾਰ ਦੀਆਂ ਸੱਤ ਸਾਲਾਂ ਦੀਆਂ ਇਤਿਹਾਸਕ ਘਟਨਾਵਾਂ ਨੂੰ ਬਿਆਨਿਆ ਹੈ। ਇਹ ਸਾਰੀਆਂ ਘਟਨਾਵਾਂ ਇਤਿਹਾਸ ਦੀਆਂ ਪੁਸਤਕਾਂ ਜਿਵੇਂ ਮੁਨਸ਼ੀ ਸੋਹਣ ਲਾਲ ਦਾ 'ਰੋਜ਼ਨਾਮਚਾ; ਰਣਜੀਤ ਸਿੰਘ', ਗਰਿਫਨ ਦਾ 'ਪੰਜਾਬ ਚੀਫ਼ਸ'।[1] ਕਨਿੰਘਮ ਦਾ 'ਸਿੱਖ ਇਤਿਹਾਸ'[2] ਨਾਲ ਮੇਲ ਖਾਂਦੀਆਂ ਹਨ।

ਸ਼ਾਹ ਮੁਹੰਮਦ ਲਾਹੌਰ ਦਰਬਾਰ ਦੀ ਬੁਰਛਾਗਰਦੀ ਦਾ ਸਾਰਾ ਦੌਰ ਅੱਖੀਂ ਵੇਖਣ

ਦਾ ਦਾਹਵਾ ਕਰਦਾ ਹੈ। ਉਸ ਦਾ ਦਰਬਾਰ ਨਾਲ ਨੇੜੇ ਦਾ ਸੰਬੰਧ ਸੀ ਅਤੇ ਦਰਬਾਰ ਵਿਚ ਵਾਪਰਨ ਵਾਲੀ ਹਰ ਘਟਨਾ ਸੰਬੰਧੀ ਜਾਣਕਾਰੀ ਰੱਖਦਾ ਸੀ। ਇਸ ਗੱਲ ਦੀ ਪੁਸ਼ਟੀ ਉਸ ਦੀਆਂ ਹੇਠ ਲਿਖੀਆਂ ਕਾਵਿ-ਸਤਰਾਂ ਤੋਂ ਹੋ ਜਾਂਦੀ ਹੈ:-

ਸ਼ਾਹ ਮੁਹੰਮਦਾ ਸਭ ਮਾਲੂਮ ਕੀਤੀ,
ਕੀਕੂੰ ਹੋਈ ਸੀ ਦੱਸ ਖਾਂ ਲੁਧਿਆਣੇ।[3]

.... .... ....

ਜਿਹੜੀ ਹੋਈ ਸੋ ਲਈ ਹੈ ਵੇਖ ਅੱਖੀਂ
ਅੱਗੋਂ ਹੋਰ ਕੀ ਬਣਤ ਬਣਾਵਣੀ ਜੀ।[4]

ਸ਼ਾਹ ਮੁਹੰਮਦ ਦੀ ਸੂਝ-ਬੂਝ ਬਾਰੇ ਪ੍ਰੋ. ਸੀਤਾ ਰਾਮ ਕੋਹਲੀ ਕਹਿੰਦੇ ਹਨ ਕਿ "ਕਵੀ ਸ਼ਾਹ ਮੁਹੰਮਦ ਦੀ ਤਾਲੀਮ ਦੇ ਬਾਰੇ ਵੀ ਅਸੀਂ ਉਸ ਦੀ ਰਚਨਾ ਤੋਂ ਬਹੁਤ ਅਨੁਮਾਨ ਲਗਾ ਸਕਦੇ ਹਾਂ। ਉਸ ਦੀ ਬੋਲੀ, ਸ਼ੈਲੀ, ਵਿਸ਼ੇ ਦੀ ਤਰਤੀਬ ਅਤੇ ਦੋ ਚਾਰ ਥਾਵਾਂ ਤੇ ਦਿੱਤੀਆਂ ਪੁਰਾਣੀਆਂ ਇਤਿਹਾਸਕ ਰਵਾਇਤਾਂ ਅਤੇ ਸਮਕਾਲੀ ਇਤਿਹਾਸਕ ਘਟਨਾਵਾਂ ਉਤੇ ਗਹੁ ਕਰਨ ਨਾਲ ਅਸੀਂ ਇਸ ਸਿੱਟੇ ਤੇ ਸਹਿਜੇ ਹੀ ਅਪੜ ਸਕਦੇ ਹਾਂ ਕਿ ਸ਼ਾਹ ਮੁਹੰਮਦ ਅਨਪੜ੍ਹ ਬੰਦਿਆਂ ਵਿਚੋਂ ਨਹੀਂ ਸੀ, ਸਗੋਂ ਉਸਨੇ ਵਿਦਿਆ ਮੁੱਢਲੀ ਉਮਰ ਵਿਚ ਹੀ ਕਿਸੇ ਨਾ ਕਿਸੇ ਪਾਠਸ਼ਾਲਾ ਵਿਚ ਪ੍ਰਾਪਤ ਕੀਤੀ ਹੋਣੀ ਹੈ।"[5]

'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਵਿਚ ਮੰਗਲਾਚਰਣ ਤੋਂ ਮਗਰੋ ਤੀਜੇ ਬੰਦ ਵਿਚ ਪੰਜਾਬ ਦੀ ਸਮਾਜਕ ਤੇ ਸੰਸਕ੍ਰਿਤਕ ਸਥਿਤੀ ਦਾ ਵਰਣਨ ਕੀਤਾ ਹੋਇਆ ਹੈ। ਕਵੀ ਅਨੁਸਾਰ ਪੰਜਾਬ ਦੀਆਂ ਦੋ ਮੁੱਖ ਜਾਤੀਆਂ ਹਿੰਦੂ-ਸਿੱਖ ਤੇ ਮੁਸਲਮਾਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸੁਖ ਪੂਰਵਕ ਵਸਦੀਆਂ ਸਨ। ਪੰਜਵੇਂ ਬੰਦ ਵਿਚ ਰਣਜੀਤ ਸਿੰਘ ਦੀ ਪ੍ਰਸ਼ੰਸਾ ਕੀਤੀ ਗਈ ਹੈ, ਜਿਸਨੇ ਟੋਟੇ ਟੋਟੇ ਹੋਏ ਪੰਜਾਬ ਨੂੰ ਇਕ ਕੇਂਦਰੀ ਸ਼ਕਤੀ ਦੇ ਰੂਪ ਵਿਚ ਸਥਾਪਤ ਕੀਤਾ। ਉਸ ਤੋਂ ਮਗਰੋਂ ਛੇਵੇਂ ਬੰਦ ਵਿਚ ਸ. ਚੇਤ ਸਿੰਘ ਬਾਜਵਾ ਦੇ ਕਤਲ ਦਾ ਬਿਆਨ ਕਰਦਾ ਹੈ। ਜਿਸ ਨਾਲ ਲਾਹੌਰ ਦਰਬਾਰ ਵਿਚ ਤਲਵਾਰ ਦਾ ਦੌਰ ਆਰੰਭ ਹੁੰਦਾ ਹੈ। ਇਹ ਇਤਿਹਾਸ ਪ੍ਰਵਾਨਿਤ ਸੱਚ ਹੈ ਕਿ ਮਹਾਰਾਜਾ ਖੜਕ ਸਿੰਘ ਦੀ ਅਯੋਗਤਾ ਤੇ ਸ. ਚੇਤ ਸਿੰਘ ਬਾਜਵਾ ਦਾ ਦਰਬਾਰ ਦੇ ਕੰਮਾਂ ਵਿਚ ਖੁੱਲ੍ਹਮ-ਖੁੱਲਾ

ਦਖਲ ਦੇਣ ਦੇ ਕਾਰਨ ਕੰਵਰ ਨੌਨਿਹਾਲ ਸਿੰਘ ਨੇ ਦਰਬਾਰ ਦੇ ਸਰਦਾਰਾਂ ਨਾਲ ਮਿਲਕੇ 8 ਅਕਤੂਬਰ 1839 ਈ: ਨੂੰ ਸ. ਚੇਤ ਸਿੰਘ ਬਾਜਵਾ ਨੂੰ ਕਤਲ ਕਰਕੇ, ਮਹਾਰਾਜਾ ਖੜਕ ਸਿੰਘ ਤੋਂ ਰਾਜ-ਭਾਗ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ ਸੀ।[6]

ਮਹਾਰਾਜਾ ਖੜਕ ਸਿੰਘ ਆਪਣੇ ਮਿੱਤਰ ਦੀ ਮੌਤ ਦੇ ਗਮ ਅਤੇ ਬੀਮਾਰੀ ਦਾ ਸਹੀ ਇਲਾਜ ਨਾ ਹੋਣ ਕਾਰਨ 5 ਨਵੰਬਰ 1840 ਈ: ਵਿਚ ਮਰ ਗਿਆ। ਖਾਲਸੇ ਦੇ ਤੋਪਖਾਨੇ ਦਾ ਯੂਰਪੀਅਨ ਕੈਪਟਨ ਇਲੈਗਜਾਂਡਰ ਗਾਰਡਨਰ ਕਹਿੰਦਾ ਹੈ ਕਿ ਤਖਤ ਤੋਂ ਲੱਥਣ ਤੋਂ ਬਾਅਦ ਮਹਾਰਾਜਾ ( ਖੜਕ ਸਿੰਘ ) ਤਕਰੀਬਨ ਨੌਂ ਕੁ ਮਹੀਨੇ ਬੀਮਾਰ ਪਿਆ ਰਿਹਾ। ਇਸ ਸਮੇਂ ਦੌਰਾਨ ਉਸਦੇ ਹਕੀਮ ਉਸ ਨੂੰ ਹੌਲੀ ਹੌਲੀ ਅਸਰ ਕਰਨ ਵਾਲਾ ਜ਼ਹਿਰ ਦੇਂਦੇ ਰਹੇ। ਇਸ ਸਾਜਿਸ਼ ਵਿਚ ਮਹਾਰਾਜੇ ਦਾ ਲੜਕਾ ਵੀ ਰਲਿਆ ਹੋਇਆ ਸੀ, ਜਿਸ ਨੇ ਤਖਤ ਦਾ ਮਾਲਕ ਬਣਨਾ ਸੀ।[7] ਖੜਕ ਸਿੰਘ ਦੀ ਮੌਤ ਦਾ ਕੰਵਰ ਨੌਨਿਹਾਲ ਸਿੰਘ ਕੋਈ ਅਫ਼ਸੋਸ ਨਹੀਂ ਕਰਦਾ।[8] ਸ਼ਾਹ ਮੁਹੰਮਦ ਇਸ ਇਤਿਹਾਸਕ ਤੱਥ ਨੂੰ ਹੇਠ ਲਿਖੀ ਕਾਵਿ-ਪੰਗਤੀ ਵਿਚ ਬਿਆਨ ਕਰਦਾ ਹੈ:-

ਆਈ ਮੌਤ ਨਾ ਅਟਕਿਆ ਇਕ ਘੜੀ,  
ਚੇਤ ਸਿੰਘ ਦੇ ਗਮ ਦੇ ਨਾਲ ਮੋਇਆ।  
ਕੌਰ ਸਾਹਿਬ ਸ਼ਾਹਜ਼ਾਦੇ ਦੀ ਗੱਲ ਸੁਣਕੇ,  
ਜ਼ਰਾ ਦਰਦ ਦੇ ਨਾਲ ਨਾ ਮੂਲ ਰੋਇਆ ।[9]

ਕਵੀ ਨੇ ਮਹਾਰਾਜਾ ਖੜਕ ਸਿੰਘ ਦਾ ਸੰਸਕਾਰ ਕਰਕੇ ਆ ਰਹੇ ਕੰਵਰ ਨੌਨਿਹਾਲ ਸਿੰਘ ਤੇ ਮੀਆਂ ਊਧਮ ਸਿੰਘ ਉਪਰ ਰੋਸ਼ਨੀ ਦਰਵਾਜੇ ਦੀ ਡਾਟ ਦਾ ਡਿੱਗਣਾ, ਕੰਵਰ ਦੀ ਮੌਤ ਦੀ ਖ਼ਬਰ ਸੁਣਕੇ ਮਹਾਰਾਣੀ ਚੰਦ ਕੌਰ ਦਾ ਅਗਲੇ ਦਿਨ ਪੇਕਿਉਂ ਆਉਣਾ ਆਦਿ ਇਤਿਹਾਸਕ ਘਟਨਾਵਾਂ ਦਾ ਨੌਂਵੇਂ, ਦਸਵੇਂ ਤੇ ਗਿਆਰ੍ਹਵੇਂ ਬੰਦ ਵਿਚ ਬਿਆਨ ਕੀਤਾ ਹੈ। ਸ. ਚੇਤ ਸਿੰਘ ਬਾਜਵਾ ਦੀ ਮੌਤ ਤੋਂ ਸਾਲ ਬਾਅਦ ਮਹਾਰਾਜਾ ਖੜਕ ਸਿੰਘ ਸ. ਚੇਤ ਸਿੰਘ ਬਾਜਵਾ ਦੇ ਗਮ ਨਾਲ ਮਰ ਜਾਂਦਾ ਹੈ। ਕਵੀ ਦਾ ਇਹ ਬਿਆਨ ਇਤਿਹਾਸਕ ਸਚਾਈ ਉਤੇ ਆਧਾਰਿਤ ਹੈ।[10] ਕੰਵਰ ਨੌਨਿਹਾਲ ਸਿੰਘ ਅਤੇ ਉਸਦੇ ਦੋਸਤ ਊਧਮ ਸਿੰਘ ਤੇ ਡਾਟ ਡਿੱਗਣ ਦੀ ਘਟਨਾ ਇਤਿਹਾਸਕ ਘਟਨਾ ਹੈ। ਜਿਸ ਵਿਚ ਊਧਮ ਸਿੰਘ ਤਾਂ ਉਸੇ

ਸਮੇ ਮਾਰਿਆ ਗਿਆ ਪਰ ਕੰਵਰ ਨੌਨਿਹਾਲ ਸਿੰਘ ਦੀ ਮਿਰਤੂ ਬਾਅਦ ਵਿਚ ਹੋਈ। ਕੰਵਰ ਦੀ ਮੌਤ ਦੀ ਖ਼ਬਰ ਨੂੰ ਅੱਠ ਪਹਿਰ ਲੁਕਾਈ ਰੱਖਣ ਦੀ ਪੁਸ਼ਟੀ ਕੀਤੀ ਗਈ ਹੈ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਡਾਟ ਡਿੱਗਣ ਦੀ ਘਟਨਾ ਪਿੱਛੇ ਧਿਆਨ ਸਿੰਘ ਦਾ ਹੱਥ ਸੀ।[11] ਪਰ ਪ੍ਰੋ. ਸੀਤਾ ਰਾਮ ਕੋਹਲੀ ਨੇ ਇਸ ਨਾਲ ਸਹਿਮਤੀ ਨਹੀਂ ਪ੍ਰਗਟਾਈ।[12] ਅੰਗਰੇਜ਼ਾਂ ਦੀ ਉਸ ਸਮੇਂ ਦੀ ਖੁਫੀਆ ਰੀਪੋਰਟ ਤੋਂ ਵੀ ਸੰਕੇਤ ਮਿਲਦਾ ਹੈ ਕਿ ਇਹ ਘਟਨਾ ਅਚਾਨਕ ਵਾਪਰੀ।[13] ਲੈਪਿਲ ਗਰਿਫਨ ਆਪਣੀ ਪੁਸਤਕ 'ਦੀ ਪੰਜਾਬ ਚੀਫ਼ਸ' ਵਿਚ ਇਸ ਘਟਨਾ ਨੂੰ ਰੱਬੀ ਕਾਰਾ ਕਹਿੰਦਾ ਹੈ।[14] ਲਾਹੌਰ ਦਰਬਾਰ ਦਾ ਸਰਕਾਰੀ ਇਤਿਹਾਸਕਾਰ ਮੁਨਸ਼ੀ ਸੋਹਣ ਲਾਲ ਵੀ ਇਸ ਘਟਨਾ ਨੂੰ ਰੱਬੀ ਕਾਰਾ ਹੀ ਆਖਦਾ ਹੈ।[15] ਮੁਹੰਮਦ ਲਤੀਫ਼ ਆਪਣੀ ਪੁਸਤਕ, 'ਹਿਸਟਰੀ ਆਫ਼ ਦੀ ਪੰਜਾਬ' ਵਿਚ ਇਸ ਘਟਨਾ ਬਾਰੇ ਬਿਆਨ ਕਰਦਾ ਹੈ ਕਿ ਰੱਬ ਨੇ ਉਸ ਨੂੰ ਇਹ ਸਜਾ ਉਸ ਦੇ ਕਈ ਭਾਂਤ ਦੇ ਪਾਪਾਂ ਦੇ ਫਲ ਵਜੋਂ ਦਿੱਤੀ ਸੀ। ਖੜਕ ਸਿੰਘ ਦੀ ਮੌਤ ਦੀ ਖ਼ਬਰ ਪ੍ਰਸਾਰਤ ਕਰਨ ਲਈ ਲੰਮੇ ਸਮੇ ਤਕ ਜੋ ਤੋਪਾਂ ਚਲਦੀਆਂ ਰਹੀਆਂ ਸਨ, ਇਨ੍ਹਾਂ ਤੋਪਾਂ ਦੇ ਚਲਣ ਨੂੰ ਹੀ ਕੁਦਰਤ ਨੇ ਕੰਵਰ ਦੀ ਮੌਤ ਦਾ ਹਥਿਆਰ ਬਣਾਇਆ, ਜਿਸ ਨਾਲ ਕਿ ਇਕ ਨੌਜਵਾਨ ਮਹਾਰਾਜੇ ਦੇ ਰਾਜ ਦਾ ਖਾਤਮਾ ਹੋ ਗਿਆ।[16]

ਬਾਰੁਵੇਂ ਬੰਦ ਤੋਂ ਲੈ ਕੇ ਅਠਾਰੁਵੇਂ ਬੰਦ ਤੱਕ ਸ਼ਾਹ ਮੁਹੰਮਦ ਨੇ ਸ਼ੇਰ ਸਿੰਘ ਦਾ ਪੰਜਾਬ ਦਾ ਮਹਾਰਾਜਾ ਬਣਨ ਤੋਂ ਲੈ ਕੇ ਉਸ ਦੀ ਮੌਤ ਤਕ ਦੀਆਂ ਸਾਰੀਆਂ ਘਟਨਾਵਾਂ ਦਾ ਬਿਆਨ ਬੜੇ ਸੰਜਮ ਤੇ ਸੰਖੇਪ ਢੰਗ ਨਾਲ ਕੀਤਾ ਹੈ। ਰਾਜਾ ਧਿਆਨ ਸਿੰਘ ਦਾ ਮਹਾਰਾਜਾ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀ ਮੌਤ ਦੀ ਖ਼ਬਰ ਸ਼ੇਰ ਸਿੰਘ ਨੂੰ ਪਹੁੰਚਾਉਣੀ ਰਾਣੀ ਚੰਦ ਕੌਰ ਦਾ ਸੰਧਾਵਾਲੀਏ ਤੇ ਰਾਜਾ ਗੁਲਾਬ ਸਿੰਘ ਦੀ ਸਹਾਇਤਾ ਦੇ ਸਹਾਰੇ ਮੁਕਾਬਲੇ ਲਈ ਡੱਟ ਜਾਣਾ, ਰਾਜਾ ਧਿਆਨ ਸਿੰਘ ਦੀ ਸਲਾਹ ਉਤੇ ਸ਼ੇਰ ਸਿੰਘ ਦਾ ਵਾਪਸ ਮੁਕੇਰੀਆਂ ਚਲੇ ਜਾਣਾ, ਰਾਜਾ ਧਿਆਨ ਸਿੰਘ ਦਾ ਸੈਨਾ ਦੇ ਪੰਚਾਂ ਨਾਲ ਸਲਾਹ ਮਸ਼ਵਰਾ ਕਰਕੇ ਸ਼ੇਰ ਸਿੰਘ ਨੂੰ ਸਦਾਉਣਾ, ਆਪ 22 ਦਿਨਾਂ ਦੀ ਛੁੱਟੀ ਲੈ ਕੇ 30 ਦਸੰਬਰ,1840 ਈ: ਨੂੰ ਜੰਮੂ ਚਲੇ ਜਾਣਾ, ਲਾਹੌਰ ਦਰਬਾਰ ਦੀਆਂ ਫੌਜਾਂ ਨੇ ਸ਼ੇਰ ਸਿੰਘ ਨੂੰ ਬੁੱਧੂ ਦੇ ਆਵੇ ਕੋਲ ਮਿਲਣਾ, ਮਾਮੂਲੀ ਟੱਕਰ ਮਗਰੋਂ ਚੰਦ ਕੌਰ ਨਾਲ ਸੰਧੀ ਆਦਿ ਇਤਿਹਾਸਕ ਘਟਨਾਵਾਂ ਨੂੰ ਬਾਰੁਵੇਂ ਬੰਦ ਤੋਂ ਲੈ ਕੇ ਅਠ੍ਹਾਰਵੇਂ ਬੰਦ ਤਕ ਬੜੇ ਸੰਜਮ ਅਤੇ ਸੰਖੇਪਤਾ ਨਾਲ ਬਿਆਨ ਕੀਤਾ ਹੈ।

ਸ਼ੇਰ ਸਿੰਘ ਨੇ ਇਕ ਸੰਧੀ ਕਰਕੇ ਰਾਜ ਤਾਂ ਪ੍ਰਾਪਤ ਕਰ ਲਿਆ ਸੀ ਪਰ ਉਸ ਨੂੰ ਕੰਵਰ ਦੀ ਪਤਨੀ ਦੇ ਗਰਭਪਤੀ ਹੋਣ ਕਰਕੇ ਆਪਣੀ ਹੋਂਦ ਨੂੰ ਸਦਾ ਖਤਰਾ ਬਣਿਆ ਰਹਿੰਦਾ ਸੀ। ਇਸ ਖਤਰੇ ਤੋਂ ਮੁਕਤ ਹੋਣ ਲਈ ਸ਼ੇਰ ਸਿੰਘ ਨੇ ਧਿਆਨ ਸਿੰਘ ਨਾਲ ਮਿਲਕੇ ਕੰਵਰ ਦੀ ਵਿਧਵਾ ਪਤਨੀ ਦਾ ਗਰਭਪਾਤ ਕਰਵਾਇਆ ਤੇ ਰਾਣੀ ਚੰਦ ਕੌਰ ਨੂੰ ਮਰਵਾ ਦਿੱਤਾ, ਜਿਸ ਦਾ ਹਵਾਲਾ 'ਮੁਨਸ਼ੀ ਸੋਹਣ ਲਾਲ ਦਫ਼ਤਰ ਚੌਥਾ' ਤੇ 'ਪੰਜਾਬ ਚੀਫ਼ਸ' ਵਿਚ ਮਿਲਦਾ ਹੈ।[17] ਸ਼ਾਹ ਮੁਹੰਮਦ ਇਸ ਘਟਨਾ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕਰਦਾ ਹੈ:-

ਬਰਸ ਹੋਇਆ ਜਾਂ ਉਸ ਨੂੰ ਕੈਦ ਅੰਦਰ,
ਰਾਣੀ ਦਿਲ ਦੇ ਵਿਚ ਜੋ ਜਿੱਚ ਆਹੀ।
ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ
ਸ਼ੇਰ ਸਿੰਘ ਨੇ ਗਲੋਂ ਬਲਾ ਲਾਹੀ ।[18]

ਸੰਧਾਂਵਾਲੀਆ ਸਰਦਾਰਾਂ ਨੇ ਚੰਦ ਕੌਰ ਦੇ ਪੱਖ ਵਿਚ ਮਹਾਰਾਜਾ ਸ਼ੇਰ ਸਿੰਘ ਦੀ ਵਿਰੋਧਤਾ ਕੀਤੀ ਸੀ। ਸ਼ੇਰ ਸਿੰਘ ਦੇ ਪੰਜਾਬ ਦਾ ਮਹਾਰਾਜਾ ਬਣਦੇ ਸਾਰ ਉਸ ਦੀ ਕਰੋਪੀ ਤੋਂ ਡਰਦੇ ਮਾਰੇ ਸੰਧਾਂਵਾਲੀਏ ਸਰਦਾਰ ਅਜੀਤ ਸਿੰਘ ਤੇ ਅਤਰ ਸਿੰਘ ਪੰਜਾਬ ਛੱਡ ਕੇ, ਅੰਗਰੇਜ਼ੀ ਇਲਾਕੇ ਵਿਚ ਚਲੇ ਗਏ, ਜਿਸ ਦਾ ਹਵਾਲਾ ਸ਼ਾਹ ਮੁਹੰਮਦ ਨੇ ਵੀਹਵੇਂ ਬੰਦ ਵਿਚ ਦਿੱਤਾ ਹੈ:

ਸੰਧਾਂਵਾਲੀਆਂ ਦੇ ਦੇਸੋਂ ਪੈਰ ਖਿਸਕੇ,
ਜਾ ਕੇ ਪੁੱਛ ਲੈ ਰਾਹ ਪਧਾਣੀਆਂ ਥੀ।[19]

ਮਹਾਰਾਜਾ ਸ਼ੇਰ ਸਿੰਘ ਨੂੰ ਰਾਜ ਵਿਚ ਡੋਗਰਿਆਂ ਦੀ ਵੱਧਦੀ ਤਾਕਤ ਤੋਂ ਡਰ ਪੈਦਾ ਹੋ ਗਿਆ। ਇਸ ਲਈ ਉਸ ਨੇ ਡੋਗਰਿਆਂ ਦੇ ਮੁੱਖ ਵਿਰੋਧੀ ਸੰਧਾਂਵਾਲੀਆਂ ਨਾਲ 1842 ਈ: ਨੂੰ ਸਮਝੌਤਾ ਕਰਕੇ ਉਨ੍ਹਾਂ ਦੀਆਂ ਜਗੀਰਾਂ ਵਾਪਸ ਕਰ ਦਿੱਤੀਆਂ ਤੇ ਉਹ ਪੰਜਾਬ ਆ ਗਏ। ਡੋਗਰੇ ਤੇ ਸੰਧਾਂਵਾਲੀਆਂ ਵਿਚ ਪੱਕੀ ਦੁਸ਼ਮਣੀ ਸੀ ਪਰ ਫਿਰ ਵੀ ਇਨ੍ਹਾਂ ਨੇ ਮਿਲ ਕੇ ਸ਼ੇਰ ਸਿੰਘ ਨੂੰ ਖਤਮ ਕਰਨ ਤੇ ਦਲੀਪ ਸਿੰਘ ਨੂੰ ਤਖਤ ਤੇ ਬਠਾਉਣ ਲਈ ਸਾਂਝੀ ਸਾਜਿਸ਼ ਕੀਤੀ।[20]

ਅਜੀਤ ਸਿੰਘ ਨੇ 15 ਨਵੰਬਰ 1843 ਈ: ਨੂੰ ਮਹਾਰਾਜਾ ਸ਼ੇਰ ਸਿੰਘ ਨੂੰ ਆਪਣੀ ਸੈਨਾ ਦੀ ਸਲਾਮੀ ਲੈਣ ਲਈ ਬੇਨਤੀ ਕੀਤੀ। ਮਹਾਰਾਜਾ ਸ਼ੇਰ ਸਿੰਘ ਆਪਣੇ ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਸ਼ਾਲਾਮਾਰ ਬਾਗ਼ ਵਿਚ ਤੁਲਾਦਾਨ ਕਰਨ ਲਈ ਛੱਡ, ਆਪ ਫ਼ੌਜ ਦੀ ਸਲਾਮੀ ਲੈਣ ਲਈ ਸ਼ਾਹ ਬਹਾਵਲ ਚਲਾ ਗਿਆ। ਅਜੀਤ ਸਿੰਘ ਨੇ ਪਰੇਡ ਤੋਂ ਮਗਰੋਂ ਇਕ ਦੁਨਾਲੀ ਬੰਦੂਕ ਭੇਟ ਕਰਨ ਲਈ ਪੇਸ਼ ਕੀਤੀ। ਸ਼ੇਰ ਸਿੰਘ ਨੇ ਜਿਵੇਂ ਹੀ ਹੱਥ ਵਧਾਏ ਤਾਂ ਅਜੀਤ ਸਿੰਘ ਨੇ ਘੋੜਾ ਦਬਾ ਦਿੱਤਾ। ਸ਼ੇਰ ਸਿੰਘ ਦੇ ਡਿਗਦਿਆਂ ਹੀ ਅਜੀਤ ਸਿੰਘ ਨੇ ਫੁਰਤੀ ਨਾਲ ਉਸ ਦਾ ਸਿਰ ਕੱਟ ਕੇ ਨੇਜ਼ੇ ਤੇ ਟੰਗ ਲਿਆ। ਲਹਿਣਾ ਸਿੰਘ ਨੇ ਕੰਵਰ ਪ੍ਰਤਾਪ ਸਿੰਘ ਨੂੰ ਕਤਲ ਕਰਕੇ ਉਸਦਾ ਸਿਰ ਆਪਣੇ ਨੇਜ਼ੇ ਤੇ ਟੰਗ ਲਿਆ। ਅਜੀਤ ਸਿੰਘ ਤੇ ਲਹਿਣਾ ਸਿੰਘ ਜਦੋਂ ਸ਼ਹਿਰ ਵੱਲ ਨੂੰ ਆ ਰਹੇ ਸਨ ਤਾਂ ਰਸਤੇ ਵਿਚ ਰਾਜਾ ਧਿਆਨ ਸਿੰਘ ਮਿਲ ਪਿਆ। ਉਨ੍ਹਾਂ ਨੇ ਰਾਜਾ ਧਿਆਨ ਸਿੰਘ ਨੂੰ ਸ਼ੇਰ ਸਿੰਘ ਦੇ ਕਤਲ ਦੀ ਕਹਾਣੀ ਸੁਣਾਈ ਤੇ ਅੱਗੇ ਵਾਸਤੇ ਸਲਾਹ ਮਸ਼ਵਰਾ ਕਰਨ ਲਈ ਕਿਲੇ ਵਿਚ ਚਲੱਣ ਲਈ ਕਿਹਾ। ਕਿਲੇ ਵਿਚ ਪਹੁੰਚ ਕੇ ਗਿਆਨੀ ਗੁਰਮੁਖ ਸਿੰਘ ਤੇ ਮਿਹਰ ਘਸੀਟੇ ਦੀ ਸਲਾਹ ਉਤੇ ਧਿਆਨ ਸਿੰਘ ਦਾ ਵੀ ਕਤਲ ਕਰ ਦਿੱਤਾ ਗਿਆ। ਸ਼ਾਹ ਮੁਹੰਮਦ ਨੇ ਪੱਚੀਵੇਂ ਬੰਦ ਵਿਚ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ:

> ਗੁਰਮੁਖ ਸਿੰਘ ਗਿਆਨੀ[21] ਨੇ ਮੱਤ ਦਿੱਤੀ।
> ਤੁਸਾਂ ਇਹ ਕਿਉਂ ਜੀਵਦਾ ਛੱਡਿਆ ਜੇ।
> ਮਗਰੋਂ ਮਿਹਰ ਘਸੀਟਾ ਤਾਂ ਬੋਲਿਆ ਈ,
> ਇਹ ਸੁਖਨ ਸਲਾਹ ਦਾ ਕੱਢਿਆ ਜੇ।
> ਇਕ ਅਫ਼ਜ਼ਲੀ ਨੇ ਕਰਾਬੀਨ ਮਾਰੀ,
> ਰੱਸਾ ਆਸ ਉਮੈਦ ਦਾ ਵੱਢਿਆ ਜੇ।
> ਸ਼ਾਹ ਮੁਹੰਮਦਾ ਜ਼ਿਮੀ ਤੇ ਪਿਆ ਤੜਫੇ
> ਦਲੀਪ ਸਿੰਘ ਤਾਈ ਫੇਰ ਸੱਦਿਆ ਜੇ।[22]

ਸ਼ੇਰ ਸਿੰਘ ਦੇ ਕਤਲ ਤੋਂ ਮਗਰੋਂ ਸੰਧਾਂਵਾਲੀਆਂ ਸਰਦਾਰਾਂ ਨੇ ਮਹਾਰਾਣੀ ਜਿੰਦਾਂ ਦੇ ਨਾਬਾਲਗ਼ ਪੁੱਤਰ ਦਲੀਪ ਸਿੰਘ ਨੂੰ ਰਾਜਾ ਧਿਆਨ ਸਿੰਘ ਦੇ ਖ਼ੂਨ ਦਾ ਟਿੱਕਾ ਲਾ ਕੇ ਸਿੰਘਾਸਨ ਉਤੇ

ਬਿਠਾ ਦਿੱਤਾ ਤੇ ਲਹਿਣਾ ਸਿੰਘ ਨੂੰ ਮੁੱਖ ਮੰਤਰੀ ਥਾਪ ਦਿੱਤਾ। ਇਨ੍ਹਾਂ ਕਤਲਾਂ ਦੀ ਖ਼ਬਰ ਜਦੋਂ ਹੀਰਾ ਸਿੰਘ ਨੂੰ ਮਿਲੀ ਤਾਂ ਉਸਨੇ ਤੁਰੰਤ ਫ਼ੌਜੀ ਛਾਉਣੀ ਵਿਚ ਪਹੁੰਚ ਕੇ ਇਕ ਜੋਸ਼ੀਲੀ ਤਕਰੀਰ ਕੀਤੀ ਕਿ, "ਸੰਧਾਵਾਲੀਆਂ ਨੇ ਅੰਗਰੇਜ਼ਾਂ ਨਾਲ ਮਿੱਤਰਤਾ ਕਰ ਲਈ ਹੈ। ਉਨ੍ਹਾਂ ਦੇ ਹੱਥ ਰਾਜ ਦੀ ਵਾਗਡੋਰ ਦੇਣ ਦਾ ਭਾਵ ਅੰਗਰੇਜ਼ਾਂ ਦੇ ਹੱਥ ਦੇਣਾ ਹੈ।"[23] ਹੀਰਾ ਸਿੰਘ ਨੇ ਸੈਨਿਕਾਂ ਨੂੰ ਵੱਧ ਤਨਖਾਹ ਦੇਣ ਦਾ ਲਾਲਚ ਦੇ ਕੇ ਆਪਣੇ ਨਾਲ ਮਿਲਾ ਲਿਆ ਤੇ ਲਾਹੌਰ ਦਾ ਕਿਲਾ ਘੇਰ ਲਿਆ। ਸੰਧਾਵਾਲੀਏ ਬਹਾਦਰੀ ਨਾਲ ਲੜਦੇ ਹੋਏ ਮਾਰੇ ਗਏ। ਰਾਜਾ ਹੀਰਾ ਸਿੰਘ ਨੂੰ ਮੁੱਖ ਮੰਤਰੀ ਥਾਪ ਦਿੱਤਾ ਗਿਆ। ਸ਼ਾਹ ਮੁਹੰਮਦ ਨੇ ਤੇਈਵੇਂ ਬੰਦ ਤੋਂ ਲੈ ਕੇ ਉਨੱਤੀਵੇਂ ਬੰਦ ਤਕ ਇਨ੍ਹਾਂ ਘਟਨਾਵਾਂ ਦਾ ਬੜੀ ਬਾਰੀਕੀ ਨਾਲ ਵਰਣਨ ਕੀਤਾ ਹੈ। ਇਸ ਸਮੇਂ ਤਕ ਫ਼ੌਜ ਬਹੁਤ ਸ਼ਕਤੀਸ਼ਾਲੀ ਹੋ ਗਈ ਸੀ। ਫ਼ੌਜ ਦੇ ਪੰਚ ਜਿਸ ਨੂੰ ਚਾਹੁੰਦੇ ਗੱਦੀ ਉਪਰ ਬਿਠਾ ਦਿੰਦੇ ਤੇ ਜਿਸ ਨਾਲ ਨਾਰਾਜ਼ ਹੁੰਦੇ ਉਸ ਨੂੰ ਪਾਰ ਬੁਲਾ ਦਿੰਦੇ। ਜਿਸ ਬਾਰੇ ਤੀਹਵੇਂ ਬੰਦ ਵਿਚ ਸ਼ਾਹ ਮੁਹੰਮਦ ਲਿਖਦਾ ਹੈ:

ਪਿੱਛੋਂ ਆ ਕੇ ਸਭਨਾਂ ਨੂੰ ਫਿਕਰ ਹੋਇਆ
ਸੋਚੀਂ ਪਏ ਨੀ ਸਭ ਸਰਦਾਰ ਮੀਆਂ ।
ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ,
ਪਈ ਖੜਕਦੀ ਨਿੱਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ,
ਹੋਰ ਕਹੋ ਕਿਸ ਦੇ ਪਾਣੀ ਹਾਰ ਮੀਆਂ ।[24]

ਸ਼ਾਹ ਮੁਹੰਮਦ ਨੇ ਲਾਹੌਰ ਦਰਬਾਰ ਦੀਆਂ ਛੋਟੀਆਂ ਛੋਟੀਆਂ ਘਟਨਾਵਾਂ ਜਿਵੇਂ :- ਲਹਿਣਾ ਸਿੰਘ ਮਜੀਠੀਏ ਦਾ ਤੀਰਥਾਂ ਨੂੰ ਜਾਣਾ, ਪੰਡਤ ਜਲ੍ਹੇ ਦਾ ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਘੂਰਨਾ, ਖਾਲਸੇ ਦਾ ਰਾਜਾ ਸੁਚੇਤ ਸਿੰਘ ਨੂੰ ਮੁੱਖ ਮੰਤਰੀ ਦੇ ਪਦ ਲਈ ਸੱਦਾ ਦੇਣਾ, ਹੀਰਾ ਸਿੰਘ ਦਾ ਫ਼ੌਜ ਨੂੰ ਲਾਲਚ ਦੇ ਕੇ ਆਪਣੇ ਵਸ ਵਿਚ ਕਰ ਲੈਣਾ, ਸੁਚੇਤ ਸਿੰਘ ਦਾ ਮਾਰਿਆ ਜਾਣਾ ਆਦਿ ਇਤਿਹਾਸਕ ਘਟਨਾਵਾਂ ਦਾ ਬੱਤੀਵੇਂ ਬੰਦ ਤੋਂ ਲੈ ਕੇ ਅਠੱਤੀਵੇਂ ਬੰਦ ਤਕ ਕ੍ਰਮਵਾਰ ਬਿਆਨ ਕੀਤਾ ਹੈ। ਪੰਡਤ ਜਲ੍ਹੇ ਦੇ ਵਿਵਹਾਰ ਤੇ ਤੰਗ ਆ ਕੇ, ਫ਼ੌਜ ਨੇ ਜਲ੍ਹੇ ਅਤੇ ਰਾਜਾ ਹੀਰਾ ਸਿੰਘ ਨੂੰ ਮਾਰਨ ਦੀ ਸਾਜਿਸ਼, ਉਨ੍ਹਾਂ ਦਾ ਸ਼ਾਹੀ ਖ਼ਜਾਨਾ ਲੁੱਟ

ਕੇ ਜੰਮੂ ਨੂੰ ਭੱਜਣਾ ਪਰ ਰਾਹ ਵਿਚ ਸ਼ਾਮ ਸਿੰਘ ਅਟਾਰੀਵਾਲੇ ਤੇ ਜਵਾਹਰ ਸਿੰਘ ਦੇ ਹੱਥੋਂ ਮਾਰੇ ਜਾਣਾ ਆਦਿ ਘਟਨਾਵਾਂ ਦਾ ਬਿਆਨ ਇਤਿਹਾਸ ਅਨੁਸਾਰ ਸਹੀ ਹੈ।

ਰਾਜਾ ਹੀਰਾ ਸਿੰਘ ਤੋਂ ਮਗਰੋਂ, ਮਹਾਰਾਣੀ ਜਿੰਦਾਂ ਦਾ ਭਰਾ ਮੁੱਖ ਮੰਤਰੀ ਬਣਿਆ। ਇਸ ਸਮੇਂ ਕੰਵਰ ਪਿਸ਼ੌਰਾ ਸਿੰਘ ਜੋ ਰਾਣੀ ਦਇਆ ਕੌਰ ਦੀ ਕੁੱਖੋਂ ਸੀ ਨੇ ਵੱਡਾ ਹੋਣ ਦੇ ਨਾਤੇ ਰਾਜ-ਭਾਗ ਤੇ ਆਪਣਾ ਹੱਕ ਜਿਤਾਉਣਾ ਸ਼ੁਰੂ ਕਰ ਦਿੱਤਾ। ਇਸ ਨੇ ਸਿਆਲਕੋਟ ਦੇ ਆਸ ਪਾਸ ਦੇ ਇਆਕੇ ਆਪਣੇ ਕਬਜ਼ੇ ਵਿਚ ਕਰਨੇ ਸ਼ੁਰੂ ਕਰ ਦਿੱਤੇ। ਜਵਾਹਰ ਸਿੰਘ ਨੇ ਪਿਸ਼ੌਰਾ ਸਿੰਘ ਨੂੰ ਅਟਕ ਦੇ ਕਿਲੇ ਵਿਚ ਧੋਖੇ ਨਾਲ ਮਰਵਾ ਦਿੱਤਾ। ਫੌਜ ਦੇ ਪੰਚ ਇਸ ਕਤਲ ਤੋਂ ਬਹੁਤ ਗੁੱਸੇ ਹੋ ਗਏ ਤੇ ਜਵਾਹਰ ਸਿੰਘ ਨੂੰ ਫੌਜੀ ਛਾਉਣੀ ਪਹੁੰਚ ਕੇ ਸਫਾਈ ਪੇਸ਼ ਕਰਨ ਲਈ ਕਿਹਾ। ਜਵਾਹਰ ਸਿੰਘ ਡਰਦਾ ਹੋਇਆ ਆਪਣੇ ਭਾਣਜੇ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈ ਗਿਆ। ਪਰ ਫੌਜੀ ਪੰਚਾਂ ਨੇ ਦਲੀਪ ਸਿੰਘ ਨੂੰ ਉਸ ਤੋਂ ਅੱਡ ਕਰਕੇ ਜਵਾਹਰ ਸਿੰਘ ਨੂੰ ਕਤਲ ਕਰ ਦਿੱਤਾ। ਇਨ੍ਹਾਂ ਘਟਨਾਵਾਂ ਦਾ ਵੇਰਵਾ ਬਿਆਲੀਵੇਂ ਬੰਦ ਵਿਚ ਦਿੱਤਾ ਹੈ:

> ਜਵਾਹਰ ਸਿੰਘ ਦੇ ਉਤੇ ਨੀ ਚੜ੍ਹੇ ਸਾਰੇ,
> ਮੱਥਾ ਖੂਨੀਆਂ ਦੇ ਵਾਂਗ ਵੱਟਿਓਂ ਨੇ।
> ਡਰਦਾ ਭਾਣਜੇ ਨੂੰ ਲੈ ਕੇ ਮਿਲਣ ਆਇਆ
> ਅੱਗੋ ਨਾਲ ਸੰਗੀਨਾਂ ਦੇ ਫੱਟਿਓ ਨੇ।[25]

ਜਵਾਹਰ ਸਿੰਘ ਦੇ ਕਤਲ ਤੋਂ ਬਾਅਦ ਕੋਈ ਵੀ ਵਿਅਕਤੀ ਮੁੱਖ ਮੰਤਰੀ ਬਣਨ ਲਈ ਤਿਆਰ ਨਹੀਂ ਸੀ। ਸੈਨਾ ਨੇ ਸਾਰਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਸਰਬਤ ਖਾਲਸੇ ਦੇ ਨਾਂ ਹੇਠ ਪਰਵਾਨੇ ਤੇ ਹੁਕਮਨਾਮੇ ਘੱਲਣੇ ਸ਼ੁਰੂ ਕਰ ਦਿੱਤੇ। ਸਲਾਹ ਮਸ਼ਵਰੇ ਲਈ ਪੰਚਾਇਤ ਬਣਾਈ ਜਿਸ ਵਿਚ ਦੀਵਾਨ ਦੀਨਾ ਨਾਥ, ਭਗਤ ਰਾਮ ਬਖਸ਼ੀ ਤੇ ਫ਼ਕੀਰ ਅਜ਼ੀਜ-ਉਦ-ਦੀਨ ਤੇ ਉਸ ਦੇ ਭਰਾ ਨੂਰ-ਉਦ-ਦੀਨ ਨੂੰ ਨਿਯੁਕਤ ਕੀਤਾ। ਮਹਾਰਾਣੀ ਜਿੰਦਾਂ ਨੇ 8 ਨਵੰਬਰ 1845 ਈ: ਨੂੰ ਲਾਲ ਸਿੰਘ ਨੂੰ ਵਜ਼ੀਰ ਤੇ ਤੇਜ ਸਿੰਘ ਨੂੰ ਕਮਾਂਡਰ-ਇਨ-ਚੀਫ ਦੀ ਪਦਵੀ ਲਈ ਰਾਜੀ ਕਰ ਲਿਆ।[26] ਖੁਸ਼ਵੰਤ ਸਿੰਘ ਅਨੁਸਾਰ ਲਾਲ ਸਿੰਘ ਨਾਲ ਮਹਾਰਾਣੀ ਜ਼ਿੰਦਾਂ ਦੇ ਨਜਾਇਜ਼ ਸੰਬੰਧ ਸਨ।[27]

ਮਹਾਰਾਣੀ ਜਿੰਦਾਂ ਨੇ ਆਪਣੇ ਭਰਾ ਦਾ ਬਦਲਾ ਲੈਣ ਲਈ ਤੇ ਆਪਣੇ ਪੁੱਤਰ ਦਾ ਰਾਜ ਸੁਰੱਖਿਅਤ ਰੱਖਣ ਲਈ ਲਾਲ ਸਿੰਘ ਨਾਲ ਮਿਲਕੇ ਅੰਗਰੇਜ਼ਾਂ ਨਾਲ ਲੜਨ ਦੀ ਵਿਉਂਤ ਬਣਾਈ। ਜਿਸ ਦੀ ਪੁਸ਼ਟੀ ਡਾ. ਗੰਡਾ ਸਿੰਘ ਜੀ ਦੇ ਸ਼ਬਦਾਂ ਤੋਂ ਹੁੰਦੀ ਹੈ, "ਮਹਾਰਾਣੀ ਉਤੇ ਪਹਿਰਾ ਉਨ੍ਹਾਂ ਲੋਕਾਂ ਦਾ ਹੈ, ਜਿਨ੍ਹਾਂ ਪਾਸੋਂ ਆਪਣੀ ਅਤੇ ਆਪਣੇ ਪੁੱਤਰ ਦੀ ਜਾਨ ਨੂੰ ਖਤਰਾ ਹੋਣ ਕਰਕੇ ਉਸ ਨੇ ਲਾਹੌਰ ਵਿਚ ਅੰਗਰੇਜ਼ੀ ਫੌਜ ਰੱਖਣ ਦੀ ਮੰਗ ਕੀਤੀ ਸੀ।[28] ਸ਼ਾਹ ਮੁਹੰਮਦ ਨੇ ਇਸ ਇਤਿਹਾਸਕ ਤੱਥ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

ਅਰਜ਼ੀ ਲਿਖੀ ਫ਼ਰੰਗੀ ਨੂੰ ਕੂੰਜ ਗੋਸ਼ੇ,  
ਪਹਿਲੇ ਆਪਣਾ ਸੁੱਖ ਆਨੰਦ ਵਾਰੀ।  
ਤੇਰੀ ਵੱਲ ਮੈਂ ਫੌਜ ਨੂੰ ਘੱਲਨੀਆਂ  
ਖੱਟੇ ਕਰੀ ਤੂੰ ਇਨ੍ਹਾਂ ਦੇ ਦੰਦ ਵਾਰੀ ।[29]

ਮਹਾਰਾਣੀ ਨੇ ਅੰਗਰੇਜ਼ਾਂ ਨੂੰ ਸਲਾਹ ਦਿੱਤੀ ਕਿ ਲਾਹੌਰ ਦਰਬਾਰ ਦਾ ਸਤਲੁਜ ਪਾਰ ਦਾ ਇਲਾਕਾ ਮੱਲ ਲੈਣ, ਜਿਸ ਨੂੰ ਵੇਖ ਕੇ ਸਿੱਖ ਫੌਜ ਆਪੇ ਹੀ ਲੜਾਈ ਦਾ ਐਲਾਨ ਕਰ ਦੇਵੇਗੀ। ਮਹਾਰਾਣੀ ਨੇ ਫੌਜ ਦੀ ਸ਼ਕਤੀ ਘਟਾਉਣ ਲਈ ਉਸ ਨੂੰ ਸੱਤ ਭਾਗਾਂ ਵਿਚ ਵੰਡ ਦਿੱਤਾ। ਜੰਗਨਾਮੇ ਦੇ ਅੱਠਤਾਲੀਵੇਂ ਬੰਦ ਵਿਚ ਇਸ ਘਟਨਾ ਦਾ ਵੇਰਵਾ ਮਿਲਦਾ ਹੈ:

ਪਹਿਲੇ ਪਾਰ ਦਾ ਮੁਲਖ ਤੂੰ ਮੱਲ ਸਾਡਾ,  
ਆਪੇ ਖਾ ਗੁੱਸਾ ਤੈਥੀਂ ਆਵਣੀਗੇ।  
ਸੋਈ ਲੜਨਗੇ ਹੋਣ ਬੇਖ਼ਬਰ ਜਿਹੜੇ,  
ਮੱਥਾ ਕਦੀ ਸਰਦਾਰ ਨਾ ਡਾਹਵਣੀਗੇ।  
ਏਸੇ ਵਾਸਤੇ ਫੌਜ ਮੈਂ ਪਾੜ ਛੱਡੀ,  
ਕਈ ਭਾਂਜ ਅਚਾਨਕੀ ਪਾਵਣੀਗੇ।  
ਸ਼ਾਹ ਮੁਹੰਮਦਾ ਲਾਟ ਜੀ ਕਟਕ ਤੇਰੇ,  
ਮੇਰੇ ਗਲੋਂ ਤਗਾਦੜੀ ਲਾਹਵਣੀਗੇ। [30]

ਸਿੱਖ ਸੈਨਾ ਦੇ ਚਾਰ ਬਰੀਗੇਡਾਂ ਨੇ 13-14 ਦਸੰਬਰ 1845 ਈ: ਦੀ ਰਾਤ ਨੂੰ ਸਤਲੁਜ ਪਾਰ ਕੀਤਾ ਤੇ ਫਿਰੋਜ਼ਪੁਰ ਤੋਂ ਛੇ ਮੀਲ ਦੀ ਦੂਰੀ ਤੇ ਜਾ ਡੇਰਾ ਲਾਇਆ।

ਲਾਲ ਸਿੰਘ ਅੰਦਰੋਂ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ ਤੇ ਉਹ ਦੋ ਦਿਨ ਹਮਲਾ ਕਰਨ ਤੋਂ ਟਾਲ-ਮਟੋਲ ਕਰਦਾ ਰਿਹਾ ਤੇ 17 ਦਸੰਬਰ 1845 ਈ: ਨੂੰ ਕੁਝ ਸੈਨਾ ਫਿਰੋਜ਼ਪੁਰ ਛੱਡ, ਬਾਕੀ ਨੂੰ ਨਾਲ ਲੈ ਕੇ ਮੁੱਦਕੀ ਤੋਂ ਫਿਰੋਜ਼ਪੁਰ ਆ ਰਹੇ ਗਵਰਨਰ ਜਨਰਲ ਨੂੰ ਫੜਨ ਲਈ ਮੁੱਦਕੀ ਪਹੁੰਚ ਗਿਆ ਤੇ 18 ਦਸੰਬਰ ਨੂੰ ਦੁਪਹਿਰ ਮਗਰੋਂ ਲੜਾਈ ਆਰੰਭ ਹੋ ਗਈ। ਸੈਨਾਪਤੀ ਲਾਲ ਸਿੰਘ ਪਹਿਲੀ ਗੋਲੀ ਚਲਦਿਆਂ ਹੀ ਰਣ-ਭੂਮੀ ਵਿਚੋਂ ਭੱਜ ਗਿਆ। ਦੋ ਘੰਟੇ ਅੱਗ ਵਰ੍ਹੀ। ਮੈਦਾਨ ਅੰਗਰੇਜ਼ਾਂ ਦੇ ਹੱਥ ਰਿਹਾ। ਡਾ. ਗੰਡਾ ਸਿੰਘ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਸਿੱਖ ਸੈਨਾ ਤੋਪਾਂ ਤੇ ਬਹੁਤ ਸਾਰਾ ਜੰਗੀ ਸਮਾਨ ਗਵਾ ਕੇ ਫੇਰੂ ਸ਼ਹਿਰ ਵਾਲੇ ਕੈਂਪ ਵਿਚ ਚਲੀ ਗਈ। ਇਥੇ ਸਿੱਖ ਸੈਨਾ ਨੇ ਆਪਣੀ ਮੋਰਚਾਬੰਦੀ ਸ਼ੁਰੂ ਕਰ ਦਿੱਤੀ। ਸਿੱਖ ਸੈਨਾ ਵਿਚ ਲੜਾਈ ਲਈ ਪੂਰਾ ਜੋਸ਼ ਸੀ। ਉਹ ਜਾਣਦੇ ਸਨ ਕਿ ਸੈਨਾਪਤੀ ਦੀ ਕਮਜ਼ੋਰੀ ਕਾਰਨ ਫੌਜ ਨੂੰ ਮੁੱਦਕੀ ਦੀ ਲੜਾਈ ਵਿਚ ਹਾਰ ਦਾ ਮੂੰਹ ਵੇਖਣਾ ਪਿਆ। ਸਿੰਘਾਂ ਦੇ ਜੋਸ਼ ਦਾ ਵਰਣਨ ਉਨੱਤਰਵੇਂ, ਸੱਤਰਵੇਂ ਬੰਦ ਵਿਚ ਇਸ ਪ੍ਰਕਾਰ ਹੈ:-

ਸਰਫਾ ਜਾਨ ਦਾ ਨਹੀਂ ਜੋ ਤਦੋਂ ਕਰਨਾ,
ਜਦੋਂ ਵਿਚ ਮੈਦਾਨ ਦੇ ਵੜਾਂਗੇ ਜੀ।
ਸ਼ਾਹ ਮੁਹੰਮਦਾ ਅੰਦਰੋਂ ਇਕ ਹੋ ਕੇ,
ਡੇਰੇ ਚੱਲ ਫ਼ਰੰਗੀ ਦੇ ਵੜਾਂਗੇ ਜੀ।[31]

... ... ...

ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁਖਿਆਂ ਨੂੰ
ਚੋਟਾਂ ਕੈਸੀਆਂ ਵੇਖੋ ਚਲਾਂਵਦੇ ਨੀ।[32]

ਅੰਗਰੇਜ਼ਾਂ ਨੇ ਫਿਰੋਜ਼ਪੁਰ, ਅੰਬਾਲੇ ਤੇ ਲੁਧਿਆਣੇ ਤੋਂ ਫੌਜਾਂ ਇਕੱਠੀਆਂ ਕਰਕੇ 21 ਦਸੰਬਰ 1845 ਈ: ਨੂੰ ਲੜਾਈ ਆਰੰਭ ਕਰ ਦਿੱਤੀ। ਇਸ ਲੜਾਈ ਵਿਚ ਖਾਲਸੇ ਨੇ ਉਹ ਹੱਥ ਵਿਖਾਏ ਕਿ ਅੰਗਰੇਜ਼ ਬਿਨਾਂ ਸ਼ਰਤ ਹਥਿਆਰ ਸੁੱਟਣ ਲਈ ਸੋਚਣ ਲੱਗੇ। ਹਿੰਦੋਸਤਾਨ ਵਿਚ ਅੰਗਰੇਜ਼ੀ ਰਾਜ ਦੇ ਇਤਿਹਾਸ ਵਿਚ ਪਹਿਲਾ ਮੌਕਾ ਸੀ ਕਿ ਅੰਗਰੇਜ਼ਾਂ ਨੇ ਜੰਗ ਦੇ ਮੈਦਾਨ ਵਿਚ ਕਿਸੇ ਸਾਹਮਣੇ ਬਿਨਾਂ ਸ਼ਰਤ ਹਥਿਆਰ ਸੁੱਟ ਦੇਣ ਦੀ ਤਿਆਰੀ ਕੀਤੀ ਹੋਵੇ।[33] ਇਸ ਇਤਿਹਾਸਕ ਸੱਚ ਨੂੰ ਸ਼ਾਹ ਮੁਹੰਮਦ ਨੇ ਬਹੱਤਰਵੇ ਬੰਦ ਵਿਚ ਇਸ ਤਰ੍ਹਾਂ

ਪੇਸ਼ ਕੀਤਾ ਹੈ:

ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।
ਲੰਦਨ ਟਾਪੂਆਂ ਵਿਚ ਕੁਰਲਾਟ ਹੋਈ
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ। [34]

ਲਾਲ ਸਿੰਘ ਲੜਾਈ ਆਰੰਭ ਹੁੰਦੇ ਸਾਰ ਇਕ ਖਾਈ ਵਿਚ ਲੁਕ ਗਿਆ ਤੇ ਹਨ੍ਹੇਰਾ ਹੋਣ ਸਾਰ ਅੰਮ੍ਰਿਤਸਰ ਤੁਰ ਗਿਆ।[35] ਨੇਤਾ-ਵਿਹਣੀ ਖਾਲਸਾ ਇਤਨੀ ਸੂਰਬੀਰਤਾ ਨਾਲ ਲੜਿਆ ਕਿ ਅੰਗਰੇਜ਼ਾਂ ਦੇ ਨੱਕ ਦਮ ਕਰ ਦਿੱਤਾ। ਉਪਰੋਂ ਖਾਲਸੇ ਲਈ ਸੱਜਰ ਸ਼ਾਹ ਫੌਜ ਲੈ ਕੇ ਤੇਜ ਸਿੰਘ ਮਗਰ ਬੈਠਾ ਸੀ। ਇਹ ਵੇਖ ਕੇ ਅੰਗਰੇਜ਼ੀ ਸੈਨਾ ਦੀਆਂ ਕਈ ਪਲਟਨਾਂ 22 ਦਸੰਬਰ ਸਵੇਰ ਤੱਕ ਫਿਰੋਜ਼ਪੁਰ ਨੂੰ ਤੁਰ ਚੁੱਕੀਆਂ ਸਨ।[36] ਸ਼ਾਹ ਮੁਹੰਮਦ ਚੌਹਤਰਵੇਂ ਬੰਦ ਵਿਚ ਲਿਖਦਾ ਹੈ:

ਉਧਰ ਆਪ ਫ਼ਰੰਗੀ ਨੂੰ ਭਾਂਜ ਆਈ,
ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ ।
ਚੱਲੇ ਤੋਪਖਾਨੇ ਸਾਰੇ ਗੋਰਿਆਂ ਦੇ,
ਮਗਰ ਹੋਣੀ ਬੰਦੂਕਾਂ ਦੀ ਫੰਡ ਮੀਆਂ ।[37]

ਜਦੋਂ ਅੰਗਰੇਜ਼ਾਂ ਨੂੰ ਯਕੀਨ ਹੋ ਗਿਆ ਕਿ ਤੇਜ ਸਿੰਘ ਸੱਜਰ ਸ਼ਾਹ ਸੈਨਾ ਨਾਲ ਸਾਡੇ ਉਤੇ ਹੱਲਾ ਨਹੀਂ ਕਰੇਗਾ ਤਾਂ ਉਨ੍ਹਾਂ ਨੇ ਆਗੂ ਵਿਹੂਣੇ ਖਾਲਸਾ ਤੇ ਇਕ ਵਾਰ ਫੇਰ ਧਾਵਾ ਬੋਲ ਦਿੱਤਾ। ਤੇਜ ਸਿੰਘ ਰਣ ਭੂਮੀ ਵਿਚੋਂ ਭੱਜ ਗਿਆ। ਇਸ ਤਰ੍ਹਾਂ ਅੰਗਰੇਜ਼ਾਂ ਦੀ ਜਿੱਤ ਹੋਈ ਤੇ ਸਿੱਖ ਸੈਨਾ ਦੀਆਂ ਤਹੇਤਰ ਤੋਪਾਂ ਉਨ੍ਹਾਂ ਦੇ ਹੱਥ ਆ ਗਈਆਂ। ਇਸ ਬਾਰੇ ਸ਼ਾਹ ਮੁਹੰਮਦ ਨੇ ਛਿਹੱਤਰਵੇਂ ਬੰਦ ਵਿਚ ਲਿਖਿਆ ਹੈ:

ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ
ਤੋਸ਼ੇਖਾਨੇ ਫਰੰਗੀਆਂ ਆਣ ਲੁੱਟੇ ।[38]

ਖਾਲਸਾ ਸੈਨਾ ਨੇ ਇਨ੍ਹਾਂ ਹਾਰਾਂ ਦੇ ਕਲੰਕ ਨੂੰ ਧੋਣ ਲਈ ਤੇ ਫ਼ਰੰਗੀਆਂ ਨਾਲ ਦੋ ਹੱਥ ਕਰਨ ਲਈ, ਸਭਰਾਉਂ ਨੇੜੇ ਸਤਲੁਜ ਦੇ ਦਰਿਆ ਤੇ ਬੇੜੀਆਂ ਦਾ ਇਕ ਪੁਲ ਤਿਆਰ ਕੀਤਾ

ਇਸੇ ਸਮੇਂ ਦੌਰਾਨ ਅਲੀਵਾਲ ਤੇ ਬੱਦੋਵਾਲ ਦੇ ਸਾਥਾਨਾਂ ਤੇ ਦੋ ਛੋਟੀਆਂ ਲੜਾਈਆਂ ਹੋਈਆਂ ਜਿਨ੍ਹਾਂ ਵਿਚ ਅੰਗਰੇਜ਼ੀ ਸੈਨਾ ਦਾ ਬਹੁਤ ਨੁਕਸਾਨ ਹੋਇਆ ਸੀ ਪਰ ਸ. ਰਣਜੋਧ ਸਿੰਘ ਦੀ ਸੁਸਤੀ ਕਾਰਨ ਸਿੰਘਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਇਨ੍ਹਾਂ ਸਾਰੀਆਂ ਲੜਾਈਆਂ ਵਿਚੋਂ ਫੈਸਲਾਕੁੰਨ ਲੜਾਈ ਸਭਰਾਵਾਂ ਦੇ ਸਥਾਨ ਉਤੇ 10 ਫਰਵਰੀ 1846 ਈ: ਨੂੰ ਲੜੀ ਗਈ। ਇਥੇ ਇਕ ਪਾਸੇ ਸਿੱਖ ਸੈਨਾ ਮਰ ਮਿੱਟਣ ਲਈ ਤਿਆਰ ਸੀ ਤੇ ਦੂਜੇ ਪਾਸੇ ਸਰਦਾਰ ਆਪਣੀਆਂ ਫੌਜਾਂ ਨੂੰ ਤਬਾਹ ਕਰਨ ਦੀਆਂ ਸਾਜਿਸ਼ਾਂ ਕਰਦੇ ਸਨ। ਗਦਾਰ ਲਾਲ ਸਿੰਘ ਨੇ 8 ਫਰਵਰੀ 1846 ਈ: ਨੂੰ ਸਿੱਖ ਸੈਨਾ ਦੀ ਮੋਰਚਾਬੰਦੀ ਦਾ ਨਕਸ਼ਾ ਮੇਜਰ ਲਾਰੰਸ ਪਾਸ ਪਹੁੰਚਾ ਦਿੱਤਾ ਸੀ। ਸਾਰੀ ਜਾਣਕਾਰੀ ਪ੍ਰਾਪਤ ਕਰਨ ਮਗਰੋਂ ਅੰਗਰੇਜ਼ਾਂ ਨੇ 10 ਫਰਵਰੀ ਨੂੰ ਸਵੇਰੇ ਸਭਰਾਉਂ ਦੇ ਮੈਦਾਨ ਵਿਚ ਸਿੱਖ ਸੈਨਾ ਨੂੰ ਘੇਰਿਆ।[39]

ਤੀਜੀ ਵਾਰ ਲਲਕਾਰ ਕੇ ਪਏ ਗੋਰੇ,
ਪਏ ਵੱਜਦੇ ਢੋਲ ਤੰਬੂਰ ਮੀਆਂ।
ਕੱਸ ਲਈਆਂ ਨੇ ਸਿੰਘਾਂ ਨੇ ਤੁਰਤ ਕਮਰਾਂ
ਕਾਇਮ ਜੰਗ ਨੂੰ ਹੋਏ ਜ਼ਰੂਰ ਮੀਆਂ। [40]

ਜਦੋਂ ਲੜਾਈ ਘਮਸਾਨ ਦੀ ਹੋ ਰਹੀ ਸੀ ਤਾਂ ਤੇਜ ਸਿੰਘ ਨੇ ਦਰਿਆ ਉਪਰ ਬਣਾਇਆ ਬੇੜੀਆਂ ਦਾ ਪੁਲ ਵੀ ਤੋੜ ਦਿੱਤਾ ਤਾਂ ਜੋ ਸਿੰਘ ਬਚ ਕੇ ਵਾਪਸ ਲਾਹੌਰ ਨਾ ਪਹੁੰਚ ਸਕਣ।[41] ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਬਹਾਦਰੀ ਨਾਲ ਲੜਦੇ ਹੋਏ ਮੌਤ ਨੂੰ ਗਲਵਕੜੀ ਪਾਈ। ਗਰਿਫਨ ਨੇ ਵੀ ਇਸ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਹੈ।[42] ਸ਼ਾਹ ਮੁਹੰਮਦ ਨੱਬੇਵੇਂ ਬੰਦ ਵਿਚ ਲਿਖਦਾ ਹੈ:

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ ।[43]

ਨੇਤਾ-ਵਿਹੂਣੀ ਸਿੱਖ ਸੈਨਾ ਦੇ ਰਣਭੂਮੀ ਵਿਚੋਂ ਪੈਰ ਉਖੱੜ ਗਏ। ਪੁਲ ਟੁੱਟਣ ਕਾਰਨ ਜਾਨਾਂ ਬਚਾਉਣ ਲਈ ਸੈਨਾ ਨੇ ਦਰਿਆ ਵਿਚ ਛਾਲਾਂ ਮਾਰ ਦਿੱਤੀਆਂ ਪਰ ਅੰਗਰੇਜ਼ੀ ਸੈਨਾ ਨੇ ਭੱਜੇ ਜਾਂਦੇ ਸਿੱਖ ਸੈਨਕਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਤੇ ਖਾਲਸਾ ਫੌਜ ਹਾਰ ਗਈ।

ਹਾਰਡਿੰਗ ਆਪਣੀ ਸੈਨਾ ਸਮੇਤ 20 ਫਰਵਰੀ 1846 ਈ: ਨੂੰ ਲਾਹੌਰ ਪਹੁੰਚਿਆ ਤੇ ਦੋ ਦਿਨਾਂ ਵਿਚ ਕਿਲੇ ਵਿਚ ਫੌਜੀ ਛਾਉਣੀ ਪਾ ਲਈ। ਸ਼ਾਹ ਮੁਹੰਮਦ ਨੇ ਇਸ ਦਾ ਵੇਰਵਾ ਬੰਦ ਨੰਬਰ ਅਠੱਨਵੇਂ ਵਿਚ ਦਿੱਤਾ ਹੈ:-

ਬਣੇ ਮਾਈ ਦੇ ਆਣ ਅੰਗਰੇਜ਼ ਰਾਖੇ,
ਪਾਈਛਾਉਣੀ ਵਿਚ ਲਾਹੌਰ ਦੇ ਜੀ।[44]

9 ਮਾਰਚ 1846 ਈ: ਦੀ ਸੰਧੀ ਅਨੁਸਾਰ ਪੰਜਾਬ ਤਿੰਨ ਭਾਗਾਂ ਵਿਚ ਵੰਡ ਦਿੱਤਾ ਗਿਆ। ਜੰਮੂ ਕਸ਼ਮੀਰ ਦਾ ਪਹਾੜੀ ਤੇ ਮੈਦਾਨੀ ਇਲਾਕਾ ਰਾਜਾ ਗੁਲਾਬ ਸਿੰਘ ਨੂੰ ਉਸ ਦੀ ਸੇਵਾ ਬਦਲੇ 75 ਲੱਖ ਦੀ ਮਾਮੂਲੀ ਕੀਮਤ ਲੈ ਕੇ ਵੇਚ ਦਿੱਤਾ। ਅੰਗਰੇਜ਼ਾਂ ਨੇ ਕਾਂਗੜਾ, ਹੁਸ਼ਿਆਰਪੁਰ ਤੇ ਜਲੰਧਰ ਦੇ ਇਲਾਕੇ ਨੂੰ ਆਪਣੇ ਪੇਟੇ ਪਾ ਲਿਆ। ਬਾਕੀ ਰਾਜ ਉਪਰ ਮਹਾਰਾਜਾ ਦਲੀਪ ਸਿੰਘ ਦਾ ਰਾਜ ਪ੍ਰਵਾਨ ਕਰ ਲਿਆ ਗਿਆ। ਖਾਲਸਾ ਸੈਨਾ ਦੀ ਗਿਣਤੀ 20,000 ਪੈਦਲ ਸਿਪਾਹੀ ਤੇ 12,000 ਘੋੜ ਚੜ੍ਹੇ, ਨੀਯਤ ਕਰ ਦਿੱਤੀ। ਇਕ ਅੰਗਰੇਜ਼ ਰੈਜੀਡੈਂਟ 10,000 ਅੰਗਰੇਜ਼ੀ ਸੈਨਿਕ ਤੇ ਕੁਝ ਹੋਰ ਅੰਗਰੇਜ਼ੀ ਅਫਸਰ ਲਾਹੌਰ ਰਹਿਣ ਲਗ ਪਏ। ਇਸ ਤਰ੍ਹਾਂ ਪੰਜਾਬ ਵਿਚ ਮੁੜ ਗੁਲਾਮੀ ਦਾ ਮੁੱਢ ਬੱਝ ਗਿਆ। ਅਗਲੇ ਤਿੰਨ ਸਾਲਾਂ ਬਾਅਦ ਅੰਗਰੇਜ਼ਾਂ ਨੇ ਸਾਰਾ ਪੰਜਾਬ ਆਪਣੇ ਕਬਜ਼ੇ ਵਿਚ ਕਰ ਲਿਆ ।

ਇਤਿਹਾਸਕ ਪ੍ਰਮਾਣਿਕਤਾ ਸੰਬੰਧੀ ਵਾਦ-ਵਿਵਾਦ:-

ਸ਼ਾਹ ਮੁਹੰਮਦ ਦੀ ਰਚਨਾ ਦਾ ਅਧਿਐਨ ਕਰਨ ਤੇ ਇਸ ਗੱਲ ਦਾ ਪਤਾ ਲਗਦਾ ਹੈ ਕਿ ਉਸ ਨੇ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਬਾਰੇ ਇਤਿਹਾਸਕ ਜਾਣਕਾਰੀ ਦਿੱਤੀ ਹੈ। ਪ੍ਰੋ. ਸੀਤਾ ਰਾਮ ਕੋਹਲੀ ਸ਼ਾਹ ਮੁਹੰਮਦ ਦੀ ਰਚਨਾ ਦੀ ਇਤਿਹਾਸਕ ਪ੍ਰਮਾਣਿਕਤਾ ਨੂੰ ਸਵੀਕਾਰ ਕਰਦੇ ਹਨ।[45] ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ ਕਿ, "ਜੰਗਨਾਮੇ ਦੀ ਸੂਚਨਾ ਅਧਿਕਾਂਸ਼ ਰੂਪ ਵਿਚ ਵਾਸਤਵਿਕਤਾ ਦੀ ਕਸੌਟੀ ਤੇ ਪੂਰੀ ਉਤਰਦੀ ਹੈ।"[46] ਪਰ ਵਿਦਵਾਨਾਂ/ਇਤਿਹਾਸਕਾਰਾਂ ਵਲੋਂ ਰਚਨਾ ਦੀ ਇਤਿਹਾਸਕ ਪ੍ਰਮਾਣਿਕਤਾ ਉਤੇ

ਕਿੰਤੂ ਵੀ ਕੀਤਾ ਗਿਆ ਹੈ। ਜਿਵੇਂ:-

(1) ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚੋਂ ਮਹਾਰਾਣੀ ਜਿੰਦਾਂ ਦਾ ਪਾਤਰ ਸਭ ਤੋਂ ਵੱਧ ਵਾਦ-ਵਿਵਾਦ ਦਾ ਵਿਸ਼ਾ ਬਣਿਆ ਹੈ। ਕਵੀ ਨੇ ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ ਦੀ ਜ਼ਿੰਮੇਵਾਰੀ ਮਹਾਰਾਣੀ ਜਿੰਦਾਂ ਤੇ ਪਾਈ ਹੈ, ਜੋ ਆਪਣੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਅੰਗਰੇਜ਼ਾਂ ਨੂੰ ਸਿੱਖ ਸੈਨਾ ਤੇ ਹਮਲਾ ਕਰਨ ਲਈ ਚਿੱਠੀ ਲਿਖਦੀ ਹੈ। ਵਿਦਵਾਨਾਂ/ ਇਤਿਹਾਸਕਾਰਾਂ ਨੇ ਇਸ ਨੂੰ ਕਵੀ ਦੀ ਇਕ ਇਤਿਹਾਸਕ ਭੁੱਲ ਕਿਹਾ ਹੈ। ਉਹ ਦਲੀਲ ਇਹ ਦਿੰਦੇ ਹਨ ਕਿ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਸੰਬੰਧੀ ਸਾਰੇ ਨਿੱਕੇ ਨਿੱਕੇ ਚਿੱਠੀ ਪੱਤਰ ਛਪੇ ਹਨ, ਪਰ ਇਸ ਚਿੱਠੀ ਬਾਰੇ ਕੋਈ ਇਤਿਹਾਸਕ ਹਵਾਲਾ ਨਹੀਂ ਮਿਲਦਾ।[47]

ਡਾ. ਗੰਡਾ ਸਿੰਘ ਲਾਲ ਸਿੰਘ ਤੇ ਤੇਜ ਸਿੰਘ ਦਾ ਅੰਗਰੇਜ਼ਾਂ ਨਾਲ ਅੰਦਰੋਂ ਮਿਲੇ ਹੋਣਾ ਤਾਂ ਮੰਨਦੇ ਹਨ, ਪਰ ਰਾਣੀ ਜਿੰਦਾਂ ਵਲੋਂ ਚਿੱਠੀ ਲਿਖਣ ਦੀ ਗੱਲ ਠੀਕ ਨਹੀਂ ਮੰਨਦੇ। ਉਹ ਲਿਖਦੇ ਹਨ, "ਕੋਈ ਵੀ ਐਸੀ ਲਿਖਤ ਨਹੀਂ ਮਿਲਦੀ ਜਿਸ ਤੋਂ ਇਹ ਸਿੱਧ ਹੋਵੇ ਕਿ ਮਹਾਰਾਣੀ ਨੇ ਫੌਜਾਂ ਕੋਲੋਂ ਬਦਲਾ ਲੈਣ ਲਈ ਅੰਗਰੇਜ਼ਾਂ ਨਾਲ ਲਿਖਾ ਪੜ੍ਹੀ ਕੀਤੀ ਸੀ। ਇਹ ਵਾਧੂ ਮਨਘੜਤ ਤੇ ਝੂਠ ਉਜ ਦਿੱਸਦੀ ਹੈ ਅਤੇ ਮਹਾਰਾਣੀ ਜਿੰਦਾਂ ਇਸ ਮੁਆਮਲੇ ਵਿਚ ਬਿਲਕੁਲ ਨਿਰਦੋਸ਼ ਹੈ।"[48] ਸ਼ਾਹ ਮੁਹੰਮਦ ਦੁਆਰਾ ਪ੍ਰਗਟਾਈ ਦਲੀਲ ਦੇ ਹੱਕ ਵਿਚ ਕੁਝ ਵਿਦਵਾਨਾਂ ਦਾ ਹੇਠ ਲਿਖਿਆ ਮੱਤ ਇਸ ਤਰ੍ਹਾਂ ਹੈ। ਜਿਵੇਂ:

ਲਾਹੌਰ ਦਰਬਾਰ ਦਾ ਇਤਿਹਾਸਕਾਰ ਸੋਹਣ ਲਾਲ ਸੂਰੀ ਲਿਖਦਾ ਹੈ,"ਜਦੋਂ ਮਹਾਰਾਣੀ ਭਰਾ ਦੀ ਮੌਤ ਤੇ ਵੈਣ ਪਾ ਰਹੀ ਸੀ ਤਾਂ ਫੌਜੀ ਅਗੋਂ 'ਮਿਰਜਾ ਸਾਹਿਬਾਂ' ਅਤੇ 'ਸੱਸੀ ਪੁੰਨੂੰ' ਦੇ ਬੈਤ ਗਾ ਕੇ ਉਸ ਦੀ ਨਕਲ ਉਤਾਰਦੇ ਸਨ।"[49] ਸੋਹਣ ਲਾਲ ਸੂਰੀ ਦੀ ਪੁਸਤਕ ਉਮਦਤ-ਉਤ-ਤਵਾਰੀਖ ਦਫ਼ਤਰ ਚੌਥਾ ਦੇ ਇਸ ਬਿਆਨ ਨੂੰ ਪ੍ਰੋ. ਵੀ.ਐਸ. ਸੂਰੀ ਨੇ ਅਨੁਵਾਦ ਕਰਕੇ ਹੋਰ ਸਪਸ਼ਟ ਕੀਤਾ ਹੈ।[50] ਮੇਜਰ ਜੀ.ਸੀ.ਸਮਿੱਥ ਲਿਖਦਾ ਹੈ ਕਿ, "ਰਾਣੀ ਦੇ ਉਤਸਾਹਿਤ ਕੀਤੇ ਸਰਦਾਰਾਂ ਦੀ ਗਦਾਰੀ ਕਾਰਨ ਹੀ ਇਨ੍ਹਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ, ਜੋ ਫੌਜ ਤਬਾਹ ਕਰਕੇ ਆਪਣੇ ਭਰਾ ਜਵਾਹਰ ਸਿੰਘ ਦੀ ਮੌਤ ਦਾ ਬਦਲਾ ਲੈਣਾ ਚਾਹੁੰਦੀ ਸੀ।"[51] ਫਰਾਂਸੀਸੀ ਅਲੈਗਜੈਂਡਰ ਗਾਰਡਨਰ ਜੋ ਮਹਾਰਾਜਾ ਰਣਜੀਤ ਸਿੰਘ ਦੇ ਤੋਪਖਾਨੇ ਵਿਚ ਕਰਨਲ ਦੇ ਅਹੁਦੇ ਉਤੇ ਲਗਿਆ ਹੋਇਆ ਸੀ ਨੇ ਜੋ ਕੁਝ

ਵੇਖਿਆ ਸੀ ਲਿਖਦਾ ਹੈ, "ਸਿੱਖ ਸੈਨਾ ਰੂਪੀ ਸੱਪ ਇੰਨਾ ਸ਼ਕਤੀਸ਼ਾਲੀ ਤੇ ਜ਼ਹਿਰੀਲਾ ਸੀ ਕਿ ਇਸ ਨੂੰ ਅੰਗਰੇਜ਼ਾਂ ਉਪਰ ਸੁੱਟ ਕੇ ਹੀ ਖਤਮ ਕੀਤਾ ਜਾ ਸਕਦਾ ਸੀ ਸੋ ਰਾਣੀ ਜਿੰਦਾਂ ਨੇ ਆਪਣੇ ਭਰਾ ਜਵਾਹਰ ਸਿੰਘ ਦੀ ਮੌਤ ਦਾ ਬਦਲਾ ਲੈਣ ਲਈ ਇਹ ਕੀਤਾ।"[52]

ਉਪਰੋਕਤ ਤੱਥਾਂ ਨੂੰ ਜੇਕਰ ਅੱਖੋਂ ਪਰੋਖੇ ਵੀ ਕਰ ਦਈਏ ਤਾਂ ਵੀ ਇਹ ਵਿਚਾਰ ਬਣਦਾ ਹੈ ਕਿ ਮਹਾਰਾਣੀ ਰਾਜ ਦੀ ਮੁਖੀ ਹੋਣ ਦੇ ਨਾਤੇ ਉਸ ਤੋਂ ਇਹ ਆਸ ਕੀਤੀ ਜਾਂਦੀ ਸੀ ਕਿ ਮਾਤ-ਭੂਮੀ ਦੀ ਰੱਖਿਆ ਲਈ ਜੂਝ ਰਹੇ ਬੀਰਾਂ ਦੀ ਹੌਸਲਾ-ਅਫ਼ਜਾਈ ਕਰੇ ਤੇ ਦੇਸ਼ ਦੀ ਸੁਰੱਖਿਆ ਲਈ ਕੋਈ ਸਰਗਰਮ ਯਤਨ ਕਰੇ ਪਰ ਅਜੇ ਤਕ ਅਜਿਹਾ ਕੋਈ ਰਿਕਾਰਡ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲਗ ਸਕੇ ਕਿ ਰਾਣੀ ਜਿੰਦਾਂ ਨੇ ਦੇਸ ਦੀ ਸੁਰੱਖਿਆ ਲਈ ਕੋਈ ਹੀਲਾ ਕੀਤਾ ਹੋਵੇ। ਇਹ ਗੱਲ ਵੱਖਰੀ ਹੈ ਕਿ ਅੰਗਰੇਜ਼ਾਂ ਦਾ ਪੰਜਾਬ ਉਪਰ ਕਬਜ਼ਾ ਹੋਣ ਤੋਂ ਬਾਅਦ ਉਸ ਨੂੰ ਸੁਤੰਤਰਤਾ ਦੇ ਅਰਥ ਸਮਝ ਆਏ। ਇਸ ਦੀ ਪ੍ਰਾਪਤੀ ਲਈ ਹੱਥ ਪੈਰ ਮਾਰਨ ਲੱਗੀ ਪਰ ਉਦੋਂ ਤੱਕ ਸਮਾਂ ਨਿਕਲ ਚੁੱਕਾ ਸੀ।

ਪ੍ਰੋ. ਸੀਤਾ ਰਾਮ ਕੋਹਲੀ ਅਨੁਸਾਰ, "ਮਹਾਰਾਣੀ ਜਿੰਦਾ ਇਕ ਸਾਧਾਰਨ ਜੱਟ ਘਰਾਣੇ ਦੀ ਕੁੜੀ ਸੀ, ਜਿਥੇ ਉਸ ਨੂੰ ਕਿਸੇ ਪ੍ਰਕਾਰ ਦੀ ਵਿਦਿਆ ਪ੍ਰਾਪਤ ਕਰਨ ਜਾਂ ਦੇਸ਼ ਭਗਤੀ ਦਾ ਪਵਿੱਤਰ ਜਜ਼ਬਾ ਜੋ ਹਰ ਵੇਲੇ ਕੁਰਬਾਨੀ ਤੇ ਸਵੈ-ਬਲੀਦਾਨ ਦੀ ਮੰਗ ਕਰਦਾ ਹੈ, ਗ੍ਰਹਿਣ ਕਰਨ ਦਾ ਅਵਸਰ ਮਿਲਣਾ ਅਸੰਭਵ ਸੀ। ਅਸਲ ਵਿਚ ਜਿੰਦਾਂ ਵਿਚ ਇਹੋ ਜਿਹੀ ਚਤੁਰਾਈ ਵਾਲੀ ਕੋਈ ਗੱਲ ਨਹੀਂ ਸੀ। ਅਜਿਹੀ ਇਸਤਰੀ ਤੋਂ ਇਹ ਆਸ ਰੱਖਣੀ ਵਿਅਰਥ ਹੈ ਕਿ ਉਹ ਆਪਣੇ ਸੁਆਰਥ ਨੂੰ ਤਿਆਗ ਕੇ ਦੇਸ਼ ਦੇ ਲਾਭ ਦੀ ਕੋਈ ਗੱਲ ਕਰੇਗੀ। ਕਵੀ ਸ਼ਾਹ ਮੁਹੰਮਦ ਦਾ ਦ੍ਰਿਸ਼ਟੀਕੋਣ ਉਹੋ ਹੀ ਹੈ ਜੋ ਉਸ ਵੇਲੇ ਦੇ ਸਾਧਾਰਨ ਲੋਕਾਂ ਦਾ ਰਾਣੀ ਜਿੰਦਾਂ ਤੇ ਖਾਲਸਾ ਫ਼ੌਜ ਬਾਰੇ ਪ੍ਰਚਲਤ ਸੀ।"[53] ਡਾ. ਪ੍ਰੀਤਮ ਸੈਨੀ ਅਨੁਸਾਰ "ਅਸਲ ਵਿਚ ਮਹਾਰਾਣੀ ਜਿੰਦਾਂ ਦੇ ਦੋ ਪੱਖ ਸਨ- ਪਹਿਲਾ ਜਦ ਉਹ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਸਿੱਖ ਫ਼ੌਜ ਨਾਲ ਧੋਖਾ ਕਰਦੀ ਹੈ ਅਤੇ ਦੂਜਾ ਉਹ ਜਦੋਂ ਅੰਗਰੇਜ਼ਾਂ ਦੀ ਕੂਟਨੀਤੀ ਦਾ ਪਤਾ ਲਗਣ ਕਾਰਨ ਉਨ੍ਹਾਂ ਦੀ ਵਿਰੋਧੀ ਹੋ ਗਈ।[54]

ਲਾਹੌਰ ਦਰਬਾਰ ਦੇ ਹਾਲਾਤ ਦਾ ਅਧਿਐਨ ਕਰਨ ਅਤੇ ਉਸਦੇ ਸਮਕਾਲੀ ਇਤਿਹਾਸਕਾਰਾਂ ਦੀਆਂ ਲਿਖਤਾਂ ਤੋਂ ਇਹ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਸ਼ਾਹ ਮੁਹੰਮਦ ਨੇ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਵਿਚ ਮਹਾਰਾਣੀ ਜਿੰਦਾਂ ਦਾ ਜੋ ਚਿੱਤਰ

ਪੇਸ਼ ਕੀਤਾ ਹੈ ਉਹ ਵਾਸਤਵਿਕ ਹੈ। ਜਿਤਨੇ ਲਾਹੌਰ ਦਰਬਾਰ ਦੇ ਡੋਗਰੇ, ਮਿਸਰ, ਸੰਧਾਵਾਲੀਏ ਆਦਿ ਪੰਜਾਬ ਨੂੰ ਗੁਲਾਮ ਬਣਾਉਣ ਦੇ ਦੋਸ਼ੀ ਸਨ, ਉਤਨੀ ਹੀ ਰਾਣੀ ਜਿੰਦਾਂ ਵੀ ਦੋਸ਼ੀ ਹੈ। ਇਹ ਗੱਲ ਵੱਖਰੀ ਹੈ ਕਿ ਉਹ ਇਕ ਕੁੜਿੱਕੀ ਵਿਚ ਫਸ ਗਈ ਸੀ। ਜਿਸ ਵਿਚੋਂ ਨਿਕਲਣ ਲਈ ਇਹੋ ਇਕ ਰਾਹ ਰਹਿ ਗਿਆ ਸੀ।

(2) ਸ਼ਾਹ ਮੁਹੰਮਦ ਨੇ ਪਹਾੜਾ ਸਿੰਘ ਦੀ ਗਦਾਰੀ ਦਾ ਤਾਂ ਵਰਣਨ ਕੀਤਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਉਸ ਨੇ ਲਾਲ ਸਿੰਘ ਦੀ ਦੇਸ਼ ਧਰੋਹੀ ਅਥਵਾ ਗਦਾਰੀ ਵੱਲ ਕੋਈ ਸੰਕੇਤ ਨਹੀਂ ਕੀਤਾ। ਇਤਿਹਾਸ ਦੱਸਦਾ ਹੈ ਕਿ ਲਾਲ ਸਿੰਘ ਗਦਾਰ ਸੀ ਤੇ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ। ਸਿੱਖ ਫੌਜਾਂ ਨੂੰ ਹਰਾਉਣ ਤੇ ਮਰਵਾਉਣ ਵਿਚ ਉਸ ਦਾ ਵੱਡਾ ਹੱਥ ਹੈ ਪਰ ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਉਸਦਾ ਨਾਂ ਤੱਕ ਨਹੀਂ ਲਿਆ ਜਦ ਕਿ ਮਟਕ ਨਾਂ ਦੇ ਕਵੀ ਨੇ ਆਪਣੇ ਜੰਗਨਾਮੇ ਵਿਚ ਉਸ ਦੇ ਕਿਰਦਾਰ ਨੂੰ ਇਸ ਤਰ੍ਹਾਂ ਬਿਆਨਿਆ ਹੈ:-

ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ<br>
ਰਣ ਵਿਚ ਪਿੱਠ ਦਿਖਾਇ ਕੇ, ਮੋੜਾ ਆਏ ਫੇਰ।[55]

ਸ਼ਾਹ ਮੁਹੰਮਦ ਵਲੋਂ ਲਾਲ ਸਿੰਘ ਦਾ ਨਾਂ ਤੱਕ ਨਾ ਲਏ ਜਾਣ ਬਾਰੇ ਵਿਦਵਾਨਾਂ/ ਇਤਿਹਾਸਕਾਰਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟਾਏ ਹਨ। ਪ੍ਰੋ. ਸੀਤਾ ਰਾਮ ਕੋਹਲੀ ਦਾ ਵਿਚਾਰ ਹੈ ਕਿ " ਸ਼ਾਹ ਮੁਹੰਮਦ ਵਰਗਾ ਦੇਸ਼ ਭਗਤ ਲਾਲ ਸਿੰਘ ਦਾ ਨਾਂ ਆਪਣੀ ਜ਼ੁਬਾਨ ਤੇ ਲਿਆਉਣਾ ਹੀ ਨਹੀਂ ਚਾਹੁੰਦਾ ਸੀ।"[56] ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ " ਸ਼ਾਹ ਮੁਹੰਮਦ ਨੇ ਡੋਗਰੇ ਸਰਦਾਰਾਂ ਦੇ ਡਰ ਅਧੀਨ ਜੰਗਨਾਮਾ ਲਿਖਿਆ ਹੈ।"[57] ਡੋਗਰਿਆਂ ਦੇ ਅੰਗਰੇਜ਼ਾਂ ਨਾਲ ਅੰਦਰੋਂ ਸੰਬੰਧ ਹੋਣ ਕਰਕੇ ਡੋਗਰਿਆਂ ਦੀ ਸਪੱਸ਼ਟ ਰੂਪ ਵਿਚ ਭੰਡੀ ਅੰਗਰੇਜ਼ਾਂ ਨਾਲ ਵੀ ਵੈਰ ਲੈਣ ਵਾਲੀ ਗੱਲ ਸੀ ਤੇ ਸ਼ਾਹ ਮੁਹੰਮਦ ਇਸ ਤੋਂ ਬਚਣਾ ਚਾਹੁੰਦਾ ਸੀ

<u>ਕੁਝ ਇਤਿਹਾਸਕ ਤੱਥਾਂ ਬਾਰੇ ਚੁੱਪ ਸਾਧਣੀ:-</u>

ਸ਼ਾਹ ਮੁਹੰਮਦ ਦੀ ਰਚਨਾ ਕੁੱਝ ਇਤਿਹਾਸਕ ਉਕਾਈਆਂ ਦੇ ਨਾਲ ਨਾਲ ਕੁਝ ਇਤਿਹਾਸਕ ਤੱਥਾਂ ਬਾਰੇ ਵੀ ਚੁੱਪ ਹੈ। ਲਾਲ ਸਿੰਘ ਦੀ ਗਦਾਰੀ ਬਾਰੇ ਚੁੱਪ ਸਾਧਣ ਦਾ ਕਾਰਨ ਅਸੀਂ ਪਿੱਛੇ ਵਿਚਾਰ ਆਏ ਹਾਂ। ਇਥੇ ਕੁਝ ਹੋਰ ਤੱਥਾਂ ਬਾਰੇ ਵਿਚਾਰ ਇਸ ਤਰ੍ਹਾਂ

(1) ਕੰਵਰ ਨੌਨਿਹਾਲ ਸਿੰਘ ਵੱਲੋਂ ਸ. ਚੇਤ ਸਿੰਘ ਬਾਜਵਾ ਨੂੰ ਮਾਰਨ ਦੇ ਕਾਰਨਾਂ ਬਾਰੇ ਨਹੀਂ ਦੱਸਿਆ, ਜਦਕਿ ਇਤਿਹਾਸਕਾਰ ਇਹ ਦੱਸਦੇ ਹਨ ਕਿ ਸ. ਚੇਤ ਸਿੰਘ ਬਾਜਵਾ ਦਰਬਾਰ ਦੇ ਕੰਮ ਵਿਚ ਲੋੜ ਤੋਂ ਵੱਧ ਦਖ਼ਲ ਦੇਣ ਲਗ ਪਿਆ ਸੀ, ਜਿਸ਼ ਨੂੰ ਡੋਗਰੇ ਪਸੰਦ ਨਹੀਂ ਕਰਦੇ ਸਨ। ਇਸ ਕਤਲ ਵਿਚ ਧਿਆਨ ਸਿੰਘ ਦਾ ਵੀ ਹੱਥ ਦੱਸਿਆ ਜਾਂਦਾ ਹੈ।[58]

(2) ਡੋਗਰੇ ਸਰਦਾਰ ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਬਾਅਦ ਸ਼ੇਰ ਸਿੰਘ ਨੂੰ ਰਾਜ ਗੱਦੀ ਦੇਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਕੰਵਰ ਨੌਨਿਹਾਲ ਸਿੰਘ ਦੀ ਮੌਤ ਬਾਰੇ ਖ਼ਬਰ ਲੁਕਾਈ ਰੱਖੀ। ਇਕ ਵਿਸ਼ਵਾਸਯੋਗ ਨੌਕਰ ਕੋਲ ਸ਼ੇਰ ਸਿੰਘ ਨੂੰ ਸੁਨੇਹਾ ਵੀ ਘੱਲਿਆ ਸੀ, ਪਰ ਸ਼ਾਹ ਮੁਹੰਮਦ ਨੇ ਸਿਰਫ਼ ਇਤਨਾ ਹੀ ਲਿਖਿਆ ਹੈ:-

ਸ਼ੇਰ ਸਿੰਘ ਨੂੰ ਕਿਸੇ ਜਾ ਖ਼ਬਰ ਦਿੱਤੀ।[59]

(3) ਸਿੰਘਾਂ ਤੇ ਅੰਗਰੇਜ਼ਾਂ ਦੀ ਤੀਜੀ ਲੜਾਈ ਦਾ ਥਾਂ ਟਿਕਾਣਾ ਵੀ ਨਹੀਂ ਦੱਸਿਆ ਗਿਆ। ਇਹ ਸਭਰਾਵਾਂ ਦੀ ਲੜਾਈ ਹੀ ਹੋ ਸਕਦੀ ਹੈ ਕਿਉਂਕਿ ਇਤਿਹਾਸ ਦੱਸਦਾ ਹੈ ਕਿ ਸ਼ਾਮ ਸਿੰਘ ਅਟਾਰੀਵਾਲਾ ਸਭਰਾਵਾਂ ਦੀ ਲੜਾਈ ਵਿਚ ਬਹਾਦਰੀ ਨਾਲ ਲੜਿਆ ਅਤੇ ਕਾਲਵਸ ਹੋਇਆ ।

(4) ਸ਼ਾਹ ਮੁਹੰਮਦ ਅਨੁਸਾਰ ਤੇਜਾ ਸਿੰਘ ਇਸ ਲਈ ਪੁਲ ਵੱਢਦਾ ਹੈ ਤਾਂ ਕਿ ਸਿੱਖ ਫੌਜ ਬਹਾਦਰੀ ਨਾਲ ਲੜੇਗੀ ਪਰ ਅਸਲ ਵਿਚ ਉਹ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ ਤੇ ਫੌਜ ਨੂੰ ਮਰਵਾਉਣਾ ਚਾਹੁੰਦਾ ਸੀ।

<u>ਸ਼ਾਹ ਮੁਹੰਮਦ ਦੀ ਜਾਣਕਾਰੀ ਦਾ ਸਰੋਤ:-</u>

'ਜੰਗਨਾਮਾ ਸ਼ਾਹ ਮੁਹੰਮਦ' ਵਿਚ ਕਵੀ ਸ਼ਾਹ ਮੁਹੰਮਦ ਦੁਆਰਾ ਦਿੱਤੀ ਜਾਣਕਾਰੀ ਕਾਫੀ ਹੱਦ ਤੱਕ ਇਤਿਹਾਸਕ ਤੱਥਾਂ ਉਤੇ ਆਧਾਰਿਤ ਹੈ। ਭਾਵੇਂ ਸ਼ਾਹ ਮੁਹੰਮਦ ਸਮਕਾਲੀ ਕਵੀ ਸੀ ਫਿਰ ਵੀ ਉਸ ਦੀ ਜਾਣਕਾਰੀ ਦਾ ਕੋਈ ਭਰੋਸੇਯੋਗ ਤੇ ਪੱਕਾ ਆਧਾਰ ਜ਼ਰੂਰ ਹੋਵੇਗਾ। ਡਾ. ਫੌਜਾ ਸਿੰਘ ਵੀ ਇਸ ਗੱਲ ਨੂੰ ਸਵੀਕਾਰ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ, " ਹੋ ਸਕਦਾ ਹੈ ਸ਼ਾਹ ਮੁਹੰਮਦ ਨੂੰ ਆਪਣੇ ਰਿਸ਼ਤੇਦਾਰ ਜਰਨੈਲ ਸੁਲਤਾਨ ਮਹਿਮੂਦ ਜੋ ਖਾਲਸਾ ਫੌਜ ਦੇ ਤੋਪਖਾਨੇ ਦਾ ਜਰਨੈਲ ਸੀ, ਪਾਸੋਂ ਜਾਣਕਾਰੀ ਮਿਲਦੀ ਰਹੀ ਹੋਵੇ ਜਾਂ ਉਸ ਦਾ ਆਪਣਾ ਕੋਈ ਲੜਕਾ ਫੌਜ ਵਿਚ ਨੌਕਰ ਹੋਵੇ।"[60] ਡਾ. ਜੀਤ ਸਿੰਘ ਸੀਤਲ

ਦਾ ਕਹਿਣਾ ਹੈ ਕਿ, "ਸ਼ਾਹ ਮੁਹੰਮਦ ਨੇ ਆਪ ਸਿੱਖ ਫੌਜ ਵਿਚ ਨੌਕਰੀ ਕੀਤੀ।"[61] ਸ਼ਾਹ ਮੁਹੰਮਦ ਦਾ ਇਕ ਰਿਸ਼ਤੇਦਾਰ ਮੀਆਂ ਸੁਲਤਾਨ ਮਹਿਮੂਦ ਮਹਾਰਾਜਾ ਸ਼ੇਰ ਸਿੰਘ ਦਾ ਤੋਪਚੀ ਸੀ ਤੇ ਜਿਨ੍ਹਾਂ ਨੇ ਸਿੱਖਾਂ ਵਲੋਂ ਹੋ ਕੇ ਅੰਗਰੇਜ਼ਾਂ ਨੂੰ ਪਰੇਸ਼ਾਨ ਕੀਤਾ ਸੀ। ਇਸਦੇ ਹੋਰ ਰਿਸ਼ਤੇਦਾਰ ਵੀ ਚੰਗੇ ਅਹੁਦਿਆਂ ਉਤੇ ਸਨ।

ਉਪਰੋਕਤ ਵਿਵਰਣ ਦੇ ਸਾਰਾਂਸ਼ ਵਜੋਂ ਕਿਹਾ ਜਾਂਦਾ ਹੈ ਕਿ ਸ਼ਾਹ ਮੁਹੰਮਦ ਦੀ ਰਚਨਾ ਨਿਰਸੰਦੇਹ ਇਕ ਸਫਲ ਇਤਿਹਾਸਕ ਰਚਨਾ ਹੈ। ਛੋਟੀਆਂ-ਮੋਟੀਆਂ ਇਤਿਹਾਸਕ ਉਕਾਈਆਂ ਹੁੰਦਿਆਂ ਹੋਇਆਂ ਵੀ ਇਸ ਰਚਨਾ ਵਿਚਲੀ ਇਤਿਹਾਸਕ ਜਾਣਕਾਰੀ ਉਸ ਸਮੇਂ ਦਾ ਇਕ ਮਹੱਤਵਪੂਰਣ ਇਤਿਹਾਸਕ ਸਰੋਤ ਹੈ। ਸ਼ਾਹ ਮੁਹੰਮਦ ਦੀ ਇਹ ਰਚਨਾ ਇਤਿਹਾਸ ਦਾ ਇਕ ਅੰਗ ਹੋਣ ਦੇ ਨਾਲ ਨਾਲ ਇਕ ਸਾਹਿਤਕ ਰਚਨਾ ਵੀ ਹੈ, ਜਿਸ ਕਾਰਨ ਛੋਟੀਆਂ ਮੋਟੀਆਂ ਉਕਾਈਆਂ ਵਧੇਰੇ ਮਹੱਤਵ ਨਹੀਂ ਰੱਖਦੀਆਂ। ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਠੀਕ ਹੀ ਲਿਖਿਆ ਹੈ ਕਿ " ਇਹ ਉਕਾਈਆਂ ਜਾਂ ਇਤਿਹਾਸਕ ਤਰੁੱਟੀਆਂ ਉਸ ਦੇ ( ਕਵੀ ਦੇ) ਇਤਿਹਾਸ ਪ੍ਰਤੀ ਅਪਣਾਏ ਗਏ ਸਮੁੱਚੇ ਦ੍ਰਿਸ਼ਟੀਕੋਣ ਉਤੇ ਹਾਵੀ ਤੇ ਭਾਰੂ ਨਹੀਂ ਹੁੰਦੀਆਂ ਨਾ ਹੀ ਉਸ ਦੀ ਦੇਸ਼ ਭਗਤੀ ਨੂੰ ਕੋਈ ਵਿਸ਼ੇਸ਼ ਚੁਣੌਤੀ ਦਿੰਦੀਆਂ ਹਨ।"[62]

ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਦਾ ਸਾਹਿਤਕ ਪੱਖ:-

ਸ਼ਾਹ ਮੁਹੰਮਦ ਦੀ ਇਸ ਕ੍ਰਿਤ ਦਾ ਇਤਿਹਾਸਕ ਮਹੱਤਵ ਤਾਂ ਹੈ ਹੀ, ਪਰ ਕਵੀ ਨੇ ਵਸਤੂ ਨੂੰ ਆਪਣੀ ਸੰਵੇਦਨਾ ਦੀ ਵਿਅਕਤੀਗਤ ਰੰਗਣ ਦੁਆਰਾ ਇਕ ਇਤਿਹਾਸਕ ਬਿਰਤਾਂਤ ਨੂੰ ਸਰਲ, ਸਪਸ਼ਟ ਤੇ ਕਲਾਤਮਕ ਸ਼ੈਲੀ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਇਹ ਰਚਨਾ ਪੰਜਾਬੀ ਬੀਰ-ਕਾਵਿ ਦੀ ਸਿਰਮੌਰ ਰਚਨਾ ਬਣ ਗਈ ਹੈ।

ਯੁੱਧ ਵਰਣਨ ਦੀ ਦ੍ਰਿਸ਼ਟੀ ਤੋਂ ਤਾਂਤਵਿਕ ਆਧਾਰ ਤੇ ਇਸਦੇ ਤਿੰਨ ਪੱਖ ਸਾਹਮਣੇ ਆਉਂਦੇ ਹਨ- ਸ਼ੰਕਾ ਪੱਖ, ਸੰਘਰਸ਼ ਪੱਖ ਅਤੇ ਸਮਾਧਾਨ ਪੱਖ।

ਸ਼ੰਕਾ-ਪੱਖ:- ਇਸਦਾ ਸੰਬੰਧ ਉਨ੍ਹਾਂ ਸੰਭਾਵਨਾਵਾਂ ਨਾਲ ਹੈ ਜਿਨ੍ਹਾਂ ਦੇ ਫਲਸਰੂਪ ਯੁੱਧ ਸ਼ੁਰੂ ਹੁੰਦਾ ਹੈ। ਸ਼ਾਹ ਮੁਹੰਮਦ ਦੀ ਇਸ ਰਚਨਾ ਦੇ ਪਹਿਲੇ ਤਰਤਾਲੀ ਬੰਦਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਮਰਨ ਉਪਰੰਤ ਲਾਹੌਰ ਦੀ ਅਰਾਜਕਤਾ ਦਾ ਵਿਵਰਣ ਦਿੱਤਾ ਗਿਆ ਹੈ।

ਇਸ ਨੂੰ ਵਾਸਤਵਿਕ ਰੂਪ ਵਿਚ ਸ਼ੰਕਾ-ਪੱਖ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਥੇ ਸਾਰੇ ਪਿਛੋਕੜ ਦਾ ਹੀ ਵਰਣਨ ਹੈ। ਸ਼ੰਕਾ-ਪੱਖ ਦੀ ਸਹੀ ਸਥਿਤੀ ਚੁਤਾਲੀਵੇਂ ਬੰਦ ਤੋਂ ਸਪੱਸ਼ਟ ਹੁੰਦੀ ਹੈ। ਲਾਹੌਰ ਦਰਬਾਰ ਦੀ ਅਰਾਜਕਤਾ ਦਾ ਸਿਖਰ ਨਵੇਂ ਬਣੇ ਪ੍ਰਧਾਨ ਮੰਤਰੀ ਜਵਾਹਰ ਸਿੰਘ ਦੇ ਕਤਲ ਤੇ ਰਾਣੀ ਜਿੰਦਾਂ ਨੂੰ ਕਨਾਤ ਵਿਚ ਕੈਦ ਕਰਨ ਦੀ ਘਟਨਾ ਵਿਚ ਵੇਖਿਆ ਜਾ .. ਸਕਦਾ ਹੈ। ਹੁਣ ਤੱਕ ਸਾਰੀ ਲੜਾਈ ਅੰਦਰੂਨੀ ਸੀ ਅਤੇ ਇਸਦਾ ਘਟਨਾ ਸਥਲ ਲਾਹੌਰ ਸੀ। ਇਸ ਉਪਰੰਤ ਮਹਾਰਾਣੀ ਜਿੰਦਾਂ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਕਿਸੇ ਬਾਹਰੀ ਤਾਕਤ ਬਾਰੇ ਸੋਚਦੀ ਹੈ:-

ਕਿਥੋਂ ਕੱਢਾਂ ਮੈ ਦੇਸ਼ ਫ਼ਰੰਗੀਆਂ ਦਾ,
ਕੋਈ ਮਿਲੇ ਜੋ ਇਨ੍ਹਾਂ ਦਾ ਗਰਬ ਤੋੜੇ ।[63]
.... .... ....
ਛੱਡਾਂ ਨਹੀਂ ਲਾਹੌਰ ਵਿਚ ਵੜਨ ਜੋਗੇ,
ਸਣੇ ਵੱਡਿਆਂ ਅਫ਼ਸਰਾਂ ਜਮਾਂਦਾਰਾਂ
ਪਏ ਰੁਲਣ ਇਹ ਵਿਚ ਪਰਦੇਸ ਮੁਰਦੇ,
ਸ਼ਾਹ ਮੁਹੰਮਦਾ ਮਾਰਨੀ ਏਸ ਮਾਰਾਂ ।[64]

ਇਸ ਯੁੱਧ ਦੀ ਸੰਭਾਵਨਾ ਨੂੰ ਰਾਣੀ ਜਿੰਦਾਂ ਅੰਗਰੇਜ਼ ਸਰਕਾਰ ਨੂੰ ਚਿੱਠੀ ਲਿਖ ਕੇ ਪ੍ਰਪੱਕ ਕਰਦੀ ਹੈ:-

ਅਰਜ਼ੀ ਲਿਖੀ ਫ਼ਰੰਗੀ ਨੂੰ ਕੁੰਜ ਗੋਸ਼ੇ,
ਪਹਿਲੇ ਆਪਣਾ ਸੁਖ ਆਨੰਦ ਵਾਰੀ ।
... ... ...
ਸ਼ਾਹ ਮੁਹੰਮਦਾ ਫੇਰ ਨੇ ਆਉਣ ਮੁੜਕੇ
ਮੈਨੂੰ ਏਤਨੀ ਬਾਤ ਪਸੰਦ ਵਾਰੀ ।[65]

<u>ਸੰਘਰਸ਼-ਪੱਖ:-</u> ਯੁੱਧ ਦੀ ਸ਼ੰਕਾ ਪੈਦਾ ਹੋ ਜਾਣ ਉਪਰੰਤ ਸੰਘਰਸ਼-ਪੱਖ ਦੀ ਸਥਿਤੀ ਆਉਂਦੀ ਹੈ। ਸੰਘਰਸ਼ ਪੱਖ ਦੀ ਭੂਮਿਕਾ ਦੋਹਾਂ ਧਿਰਾਂ ਦੇ ਬਹਾਦਰ ਯੋਧਿਆਂ ਦੀ ਸਲਾਹ ਨਾਲ ਸ਼ੁਰੂ ਹੁੰਦੀ ਹੈ ਅਤੇ ਨਾਇਕ ਯੁੱਧ ਜਿੱਤਣ ਲਈ ਪ੍ਰਤਿਗਿਆ ਕਰਦੇ ਹੋਏ ਗਰਵ-ਉਕਤੀਆਂ ਕਹਿੰਦੇ ਹਨ।

ਰਾਣੀ ਜਿੰਦਾਂ ਦੀ ਪੇਸ਼ਕਸ਼ ਤੇ ਲੰਡਨ ਵਿਚ ਅੰਗਰੇਜ਼ੀ ਸਰਕਾਰ ਯੁੱਧ ਦੀ ਵਿਉਂਤ ਬਣਾਉਂਦੀ ਹੈ:-

ਲੰਦਨ ਕੰਪਨੀ ਸਾਹਿਬ ਕਿਤਾਬ ਡਿੱਠੀ,
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟ ਨੇ ਚੁੱਕਿਆ ਆਣ ਬੀੜਾ,
ਹਮੀ ਜਾਇ ਕੇ ਸੀਖ ਸੇ ਅੜੇਗਾ ਜੀ।
ਘੰਟੇ ਤੀਨ ਮੇ ਜਾ ਲਾਹੌਰ ਮਾਰਾਂ,
ਐਸੀ ਬਾਤ ਮੇ ਫਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫਗਣੋਂ ਤੇਰਵੀਂ ਨੂੰ
ਹਮ ਸ਼ਹਿਰ ਲਾਹੌਰ ਵਿਚ ਵੜੇਗਾ ਜੀ।[66]

ਦੂਜੇ ਪਾਸੇ ਰਾਣੀ ਜਿੰਦਾਂ ਦੀ ਹੱਲਾਸ਼ੇਰੀ ਉਤੇ ਸਿੱਖ ਫੌਜ ਅੰਗਰੇਜ਼ਾਂ ਨਾਲ ਯੁੱਧ ਕਰਨ ਲਈ ਤਿਆਰ ਹੋ ਕੇ ਯੁੱਧ ਭੂਮੀ ਲਈ ਪ੍ਰਸਥਾਨ ਕਰਦੀ ਹੈ। ਸ਼ਾਹ ਮੁਹੰਮਦ ਨੇ ਪੰਜ ਬੰਦਾਂ (58-62) ਵਿਚ ਸਿੱਖ ਫੌਜ ਦੀ ਚੜ੍ਹਤਲ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਚਿਤਰਿਆ ਹੈ। ਕਵੀ ਦੀ ਹਮਦਰਦੀ ਲਾਹੌਰ ਦਰਬਾਰ ਨਾਲ ਹੈ। ਉਹ ਅਜਿਹੇ ਵਰਣਨ ਵੇਲੇ ਬਹੁਤ ਭਾਵੁਕ ਹੋ ਜਾਂਦਾ ਹੈ। ਉਸ ਦਾ ਵਰਣਨ ਇਤਨਾ ਸਜੀਵ ਹੈ ਕਿ ਨਾ ਕੇਵਲ ਉਹ ਆਪ ਸਗੋਂ ਉਸ ਦਾ ਲਿਖਿਆ ਇਕ ਇਕ ਸ਼ਬਦ ਯੁੱਧ ਭੂਮੀ ਲਈ ਪ੍ਰਸਥਾਨ ਕਰਦਾ ਪ੍ਰਤੀਤ ਹੁੰਦਾ ਹੈ। ਇਹ ਸ਼ਬਦ ਇਠ ਸੁਘੜ ਸੈਨਿਕ ਵਾਂਗ ਬੜੇ ਪ੍ਰਭਾਵਸ਼ਾਲੀ ਅਤੇ ਪਾਠਕ/ਸਰੋਤਾ ਦੇ ਹਿਰਦੇ ਤੇ ਸਿੱਧਾ ਅਸਰ ਪਾਉਂਦੇ ਹਨ। ਇਥੇ ਕਵੀ ਦੀ ਸ਼ਬਦ-ਚੋਣ ਤੇ ਸ਼ਬਦ-ਮੈਤਰੀ ਵਿਸ਼ੇਸ਼ ਉਲੇਖਯੋਗ ਹੈ। ਕਵੀ ਨੇ ਸਿੱਖ ਫੌਜ ਦੀ ਬਹਾਦਰੀ ਅਤੇ ਆਧਾਰ ਸ਼ਕਤੀ ਦਾ ਅਹਿਸਾਸ ਬੜੀ ਪ੍ਰਭਾਵਸ਼ਾਲੀ ਸ਼ੈਲੀ ਵਿਚ ਕਰਾਇਆ ਹੈ। ਸਾਰੇ ਚੌਗਿਰਦੇ ਵਿਚ ਤਰਥਲ ਮੱਚ ਜਾਂਦੀ ਹੈ:-

ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,
ਦਿੱਲੀ ਆਗਰੇ ਹਾਂਸੀ ਹਿਸਾਰ ਮੀਆਂ।
ਬੀਕਾਨੇਰ ਲਖਨਊ ਅਜਮੇਰ ਜੈਪੁਰ,
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।

ਚੱਲੀ ਸਭ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ,
ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ।[67]

ਇਸ ਤੋਂ ਬਾਅਦ ਸੰਘਰਸ਼-ਪੱਖ ਦੀ ਵਾਸਤਵਿਕ ਅਤੇ ਸਰਗਰਮ ਸਥਿਤੀ ਆਉਂਦੀ ਹੈ। ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਹੁੰਦੀਆਂ ਹਨ। ਇਥੇ ਦੋਹਾਂ ਧਿਰਾਂ ਦੀਆਂ ਫੌਜ ਦੇ ਸਮੂਹਿਕ ਯੁੱਧ ਦਾ ਉਲੇਖ ਅਤੇ ਪਰਿਣਾਮ ਚਿਤਰਿਤ ਹੈ। ਇਸ ਵਿਚ ਵਿਅਕਤੀਗਤ ਦੁਅੰਦ-ਯੁੱਧ, ਸ਼ਸਤ੍ਰਾਂ-ਅਸਤ੍ਰਾਂ ਦੇ ਪ੍ਰਹਾਰ, ਵੀਰਾਂ ਦੀਆਂ ਪਰਸਪਰ ਉਕਤੀਆਂ-ਪ੍ਰਤਿਉਕਤੀਆਂ ਯੁੱਧ ਦਾ ਵਿਯੂਹ-ਬਿੰਬ ਆਦਿ ਪੱਖਾਂ ਦੇ ਚਿਤਰਣ ਨੂੰ ਵਿਸਥਾਰ ਨਹੀਂ ਦਿੱਤਾ ਗਿਆ।

<u>ਸਮਾਧਾਨ ਪੱਖ:-</u> ਸਮਾਧਾਨ-ਪੱਖ ਵਿਚ ਹਾਰੀ ਹੋਈ ਧਿਰ ਦੀ ਦੁਰਦਸ਼ਾ, ਉਨ੍ਹਾਂ ਦੇ ਸੰਬੰਧੀਆਂ ਦੁਆਰਾ ਦੁੱਖ ਮਨਾਉਣਾ, ਆਤਮ-ਗਿਲਾਨੀ ਆਦਿ ਸਥਿਤੀਆਂ ਨੂੰ ਚਿਤਰਿਤ ਕੀਤਾ ਜਾਂਦਾ ਹੈ ਅਤੇ ਦੂਜੇ ਪਾਸੇ ਜਿੱਤੇ ਹੋਏ ਧੜੇ ਦਾ ਖੁਸ਼ੀਆਂ ਮਨਾਉਣਾ, ਜਿੱਤੇ ਹੋਏ ਇਲਾਕੇ ਨੂੰ ਪੱਕੀ ਤਰ੍ਹਾਂ ਅਧਿਕਾਰ ਅਧੀਨ ਕਰਨਾ ਅਤੇ ਮੱਦਦਗਾਰਾਂ ਨੂੰ ਇਨਾਮ/ਇਕਰਾਮ ਜਾਂ ਜਗੀਰਾਂ ਬਖਸ਼ਣਾ ਆਦਿ ਗੱਲਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਸ਼ਾਹ ਮੁਹੰਮਦ ਦੀ ਇਸ ਰਚਨਾ ਵਿਚ ਇਸ ਪ੍ਰਕਾਰ ਦੀਆਂ ਸਥਿਤੀਆਂ ਦਾ ਬੜੀ ਬਾਰੀਕੀ ਨਾਲ ਚਿਤਰਣ ਹੋਇਆ ਮਿਲਦਾ ਹੈ। ਮਿਸਾਲ ਵਜੋਂ:-

(ੳ) ਸਿੰਘਾਂ ਦੀ ਹਾਰੀ ਹੋਈ ਮਾਨਸਿਕਤਾ:

ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਫੇਰ ਨਾ ਰੱਬ ਲਿਆਵੇ,
ਵਿਚ ਜੰਗ ਦੇ ਨਾਲ ਫਰੰਗੀਆਂ ਦੇ।[68]

(ਅ) ਅੰਗਰੇਜ਼ਾਂ ਦੀ ਜਿੱਤ ਦਾ ਦ੍ਰਿਸ਼:-

ਪੁਲ ਬੱਧਾ ਫਰੰਗੀ ਨੇ ਖ਼ਬਰ ਸੁਣਕੇ,
ਲਾਂਘੇ ਪਾਏ ਨੀ ਵਿਚ ਪਲਕਾਰਿਆਂ ਦੇ।
ਆਏ ਸ਼ਹਿਰ ਲਾਹੌਰ ਨੂੰ ਖੁਸ਼ੀ ਕਰਦੇ,

ਵਾਜੇ ਵੱਜਦੇ ਨਾਲ ਨਗਾਰਿਆਂ ਦੇ।[69]

ਭਾਸ਼ਾ:-

ਕਵੀ ਜੋ ਕੁਝ ਵੀ ਅਨੁਭਵ ਕਰਦਾ ਹੈ ਅਤੇ ਇਸ ਅਨੁਭੂਤੀ ਨੂੰ ਉਹ ਭਾਸ਼ਾ ਰਾਹੀਂ ਹੀ ਦੂਜਿਆਂ ਤੱਕ ਸੰਚਾਰ ਕਰਦਾ ਹੈ। ਕਵੀ ਦੀ ਭਾਸ਼ਾ ਆਮ ਜ਼ੁਬਾਨ ਤੋਂ ਇਨ੍ਹਾਂ ਅਰਥਾਂ ਵਿਚ ਭਿੰਨ ਹੁੰਦੀ ਹੈ ਕਿ ਉਹ ਭਾਸ਼ਾ ਦਾ ਪ੍ਰਯੋਗ ਉਨ੍ਹਾਂ ਪ੍ਰੇਖਕਾਂ ਦੇ ਮੁਕਾਬਲੇ ਤੇ ਨਿਵੇਕਲੇ ਢੰਗ ਨਾਲ ਕਰਦਾ ਹੈ, ਜਿਹੜੇ ਸਿਰਫ ਸਥੂਲ ਰਚਨਾਵਾਂ ਦੱਸਣ ਲਈ ਲਿਖਦੇ ਹਨ।[70]

ਇਸ ਜੰਗਨਾਮੇ ਵਿਚ ਸ਼ਾਹ ਮੁਹੰਮਦ ਨੇ ਬੜੀ ਸਾਦੀ, ਲੋਕ ਮੁਹਾਵਰੇ ਦੀ ਠੇਠ ਤੇ ਉਸ ਵੇਲੇ ਦੀ ਪ੍ਰਚਲਤ ਭਾਸ਼ਾ ਵਰਤੀ ਹੈ। ਸ਼ਾਹ ਮੁਹੰਮਦ ਇਕ ਲੋਕ ਕਵੀ ਸੀ ਤੇ ਉਸ ਨੇ ਲੋਕ ਮਨ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਲੋਕ-ਭਾਸ਼ਾ ਨੂੰ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਦਾ ਮਾਧਿਅਮ ਬਣਾਇਆ ਹੈ। ਇਸੇ ਕਰਕੇ ਇਹ ਰਚਨਾ ਲੋਕ-ਮਨਾਂ ਤੇ ਇਤਨੀ ਛਾਈ ਹੋਈ ਤੇ ਹਰਮਨ ਪਿਆਰੀ ਹੈ। ਸ਼ਾਹ ਮੁਹੰਮਦ ਨੇ ਇਸ ਰਚਨਾ ਵਿਚ ਇਤਨੀ ਸਮੱਗਰੀ ਸੰਕਲਤ ਕੀਤੀ ਹੈ ਕਿ ਇਕ ਮਹਾਂਕਾਵਿ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਕਵੀ ਨੇ ਕੁੱਜੇ ਵਿਚ ਸਮੁੰਦਰ ਬੰਦ ਕੀਤਾ ਹੈ। ਕਿਧਰੇ ਕੋਈ ਵੀ ਸ਼ਬਦ ਜਾਂ ਸਤਰ ਅਸਪਸ਼ਟ ਅਥਵਾ ਕਠਨ ਨਹੀਂ। ਹੇਠਾਂ ਇਕ ਉਦਾਹਰਣ ਦੇਂਦੇ ਹਾਂ:-

ਸਿੰਘਾਂ ਆਖਿਆ ਲੜਾਂਗੇ ਹੋ ਟੋਟੇ,
ਸਾਨੂੰ ਖ਼ਬਰ ਘੱਲੀਂ ਦਿਨੇ ਰਾਤ ਮਾਈ।
ਤੇਰੀ ਨੌਕਰੀ ਵਿਚ ਨਾ ਫਰਕ ਕਰਸਾਂ,
ਭਾਵੇਂ ਖੂਹ ਘੱਤੀ ਭਾਵੇਂ ਖਾਤ ਮਾਈ।
ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤਾ,
ਗੁੱਝਾ ਕਰਨ ਲੱਗੀ ਸਾਡਾ ਘਾਤ ਮਾਈ।
ਸ਼ਾਹ ਮੁਹੰਮਦਾ ਅਜੇ ਨਾ ਜਾਣਿਓ ਨੇ,
ਖਾਲੀ ਪਈਏ ਚੌਪੜੀ ਪਰਾਤ ਮਾਈ।[71]

ਛੰਦ:-

ਸ਼ਾਹ ਮੁਹੰਮਦ ਨੇ ਇਹ ਰਚਨਾ ਬੈਤ ਛੰਦ ਵਿਚ ਲਿਖੀ ਹੈ। ਬੈਤ ਛੰਦ ਇਕ ਮਾਤ੍ਰਿਕ

ਛੰਦ ਹੈ। ਪਰੰਤੂ ਬੈਂਤ ਛੰਦ ਦੀ ਜਿਹੜੀ ਵੰਨਗੀ ਪੰਜਾਬੀ ਕਵੀਆਂ ਨੇ ਅਪਣਾਈ ਹੈ, ਉਸ ਨੂੰ ਭਾਈ ਕਾਨ੍ਹ ਸਿੰਘ ਨਾਭਾ ਇਸ ਤਰ੍ਹਾਂ ਦੱਸਦੇ ਹਨ, " ਪ੍ਰਤਿ ਚਰਣ 40 ਮਾਤਰਾਂ, 22-20 ਪਰ ਦੋ ਵਿਸ਼ਰਾਮ ਅਤੇ ਅੰਤ ਦੋ ਗੁਰੂ।"[72] ਸ਼ਾਹ ਮੁਹੰਮਦ ਦੀ ਰਚਨਾ ਦੀ ਹਰ ਤੁਕ ਵਿਚ 40 ਮਾਤਰਾਂ ਹਨ, ਪਰੰਤੂ ਇਹ ਮਾਤਰਾਂ ਕਿਤੇ ਕਿਤੇ ਵੱਧ ਘੱਟ ਵੀ ਗਈਆਂ ਹਨ।

ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗੇਬਾਜ ਦਾ ਧਾਰ ਕੇ ਭੇਸ ਮੀਆਂ। [73]
( 22+20)

ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ। [74]
( 20+19)

ਅਲੰਕਾਰ ਵਿਧਾਨ:-

ਡਾ. ਨਗੇਂਦ੍ਰ ਅਨੁਸਾਰ, "ਅਲੰਕਾਰ ਕਾਵਿ ਦੇ ਅੰਗ ਅਰਥਾਤ ਸ਼ਬਦਾਰਥ ਰੂਪ ਸਰੀਰ ਦੀ ਸ਼ੋਭਾ ਵਧਾਉਂਦੇ ਹੋਏ ਕਾਵਿ ਦਾ ਉਪਕਾਰ ਕਰਦੇ ਹਨ। ਚਮਤਕ੍ਰਿਤੀ ਵਿਚ ਯੋਗ ਦੇਂਦੇ ਹਨ। ਕਾਵਿ ਵਿਚ ਉਨ੍ਹਾਂ ਦਾ ਸਥਾਨ ਉਹੀ ਹੈ ਜੋ ਮਨੁੱਖ ਦੇ ਵਿਅਕਤੀਤਵ ਵਿਚ ਹਾਰ ਆਦਿ ਭੂਸ਼ਣਾਂ ਦਾ।"[75] ਸੰਸਕ੍ਰਿਤ ਅਚਾਰੀਆ ਨੇ ਅਲੰਕਾਰਾਂ ਦੇ ਦੋ ਭੇਦ ਮੰਨੇ ਹਨ (1) ਸ਼ਬਦ ਅਲੰਕਾਰ (2) ਅਰਥ ਅਲੰਕਾਰ। "ਜਿਸ ਅਲੰਕਾਰ ਵਿਚ ਸ਼ਬਦਾਂ ਦੇ ਪ੍ਰਯੋਗ ਦੇ ਕਾਰਣ ਕੋਈ ਚਮਤਕਾਰ ਉਪਸਥਿਤ ਹੋ ਜਾਂਦਾ ਹੈ ਅਤੇ ਉਨ੍ਹਾਂ ਸ਼ਬਦਾਂ ਦੇ ਸਥਾਨ ਤੇ ਸਮਾਨਾਰਥੀ ਦੂਸਰੇ ਸ਼ਬਦਾਂ ਨੂੰ ਰੱਖ ਦੇਣ ਦੇ ਨਾਲ ਚਮਤਕਾਰ ਸਮਾਪਤ ਹੋ ਜਾਂਦਾ ਹੈ, ਉਥੇ ਸ਼ਬਦ ਅਲੰਕਾਰ ਮੰਨਿਆ ਗਿਆ ਹੈ।"[76]

ਕਾਵਿ ਵਿਚ ਅਲੰਕਾਰਾਂ ਦਾ ਪ੍ਰਯੋਗ ਕਾਵਿ ਦੇ ਰੂਪ ਅਤੇ ਵਸਤੂ ਦੇ ਗੁਣਾਂ ਦਾ ਤੀਬਰ ਅਨੁਭਵ ਕਰਵਾਉਣ ਦਾ ਇਕ ਸਾਧਨ ਹੈ। ਸ਼ਾਹ ਮੁਹੰਮਦ ਨੇ ਆਪਣੀ ਇਸ ਰਚਨਾ ਵਿਚ ਅਲੰਕਾਰਾਂ ਦੀ ਸੁਯੋਗ ਜੜਤ ਕੀਤੀ ਹੈ। ਇਹ ਅਲੰਕਾਰ ਉਸਦੇ ਕਾਵਿ ਵਿਚ ਸਹਿਜੇ ਹੀ ਆਏ ਹਨ, ਇਨ੍ਹਾਂ ਨਾਲ ਉਸ ਦੀ ਕਾਵਿ ਕਲਾ ਵਿਚ ਵਧੇਰੇ ਤੀਬਰਤਾ ਆਈ ਹੈ। ਰਵਾਨੀ ਵਿਚ ਵਾਧਾ ਹੋਇਆ ਹੈ। ਉਸ ਦੀ ਕਾਵਿ ਸ਼ੈਲੀ ਅਲੰਕਾਰਮਈ ਹੈ। ਭਾਵੇਂ

ਅਲੰਕਾਰ ਦੀਆਂ ਕਈ ਵੰਨਗੀਆਂ ਹਨ ਪਰ ਕਵੀ ਨੇ ਲੋੜ ਅਨੁਸਾਰ ਉਪਮਾ ਅਲੰਕਾਰ, ਉਤਪ੍ਰੇਖਿਆ ਅਲੰਕਾਰ, ਰੂਪਕ ਅਲੰਕਾਰ, ਲਕੋਕਤੀ-ਅਲੰਕਾਰ ਆਦਿ ਦੀ ਵਰਤੋਂ ਕੀਤੀ ਹੈ। ਵਰਤੇ ਅਲੰਕਾਰਾਂ ਦੀਆਂ ਕੁਝ ਵੰਨਗੀਆਂ ਹੇਠ ਲਿਖੇ ਅਨੁਸਾਰ ਹਨ:

ਧਾਕਾਂ ਜਾਣ ਵਲਾਇਤੀ ਦੇਸ਼ ਸਾਰੇ,
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ ।[77]
( ਉਪਮਾ ਅਲੰਕਾਰ)

ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।[78]
( ਉਤਪ੍ਰੇਖਿਆ ਅਲੰਕਾਰ)

ਕੂੰਜਾਂ ਨਜ਼ਰ ਆਈਆਂ ਬਾਜਾਂ ਭੁਖਿਆਂ ਨੂੰ,
ਚੋਟਾਂ ਕੈਸੀਆਂ ਵੇਖੋ ਚਲਾਂਵਦੇ ਨੀ।[79]
( ਰੂਪਕ ਅਲੰਕਾਰ)

ਸਿਰ ਫੌਜ ਦੇ ਰਿਹਾ ਨਾ ਕੋਈ ਕੂੰਡਾ,
ਫਿਰਦੇ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।[80]
( ਲਕੋਕਤੀ ਅਲੰਕਾਰ)

ਰਸ:-

ਭਾਰਤੀ ਕਾਵਿ-ਸ਼ਾਸਤਰੀ ਚਿੰਤਨ-ਪਰੰਪਰਾ ਵਿਚ ਕਾਵਿ ਦੇ ਸੁਭਾਅ ਅਤੇ ਸਾਰ ਦਾ ਅਧਿਐਨ ਕਰਦਿਆਂ ਹੋਇਆਂ ਸੰਸਕ੍ਰਿਤ ਆਚਾਰੀਆਂ ਨੇ ਰਸ ਨੂੰ ਕਾਵਿ ਵਿਚ ਨਾ ਸਿਰਫ਼ ਮਹੱਤਵਪੂਰਨ ਸਥਾਨ ਦਿੱਤਾ ਹੈ ਸਗੋਂ ਬਹੁਤ ਸਾਰੇ ਆਚਾਰੀਆਂ ਨੇ ਇਸ ਨੂੰ ਕਾਵਿ ਦੀ ਆਤਮਾ ਮੰਨਿਆ ਹੈ।[81]

ਸ਼ਾਹ ਮੁਹੰਮਦ ਦੀ ਕ੍ਰਿਤ ਜੰਗਨਾਮਾ ਬਾਹਰੀ ਤੌਰ ਤੇ ਯੁੱਧ ਨਾਲ ਸੰਬੰਧਤ ਹੋਣ ਕਰਕੇ ਇਸ ਮੂਲ ਭਾਵ ਬਾਰੇ ਸਾਧਾਰਣ ਵਿਚਾਰ ਇਸਦੇ ਬੀਰ-ਕਾਵਿ ਹੋਣ ਦੇ ਬਣਦੇ ਹਨ। ਭਾਵੇ ਸਮੁੱਚੇ ਜੰਗਨਾਮੇ ਦੀ ਤਹਿ ਵਿਚ ਬੀਰ-ਰਸ ਦੀ ਥਾਂ ਇਸਦਾ ਪ੍ਰਧਾਨ ਰਸ ਕਰੁਣਾ ਉਭਰਦਾ ਹੈ ਅਤੇ ਬਾਕੀ ਰਸ ਇਸਦੇ ਅਧੀਨ ਹਨ, ਜਿਨ੍ਹਾਂ ਦੀ ਹੋਂਦ ਤਾਂ ਹੈ ਪਰੰਤੂ ਕਰੁਣਾ ਰਸ ਵਾਂਗ

ਵਿਸਥਾਰ ਰੂਪ ਵਿਚ ਨਹੀ। ਇਸ ਜੰਗਨਾਮੇ ਵਿਚ ਬੀਰ ਰਸ, ਕਰੁਣਾ ਰਸ ਅਤੇ ਹਾਸ ਰਸ ਦਾ ਸੁਮੇਲ ਹੈ।

ਬੀਰ ਰਸ:- ਡਾ. ਜੀਤ ਸਿੰਘ ਸੀਤਲ ਦੇ ਸ਼ਬਦਾਂ ਵਿਚ, "ਇਹ ਜੰਗਨਾਮਾ ਵਾਰਾਂ ਵਿਚ ਵਰਤੇ ਗਏ ਪ੍ਰਸਿੱਧ ਪਉੜੀ ਛੰਦ ਵਿਚ ਨਹੀਂ ਅਤੇ ਸ਼ਾਇਦ ਇਹੀ ਕਾਰਣ ਹੈ ਕਿ ਇਸ ਵਿਚ ਬੀਰ ਰਸ ਦਾ ਪੂਰਨ ਤੌਰ ਤੇ ਪ੍ਰਗਟਾਅ ਨਹੀਂ ਹੋ ਸਕਿਆ।[82]

ਫਿਰ ਵੀ ਜੰਗਨਾਮਾ ਸ਼ਾਹ ਮੁਹੰਮਦ ਵਿਚ ਅਨੇਕਾਂ ਸਤਰਾਂ ਸਿੰਘਾਂ ਦੀ ਬੀਰਤਾ ਕੁਰਬਾਨੀ, ਸਾਹਸ ਅਤੇ ਇਸਦੇ ਨਾਲ ਨਾਲ ਅੰਗਰੇਜ਼ਾਂ ਦੀ ਸੂਰਬੀਰਤਾ ਨੂੰ ਵੀ ਵਰਣਨ ਕਰਦੀਆਂ ਹਨ। ਮਿਸਾਲ ਵਜੋਂ ਹੇਠਲੀਆਂ ਸਤਰਾਂ ਵਿਚੋਂ ਸਿੰਘਾਂ ਦੀ ਚੜ੍ਹਾਈ ਕਰਨ ਦਾ ਵਰਣਨ ਅਤਿਅੰਤ ਉਤਸ਼ਾਹ-ਪੂਰਵਕ ਹੈ।

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ-ਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।[83]

ਕਰੁਣਾ ਰਸ:-

ਸੰਸਕ੍ਰਿਤ ਆਚਾਰੀਆ ਅਨੁਸਾਰ ਕਰੁਣਾ ਰਸ ਅਜਿਹਾ ਰਸ ਹੈ ਜਿਸਦਾ ਸਥਾਈ ਭਾਵ ਗ਼ਮ ਜਾਂ ਸ਼ੋਕ ਹੁੰਦਾ ਹੈ।[84] ਜੰਗਨਾਮਾ ਸ਼ਾਹ ਮੁਹੰਮਦ ਮੂਲ ਰੂਪ ਵਿਚ ਸਿੰਘਾਂ ਦੀ ਫ਼ਰੰਗੀਆਂ ਹੱਥੋਂ ਹੋਈ ਹਾਰ ਅਤੇ ਉਸ ਹਾਰ ਤੋਂ ਪੈਦਾ ਹੋਈ ਨਿਰਾਸ਼ਾ, ਗ਼ਮ, ਸ਼ੋਕ, ਦਰਦ ਨਾਲ ਸੰਬੰਧਿਤ ਹੁੰਦਾ ਹੋਇਆ ਪੰਜਾਬੀ ਜਨ-ਸਮੂਹ ਦੀ ਹੂਕ ਹੈ। ਇਸ ਰਸ ਦੀ ਮਿਸਾਲ:-

ਕਈ ਮਾਵਾਂ ਦੇ ਪੁੱਤ ਨੇ ਮੋਏ ਉਥੇ,
ਸੀਨੇ ਲੱਗੀਆਂ ਤੇਜ਼ ਕਟਾਰੀਆਂ ਨੀ।

ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜਕੇ,
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।
ਚੰਗੇ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ,
ਖੁਲ੍ਹੇ ਵਾਲ ਤੇ ਫਿਰਨ ਵਿਚਾਰੀਆਂ ਨੀ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ,
ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।[85]

ਹਾਸ ਰਸ:-

ਸ਼ਾਹ ਮੁਹੰਮਦ ਨੇ ਵੱਖ ਵੱਖ ਪ੍ਰਸੰਗਾਂ ਵਿਚ ਹਾਸ ਰਸ ਦੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਹਨ। ਵੱਖ ਵੱਖ ਸਥਿਤੀਆਂ ਵਿਚ ਹਾਸ-ਰਸ ਦੇ ਵੱਖ ਵੱਖ ਪੱਧਰਾਂ ਨੂੰ ਬਿਆਨ ਕੀਤਾ ਹੈ। ਕਿਤੇ ਇਹ ਹਾਸ ਰਸ ਚੋਭ ਵਾਲਾ ਹੈ, ਕਿਤੇ ਵਿਅੰਗ ਵਾਲਾ ਹੈ, ਕਿਤੇ ਰਮਜ਼ ਵਾਲਾ ਹੈ। ਉਦਾਹਰਣ ਵਜੋਂ ਹੇਠਲੇ ਬੰਦ ਵਿਚ ਹਾਸ ਰਸ ਦੀ ਮਿਸਾਲ ਵੇਖਣਯੋਗ ਹੈ:-

ਪਹਿਲੇ ਹੱਲਿਓਂ ਸਿੰਘ ਜੋ ਨਿਕਲ ਸਾਰੇ,
ਪਏ ਔਝੜੇ ਔਝੜੇ ਜਾਂਵਦੇ ਨੀ।
ਲੁਟੇ ਗਏ ਸਾਰੇ ਰਹੀ ਇਕ ਕੁੜਤੀ
ਬਾਹਾਂ ਹਿੱਕ ਦੇ ਨਾਲ ਲਗਾਂਵਦੇ ਨੀ।
ਅੱਗੋਂ ਲੋਕ ਲੜਾਈ ਦੀ ਗੱਲ ਪੁੱਛਣ
ਜੀਭ ਹੋਠਾਂ ਥੀ ਖੋਲ ਦਿਖਾਂਵਦੇ ਨੀ।
ਸ਼ਾਹ ਮੁਹੰਮਦਾ ਆਣ ਕੇ ਘਰਦਿਆਂ ਤੋਂ
ਨਵੇਂ ਕਪੜੇ ਹੋਰ ਸਿਵਾਂਵਦੇ ਨੀ।[86]

ਸ਼ਬਦਾਵਲੀ:-

ਬਾਵਾ ਬੁੱਧ ਸਿੰਘ ਨੇ ਕਵੀ ਦੀ ਬੋਲੀ ਵਿਚ ਵਰਤੇ ਹੋਏ ਅੰਗਰੇਜ਼ੀ ਸ਼ਬਦਾਂ ਬਾਰੇ ਇਹ ਕਿਹਾ ਹੈ ਕਿ, " ਇਨ੍ਹਾਂ ਨੇ ਆਪਣੀ ਕਵਿਤਾ ਵਿਚ ਕੌਂਸਲ, ਅਫਸਰ, ਕੰਪਨੀ ਆਦਿ ਅੰਗਰੇਜ਼ੀ ਲਫ਼ਜ਼ ਵਰਤੇ ਹਨ, ਜੋ ਪਹਿਲੇ ਇਨ੍ਹਾਂ ਈ ਵਾੜੇ।"[87] ਪੰਜਾਬ ਉਪਰ ਬਹੁਤ ਸਮੇਂ ਮੁਸਲਮਾਨੀ ਰਾਜ ਰਿਹਾ। ਇਸ ਲਈ ਜਨ-ਸਾਧਾਰਣ ਦੀ ਬੋਲੀ ਵਿਚ

ਫਾਰਸੀ ਅਤੇ ਅਰਬੀ ਦੇ ਬਹੁਤ ਸਾਰੇ ਸ਼ਬਦ ਆ ਗਏ ਸਨ। ਬਹੁਤ ਸਾਰੇ ਅਖਾਣਾਂ ਤੇ ਮੁਹਾਵਰੇ ਵੀ ਪੰਜਾਬੀ ਬੋਲੀ ਵਿਚ ਸੰਮਿਲਤ ਹੋ ਗਏ ਸਨ। ਹੇਠਾਂ ਅਸੀਂ ਸ਼ਾਹ ਮੁਹੰਮਦ ਦੀ ਰਚਨਾ ਵਿਚ ਵਰਤੇ ਗਏ ਵੱਖ ਵੱਖ ਭਾਸ਼ਾਵਾਂ ਦੇ ਸ਼ਬਦਾਂ ਤਤਸਮ ਅਤੇ ਤਦਭਵ ਰੂਪ ਦੀਆਂ ਕੁਝ ਉਦਾਹਰਣਾਂ ਪੇਸ਼ ਕਰਦੇ ਹਾਂ:-

ਉਰਦੂ ਫਾਰਸੀ ਸ਼ਬਦ:-

ਅਵੱਲ, ਹਮਦ, ਜਨਾਬ, ਅੱਲਾਹ, ਬਾਂਗ, ਸਿੱਕਾ, ਕਦੀਮ, ਗਰਕ, ਨਾਹੱਕ, ਖ਼ਬਰ, ਰਜ਼ਾ, ਫਿਕਰ, ਦਰਗਾਹ, ਮੁਹਾਲ, ਅਰਜ਼ੀ ਆਦਿ।

ਸੰਸਕ੍ਰਿਤ ਸ਼ਬਦ:-

ਭੇਖ, ਦੇਸ, ਰੂਪ, ਭੀਖ, ਧਰਮਰਾਜ, ਦੂਤ, ਮੂਲ, ਤੀਰਥ, ਕਟਕ, ਸਹਾਵਤ, ਸੁਹਾਗਣ, ਵਿਰਲਾਪ, ਚੰਡਾਲ ਆਦਿ।

ਅੰਗਰੇਜੀ ਸ਼ਬਦ:-

| | | | |
|---|---|---|---|
| ਸੰਤਰੀ | Sentry | ਪਲਟਨ | Platoon |
| ਅੜਦਲੀ | Orderly | ਲਾਟ | Lord |
| ਲੰਦਨ | London | ਕੌਂਸਲ | Council |
| ਰਜਾਮੈਂਟ | Regment | ਅਫਸਰ | Officer |
| ਕੰਪਨੀ | Company | | |

ਅਖਾਣਾਂ ਤੇ ਮੁਹਾਵਰੇ:-

ਸ਼ਾਹ ਮੁਹੰਮਦ ਨੇ ਲੋਕ ਮੁਹਾਵਰੇ ਨੂੰ ਬੜੀ ਪ੍ਰਵੀਨਤਾ ਸਹਿਤ ਆਪਣੀ ਕਾਵਿ-ਸਿਰਜਣਾ ਵਿਚ ਵਰਤਿਆ ਹੈ ਅਤੇ ਪ੍ਰਭਾਵ ਦੀ ਤੀਬਰਤਾ ਅਤੇ ਡੂੰਘਾਈ ਤੇ ਭਾਸ਼ਾਈ ਪ੍ਰਬੀਨਤਾ ਨੂੰ ਦਰਸਾਇਆ ਹੈ। ਮਿਸਾਲ ਵਜੋਂ:- ਤੇਗਾਂ ਮਾਰਨੀਆਂ, ਸਿਰ ਤੇ ਕੁੰਡਾ ਨਾ ਹੋਣਾ, ਗਲੋਂ ਤਗਾਦੜੀ ਲਾਹੁਣੀ, ਰੱਤ ਚੱਟਣੀ, ਫਰਸ਼ ਉਠਾਉਣਾ, ਵਹੀਰ ਘੱਤਣਾ, ਸਫਾ ਲਪੇਟਣਾ, ਤੇਗਾਂ ਮਾਰਨਾਂ ਆਦਿ।

ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਵੰਨ-ਸੁਵੰਨੇ ਪ੍ਰਯੋਗ ਕੀਤੇ ਹਨ। ਵਾਹ ਲਗਦੀ ਉਸ ਨੇ ਮੁੜਕੇ ਉਹੀ ਸ਼ਬਦ ਨਹੀਂ ਦੁਹਰਾਇਆ। ਬਲਕਿ ਇਕੋ ਅਰਥ ਦੇ ਵੱਖੋ-ਵੱਖਰੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਉਦਾਹਰਣ ਵਜੋਂ 'ਸ਼ਰਾਬ' ਸ਼ਬਦ ਦੀ ਵਰਤੋਂ:-

ਦਾਰੂ ਵੰਡਿਆ ਸੂਰਿਆਂ ਜੰਗੀਆਂ ਨੂੰ
ਦੋ ਦੋ ਬੋਤਲਾਂ ਕੈਫ ਖੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ ।[88]

ਕਵੀ ਨੂੰ ਸਥਿਤੀ ਅਨੁਸਾਰ ਪਾਤਰ ਉਸਾਰੀ ਕਰਨ ਦੀ ਬਹੁਤ ਮੁਹਾਰਤ ਹੈ। ਹੇਠ ਲਿਖੇ ਬੰਦ ਵਿਚ ਪਾਤਰ ਦੀ ਹਾਸੋ-ਹੀਣੀ ਹਾਲਤ ਦਰਸਾਈ ਹੈ ਕਿ ਕਿਵੇਂ ਉਹ ਪੰਜਾਬੀ ਨਹੀਂ ਬੋਲ ਸਕਦਾ:-

ਟੁੰਡੇ ਲਾਟ ਨੇ ਚੁਕਿਆ ਆਣ ਬੀੜਾ
ਹਮ ਸੀਖ ਸਿਉ ਜਾਇਕੇ ਲੜੇਗਾ ਜੀ।
ਘੰਟੇ ਤੀਨ ਮੇਂ ਜਾ ਲਾਹੌਰ ਮਾਰਾਂ,
ਇਸ ਜਾਤ ਮੇਂ ਫਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫੱਗਣੋਂ ਤੇਰ੍ਹਵੀਂ ਨੂੰ
ਹਮ ਸ਼ਹਿਰ ਲਾਹੌਰ ਵਿਚ ਵੜੇਗਾ ਜੀ।[89]

ਸਮ ਅਰਥਕ ਸ਼ਬਦ:-

ਭਾਸ਼ਾਈ ਪੱਖ ਤੋਂ ਪ੍ਰਭਾਵ ਨੂੰ ਵਧੇਰੇ ਤੀਖਣ ਕਰਨ ਲਈ ਸਮ-ਅਰਥਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਜਿਵੇਂ ਅੰਤ-ਸੁਮਾਰ, ਮੁੱਢ-ਕਦੀਮ, ਤੁਰਤ -ਜਲਦੀ ਆਦਿ।

ਖਾਲਸਾਈ ਸ਼ਬਦ:-

ਇਸ ਨੂੰ 'ਸਿੰਘਾਂ ਦੇ ਬੋਲ' ਵੀ ਆਖਿਆ ਜਾਂਦਾ ਹੈ। ਦਰਅਸਲ ਇਹ ਸਿੰਘਾਂ ਦੀ ਗੁਪਤ ਭਾਸ਼ਾ ਸੀ। ਇਸਨੂੰ ਕਿਸੇ ਖਾਸ ਸਥਿਤੀ ਵਿਚ ਖਾਲਸਾ ਵਰਤਿਆ ਕਰਦਾ ਸੀ। ਸ਼ਾਹ ਮੁਹੰਮਦ ਵਲੋਂ ਵਰਤੇ ਗਏ ਕੁਝ ਖਾਲਸਾਈ ਸ਼ਬਦ: ਕਾਲੜੇ ਕੇਸ, ਗੁਰਮਤਾ, ਕਮਰ ਕਸਣੀ,

ਪਰਸ਼ਾਦ ਛਕਣਾ, ਸਵਾਸ ਪੂਰੇ ਹੋਣੇ ਆਦਿ।

ਮਾਨਵੀਕਰਣ:-

'ਕਿਸੇ ਵੀ ਜੜ੍ਹ ਵਸਤੂ ਵਿਚ ਮਾਨਵ, ਮਨੁੱਖ ਜਾਂ ਪੁਰਖ ਦੇ ਗੁਣ ਕਿਰਿਆ ਆਦਿ ਨੂੰ ਵੇਖਣ ਤੇ ਪ੍ਰਗਟ ਕਰਨ ਦੀ ਪ੍ਰਕ੍ਰਿਆ ਨੂੰ ਮਾਨਵੀਕਰਣ ਕਿਹਾ ਜਾਂਦਾ ਹੈ।[90] ਸਾਹਿਤਕਾਰ ਵਧੇਰੇ ਕਰਕੇ ਕਵੀ, ਇਸ ਜਗਤ ਦੀਆਂ ਜੜ੍ਹ ਵਸਤਾਂ ਵਿਚ ਮਨੁੱਖੀ ਗੁਣ, ਕਿਰਿਆ ਆਦਿ ਦੇ ਦੀਦਾਰ ਕਰਦੇ ਹਨ। ਸ਼ਾਹ ਮੁਹੰਮਦ ਦੀ ਇਸ ਰਚਨਾ ਵਿਚ ਇਹ ਗੁਣ ਵੀ ਵਿਦਮਾਨ ਹਨ:

ਜੱਟੀ ਹੋਵਾਂ ਤਾਂ ਕਰਾਂ ਪੰਜਾਬ ਰੰਡੀ,
ਸਾਰੇ ਦੇਸ਼ ਦੇ ਵਿਚ ਚਾ ਤੁਰਨ ਵਾਰਾਂ।[91]

ਇਨ੍ਹਾਂ ਉਪਰੋਕਤ ਸਤਰਾਂ ਵਿਚ ਕਵੀ ਨੇ ਪੰਜਾਬ ਨੂੰ ਇਉਂ ਦਰਸਾਇਆ ਹੈ ਜਿਵੇਂ ਉਹ ਇਕ ਇਸਤਰੀ ਹੋਵੇ।

ਬਿੰਬਾਵਲੀ:-

ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਮੌਤ ਇਕ ਜਮਦੂਤ ਦੇ ਰੂਪ ਵਿਚ ਜੰਗ ਦੇ ਆਰੰਭ ਤੋਂ ਅੰਤ ਤੀਕ ਵਿਦਮਾਨ ਹੈ। ਜਮਰਾਜ ਦੇ ਰੂਪ ਵਿਚ ਇਹ ਮੌਤ ਹੀ ਹੈ ਜੋ ਕੰਵਰ ਨੌਨਿਹਾਲ ਸਿੰਘ ਅਤੇ ਊਧਮ ਸਿੰਘ ਉਪਰ ਹਵੇਲੀ ਦਾਛੱਜਾ ਸੁੱਟਦੀ ਹੈ:-

ਇਕ ਦੂਤ ਨੇ ਦੇਖਕੇ, ਫ਼ਿਕਰ ਕੀਤਾ,
ਪਲਕ ਵਿਚ ਦਰਵਾਜ਼ੇ ਦੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ,
ਦੇਖੋ ਉਸ ਨੂੰ ਖੂਬ ਬਜਾਇਆ ਈ।
ਅੰਦਰ ਤਰਫ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਚਾਹ ਦੋਹਾਂ ਉਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਉਂ ਮੋਇਆ,
ਕੌਰ ਸਾਹਿਬ ਭੀ ਸਹਿਕਦਾ ਆਇਆ ਈ।[92]

ਸ਼ਬਦ-ਚਿੱਤਰ:-

ਸ਼ਾਹ ਮੁਹੰਮਦ ਦੀ ਇਸ ਰਚਨਾ ਵਿਚ ਸ਼ਬਦਾਂ ਦੇ ਕਿਸੇ ਵਿਸ਼ੇਸ਼ ਪ੍ਰਯੋਗ ਰਾਹੀਂ ਉਸ ਦੇ ਅਰਥਾਂ ਦੇ ਨਾਲੋ-ਨਾਲ ਉਨ੍ਹਾਂ ਸ਼ਬਦ ਜੁਗਤਾਂ ਵਿਚੋਂ ਵਿਸ਼ੇਸ਼ ਪ੍ਰਕਾਰ ਦੇ ਸੰਜੀਵ-ਚਿੱਤਰ ਦ੍ਰਿਸ਼ਟੀਗੋਚਰ ਹੁੰਦੇ ਹਨ। ਅਜਿਹੇ ਸ਼ਬਦ ਚਿੱਤਰ ਦੀ ਇਕ ਉਦਾਹਰਣ:

ਡੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓ ਨਿਕਲਦੇ ਸ਼ੇਰ ਮੀਆਂ ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜ਼ੰਬੂਰ-ਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ ।[93]

ਨਾਦ-ਚਿੱਤਰ:-

ਵੱਖੋ-ਵੱਖਰੀ ਕਿਸਮ ਦੇ ਸਾਜ਼ਾਂ ਦੀਆਂ ਵੱਖਰੀਆਂ ਵੱਖਰੀਆਂ ਧੁਨੀਆਂ ਜਾਂ ਆਵਾਜ਼ਾਂ ਕਾਰਣ ਅੱਖਾਂ ਸਾਹਮਣੇ ਪ੍ਰਤੀਬਿੰਬਤ ਹੁੰਦੀਆਂ ਤਸਵੀਰਾਂ ਰਾਹੀਂ ਪ੍ਰਗਟ ਹੁੰਦੇ ਨਾਦ ਚਿੱਤਰਾਂ ਨੂੰ ਸ਼ਾਹ ਮੁਹੰਮਦ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ:-

ਵੱਜੀ ਤੁਰਮ ਤੰਬੂਰ ਕਰਨੈਲ ਸ਼ੁਤਰੀ
ਤੰਬੂ ਬੈਰਕਾਂ ਨਾਲ ਨਿਸ਼ਾਨ ਮੀਆਂ।[94]

ਅਤੇ

ਤੀਜੀ ਵਾਰ ਲਲਕਾਰ ਕੇ ਪਏ ਗੋਰੇ,
ਪਏ ਵੱਜਦੇ ਢੋਲ ਤੰਬੂਰ ਮੀਆਂ। [95]

ਵਿਅੰਗ:-

ਸ਼ਾਹ ਮੁਹੰਮਦ ਸਮੇਂ ਸਥਾਨ ਅਤੇ ਮੌਕੇ ਅਨੁਸਾਰ ਵਿਅੰਗ ਕਸਣੇ ਜਾਣਦਾ ਹੈ। ਕਿਸੇ ਦੇ

ਔਗੁਣਾਂ, ਮੂਰਖਤਾ ਅਤੇ ਕਮਜ਼ੋਰੀ ਦਾ ਮੌਜੂ ਉਡਾਉਣਾ ਖੂਬ ਜਾਣਦਾ ਹੈ। ਉਸ ਦੀ ਮਸ਼ਕਰੀ ਗੁੱਝੀ, ਤਿੱਖੀ ਪਰ ਮਿੱਠੀ ਹੈ। ਉਦਾਹਰਣ ਵਜੋਂ:-

ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ,
ਜਿਹੜੇ ਡੂੰਘੜੇ ਵੈਣ ਤੂੰ ਪਾਵਣੀ ਹੈਂ।
ਸ਼ਾਹ ਮੁਹੰਮਦ ਦੇ ਇਨਾਮ ਸਾਨੂੰ
ਸਾਡੇ ਜ਼ੋਰ ਤੇ ਰਾਜ ਕਮਾਵਣੀ ਹੈ। [96]

ਇਸ ਵਿਅੰਗ ਵਿਚ ਰਮਜ਼, ਤਨਜ਼, ਉਪਹਾਸ, ਪਾਤਰ ਚਿਤਰਣ, ਇਤਿਹਾਸਕ ਤੱਥ ਅਤੇ ਕਵੀ ਦੀ ਇਤਿਹਾਸਕ ਸੂਝ ਹੈ।

ਨਿਸ਼ਕਰਸ਼ ਦੇ ਰੂਪ ਵਿਚ ਆਖਿਆ ਜਾਂਦਾ ਹੈ ਕਿ ਸ਼ਾਹ ਮੁਹੰਮਦ ਨੇ ਆਪਣੇ ਨਿੱਕੇ ਜਿਹੇ ਕੈਨਵਸ ਉਤੇ ਇਕ ਬਹੁਤ ਵੱਡਾ ਸਮਾਜਿਕ ਚਿਤਰ ਪੇਸ਼ ਕਰਨ ਦਾ ਸਫਲ ਯਤਨ ਕੀਤਾ ਹੈ। ਅੰਗਰੇਜ਼ੀ ਸ਼ਬਦਾਵਲੀ ਦੀ ਸਭ ਤੋਂ ਪਹਿਲਾਂ ਵਰਤੋਂ ਕਰਨ, ਜਾਗੀਰਦਾਰਾਂ ਦੇ ਯੁੱਗ ਵਿਚ ਜਨਤਾ ਦੇ ਰੋਲ ਨੂੰ ਉਭਾਰਨ ਅਤੇ ਵੈਰ ਵਿਰੋਧ ਦੇ ਜ਼ਮਾਨੇ ਵਿਚ ਫੁੱਟ ਦੀ ਨਿਖੇਧੀ ਕਰਨ ਅਤੇ ਇਤਿਹਾਸਕ ਘਟਨਾਵਾਂ ਦੇ ਬਹੁਤ ਨੇੜੇ ਰਹਿ ਕੇ ਵੀ ਸਾਹਿਤਕਤਾ ਨੂੰ ਕਾਇਮ ਰੱਖਣ ਦੇ ਕਾਰਨ ਸ਼ਾਹ ਮੁਹੰਮਦ ਦੀ ਇਸ ਰਚਨਾ ਦਾ ਸਰਵਸ੍ਰੇਸ਼ਟ ਸਥਾਨ ਹੈ।

ਕਵੀ ਇਕ ਕਲਾਕਾਰ ਦੀ ਸੂਖਮ ਦ੍ਰਿਸ਼ਟੀ ਰੱਖਣ ਵਾਲਾ ਹੀ ਨਹੀਂ ਸਗੋਂ ਇਕ ਇਤਿਹਾਸਕਾਰ ਵਾਲੀ ਵਿਆਪਕ ਸੋਝੀ ਰੱਖਣ ਵਾਲਾ ਵੀ ਪ੍ਰਤੀਤ ਹੁੰਦਾ ਹੈ। ਉਸਨੇ ਇਤਿਹਾਸਕਤਾ ਅਤੇ ਸਾਹਿਤਕਤਾ ਨੂੰ ਸਮਾਨ ਭਾਵਨਾ ਨਾਲ ਨਿਭਾਇਆ ਹੈ। ਉਸ ਦੀ ਰਚਨਾ ਦਾ ਪਾਠ ਕਰਨ ਉਪਰੰਤ ਪਾਠਕ ਇਉਂ ਅਨੁਭਵ ਕਰਦਾ ਹੈ ਜਿਵੇਂ ਉਹ ਉਸ ਇਤਿਹਾਸਕ ਕਾਲ ਦੇ ਵਾਯੂ ਮੰਡਲ ਵਿਚੋਂ ਵਿਚਰ ਰਿਹਾ ਹੋਵੇ।

### (ਅ) ਸ਼ਾਹ ਮੁਹੰਮਦ ਦੀਆਂ ਸਮਕਾਲੀ, ਇਤਿਹਾਸਕ ਪ੍ਰਸਥਿਤੀਆਂ ਅਤੇ ਉਨ੍ਹਾਂ ਦਾ ਕਾਵਿ-ਕਰਣ:-

ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ, ਪੰਜਾਬ ਦੇ ਸੁਤੰਤਰ ਰਾਜ ਦੀ ਅੱਖੀਂ ਡਿੱਠੀ ਦਾਸਤਾਂ ਹੈ। ਇਸ

ਰਚਨਾ ਨੂੰ ਸਮਝਣ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਕਾਲ ਦੀਆਂ ਇਤਿਹਾਸਕ-ਪ੍ਰਸਥਿਤੀਆਂ ਨੂੰ ਭਲੀ ਭਾਂਤ ਜਾਣਿਆ ਜਾਏ ਅਤੇ ਉਨ੍ਹਾਂ ਦਾ ਸ਼ਾਹ ਮੁਹੰਮਦ ਦੀ ਰਚਨਾ ਅਨੁਸਾਰ ਕਾਵਿ ਕਰਣ ਕੀਤਾ ਜਾਵੇ। ਬੇਸ਼ਕ ਇਤਿਹਾਸਕਾਰਾਂ ਨੇ ਇਸ ਸਮੇਂ ਦੇ ਹਾਲਾਤ ਬਾਰੇ ਅਨੇਕਾਂ ਕਾਰਨ ਦੱਸੇ ਹਨ। ਇਸਦਾ ਨਿਰਪੱਖਤਾ ਨਾਲ ਮੁਲੰਕਣ ਕਰਨਾ ਜ਼ਰੂਰੀ ਹੈ।

ਸ਼ਾਹ ਮੁਹੰਮਦ ਦੇ ਸਮਕਾਲੀ ਪੰਜਾਬ ਦੇ ਇਤਿਹਾਸ ਤੇ ਝਾਤ ਮਾਰੀਏ ਤਾਂ ਪੰਜਾਬ ਦੇ ਸੁਤੰਤਰ ਰਾਜ ਜੋ ਲਗਭਗ ਇਕ ਸਦੀ ਦੇ ਲੰਮੇ ਸੰਘਰਸ਼ ਮਗਰੋਂ ਸਥਾਪਤ ਹੋਇਆ ਸੀ, ਦੇ ਵਿਨਾਸ਼ ਦੇ ਤਿੰਨ ਕਾਰਨ ਨਜ਼ਰ ਆਉਂਦੇ ਹਨ। ਇਨ੍ਹਾਂ ਵਿਚੋਂ ਪਹਿਲਾ ਤੇ ਵੱਡਾ ਕਾਰਨ ਮਹਾਰਾਜਾ ਰਣਜੀਤ ਸਿੰਘ ਦੇ ਅਯੋਗ ਵਾਰਿਸ ਹਨ। ਮਹਾਰਾਜਾ ਆਪ ਹੀ ਸਾਰੇ ਰਾਜ ਪ੍ਰਬੰਧ ਦਾ ਕਰਤਾ ਧਰਤਾ ਸੀ। ਭਾਵੇਂ ਮਹਾਰਾਜੇ ਨੇ ਰਾਜ ਪ੍ਰਬੰਧ ਚਲਾਉਣ ਲਈ ਸਲਾਹਕਾਰਾਂ ਦੀ ਕਮੇਟੀ ਬਣਾਈ ਹੋਈ ਸੀ ਪਰ ਉਸ ਨੇ ਆਪਣੇ ਰਾਜ ਦਾ ਕੋਈ ਯੋਗ ਵਾਰਿਸ ਤਿਆਰ ਨਹੀਂ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਜ਼ਿਆਦਾ ਸਮਾਂ ਲੜਾਈਆਂ ਤੇ ਜਿੱਤਾਂ ਵਿਚ ਹੀ ਲੰਘਾਇਆ। ਯੋਗ ਵਾਰਿਸ ਦੀ ਘਾਟ ਉਸ ਨੂੰ ਵੀ ਮਹਿਸੂਸ ਹੁੰਦੀ ਸੀ। ਉਸ ਨੂੰ ਇਹ ਪਤਾ ਸੀ ਕਿ ਉਹ ਦਿਨ ਦੂਰ ਨਹੀਂਜਦੋਂ ਅੰਗਰੇਜ਼ ਪੰਜਾਬ ਦੇ ਸੁਤੰਤਰ ਰਾਜ ਨੂੰ ਆਪਣੇ ਰਾਜ ਵਿਚ ਮਿਲਾ ਲੈਣਗੇ।[97]

ਮਹਾਰਾਜਾ ਰਣਜੀਤ ਸਿੰਘ ਨੇ ਕਈ ਵਿਆਹ ਕਰਵਾਏ ਸਨ। ਵੱਖ-ਵੱਖ ਪਤਨੀਆਂ ਦੇ ਖੜਕ ਸਿੰਘ, ਸ਼ੇਰ ਸਿੰਘ, ਤਾਰਾ ਸਿੰਘ, ਮੁਲਤਾਨ ਸਿੰਘ, ਕਸ਼ਮੀਰਾ ਸਿੰਘ, ਪਿਸ਼ੌਰਾ ਸਿੰਘ ਤੇ ਦਲੀਪ ਸਿੰਘ ਸੱਤ ਪੁੱਤਰ ਸਨ। ਮਹਾਰਾਜੇ ਦੇ ਪੁੱਤਰਾਂ ਵਿਚ ਏਕਤਾ ਦੀ ਘਾਟ ਸੀ। ਖੜਕ ਸਿੰਘ ਤੇ ਸ਼ੇਰ ਸਿੰਘ ਰਾਜ ਲਈ ਵਧੇਰੇ ਇੱਛਕ ਸਨ। ਬਾਕੀ ਪੁੱਤਰਾਂ ਬਾਰੇ ਮਹਾਰਾਜੇ ਦੇ ਪੁੱਤਰ ਹੋਣ ਬਾਰੇ ਵੀ ਸੰਦੇਹ ਸੀ। ਕੰਵਰ ਸ਼ੇਰ ਸਿੰਘ ਤਖਤ ਉਪਰ ਇਸ ਲਈਆਪਣਾ ਅਧਿਕਾਰ ਸਮਝਦਾ ਸੀ ਕਿਉਂਕਿ ਉਹ ਮਹਾਰਾਜੇ ਦੀ ਸਭ ਤੋਂ ਪਹਿਲੀ ਪਤਨੀ ਮਹਿਤਾਬ ਕੌਰ ਦੀ ਕੁੱਖੋਂ 1807 ਈ: ਵਿਚ ਪੈਦਾ ਹੋਇਆ ਸੀ। ਪਰ ਸ਼ੇਰ ਸਿੰਘ ਦਾ ਮਹਾਰਾਜਾ ਦਾ ਪੁੱਤਰ ਹੋਣ ਬਾਰੇ ਵੀ ਸੰਦੇਹ ਕੀਤਾ ਜਾਂਦਾ ਸੀ।[98] ਖੜਕ ਸਿੰਘ ਦਾ ਜਨਮ ਸ਼ੇਰ ਸਿੰਘ ਤੋਂ ਪਹਿਲਾਂ 1802 ਈ: ਵਿਚ ਹੋਇਆ ਸੀ। ਰਾਜ-ਪ੍ਰਥਾ ਅਨੁਸਾਰ ਵੱਡਾ ਰਾਜ ਕੁਮਾਰ ਹੀ ਰਾਜ ਦਾ ਹੱਕਦਾਰ ਹੁੰਦਾ ਹੈ। ਇਸ ਲਈ ਖੜਕ ਸਿੰਘ ਦੀ ਤਖਤ ਦੇ ਵਾਰਿਸ ਵਾਂਗ ਪਾਲਣ- ਪੋਸ਼ਣ ਕੀਤੀ ਗਈ। ਮਹਾਰਾਜਾ ਰਣਜੀਤ ਸਿੰਘ ਦੀ ਅਧਰੰਗ ਦੇ ਦੌਰੇ ਕਾਰਨ ਜ਼ੁਬਾਨ ਬੰਦ ਹੋ ਗਈ ਸੀ। ਇਸ ਲਈ ਉਹ ਆਪਣੇ ਜਿਉਂਦੇ ਜੀਅ ਆਪਣੇ ਉਤਰਾ ਅਧਿਕਾਰੀਆਂ ਦਾ ਫੈਸਲਾ ਨਹੀਂ ਕਰ ਸਕਿਆ ਸੀ।

ਮਹਾਰਾਜੇ ਦੀ ਮੌਤ ਤੋਂ ਬਾਅਦ ਦਰਬਾਰੀ ਸਰਦਾਰਾਂ ਫੈਸਲਾ ਕਰਕੇ ਕੰਵਰ ਖੜਕ ਸਿੰਘ ਨੂੰ ਤਖਤ ਉਪਰ ਬਠਾਇਆ। ਖੜਕ ਸਿੰਘ ਇਕ ਅਫ਼ੀਮਚੀ ਤੇ ਆਲਸੀ ਵਿਅਕਤੀ ਸੀ। ਅਤੇ ਰਾਜ ਪ੍ਰਬੰਧ ਵਿਚ ਕੋਈ ਖਾਸ ਦਿਲਚਸਪੀ ਨਹੀਂ ਲੈਂਦਾ ਸੀ। ਕੰਵਰ ਸ਼ੇਰ ਸਿੰਘ ਗ੍ਰਿਫਤਾਰੀ ਦੇ ਡਰੋਂ, ਮਹਾਰਾਜਾ ਦੇ ਸੰਸਕਾਰ ਤੋਂ ਪਹਿਲਾਂ ਆਪਣੀ ਜਾਗੀਰ ਬਟਾਲੇ ਚਲਾ ਗਿਆ ਸੀ ਤੇ ਉਸਨੇ ਰਾਜ ਪ੍ਰਾਪਤੀ ਲਈ ਅੰਗਰੇਜ਼ੀ ਸਰਕਾਰ ਪਾਸ ਵੀ ਹੱਥ ਪੈਰ ਮਾਰੇ ਸਨ ਪਰ ਸਫਲਤਾ ਉਥੇ ਵੀ ਨਾ ਮਿਲੀ। ਕੰਵਰਾਂ ਦੀ ਇਸ ਬੇ-ਇਤਫ਼ਾਕੀ ਕਾਰਨ ਲਾਹੌਰ ਦਰਬਾਰ ਦੇ ਸਰਦਾਰਾਂ ਨੂੰ ਹੋਰ ਸ਼ਹਿ ਮਿਲ ਗਈ। ਡੋਗਰੇ ਅਤੇ ਸੰਧਾਂਵਾਲੀਆਂ ਵਿਚ ਆਪਸੀ ਖਹਿਬਾਜ਼ੀ ਸੀ। ਇਸ ਲਈ ਉਹ ਇਨ੍ਹਾਂ ਕੰਵਰਾਂ ਨੂੰ ਆਪਣੇ ਪੱਖ ਵਿਚ ਕਰਕੇ, ਇਕ ਦੂਜੇ ਦੇ ਵਿਨਾਸ਼ ਦੀਆਂ ਵਿਉਂਤਾਂ ਤਿਆਰ ਕਰਨ ਲੱਗੇ ਜਿਸਦਾ ਪ੍ਰਮਾਣ ਸ਼ਾਹ ਮੁਹੰਮਦ ਦੀਆਂ ਇਨ੍ਹਾਂ ਕਾਵਿ ਸਤਰਾਂ ਵਿਚੋਂ ਮਿਲਦਾ ਹੈ:-

ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੇ ਕਤਲ ਹੋਏ ਵਾਰੋ ਵਾਰ ਮੀਆਂ ।[99]

ਮਹਾਰਾਜਾ ਰਣਜੀਤ ਸਿੰਘ ਦਾ ਪੋਤਰਾ, ਕੰਵਰ ਨੌਨਿਹਾਲ ਸਿੰਘ ਇਕ ਹੋਣਹਾਰ ਸ਼ਹਿਜ਼ਾਦਾ ਸੀ। ਉਸ ਵਿਚ ਮਹਾਰਾਜਾ ਰਣਜੀਤ ਸਿੰਘ ਵਾਲੇ ਸਾਰੇ ਗੁਣ ਤੇ ਦੂਰ-ਅੰਦੇਸ਼ੀ ਸੀ। ਉਸ ਨੂੰ ਛੋਟਾ ਰਣਜੀਤ ਸਿੰਘ ਕਿਹਾ ਜਾਂਦਾ ਸੀ। ਕੁਦਰਤ ਦੀ ਕਰੋਪੀ ਕਾਰਨ ਕੰਵਰ ਨੌਨਿਹਾਲ ਸਿੰਘ ਜਦੋਂ ਆਪਣੇ ਪਿਤਾ ਦਾ ਦਾਹ-ਸੰਸਕਾਰ ਕਰਕੇ ਇਸ਼ਨਾਨ ਲਈ ਦਰਿਆ ਵਲ ਤੁਰਿਆ ਤਾਂ ਰੌਸ਼ਨਾਈ ਦਰਵਾਜੇ ਦੀ ਡਾਟ ਅਚਾਨਕ ਡਿੱਗਣ ਨਾਲ ਉਸ ਦੀ ਮੌਤ ਹੋ ਗਈ। ਸ਼ਾਹ ਮੁਹੰਮਦ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ:-

ਇਕ ਦੂਤ ਨੇ ਦੇਖ ਕੇ ਫਿਕਰ ਕੀਤਾ,
ਪਲਕ ਵਿਚ ਦਰਵਾਜੇ ਦੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ,
ਦੇਖੋ ਉਸਨੇ ਖੂਬ ਬਜਾਇਆ ਈ।
ਅੰਦਰ ਤਰਫ ਹਵੇਲੀ ਦੇ ਤੁਰੇ ਜਾਂਦੇ
ਛੱਜਾ ਢਾਹ ਦੋਹਾਂ ਉਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਉਂ ਮੋਇਆ
ਕੌਰ ਸਾਹਿਬ ਭੀ ਸਹਿਕਦਾ ਆਇਆ ਈ।[100]

ਇਸਦੀ ਮੌਤ ਤੋਂ ਬਾਅਦ ਰਾਜਾ ਧਿਆਨ ਸਿੰਘ ਸ਼ੇਰ ਸਿੰਘ ਨੂੰ ਗੱਦੀ ਉਤੇ ਬਿਠਾਉਣਾ ਚਾਹੁੰਦਾ ਸੀ ਪਰ ਰਾਣੀ ਚੰਦ ਕੌਰ ਨੇ ਆਪਣੀ ਨੂੰਹ ਨੂੰ ਤਿੰਨ ਮਹੀਨਿਆਂ ਦੀ ਗਰਭਵਤੀ ਦੱਸ ਕੇ ਰਾਜ ਦੀ ਵਾਗਡੋਰ ਆਪਣੇ ਹੱਥ ਲੈ ਲਈ। ਰਾਣੀ ਚੰਦ ਕੌਰ ਦੀ ਇਹ ਰਾਜਨੀਤੀ ਸੰਧਾਵਾਲੀਆਂ ਦੇ ਸਹਿਯੋਗ ਨਾਲ ਸਿਰੇ ਚੜ੍ਹ ਗਈ। ਰਾਜਾ ਧਿਆਨ ਸਿੰਘ ਨੇ ਆਪਣੇ ਨਜ਼ਦੀਕੀ ਸਾਥੀਆਂ ਨਾਲ ਸਲਾਹ ਕਰਕੇ ਸ਼ੇਰ ਸਿੰਘ ਨੂੰ ਰਾਜਗੱਦੀ ਦੇਣ ਦੀ ਸਕੀਮ ਬਣਾਈ। ਇਸ ਸਕੀਮ ਰਾਹੀਂ ਸ਼ੇਰ ਸਿੰਘ 18 ਜਨਵਰੀ 1841 ਈ: ਨੂੰ ਰਾਜਗੱਦੀ ਦਾ ਹੱਕਦਾਰ ਬਣਿਆ। ਸ਼ੇਰ ਸਿੰਘ ਨੇ ਗੱਦੀ ਉਤੇ ਬੈਠਦਿਆਂ ਹੀ ਫੌਜ ਦੀ ਤਨਖਾਹ ਵਧਾਈ ਪਰ ਫੌਜੀ ਸੰਤੁਸ਼ਟ ਨਾ ਹੋਏ। ਦਰਬਾਰ ਵਿਚ ਕਤਲੇਆਮ ਦਾ ਅਜਿਹਾ ਦੌਰ ਚਲਿਆ ਕਿ ਇਕ ਤੋਂ ਬਾਅਦ ਇਕ ਕਤਲ ਕਰ ਦਿੱਤਾ ਜਾਂਦਾ ਰਿਹਾ। ਸ਼ਾਹ ਮੁਹੰਮਦ ਨੇ ਇਸ ਕਤਲੋ-ਗਾਰਤ ਦਾ ਚਿੱਤਰ ਇਸ ਤਰ੍ਹਾਂ ਪੇਸ਼ ਕੀਤਾ ਹੈ:

ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ,
ਪਈ ਖੜਕਦੀ ਨਿੱਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ,
ਹੋਰ ਕਹੋ ਕਿਸ ਦੇ ਪਾਣੀ ਹਾਰ ਮੀਆਂ।[101]

ਇਸ ਵਿਨਾਸ਼ ਦਾ ਦੂਜਾ ਕਾਰਨ, ਪੰਜਾਬੀਆਂ ਵਿਚ ਕੌਮੀਅਤ ਦੀ ਘਾਟ ਹੈ। ਜਿਥੋਂ ਤਕ ਕੌਮੀਅਤ ਦੀ ਭਾਵਨਾ ਦੀ ਅਣਹੋਂਦ ਦਾ ਸੰਬੰਧ ਹੈ, ਇਹ ਪੰਜਾਬ ਤਾਂ ਕੀ ਸਾਰੇ ਏਸ਼ੀਆ ਵਿਚ ਹੀ ਗਾਇਬ ਸੀ। ਇਸ ਭਾਵਨਾ ਦੀ ਘਾਟ ਕਾਰਨ, ਇਕ ਸਖਤ ਹਥ ਸਿਰ ਤੋਂ ਉਠਦਿਆਂ ਹੀ ਸਾਰੇ ਸਰਦਾਰਾਂ ਤੇ ਅਹਿਲਕਾਰਾਂ ਵਿਚ ਸੁਆਰਥ-ਪੂਰਤੀ ਲਈ ਦੌੜਾਂ ਲੱਗ ਗਈਆਂ ਜੋ ਉਦੇਸ਼ ਪੂਰਤੀ ਦੇ ਲਾਲਚ ਵਿਚ ਇਤਨੇ ਅੰਨ੍ਹੇ ਹੋ ਗਏ ਸਨ ਕਿ ਦੇਸ਼ ਦੇ ਲਾਭ-ਹਾਣ ਦੀ ਪਰਵਾਹ ਕੀਤੇ ਬਗੈਰ ਇਕ ਦੂਜੇ ਦੇ ਕਤਲ ਕਰਨ ਤੇ ਉਤਰ ਆਏ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਆਪਣੇ ਸੰਪਾਦਿਤ ਨਾਟਕ 'ਮੁਇਆਂ ਸਾਰ ਨਾ ਕਾਈ' ਦੇ ਇਕ ਪਾਤਰ ਸੋਲਿੰਸਕੀ ਦੇ ਰਾਹੀਂ ਲਾਹੌਰ ਦਰਬਾਰ ਦੇ ਸਰਦਾਰਾਂ ਦੀ ਗਦਾਰੀ ਦਾ ਪਰਦਾ ਫਾਸ਼ ਕੀਤਾ ਹੈ:

ਅਸਲ ਵਿਚ ਮਹਾਰਾਜਾ ਤੇਰੀ ਕੌਮ ਹਾਲੀ ਬਣੀ ਹੀ ਨਹੀਂ

> ਜੇ ਬਣੀ ਹੁੰਦੀ ਤਾਂ ਇਕ ਯੁੱਧ ਤੇ ਇਕ ਬਗਾਵਤ ਪਿਛੋਂ ਉਹ ਅੰਗਰੇਜ਼ਾਂ ਦੀ ਅਧੀਨਤਾ ਨੂੰ ਇਸ ਤਰ੍ਹਾਂ ਨਾ ਮੰਨ ਲੈਂਦੀ। ਏਸ਼ੀਆ ਵਿਚ ਹਾਲੀ ਕੌਮਾਂ ਬਣੀਆਂ ਹੀ ਨਹੀਂ।[102]

ਇਹੋ ਪਾਤਰ ਲਾਹੌਰ ਦੇ ਦਰਬਾਰੀ ਸਰਦਾਰਾਂ ਦੀ ਗਦਾਰੀ ਨੂੰ ਸਪਸ਼ਟ ਕਰਦਾ ਹੈ ਜੋ ਦਰਬਾਰ ਦੀ ਸੇਵਾ ਦੇ ਬਹਾਨੇ ਆਪਣਾ ਉਲੂ ਸਿੱਧਾ ਕਰਨ ਵਿਚ ਲੱਗੇ ਹੋਏ ਸਨ:

> ਪਰ ਤੂੰ ਜਾਣਦਾ ਹੈ, ਉਹ ਲੋਕ ਏਸ਼ੀਆਈ ਹਨ, ਉਹ ਲੜਦੇ ਹਨ, ਬੜੀ ਬਹਾਦਰੀ ਨਾਲ ਲੜਦੇ ਹਨ ਪਰ ਕਾਹਦੇ ਲਈ, ਕੌਮ ਲਈ ਨਹੀਂ, ਦੇਸ਼ ਲਈ ਨਹੀਂ, ਉਹ ਆਪਣੇ ਲਾਭ ਲਈ ਲੜਦੇ ਹਨ ਤੇ ਆਖਦੇ ਹਨ, ਅਸੀਂ ਰੱਬ ਲਈ ਲੜਦੇ ਹਾਂ।[103]

ਅੰਗਰੇਜ਼ਾਂ ਤੋਂ ਪੰਜਾਬ ਰਾਜ ਵਾਪਸ ਲੈਣ ਲਈ ਮਹਾਰਾਜਾ ਦਲੀਪ ਸਿੰਘ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ। ਅਮਰੀਕਾ ਤੇ ਰੂਸ ਨੂੰ ਸਹਾਇਤਾ ਲਈ ਬੇਨਤੀ ਕੀਤੀ, ਪਰ ਕੋਈ ਸਫਲਤਾ ਨਹੀਂ ਮਿਲੀ। ਮਹਾਰਾਜਾ ਦਲੀਪ ਸਿੰਘ ਦੀਆਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਾਰਨ ਅੰਗਰੇਜ਼ੀ ਹਕੂਮਤ ਨੇ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ ਸੀ। ਮਹਾਰਾਜਾ ਦਲੀਪ ਸਿੰਘ ਦੇ ਅਖੀਰਲੇ ਦਿਨ ਬਹੁਤ ਹੀ ਤਰਸਯੋਗ ਹਾਲਤ ਵਿਚ ਬੀਤੇ। ਮਹਾਰਾਜਾ ਦਲੀਪ ਸਿੰਘ ਆਪਣੇ ਆਪ ਨੂੰ ਪੰਜਾਬ ਦੀ ਕਤਲੋਗਾਰਤ ਦਾ ਦੋਸ਼ੀ ਸਮਝਦਾ ਸੀ, ਪਰ ਉਸ ਦਾ ਪੁੱਤਰ ਵਿਕਟਰ ਦਲੀਪ ਸਿੰਘ ਮਹਾਰਾਜਾ ਦਲੀਪ ਸਿੰਘ ਨੂੰ ਇਸ ਭਾਵਨਾ ਤੋਂ ਮੁਕਤ ਕਰਾਉਣ ਲਈ ਕਹਿੰਦਾ ਹੈ:

> ਤੇਰਾ ਕੋਈ ਕਸੂਰ ਨਹੀਂ ਸੀ। ਤੇਰੀ ਕੌਮ ਦਾ ਕਸੂਰ ਸੀ, ਜਿਸ ਕੌਮ ਦੇ ਸਰਦਾਰ ਜਾਤੀ ਰੰਜ ਪਿੱਛੇ, ਆਪਣੇ ਆਪ ਨੂੰ ਮਾਰ ਦੇਣ , ਜਿਸ ਕੌਮ ਵਿਚ ਅਜੀਤ ਸਿੰਘ ਜਿਹੇ ਕੁਲਘਾਤੀ ਸਰਦਾਰ ਸੂਰਮੇ ਅਖਵਾ ਸਕਦੇ ਹਨ, ਉਹ ਕੌਮ ਸਭਿਅਤਾ ਦੀ ਦੇਹਲੀ ਨਹੀਂ ਟੱਪੀ ਆਖੀ ਜਾ ਸਕਦੀ। ਉਨ੍ਹਾਂ ਲਈ ਰਾਜ ਦੇ ਅਰਥ ਜ਼ਮੀਨ ਦੇ ਮਾਲਕ ਹੋਣਾ, ਜਾਗੀਰਾਂ ਪ੍ਰਾਪਤ ਕਰਨਾ, ਦਸ-ਦਸ ਵਿਆਹ ਤੇ 15-15 ਕੰਜਰੀਆਂ ਰੱਖਣ ਤੋਂ ਉਪਰੰਤ

ਹੋਰ ਕੋਈ ਨਹੀਂ ਹੋ ਸਕਦਾ। ਸੋ ਇਹ ਗੱਲਾਂ ਉਨ੍ਹਾਂ ਨੂੰ
ਸ਼ਾਇਦ ਅੰਗਰੇਜ਼ੀ ਰਾਜ ਵਿਚ ਵੀ ਪ੍ਰਾਪਤ ਸਨ।[104]

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵਾਸਤਵ ਵਿਚ ਪੰਜਾਬੀਆਂ ਦਾ ਰਾਜ ਸੀ, ਜਿਸ ਵਿਚ ਵਿਅਕਤੀ ਦੇ ਗੁਣਾਂ ਦੀ ਕਦਰ ਕੀਤੀ ਜਾਂਦੀ ਸੀ। ਇਸ ਵਿਚ ਹਿੰਦੂ, ਸਿੱਖ, ਮੁਸਲਮਾਨ, ਡੋਗਰੇ, ਇਸਾਈ ਆਦਿ ਸਭ ਜਾਤੀਆਂ ਦੇ ਵਿਅਕਤੀ ਆਪਣੀ ਯੋਗਤਾ ਅਨੁਸਾਰ ਉਚੀਆਂ ਪਦਵੀਆਂ ਉਪਰ ਲੱਗੇ ਹੋਏ ਸਨ। ਮਹਾਰਾਜਾ ਰਣਜੀਤ ਸਿੰਘ ਦੇ ਜਿਉਂਦੇ ਇਹ ਸਾਰੇ ਇਕ ਲੜੀ ਦੇ ਮੋਤੀਆਂ ਵਾਂਗ, ਖਾਲਸਾ ਰਾਜ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਕਿਰਿਆਸ਼ੀਲ ਸਨ, ਪਰ 'ਸਰਕਾਰ' ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਉਨ੍ਹਾਂ ਦੇ ਜਾਨਸ਼ੀਨਾਂ ਦੀ ਕੰਮਜੋਰੀ ਦਾ ਲਾਭ ਉਠਾਉਂਦੇ ਹੋਏ ਆਪਸੀ ਜਾਤੀਵਾਦ ਦੀ ਭਾਵਨਾ ਦਾ ਸ਼ਿਕਾਰ ਹੋ ਗਏ। ਸ਼ਾਹ ਮੁਹੰਮਦ ਇਸ ਸਥਿਤੀ ਦਾ ਬਿਆਨ ਇਸ ਤਰ੍ਹਾਂ ਕਰਦਾ ਹੈ:

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮ੍ਹਾਂ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।[105]

ਡੋਗਰੇ ਤੇ ਸੰਧਾਵਾਲੀਏ ਦੋਵੇਂ ਧੜੇ ਬਹੁਤ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਸਨ, ਜੋ ਇਕ ਦੂਜੇ ਦਾ ਕਤਲ ਕਰਨ ਦੀ ਸੋਚਦੇ ਰਹਿੰਦੇ ਸਨ। ਡੋਗਰੇ ਸਰਦਾਰਾਂ ਵਿਚੋਂ ਰਾਜਾ ਧਿਆਨ ਸਿੰਘ ਤੇ ਉਸ ਦੇ ਦੋ ਭਰਾ ਗੁਲਾਬ ਸਿੰਘ ਤੇ ਸੁਚੇਤ ਸਿੰਘ ਤੇ ਉਸ ਦਾ ਪੁੱਤਰ ਹੀਰਾ ਸਿੰਘ ਬੁੱਧੀਸ਼ੀਲ ਤੇ ਨਿੱਡਰ ਵਿਅਕਤੀ ਸਨ। ਰਾਜਾ ਧਿਆਨ ਸਿੰਘ ਆਪਣੇ ਬੁੱਧੀ ਬਲ ਦੇ ਹਾਰ ਸਹਾਰੇ ਮਹਾਰਾਜਾ ਰਣਜੀਤ ਸਿੰਘ ਦੇ ਘਰੇਲੂ ਨੌਕਰ ਤੋਂ ਪ੍ਰਧਾਨ ਮੰਤਰੀ ਦੀ ਪਦਵੀ ਤਕ ਪਹੁੰਚਿਆ।[106] ਇਹ ਡੋਗਰੇ ਸਰਦਾਰ ਭਾਵੇਂ ਸਿੱਖ ਨਹੀਂ ਸਨ ਪਰ ਇਨ੍ਹਾਂ ਦੀ ਇਮਾਨਦਾਰੀ ਸਿਆਣਪ, ਯੋਗਤਾ, ਤੇ ਦੇਸ਼ ਭਗਤੀ ਦੇ ਕਾਰਨ ਮਹਾਰਾਜਾ ਇਨ੍ਹਾਂ ਦੀ ਬਹੁਤ ਕਦਰ ਕਰਦਾ ਸੀ। ਮਹਾਰਾਜੇ ਨੇ ਖਜ਼ਾਨਾ ਤੇ ਬਦੇਸ਼ ਵਿਭਾਗ ਤੋਂ ਇਲਾਵਾ ਸਾਰੇ ਵਿਭਾਗ ਰਾਜਾ ਧਿਆਨ ਸਿੰਘ ਨੂੰ ਸੌਂਪੇ ਹੋਏ ਸਨ। ਡੋਗਰੇ ਸਰਦਾਰ ਦਰਬਾਰ ਵਿਚ

ਇਤਨੇ ਪ੍ਰਭਾਵਸ਼ਾਲੀ ਸਨ ਕਿ ਜਿਸ ਨੂੰ ਚਾਹੁੰਦੇ ਪਾਰ ਬੁਲਾ ਦਿੰਦੇ ਤੇ ਜਿਸ ਨੂੰ ਚਾਹੁੰਦੇ ਰਾਜ ਭਾਗ ਸੌਂਪ ਦਿੰਦੇ। ਡੋਗਰਿਆਂ ਦਾ ਇਤਨਾ ਬੋਲਬਾਲਾ ਸਿੱਖ ਸਰਦਾਰਾਂ ਤੋਂ ਸਹਾਰਿਆ ਨਹੀਂ ਜਾਂਦਾ ਸੀ। ਸਿੱਖ ਸਰਦਾਰਾਂ ਵਿਚ ਵਿਸ਼ੇਸ਼ ਕਰਕੇ ਤਿੰਨ ਪਰਿਵਾਰ-- ਸੰਧਾਵਾਲੀਏ, ਮਜੀਠੀਏ ਤੇ ਅਟਾਰੀਵਾਲੇ ਪ੍ਰਸਿੱਧ ਸਨ, ਕਿਉਂਕਿ ਇਨ੍ਹਾਂ ਦਾ ਮਹਾਰਾਜੇ ਨਾਲ ਖ਼ੂਨ ਦਾ ਰਿਸ਼ਤਾ ਸੀ, ਜੋ ਬਾਬਾ ਨੌਧ ਸਿੰਘ ਤੋਂ ਇਨ੍ਹਾਂ ਦਾ ਵੰਸ਼ ਚਲਦਾ ਹੈ। ਇਸ ਤਰ੍ਹਾਂ ਮਹਾਰਾਜੇ ਨਾਲ ਉਹ ਭਾਈਚਾਰਾ ਸਮਝਦੇ ਸਨ। ਲਾਹੌਰ ਦਰਬਾਰ ਉਪਰ ਆਪਣਾ ਜੱਦੀ ਹੱਕ ਸਮਝਦੇ ਸਨ ਤੇ ਡੋਗਰਿਆਂ ਨੂੰ ਖ਼ਤਮ ਕਰਨਾ ਚਾਹੁੰਦੇ ਸਨ। ਇਸ ਰੱਸਾਕਸ਼ੀ ਵਿਚ ਪੰਜਾਬ ਦਾ ਸੁਤੰਤਰ ਰਾਜ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ।

ਤੀਜਾ ਕਾਰਨ ਲਾਹੌਰ ਦਰਬਾਰ ਦੀ ਸੈਨਾ ਹੈ। ਰਾਜ ਦੀ ਆਮਦਨ ਦਾ ਜ਼ਿਆਦਾ ਹਿੱਸਾ ਫ਼ੌਜ ਉਪਰ ਹੀ ਖ਼ਰਚ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਦਾ ਮਨੋਰਥ ਰਾਜਸੀ ਸਤਾ ਪ੍ਰਾਪਤ ਕਰਨਾ ਸੀ। ਇਸ ਮਨੋਰਥ ਦੀ ਪੂਰਤੀ ਲਈ ਇਕ ਸ਼ਕਤੀਸ਼ਾਲੀ ਫ਼ੌਜ ਤਿਆਰ ਕੀਤੀ ਗਈ ਸੀ। ਖੁਸ਼ਵੰਤ ਸਿੰਘ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ 1823 ਈ: ਵਿਚ ਫੌਜ ਨੂੰ ਆਧੁਨਿਕ ਢੰਗ ਨਾਲ ਤਿਆਰ ਕੀਤਾ ਤੇ ਇਸ ਦੀ ਗਿਣਤੀ ਇਤਨੀ ਵਧਾਈ ਕਿ ਇਸ ਫ਼ੌਜ ਨੇ ਜੋ ਜਿੱਤਾਂ ਪ੍ਰਾਪਤ ਕੀਤੀਆਂ, ਉਸ ਨਾਲ ਨਾ ਤਾਂ ਇਤਨਾ ਕੁ ਧਨ ਤੇ ਨਾ ਇਲਾਕਾ ਮਿਲਿਆ ਜਿਸ ਨਾਲ ਫ਼ੌਜ ਨੂੰ ਤਨਖਾਹਾਂ ਦਿੱਤੀਆਂ ਜਾਂਦੀਆਂ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਕੁਝ ਰਜਮੈਂਟਾਂ ਨੂੰ ਦੋ ਸਾਲ ਤੱਕ ਦੀ ਤਨਖਾਹ ਨਹੀਂ ਮਿਲੀ।[107]

ਮਹਾਰਾਜੇ ਦੀ ਮੌਤ ਤੋਂ ਮਗਰੋਂ ਜਦੋਂ ਰਾਜ ਪ੍ਰਬੰਧ ਹੋਰ ਵਿਗੜ ਗਿਆ ਸੀ ਤੇ ਪ੍ਰਾਂਤਕ ਸਰਕਾਰਾਂ ਕਰ ਦੇਣ ਤੋਂ ਮੁਨਕਰ ਹੋ ਗਈਆਂ ਸਨ ਤਾਂ ਇਹੋ ਜਿਹੇ ਹਾਲਾਤਾਂ ਵਿਚ ਤਨਖਾਹਾਂ ਦੇਣੀਆਂ ਹੋਰ ਵੀ ਔਖੀਆਂ ਹੋ ਗਈਆਂ ਸਨ। ਸੈਨਿਕਾਂ ਨੇ ਆਪਣੇ ਅਫ਼ਸਰਾਂ ਦੇ ਹੁਕਮਾਂ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ ਤੇ ਆਮ ਸ਼ਹਿਰੀਆਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਸਾਰੇ ਰਾਜਕੁਮਾਰ ਤੇ ਸਰਦਾਰ, ਰਾਜ ਸਿੰਘਾਸਨ ਲਈ ਲੜ ਰਹੇ ਸਨ ਤਾਂ ਉਹ ਫ਼ੌਜ ਨੂੰ ਤਨਖਾਹ ਵਧਾਉਣ ਦਾ ਲਾਲਚ ਦੇ ਕੇ ਆਪਣੇ ਵੱਲ ਕਰਕੇ ਦੂਜੇ ਦਾ ਵਿਨਾਸ਼ ਕਰਨ ਦਾ ਯਤਨ ਕਰਦੇ ਸਨ। ਇਸ ਫ਼ੌਜ ਦੇ ਬਲਬੂਤੇ ਸਾਰੇ ਸਰਦਾਰ ਇਕ ਦੂਜੇ ਤੋਂ ਮਗਰੋਂ ਮਾਰੇ ਗਏ। ਜੇਕਰ ਫ਼ੌਜ ਵਿਚ ਕੌਮੀਅਤ ਅਤੇ ਅਨੁਸ਼ਾਸ਼ਨ ਹੁੰਦਾ ਤੇ ਆਪਣੇ ਨਿੱਜੀ ਸੁਆਰਥ ਲਈ ਇਨ੍ਹਾਂ

ਸਰਦਾਰਾਂ ਦੇ ਹੱਥਾਂ ਵਿਚ ਨਾ ਵਿਕਦੀ ਤਾਂ ਸ਼ਾਇਦ ਇਹ ਹੋਣੀ ਟੱਲ ਜਾਂਦੀ। ਸ਼ਾਹ ਮੁਹੰਮਦ ਆਪਣੀ ਰਚਨਾ ਦੇ ਚਾਲੀਵੇਂ ਤੇ ਇੱਕਤਾਲੀਵੇਂ ਬੰਦ ਵਿਚ ਸੈਨਾ ਦੀ ਕਤਲੋਗਾਰਤ ਦਾ ਚਿਤਰ ਇਸ ਤਰ੍ਹਾਂ ਪੇਸ਼ ਕਰਦਾ ਹੈ:-

ਕਿਹਾ ਬੁਰਛਿਆਂ ਆਣ ਅੰਧੇਰ ਪਾਇਆ<br>
ਜਿਹੜਾ ਬਹੇ ਗੱਦੀ ਉਸ ਨੂੰ ਮਾਰ ਲੈਂਦੇ,<br>
ਕੜੇ ਕੈਂਠੇ ਇਨਾਮ ਰੁਪਏ ਬਾਰਾਂ,<br>
ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।<br>
ਕਈ ਤੁਰੇ ਨੀ ਕਿਲ੍ਹੇ ਦੀ ਲੁੱਟ ਕਰਕੇ,<br>
ਕਈ ਸ਼ਹਿਰ ਦੇ ਲੁੱਟ ਬਜਾਰ ਲੈਂਦੇ,<br>
ਸ਼ਾਹ ਮੁਹੰਮਦਾ ਚੜ੍ਹੇ ਮਲੈਲ ਭਈਏ<br>
ਪੈਸਾ ਤਬਲ ਦਾ ਨਾਲ ਪੈਜ਼ਾਰ ਲੈਂਦੇ। 108

ਸ਼ਾਹ ਮੁਹੰਮਦ ਨੇ ਇਸ ਬੰਦ ਵਿਚ ਉਸ ਸਮੇਂ ਦੇ ਫੌਜੀ ਕਾਰਨਾਮਿਆਂ ਦਾ ਚਿਤਰ ਬਹੁਤ ਖ਼ੂਬੀ ਨਾਲ ਪੇਸ਼ ਕੀਤਾ ਹੈ। ਸ਼ਾਹ ਮੁਹੰਮਦ ਬੇਪੀਰ ਹੋਈ ਫੌਜ ਦਾ ਚਿਤਰਣ ਇਸ ਤਰ੍ਹਾਂ ਕਰਦਾ ਹੈ:

ਪਿੱਛੇ ਇਕ ਸਰਕਾਰ ਦੇ ਖੇਡ ਚੱਲੀ,<br>
ਪਈ ਨਿੱਤ ਹੁੰਦੀ ਮਾਰੋ-ਮਾਰ ਮੀਆਂ।<br>
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,<br>
ਸਭੇ ਕਤਲ ਹੋਏ ਵਾਰੋ ਵਾਰ ਮੀਆਂ।<br>
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ<br>
ਹੋਏ ਸੁਤਰ ਜਿਉਂ ਬਾਝ ਮੁਹਾਰ ਮੀਆਂ।<br>
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ<br>
ਭੂਤ ਮੰਡਲੀ ਹੋਈ ਤਿਆਰ ਮੀਆਂ ।109

ਮਹਾਰਾਜਾ ਰਣਜੀਤ ਸਿੰਘ ਦੀ ਬੇਵਕਤ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਅਜਿਹੀ ਧੜੇਬਾਜੀ ਆਰੰਭ ਹੋਈ ਤੇ ਬੁਰਛਾ-ਗਰਦੀ ਫੈਲੀ ਕਿ ਉਸਨੇ ਬੜੀਆਂ ਘਾਲਣਾ ਘਾਲ ਕੇ ਪ੍ਰਾਪਤ ਕੀਤੀ ਹੋਈ ਆਜ਼ਾਦੀ ਨੂੰ ਕੁਝ ਸਾਲਾਂ ਵਿਚ ਹੀ ਖ਼ਤਮ ਕਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਸਮੇ ਤੱਕ ਸਾਰੇ ਭਾਰਤ ਉਤੇ ਅੰਗਰੇਜ਼ਾਂ ਦਾ ਰਾਜ ਹੋ ਚੁੱਕਾ ਸੀ ਤੇ ਉਹ ਪੰਜਾਬ ਦੀ ਸਰਹੱਦ ਉਤੇ ਬੈਠੇ ਹੋਏ ਇਸ ਮੌਕੇ ਦੀ ਉਡੀਕ ਵਿਚ ਸਨ ਕਿ ਕਦੋਂ ਉਹ ਪੰਜਾਬ ਨੂੰ ਵੀ ਆਪਣੇ ਅਧਿਕਾਰ ਹੇਠ ਲੈ ਸਕਣ। ਅੰਗਰੇਜ਼ਾਂ ਦੀਆਂ ਲਿਖੀਆਂ ਪੁਸਤਕਾਂ ਅਤੇ ਉਚ ਅਧਿਕਾਰੀਆਂ ਵਿਚਕਾਰ ਹੋਈ ਚਿੱਠੀ-ਪੱਤਰ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਦੀ ਮੌਤ ਤੋਂ ਛੇਟ ਬਾਅਦ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ। 1838 ਈ: ਤਕ ਪੰਜਾਬ ਰਾਜ ਦੀ ਸਰਹੱਦ ਉਤੇ ਅੰਗਰੇਜ਼ਾਂ ਦੀ ਇਕੋ-ਇਕ ਛਾਉਣੀ ਲੁਧਿਆਣੇ ਵਿਚ ਸੀ। ਜਿਸ ਵਿਚ 3,000 ਸਿਪਾਹੀ ਤੇ 12 ਤੋਪਾਂ ਸਨ, ਪਰ ਨਵੰਬਰ 1845 ਤੱਕ ਉਨ੍ਹਾਂ ਨੇ ਨਾ ਕੇਵਲ ਸਰਹੱਦ ਉਤੇ ਇਕ ਹੋਰ ਛਾਉਣੀ ਫਿਰੋਜ਼ਪੁਰ ਵਿਚ ਕਾਇਮ ਕਰ ਲਈ, ਸਗੋਂ ਸਰਹੱਦ ਨੇੜੇ ਅੰਬਾਲਾ, ਕਸੌਲੀ ਤੇ ਸ਼ਿਮਲਾ ਆਦਿ ਵਿਚ ਵੀ ਛਾਉਣੀਆਂ ਬਣਾ ਲਈਆਂ। ਉਸ ਸਮ੍ਹੇ ਇਨ੍ਹਾਂ ਸਭ ਛਾਉਣੀਆਂ ਵਿਚ ਫੌਜਾਂ ਦੀ ਗਿਣਤੀ 44,000 ਤੇ ਤੋਪਾਂ ਦੀ ਲਗਭਗ ਇਕ ਸੌ ਹੋ ਗਈ ਸੀ। ਇਸ ਤੋਂ ਬਿਨਾਂ ਉਨ੍ਹਾਂ ਨੇ ਬਹੁਤ ਸਾਰੀਆਂ ਕਿਸ਼ਤੀਆਂ ਤਿਆਰ ਕਰਾ ਕੇ ਫਿਰੋਜ਼ਪੁਰ ਲਿਆ ਰੱਖੀਆਂ ਸਨ, ਤਾਂ ਜੋ ਲੋੜ ਪੈਣ ਤੇ ਦਰਿਆ ਸਤਲੁਜ ਨੂੰ ਪਾਰ ਕਰਨ ਦੇ ਕੰਮ ਆ ਸਕਣ। ਪਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਲਾਹੌਰ ਦਰਬਾਰ ਦੇ ਉਸ ਸਮੇਂ ਦੇ ਕਰਤਿਆਂ-ਧਰਤਿਆਂ, ਰਾਣੀ ਜਿੰਦਾਂ, ਰਾਜਾ ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਆਦਿ ਨਾਲ ਅੰਦਰਖਾਤੇ ਫੈਸਲਾ ਕਰ ਲਿਆ ਸੀ। ਰਾਜਾ ਗੁਲਾਬ ਸਿੰਘ ਨੂੰ ਜਿੱਤ ਦੀ ਹਾਲਤ ਵਿਚ ਜੰਮੂ ਤੇ ਕਸ਼ਮੀਰ ਦੀ ਰਿਆਸਤ ਦੇਣ ਦਾ ਵਾਅਦਾ ਕਰ ਲਿਆ ਸੀ। ਲੜਾਈ ਦੇ ਸਮੇਂ ਦੌਰਾਨ ਉਹ ਨਾ ਕੇਵਲ ਸਮੇ ਸਿਰ ਕਾਰਵਾਈ ਨਾ ਕਰਕੇ ਆਪਣੀ ਫੌਜ ਦੀ ਹਾਰ ਦਾ ਕਾਰਨ ਬਣਦੇ ਰਹੇ, ਸਗੋਂ ਆਪਣੀਆਂ ਕਾਰਵਾਈਆਂ ਤੇ ਫੌਜ ਦੀ ਵਿਉਂਤ ਦੇ ਨਕਸ਼ੇ ਵੀ ਵੈਰੀ ਨੂੰ ਅਗਾਊਂ ਭੇਜ ਕੇ ਉਨ੍ਹਾਂ ਦੀ ਮਦਦ ਕਰਦੇ ਰਹੇ।

ਹਰ ਤਰ੍ਹਾਂ ਦੀ ਤਿਆਰੀ ਕਰਕੇ ਅਤੇ ਖਾਲਸਾ ਦਰਬਾਰ ਦੇ ਉਚ ਅਧਿਕਾਰੀਆਂ ਨੂੰ ਗੱਦਾਰੀ, ਦੇਸ਼ ਧ੍ਰੋਹੀ ਤੇ ਵਿਸ਼ਵਾਸਘਾਤ ਲਈ ਤਿਆਰ ਵੇਖ ਕੇ ਅੰਗਰੇਜ਼ ਲੜਾਈ ਸ਼ੁਰੂ ਕਰਨ ਲਈ ਕੇਵਲ ਕੋਈ ਬਹਾਨਾ ਲਭਣਾ ਚਾਹੁੰਦੇ ਸਨ, ਤਾਂ ਜੋ ਉਨ੍ਹਾਂ ਉਤੇ ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਦੇ ਵਿਚਕਾਰ 1809 ਈ: ਵਿਚ ਹੋਈ ਸੰਧੀ ਨੂੰ ਤੋੜਨ ਦਾ ਦੋਸ਼ ਨਾ ਆਏ। ਲਾਹੌਰ ਰਾਜ ਦੇ ਗੱਦਾਰਾਂ ਅਤੇ ਅੰਗਰੇਜ਼ਾਂ ਦੇ ਵਿਚਕਾਰ ਇਸ ਬਹਾਨੇ ਬਾਬਤ ਵੀ ਫੈਸਲਾ ਹੋ ਗਿਆ। ਸ਼ਾਹ ਮੁਹੰਮਦ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਪਹਿਲੇ ਪਾਰ ਦਾ ਮੁਲਖ  ਤੂੰ ਮੱਲ ਸਾਡਾ,
ਆਪੇ ਖਾ ਗੁੱਸਾ ਤੈਥੀਂ ਆਵਣੀਗੇ। 110

.....

ਸ਼ਾਹ ਮੁਹੰਮਦ ਗੋਰਿਆਂ ਛੇੜ ਛੇੜੀ
ਮੁਲਕ ਪਾਰ ਦਾ ਮੱਲਿਆ ਆਣ ਮੀਆਂ ।111

ਜਦ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਦੇ ਇਲਾਕੇ ਵਿਚ ਦਖਲ ਦੇਣਾ ਸ਼ੁਰੂ ਕਰ ਦਿੱਤਾ ਤਾਂ ਸੂਰਬੀਰ ਪੰਜਾਬੀਆਂ ਨੂੰ ਕੁਰਬਾਨੀਆਂ ਅਤੇ ਸ਼ਹਾਦਤਾਂ ਦੇ ਕੇ ਪ੍ਰਾਪਤ ਕੀਤੀ ਹੋਈ ਸੁਤੰਤਰਤਾ ਹਥੋਂ ਨਿਕਲਦੀ ਮਹਿਸੂਸ ਹੋਈ। ਇਸ ਲਈ ਉਨ੍ਹਾਂ ਨੇ ਅੰਗਰੇਜ਼ਾਂ ਉਤੇ ਹਮਲਾ ਕਰਨ ਦਾ ਫੈਸਲਾ ਕਰ ਲਿਆ। ਸ਼ਾਹ ਮੁਹੰਮਦ ਸਿੱਖਾਂ ਦੇ ਜੋਸ਼, ਗੁੱਸੇ, ਕੁਰਬਾਨੀ ਤੇ ਲੜਾਈ ਦੇ ਚਾਅ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ:

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ
ਚਲੋ ਜਾਇ ਫ਼ਰੰਗੀ ਨੂੰ ਮਾਰੀਏ ਜੀ।
ਇਕ ਵਾਰ ਜੇ ਸਾਹਮਣੇ ਹੋਏ ਸਾਡੇ,
ਇਕ ਘੜੀ ਵਿਚ ਪਾਰ ਉਤਾਰੀਏ ਜੀ।
ਭਾਈ ਵੀਰ ਸਿੰਘ ਜੇਹੇ ਅਸਾਂ ਨਹੀਂ ਛੱਡੇ,
ਅਸੀਂ ਕਦੀ ਨਾ ਉਸ ਤੋਂ ਹਾਰੀਏ ਜੀ।
ਸ਼ਾਹ ਮੁਹੰਮਦਾ ਮਾਰ ਕੇ ਲੁਧਿਆਣਾ,
ਫੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ। 112

.....

ਸਿੰਘਾਂ ਲਿਖਿਆ ਖ਼ਤ ਫ਼ਰੰਗੀਆਂ ਨੂੰ,
ਅਸੀਂ ਮਾਰਾਂਗੇ ਤੈਨੂੰ ਵੰਗਾਰ ਕੇ ਜੀ। 113

13 ਦਸੰਬਰ 1845 ਈ: ਨੂੰ ਗਵਰਨਰ ਜਨਰਲ ਨੇ ਸਿੱਖਾਂ ਨਾਲ ਜੰਗ ਦਾ ਐਲਾਨ ਕਰਕੇ ਨੇੜੇ ਤੇੜੇ ਦੀਆਂ ਛਾਉਣੀਆਂ ਦੀਆਂ ਫੌਜਾਂ ਨੂੰ ਫਿਰੋਜ਼ਪੁਰ ਵੱਲ ਕੂਚ ਕਰਨ ਦਾ ਹੁਕਮ

ਦੇ ਦਿੱਤਾ। ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ 13 ਦਸੰਬਰ 1845 ਈ: ਤੋਂ ਲੈ ਕੇ 10 ਫਰਵਰੀ 1846 ਈ: ਤੱਕ ਮੁੱਦਕੀ ਦੀ ਲੜਾਈ, ਫੇਰੂ ਸ਼ਹਿਰ ਦੀ ਲੜਾਈ, ਅਲੀਵਾਲ ਦੀ ਲੜਾਈ ਤੇ ਸਭਰਾਉਂ ਦੀ ਲੜਾਈ, ਲੜੀਆਂ ਗਈਆਂ। ਇਨ੍ਹਾਂ ਸਾਰੀਆਂ ਲੜਾਈਆਂ ਵਿਚ ਪੰਜਾਬੀਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਪੰਜਾਬੀਆਂ ਦੀ ਹਾਰ ਦਾ ਕਾਰਨ ਉਨ੍ਹਾਂ ਦੇ ਜਰਨੈਲਾਂ ਦੀ ਗੱਦਾਰੀ ਅਤੇ ਕਿਸੇ ਸੁਯੋਗ ਆਗੂ ਦੀ ਅਣਹੋਂਦ ਸੀ।

ਪ੍ਰਸਿੱਧ ਇਤਿਹਾਸਕਾਰ ਕਨਿੰਘਮ ਨੇ ਠੀਕ ਹੀ ਲਿਖਿਆ ਹੈ ਕਿ, "ਜੁਰਅਤ ਕਰਨ ਵਾਲੇ ਦਿਲ ਤੇ ਅਮਲ ਕਰਨ ਵਾਲੇ ਹੱਥ ਵਧੇਰੇ ਸਨ, ਪਰੰਤੂ ਫੌਜਾਂ ਨੂੰ ਉਤਸ਼ਾਹ ਤੇ ਜੋਸ਼ ਦੇਣ ਵਾਲਾ ਜਾਂ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਦਿਮਾਗ ਕੋਈ ਨਹੀਂ ਸੀ।"[114] ਇਸ ਤੱਥ ਦੀ ਪ੍ਰੋੜਤਾ ਕਰਦਾ ਹੋਇਆ ਸ਼ਾਹ ਮੁਹੰਮਦ ਲਿਖਦਾ ਹੈ ਕਿ ਜਿੱਤੀ ਹੋਈ ਖਾਲਸਾ ਫੌਜ 'ਸਰਕਾਰ' ਦੀ ਅਗਵਾਈ ਤੋਂ ਬਿਨਾਂ ਹਾਰ ਗਈ। ਉਹ ਕਹਿੰਦਾ ਹੈ:

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਜੀ।

-----

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।[115]

ਅੰਗਰੇਜ਼ਾਂ ਦੀ ਇੱਛਾ ਸੀ ਕਿ ਪੰਜਾਬ ਉਤੇ ਫੌਰਨ ਕਬਜ਼ਾ ਕੀਤਾ ਜਾਵੇ, ਪਰ ਇਨ੍ਹਾਂ ਲੜਾਈਆਂ ਵਿਚ ਉਹ ਇੰਨੇ ਕਮਜ਼ੋਰ ਹੋ ਗਏ ਸਨ ਕਿ ਉਨ੍ਹਾਂ ਨੂੰ ਇਹ ਕਦਮ ਚੁੱਕਣ ਦਾ ਹੀਆ ਨਾ ਪਿਆ। ਉਨ੍ਹਾਂ ਨੇ ਕਈ ਅਜਿਹੀਆਂ ਕਾਰਵਾਈਆਂ ਕੀਤੀਆਂ, ਜਿਨ੍ਹਾਂ ਨਾਲ ਲਾਹੌਰ ਸਰਕਾਰ ਕਮਜ਼ੋਰ ਹੋ ਜਾਏ ਤੇ ਉਹ ਕਿਸੇ ਯੋਗ ਮੌਕੇ ਤੇ ਇਸ ਨੂੰ ਸਹਿਜੇ ਹੀ ਆਪਣੇ ਰਾਜ ਵਿਚ ਮਿਲਾ ਲੈਣ। ਅੰਗਰੇਜ਼ਾਂ ਨੇ ਜਲੰਧਰ, ਹੁਸ਼ਿਆਰਪੁਰ ਤੇ ਪੰਜਾਬ ਰਾਜ ਦੇ ਸਤਲੁਜ-ਉਰਾਰ ਦੇ ਹੋਰ ਸਭ ਇਲਾਕਿਆਂ ਤੇ ਕਬਜ਼ਾ ਕਰ ਲਿਆ। ਜੰਮੂ ਤੇ ਕਸ਼ਮੀਰ ਪੰਜਾਬ ਤੋਂ ਵੱਖ ਕਰਕੇ ਪਹਿਲੇ ਕੀਤੇ ਫੈਸਲੇ ਅਨੁਸਾਰ ਲਾਹੌਰ ਸਰਕਾਰ ਦੇ ਗਦਾਰ ਰਾਜਾ ਗੁਲਾਬ ਸਿੰਘ ਡੋਗਰੇ ਨੂੰ ਦੇ ਦਿੱਤਾ। ਸਿੱਖ ਫੌਜ ਵਿਚ ਭਾਰੀ ਕਟੌਤੀ ਕਰ ਦਿੱਤੀ ਗਈ ਅਤੇ ਲਾਹੌਰ ਦਰਬਾਰ ਵਿਚ ਬਹੁਤ ਸਾਰੀ ਅੰਗਰੇਜ਼ੀ ਫੌਜ ਤੇ ਇਕ ਅੰਗਰੇਜ਼ ਰਾਜਸੀ ਏਜੰਟ ਨੀਯਤ ਕਰ

ਦਿੱਤਾ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਨਾਬਾਲਗ ਪੁੱਤਰ ਦਲੀਪ ਸਿੰਘ ਨੂੰ ਮਹਾਰਾਜਾ ਮੰਨ ਲਿਆ ਤੇ ਉਸ ਦੀ ਨਾਬਾਲਗੀ ਦੇ ਸਮੇਂ ਵਿਚ ਹਕੂਮਤ ਉਸ ਦੀ ਮਾਤਾ ਮਹਾਰਾਣੀ ਜਿੰਦਾਂ ਦੇ ਦੋ ਗੱਦਾਰ ਜਰਨੈਲਾਂ, ਮਿਸਰ ਤੇਜ ਸਿੰਘ ਤੇ ਰਾਜਾ ਲਾਲ ਸਿੰਘ ਦੇ ਹਵਾਲੇ ਕਰ ਦਿੱਤੀ। ਪੰਜਾਬ ਦੀ ਸਵਤੰਤਰਤਾ ਦੇ ਖੁੱਸ ਜਾਣ ਦਾ ਇਹ ਪਹਿਲਾ ਕਦਮ ਸੀ। ਸ਼ਾਹ ਮੁਹੰਮਦ ਨੇ ਆਪਣੀ ਰਚਨਾ ਨੂੰ ਇਥੇ ਬੰਦ ਕਰ ਦਿੱਤਾ ਹੈ ਅਤੇ ਅਗੋਂ ਹੋਣ ਵਾਲੀ ਘਟਨਾ ਨੂੰ ਇਸ ਤਰ੍ਹਾਂ ਅੰਕਿਤ ਕਰਦਾ ਹੈ:-

ਜਿਹੜੀ ਹੋਈ ਸੋ ਲਈ ਹੈ ਵੇਖ ਅੱਖੀਂ
ਅੱਗੋਂ ਹੋਰ ਕੀ ਬਣਤ ਬਨਾਵਣੀ ਜੀ। [116]

ਸ਼ਾਹ ਮੁਹੰਮਦ ਨੇ ਆਪਣੀ ਇਸ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਲਾਹੌਰ ਦਰਬਾਰ ਵਿਚ ਤਲਵਾਰ ਦੇ ਪ੍ਰਧਾਨ ਹੋਣ ਦਾ ਵਰਣਨ ਬਹੁਤ ਹੀ ਸੁਚੱਜੇ ਢੰਗ ਰਾਹੀਂ ਕੀਤਾ ਹੈ। ਸ਼ਾਹ ਮੁਹੰਮਦ ਨੇ ਇਸ ਸਮੇਂ ਦਾ ਕਾਵਿ ਕਰਣ ਕਰਦੇ ਹੋਏ ਸਮਕਾਲੀ ਇਤਿਹਾਸਕ ਪ੍ਰਸਥਿਤੀਆਂ ਨੂੰ ਬਾਖ਼ੂਬੀ ਚਿਤਰਿਆ ਹੈ।

****

## ਪੈਰ ਟਿਪਣੀਆਂ ਅਤੇ ਹਵਾਲੇ

1. L. Griffin, 'Chiefs and Fam lies of note in the Punjab'.

2. Joseph Davey Cunningham, 'History of the Sikhs'.

3. ਭਾਸ਼ਾ ਵਿਭਾਗ, ਪੰਜਾਬ 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-28
4. ਉਹੀ, ਪੰਨਾ-35
5. ਪ੍ਰੋ. ਸੀਤਾ ਰਾਮ ਕੋਹਲੀ ਅਤੇ ਪ੍ਰੋ. ਸੇਵਾ ਸਿੰਘ ਗਿਆਨੀ, 'ਵਾਰ ਸ਼ਾਹ ਮੁਹੰਮਦ' ਪੰਨਾ-90

6. ਪਿਆਰਾ ਸਿੰਘ ਪਦਮ, 'ਜੰਗਨਾਮਾ ਸਿੰਘਾਂ ਤੇ ਫਰੰਗੀਆਂ', ਪੰਨਾ-15

7. Alexander Gardner, 'Alexander Memories', P-222

   "The deposed Maharaja lingened for some nine months after his deposition, during which period he was gradually poisoned by his physicians, with the connivance of his Son."

8. G. C. Smith 'History of the Reigning family of Lahore' P-33

   "When the news first reached the Prince, he was on on a party of pleasure hunting near Shah Belove. He did not however, give up the field for two hours afterwards........ instead of being affected by it he seemed to thinks that now the day of his rejoicing and happiness had arrived."

9. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-3
10. ਪ੍ਰੋ. ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ ਗਿਆਨੀ, ਵਾਰ ਸ਼ਾਹ ਮੁਹੰਮਦ ,ਪੰ-
11. ਕਿਰਪਾਲ ਸਿੰਘ ਕਸੇਲ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-3
12. ਪ੍ਰੋ. ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ ਗਿਆਨੀ, 'ਵਾਰ ਸ਼ਾਹ ਮੁਹੰਮਦ' ਪੰਨਾ-25

13. Bikremjit Hasrat, 'The Punjab Papers', P-39

14. L.H.Griffin, The Punjab Chiefs', Vol-II, P-28

15. V.S.Suri, 'Umdat-Ut-Tawarikh', P-113

16. Muhammad Latif, 'History of the Punjab', P-501

"It appears to me that the whole was a just retribution of Heaven for his manifold sins and wickedness, the prolonged booming of the guns which announced to the world that Kharak Singh was no more was the intrument in the hands of the Almighty, which brought to a close the exphemeral reign of the young Maharaja."

17. Sohan Lal Suri, 'Umdat-Ut-Tawarikh' (Daftar-IV), P-85

18. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-7

19. ਉਹੀ, ਪੰਨਾ-7

20. Gen.Sir Charles Gough, 'The Sikhs and the Sikh Wars', P-54

"The Plot between Dhian Singh and the Sindhanwalia Chiefs had been formed on the hypothesis. That Sher Singh was to be removed and Dulip Singh to be Proclaimed Maharaja."

21. L.H.Griffin, 'Chiefs and Families of note in the Punjab', P-167

22. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-9

23. C.H.Payne, 'Short History of the Sikhs', P-150

"Hira Singh Promptly appealed to the army making effective use of the argument that the Sidhanwalia faction looked to the British for support and would increase British influence in the Punjab."

24. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-11

25. ਉਹੀ, ਪੰਨਾ-15

26. Joseph Davey Cunningham,'History of the Sikhs', P-263

27. Khushwant Singh,'A History of the Sikhs', P-263

28. ਡਾ. ਗੰਡਾ ਸਿੰਘ, 'ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ', ਪੰਨਾ-153

29. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-16

30. ਉਹੀ, ਪੰਨਾ-17

31. ਉਹੀ, ਪੰਨਾ-24

32. ਉਹੀ

33. Lepal H. Griffen,'Chiefs and families of note in Punjab! P-358,59

34. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-25

35. Camptain Humbley,'The Memorable Sikh Campaign of 1845-46', P-103-04

36. Joseph Davey Cunningham,'History of the Sikhs', P-296

37. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-25

38. ਉਹੀ, ਪੰਨਾ-26

39. Joseph Davey Cunningham,'History of the Sikhs', P-282
"Sikh seemed everywhere taken by surprise, and they beat clamorously to arms, when they saw themselves about to be assailed."

40. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-30

41. Hudson, 'Ibid, P-284
"The traitor, Tej Singh, indeed instead of sending fresh men to sustain the failing strength of the troops on his right, fled on the first assult and either accidentally or by design, sank a boat in the middle of the bridge of communication,".

42. Lepel, H. Griffen, 'Chiefs and families of notes in Punjab' P-64

43. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-31

44. ਉਹੀ, ਪੰਨਾ-33

45. ਪ੍ਰੋ. ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ ਗਿਆਨੀ, 'ਵਾਰ ਸ਼ਾਹ ਮੁਹੰਮਦ' ਪੰਨਾ-90

46. ਡਾ. ਰਤਨ ਸਿੰਘ ਜੱਗੀ, 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਭੂਮਿਕਾ

47. ਡਾ. ਜੋਗਿੰਦਰ ਸਿੰਘ, 'ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ ਪੰਨਾ-135-136

48. ਡਾ. ਗੰਡਾ ਸਿੰਘ, 'ਪੰਜਾਬ ਦੀਆਂ ਵਾਰਾਂ', ਪੰਨਾ-173

49. Sohan Lal Suri, 'Umdat-Ut-Tawarikh', P-85

50. V, S, Suri (Translated), Sohan Lal Suri, 'Umdat-Ut-Tawarikh' (Daftar-Iv) P-333
"When Jawahar Singh rolled on the bed of death Rani Sahiba (Jind Kaur) got down from her seat on the elephant, and fixing up a Kanat, engaged herself in weeping throught the night with abuses for the Khalsas. All the Khalsas kept on reciting verses of 'Sahiba and Mirza' and 'Sassi' and Punoon' shouting loudly upon Rani Sahiba (Jind Kaur) that in the same way the mother of Sahibzada (Pashaura Singh) must have cried and wept."

51. G. C. Smith, 'A History of the Reigning Family of Lahore, P-176

52. Alexander Gardner, 'Alexander Memories', P-261-62

53. ਪ੍ਰੋ. ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ ਗਿਆਨੀ, 'ਵਾਰ ਸ਼ਾਹ ਮੁਹੰਮਦ' ਪੰਨਾ-101

54. ਡਾ. ਪ੍ਰੀਤਮ ਸਿੰਘ ਸੈਨੀ, 'ਵਾਰ ਸ਼ਾਹ ਮੁਹੰਮਦ', ਪੰਨਾ 80-81

55. ਡਾ. ਗੰਡਾ ਸਿੰਘ, 'ਪੰਜਾਬ ਦੀਆਂ ਵਾਰਾਂ', ਪੰਨਾ-290
56. ਪ੍ਰੋ. ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ ਗਿਆਨੀ, 'ਵਾਰ ਸ਼ਾਹ ਮੁਹੰਮਦ' ਪੰਨਾ-102
57. ਡਾ. ਜੋਗਿੰਦਰ ਸਿੰਘ, 'ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ', ਪੰਨਾ-139
58. ਡਾ. ਰਤਨ ਸਿੰਘ ਜੱਗੀ, 'ਜੰਗਨਾਮਾ ਸਿੰਘਾਂ ਤੇ ਫਰੰਗੀਆਂ', ਪੰਨਾ-ਭੂਮਿਕਾ
59. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-5
60. ਅਮਰਜੀਤ ਸਿੰਘ, 'ਸ਼ਾਹ ਮੁਹੰਮਦ: ਇਕ ਸਰਵੇਖਣ, ਪੰਨਾ-40
61. ਉਹੀ, ਪੰਨਾ-36
62. ਪ੍ਰੋ. ਕਿਰਪਾਲ ਸਿੰਘ ਕਸੇਲ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-35
63. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-15
64. ਉਹੀ, ਪੰਨਾ-16
65. ਉਹੀ, ਪੰਨਾ-16
66. ਉਹੀ, ਪੰਨਾ-17
67. ਉਹੀ, ਪੰਨਾ-22
68. ਉਹੀ, ਪੰਨਾ-32
69. ਉਹੀ, ਪੰਨਾ-33
70. Daiches David, 'Critical Approaches of Literature', P-158
71. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-19
72. ਭਾਈ ਕਾਨ੍ਹ ਸਿੰਘ ਨਾਭਾ, 'ਗੁਰਸ਼ਬਦ ਰਤਨਾਕਰ', ਪੰਨਾ-167
73. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-1
74. ਉਹੀ
75. ਡਾ. ਨਾਗੇਂਦ੍ਰ, 'ਰੀਤੀ ਕਾਵਿ ਕੀ ਭੂਮਿਕਾ', ਪੰਨਾ-179
76. ਡਾ. ਭਗੀਰਥ ਮਿਸ਼ਰ, 'ਕਾਵਯ ਸ਼ਾਸਤ੍ਰ', ਪੰਨਾ-148
77. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-16
78. ਉਹੀ, ਪੰਨਾ-20

79. ਉਹੀ, ਪੰਨਾ-24

80. ਉਹੀ, ਪੰਨਾ-14

81. ਡਾ. ਪ੍ਰੇਮ ਪ੍ਰਕਾਸ਼, 'ਭਾਰਤੀ ਕਾਵਿ ਸ਼ਾਸਤਰ', ਪੰਨਾ-132

82. ਡਾ. ਜੀਤ ਸਿੰਘ ਸੀਤਲ, 'ਪੰਜਾਬੀ ਬੀਰ ਸਾਹਿਤ', ਪੰਨਾ-117

83. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-20

84. ਡਾ. ਪ੍ਰੇਮ ਪ੍ਰਕਾਸ਼,'ਭਾਰਤੀ ਕਾਵਿ ਸ਼ਾਸਤਰ', ਪੰਨਾ-178

85. ਭਾਸ਼ਾ ਵਿਭਾਗ,ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ',ਪੰਨਾ-23

86. ਉਹੀ, ਪੰਨਾ-29

87. ਬਾਵਾ ਬੁੱਧ ਸਿੰਘ, 'ਬੰਬੀਹਾ ਬੋਲ', ਪੰਨਾ-264

88. ਭਾਸ਼ਾ ਵਿਭਾਗ,ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-23

89. ਉਹੀ, ਪੰਨਾ-17

90. ਪੰਜਾਬੀ ਯੂਨੀਵਰਸਿਟੀ, ਪਟਿਆਲਾ, 'ਪੰਜਾਬੀ ਸਾਹਿਤ ਕੋਸ਼',ਪੰਨਾ-401

91. ਭਾਸ਼ਾ ਵਿਭਾਗ,ਪੰਜਾਬ,'ਜੰਗਨਾਮਾ ਸ਼ਾਹ ਮੁਹੰਮਦ',ਪੰਨਾ-16

92. ਉਹੀ, ਪੰਨਾ-4

93. ਉਹੀ, ਪੰਨਾ-20

94. ਉਹੀ, ਪੰਨਾ-17

95. ਉਹੀ, ਪੰਨਾ-30

96. ਉਹੀ, ਪੰਨਾ-15

97. Khushwant Singh,'A History of the Sikhs',P-1

"Though Ranjit Singh, when shown a map of India and told that the Parts coloured Red were British had remarked, 'It will all coloured red.'."

98. - Ibid, P-158

99. ਭਾਸ਼ਾ ਵਿਭਾਗ,ਪੰਜਾਬ,'ਜੰਗਨਾਮਾ ਸ਼ਾਹ ਮੁਹੰਮਦ',ਪੰਨਾ-14

100. ਉਹੀ, ਪੰਨਾ-4

101. ਉਹੀ, ਪੰਨਾ-11
102. ਪ੍ਰਿੰਸੀਪਲ ਸੰਤ ਸਿੰਘ ਸੇਖੋਂ, 'ਮੁਇਆਂ ਸਾਰ ਨਾ ਕਾਈ', ਪੰਨਾ-80
103. ਉਹੀ, ਪੰਨਾ-82
104. ਉਹੀ, ਪੰਨਾ-99
105. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-3
106. C.H. Payne, 'Short History of the Sikhs', P-137

"Dhian Singh, who had raised himself from door keeper to Prime Minister was now the rider of the State".

107. Khushwant Singh, 'A History of Sikhs', P-69
108. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-14
109. ਉਹੀ, ਪੰਨਾ-14
110. ਉਹੀ, ਪੰਨਾ-17
111. ਉਹੀ, ਪੰਨਾ-17
112. ਉਹੀ, ਪੰਨਾ-19
113. ਉਹੀ, ਪੰਨਾ-22
114. ਜੋਸਫ਼ ਡੇਵਿਡ ਕਨਿੰਘਮ (ਅਨੁਵਾਦ), ਗੁਰਮੁਖ ਸਿੰਘ ਗੁਰਮੁਖ, 'ਸਿੱਖ ਇਤਿਹਾਸ', ਪੰ-610
115. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-32
116. ਉਹੀ, ਪੰਨਾ-35

"""""

## ਅਧਿਆਇ ਚੌਥਾ

oo

oo

oo

oo

## ਸ਼ਾਹ ਮੁਹੰਮਦ ਦੇ ਜੰਗਨਾਮੇ ਦਾ ਰਾਜਨੀਤਕ ਕਾਵਿ ਵਜੋਂ ਅਧਿਐਨ

(ੳ) ਰਾਜਨੀਤਕ ਪੰਜਾਬੀ ਕਵਿਤਾ ਦਾ ਆਰੰਭ:ਗੁਰੂ ਨਾਨਕ ਦੀ ਬਾਬਰ ਬਾਣੀ ।

(ਅ) ਸ਼ਾਹ ਮੁਹੰਮਦ ਦੀ ਰਾਜਨੀਤਕ ਚੇਤਨਾ ।

(ੲ) ਸ਼ਾਹ ਮੁਹੰਮਦ ਦੀ ਰਾਜਨੀਤਕ-ਚੇਤਨਾ ਦਾ ਅਜੋਕੇ ਪਰਿਪੇਖ ਵਿਚ ਵਿਸ਼ਲੇਸ਼ਣ ।

*****

(ੳ) ਰਾਜਨੀਤਕ ਪੰਜਾਬੀ ਕਵਿਤਾ ਦਾ ਆਰੰਭ:ਗੁਰੂ ਨਾਨਕ ਦੀ ਬਾਬਰ ਬਾਣੀ:-

ਪੰਜਾਬੀਆਂ ਨੂੰ ਸ਼ੁਰੂ ਤੋਂ ਹੀ ਰਾਜਨੀਤਕ ਤੌਰ ਤੇ ਇਕ ਤਕੜੇ ਸੰਘਰਸ਼ ਦਾ ਸਾਹਮਣਾ ਕਰਨਾ ਪਿਆ ਹੈ। ਸਿਕੰਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤਕ ਬਾਹਰੋਂ ਆਉਣ ਵਾਲੇ ਹਮਲਾਵਰਾਂ ਨੇ ਇਸ ਜ਼ਰਖੇਜ਼ ਜ਼ਮੀਨ ਨੂੰ ਆਪਣੇ ਅਧੀਨ ਕਰਨ ਲਈ ਲਗਾਤਾਰ ਹਮਲੇ ਕੀਤੇ ਹਨ। ਉਹ ਇਥੋਂ ਦੀ ਧੰਨ ਦੌਲਤ ਨੂੰ ਲੁੱਟਦੇ ਰਹੇ ਹਨ ਅਤੇ ਇਥੋਂ ਦੀ ਸਥਾਨਕ ਵਸੋਂ ਨੂੰ ਖੱਜਲ-ਖੁਆਰ ਕਰਕੇ ਜੁਆਨ-ਔਰਤਾਂ ਨਾਲ ਬਦਫੈਲੀ ਰਾਹੀਂ ਆਪਣੀ ਹੋਂਦ ਬਰਕਰਾਰ ਰੱਖਦੇ ਰਹੇ ਹਨ। ਇਹੀ ਵਜ੍ਹਾ ਹੈ ਕਿ ਪੰਜਾਬੀ ਬਹੁਨਸਲੀ ਪ੍ਰਥਾ ( Multirational ) ਦੇ ਸ਼ਿਕਾਰ ਹੋਏ ਹਨ। ਵਿਦੇਸ਼ੀ ਹਮਲਾਵਰ ਅਕਸਰ ਭਾਰਤ ਨੂੰ ਲੁੱਟਣ ਦੀ ਨੀਅਤ ਨਾਲ ਭਾਰਤ ਵਿਚ ਆਉਂਦੇ ਰਹੇ ਹਨ, ਕਿਉਂਕਿ ਭਾਰਤ ਉਸ ਸਮੇਂ ਧੰਨ-ਦੌਲਤ ਦਾ ਭੰਡਾਰ ਸੀ। ਭਾਰਤ ਵਿਚ ਆਉਣ ਵਾਸਤੇ ਉਨ੍ਹਾਂ ਨੂੰ ਪੰਜਾਬ ਵਿਚੋਂ ਹੀ ਲੰਘਣਾ ਪੈਂਦਾ ਸੀ। ਇਸੇ ਕਰਕੇ ਇਸ ਨੂੰ 'ਭਾਰਤ ਦਾ ਦਰਵਾਜਾ' ਕਿਹਾ ਗਿਆ ਹੈ।[1] ਪੰਜਾਬ ਵਿਚ ਰਾਜਨੀਤਕ ਤੌਰ ਤੇ ਅਸ਼ਾਂਤੀ ਰਹਿਣ ਦਾ ਵੀ ਇਹ ਇਕ ਵਿਸ਼ੇਸ਼ ਕਾਰਨ ਹੈ। ਇਥੋਂ ਦੀ ਜਨਤਾ ਨੂੰ ਨਿੱਤ ਨਵੇਂ ਬਾਦਸ਼ਾਹ ਦੇ ਨਵੇਂ ਤਰ੍ਹਾਂ ਦੇ ਹੁਕਮ ਮੰਨਣੇ ਪੈਂਦੇ ਸਨ। ਖਾਸ ਕਰਕੇ ਮੁਗਲ ਹੁਕਮਰਾਨਾਂ ਦੇ ਸਮੇਂ ਜਦੋਂ ਬਾਦਸ਼ਾਹ ਦੀ ਮੌਤ ਹੁੰਦੀ ਅਤੇ ਜਲਦੀ ਬਾਅਦ ਸ਼ਾਹੀ ਪਰਿਵਾਰ ਵਿਚ ਗੱਦੀ ਵਾਸਤੇ ਜੰਗ ਛਿੜਦਾ ਤਾਂ ਜ਼ੁਲਮ ਸਾਧਾਰਨ ਜਨਤਾ ਨੂੰ ਸਹਿਣੇ ਪੈਂਦੇ। ਆਮ ਜਨਤਾ ਇਨ੍ਹਾਂ ਜ਼ੁਲਮਾਂ ਨੂੰ ਸਹਾਰਨ ਦੀ ਆਦੀ ਬਣ ਚੁੱਕੀ ਸੀ। ਰਾਜੇ ਪ੍ਰਤੀ ਆਵਾਜ਼ ਉਠਾਉਣੀ ਰੱਬ ਪ੍ਰਤੀ ਆਵਾਜ਼ ਉਠਾਉਣ ਦੇ ਬਰਾਬਰ ਗਿਣੀ ਜਾਂਦੀ ਸੀ, ਕਿਉਂਕਿ ਭਾਰਤ ਵਿਚ ਰਾਜਿਆਂ ਪ੍ਰਤੀ ਜਨ-ਸਾਧਾਰਣ ਦਾ ਦ੍ਰਿਸ਼ਟੀਕੋਣ ਦੇਵ-ਪੂਜਾ ਵਾਲਾ ਸੀ ਅਤੇ ਰਾਜਿਆਂ ਨੂੰ ਧਰਤੀ ਉਤੇ ਰੱਬ ਵਾਂਗ ਵੇਖਿਆ ਜਾਂਦਾ ਸੀ ਜਾਂ ਧਰਤੀ ਉਪਰ ਰੱਬ ਦਾ ਪ੍ਰਤਿਨਿਧ ਸਮਝਕੇ ਉਸ ਦਾ ਸਨਮਾਨ ਕੀਤਾ ਜਾਂਦਾ ਸੀ।[2]

ਇਸ ਉਪਰੋਕਤ ਬਿਓਰੇ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਸਦੀਆਂ ਤੋਂ ਹੀ ਮੁਸਲਮਾਨੀ ਰਾਜ ਦੇ ਅਧੀਨ ਰਿਹਾ ਹੈ। ਇਸ ਲੰਮੇ ਸੰਘਰਸ਼ਮਈ ਦੌਰ ਵਿਚ ਇਸਲਾਮੀ ਸਭਿਅਤਾ ਅਤੇ ਹਿੰਦੂ ਸਭਿਅਤਾ ਦਾ ਮਿਲਾਪ ਹੋਇਆ। ਹਾਕਮ ਸ਼ੈਲੀ ਨੇ ਹਿੰਦੂ ਭਾਈਚਾਰੇ ਨੂੰ ਜੋ ਪਹਿਲਾਂ ਹੀ ਜਾਤ-ਪਾਤ ਦਾ ਬੁਰੀ ਤਰ੍ਹਾਂ ਸ਼ਿਕਾਰ ਸੀ ਆਪਣੇ ਜ਼ੁਲਮ ਤਸ਼ੱਦਦ ਦਾ ਸ਼ਿਕਾਰ ਬਣਾਇਆ। ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ:-

"There was great religious intolerance on the part of the Muslims. This has been clearly stated in their verses by the saint-poets. Bhai Gurdas has drawn a vivid pictutre of the same in his first Var." 3

ਡਾ. ਸੁਰਿੰਦਰ ਸਿੰਘ ਕੋਹਲੀ ਦੇ ਉਪਰੋਕਤ ਵਿਚਾਰਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਮੁਸਲਮਾਨ ਬਾਦਸ਼ਾਹਾਂ ਨੇ ਹਿੰਦੂ ਰਿਆਇਆ ਨੂੰ ਹਰ ਪੱਖ ਤੋਂ ਕੁਚਲਣ ਦਾ ਯਤਨ ਕੀਤਾ। ਜਿਸ ਕਾਰਨ ਹਿੰਦੂਆਂ ਦੀ ਸਮਾਜਕ ਤੇ ਆਰਥਕ ਦਸ਼ਾ ਦਿਨੋ-ਦਿਨ ਵਿਗੜਦੀ ਹੀ ਗਈ। ਅਲਾਉਦੀਨ ਖਿਲਜੀ ਨੇ ਹਿੰਦੂਆਂ ਦੀ ਅੱਧੀ ਆਮਦਨ ਸ਼ਾਹੀ ਖ਼ਜਾਨੇ ਵਿਚ ਜਮ੍ਹਾਂ ਕਰਨ ਦਾ ਕਾਨੂੰਨ ਬਣਾਇਆ।[4] ਫਿਰੋਜ਼ਪੁਰ ਤੁਗਲਕ ਦੇ ਸਮੇਂ ਹਿੰਦੂਆਂ ਨੂੰ ਖੁਲ੍ਹੇ ਮੂੰਹ ਪੂਜਾ ਪਾਠ ਕਰਨ ਦੀ ਮਨਾਹੀ ਸੀ ਤੇ ਬ੍ਰਾਹਮਣਾਂ ਕੋਲੋਂ ਜਜ਼ੀਆ ਵੀ ਲਿਆ ਜਾਣ ਲਗ ਪਿਆ ਸੀ।[5] ਲੋਧੀ ਵੰਸ਼ ਦੇ ਸਿਕੰਦਰ ਬਾਦਸ਼ਾਹ ਨੇ ਹਿੰਦੂ ਮੰਦਰ ਢਾਹ ਕੇ ਮਸੀਤਾਂ ਉਸਾਰ ਦਿੱਤੀਆਂ ਤੇ ਹਿੰਦੂਆਂ ਨਾਲ ਹੋਏ ਧੱਕੇ ਦਾ ਇਨਸਾਫ਼ ਕਾਜ਼ੀਆਂ ਹੱਥ ਸੌਂਪ ਦਿੱਤਾ।[6]

ਬਾਬਰ ਨੇ 1526 ਈ: ਵਿਚ ਤਲਵਾਰ ਦੇ ਜ਼ੋਰ ਭਾਰਤ ਦਾ ਰਾਜ ਪ੍ਰਾਪਤ ਕੀਤਾ ਤੇ ਚਾਰ ਸਾਲ ਰਾਜ ਕਰਦਾ ਰਿਹਾ।[7] ਇਸ ਸਮੇਂ ਗੁਰੂ ਨਾਨਕ ਹਿੰਦੂਆਂ ਦੀ ਦੁਰਦਸ਼ਾ ਵੇਖਦੇ, ਢਹਿੰਦੀ ਕਲਾ ਦੇ ਕਾਰਨ ਸਮਝਦੇ ਹੋਏ ਲਿਖਦੇ ਹਨ:

ਰਾਜੇ ਸ਼ੀਹ ਮੁਕਦਮ ਕੁੱਤੇ। ਜਾਇ ਜਗਾਇਨ ਬੈਠੇ ਸੁੱਤੇ।
ਚਾਕਰ ਨਹਦਾ ਪਾਇਨਿ ਘਾਉ। ਰਤੁ ਪਿਤੁ ਕਤਿਹੁ ਚਟ ਜਾਹੋ ।[8]

ਇੰਜ ਉਹ ਆਪਣੀ ਬਾਣੀ ਰਾਹੀਂ ਜ਼ਾਲਮ ਰਾਜ ਨੂੰ ਤਾੜਨਾ ਕਰਦੇ ਸਨ ਤੇ ਮਜ਼ਲੂਮ ਹਿੰਦੂ ਜਨਤਾ ਨੂੰ ਹਲੂਣਾ ਦੇ ਰਹੇ ਸਨ। ਸ਼ੁਰੂ ਤੋਂ ਹੀ ਮੁਸਲਮਾਨ ਹਾਕਮਾਂ ਨੇ ਹਿੰਦੂ ਰਿਆਇਆ ਉਤੇ ਅਣ-ਮਨੁੱਖੀ ਵਿਹਾਰ ਜਾਰੀ ਰੱਖਿਆ। ਇਸਲਾਮੀ ਹਕੂਮਤ ਸਮੇਂ ਜੋ ਜ਼ਬਰ-ਜ਼ੁਲਮ ਸਾਧਾਰਨ ਲੋਕਾਂ ਤੇ ਢਾਇਆ ਗਿਆ ਉਸ ਦੀ ਤਸਵੀਰ ਗੁਰੂ ਨਾਨਕ ਦੇਵ ਦੀ ਬਾਣੀ ਦੇ ਸ਼ਬਦਾਂ ਵਿਚੋਂ ਉਜਾਗਰ ਹੁੰਦੀ ਹੈ:

ਕਲਿ ਕਾਤੀ ਰਾਜੇ ਕਸਾਈ, ਧਰਮ ਪੰਖ ਕਰ ਉਡਰਿਆ।।

ਕੂੜ ਅਮਾਵਸ ਸਚੁ ਚੰਦਰਮਾ, ਦਿਸੈ ਨਾਹੀ ਕਹ ਚੜ੍ਹਿਆ ।
ਹਉ ਭਾਲਿ ਵਿਕੁੰਨੀ ਹੋਈ।। ਅੰਧਿਆਰੇ ਰਾਹ ਨ ਕੋਈ।।
ਵਿਚ ਹਉਮੈ ਰਹਿ ਦੁਖ ਰੋਈ।। ਕਹੁ ਨਾਨਕ ਕਿਨ ਵਿਧਿ ਗਤਿ ਹੋਈ।[9]

ਗੁਰੂ ਨਾਨਕ ਦੇਵ ਦੁਆਰਾ ਲਿਖਿਤ 'ਆਸਾ ਦੀ ਵਾਰ' ਵਿਚੋਂ ਸਮਾਜਕ ਅਧੋਗਤੀ ਦੇ ਘਿਨਾਉਣੇ ਦ੍ਰਿਸ਼ ਨਜ਼ਰੀਂ ਪੈਂਦੇ ਹਨ। ਉਸ ਸਮਾਜ ਵਿਚ ਹਰ ਕੋਈ ਖੁਦਗਰਜ਼ੀ ਦਾ ਸ਼ਿਕਾਰ ਸੀ, ਪਾਖੰਡ ਆਪਣੇ ਜੋਰਾਂ ਤੇ ਸੀ ਅਤੇ ਵੱਡੇ ਵੱਡੇ ਲੋਕ ਵਿਖਾਵੇ ਦਾ ਸ਼ਿਕਾਰ ਹੋਏ ਪਏ ਸਨ। ਧਰਮ ਕਰਮ ਇਕ ਧੋਖਾ ਬਣ ਕੇ ਰਹਿ ਗਿਆ ਸੀ। ਲਹੂ ਲਗਿਆਂ ਕਪੜੇ ਦੇ ਪਲੀਤ ਹੋ ਜਾਣ ਦਾ ਡਰ ਸੀ ਪਰ ਮਨੁੱਖ ਕਤਲ ਕੀਤੇ ਜਾ ਰਹੇ ਸਨ, ਹਰ ਪਾਸੇ ਵੱਢੀ ਦਾ ਬਾਜ਼ਾਰ ਗਰਮ ਸੀ। ਹੱਕ ਨਿਆਂ ਦੀ ਕੋਈ ਗੱਲ ਬਾਕੀ ਨਹੀਂ ਸੀ ਰਹੀ। ਆਪਣੇ ਹੀ ਆਪਣਿਆਂ ਨੂੰ ਲੁੱਟੀ ਜਾ ਰਹੇ ਸਨ। ਅਜਿਹੇ ਆਪਾ-ਧਾਪੀ ਦੇ ਸਮੇਂ ਗੁਰੂ ਨਾਨਕ ਦੇਵ ਵਰਗਾ ਦਲੇਰ, ਕਾਮਲ ਤੇ ਬਚਨਾਂ ਦਾ ਪੂਰਾ ਗੁਰੂ ਹੀ ਬਾਬਰ ਵਰਗੇ ਬਾਦਸ਼ਾਹ ਦੇ ਜ਼ੁਲਮਾਂ ਦਾ ਪਾਜ ਏਨੀ ਨਿਰਭੈਤਾ ਤੇ ਦ੍ਰਿੜਤਾ ਨਾਲ ਉਘਾੜ ਸਕਦਾ ਹੈ:-

ਜੈਸੀ ਮੈ ਆਵੈ ਖਸਮ ਕੀ ਬਾਣੀ,ਤੈਸੜਾ ਕਰੀ ਗਿਆਨ ਵੇ ਲਾਲੋ ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨ ਵੇ ਲਾਲੋ ।
ਸਰਮੁ ਧਰਮੁ ਦੁਇ ਛਪਿ ਖਲੋਇ, ਕੂੜ ਫਿਰੈ ਪਰਧਾਨ ਵੇ ਲਾਲੋ ।
ਕਾਜ਼ੀਆਂ ਬਾਹਮਣਾਂ ਦੀ ਗੱਲ ਥੱਕੀ,ਅਗਦੁ ਪੜੈ ਸੈਤਾਨ ਵੇ ਲਾਲੋ ।
ਮੁਸਲਮਾਨੀਆਂ ਪੜਹਿ ਕਤੇਬਾਂ, ਕਸਟ ਮਹਿ ਕਰੀ ਖੁਦਾਇ ਵੇ ਲਾਲੋ ।
ਜਾਤਿ ਸਨਾਤੀ ਹੋਰ ਹਿੰਦਵਾਣੀਆਂ, ਏਹਿ ਭੀ ਲੇਖੇ ਲਾਇ ਵੇ ਲਾਲੋ ।
ਖੂਨ ਕੇ ਸੋਹਿਲੇ ਗਵੀਅਹਿ ਨਾਨਕ,ਰਤੁ ਕਾ ਕੁੰਗੂ ਪਾਇ ਵੇ ਲਾਲੋ ।[10]

ਗੁਰੂ ਨਾਨਕ ਦੇਵ ਨੇ ਦੇਸ਼ ਦੀ ਰਾਜਨੀਤਕ ਦੁਰਦਸ਼ਾ ਦਾ ਮਾਰਮਿਕ ਚਿਤਰਣ ਕੀਤਾ ਹੈ। ਮੁਸਲਮਾਨੀ ਰਾਜ ਜ਼ੋਰ ਦਾ ਰਾਜ ਸੀ। ਜਿਸ ਵਿਚ ਸ਼ਾਸਕ ਮੁਸਲਮਾਨਾਂ ਲਈ ਭਾਵੇਂ ਨਰਮ, ਉਦਾਰਚਿੱਤ ਤੇ ਨਿਆਂਕਾਰੀ ਸਨ ਪਰ ਦੂਜੇ ਧਰਮਾਂ ਦੇ ਲੋਕਾਂ ਲਈ ਦੁਖਦਾਈ ਸਨ:

ਚਾਕਰ ਨਹਦਾ ਪਾਈਨਿਹ ਧਾਉ, ਰਤ ਪਿਤੁ ਕੁਤਿਹੋ ਚਟਿ ਜਾਹੁ ।
ਜਿਥੈ ਜੀਆਂ ਹੋਸੀ ਸਾਰ, ਨੱਕੀ ਵੱਢੀਂ ਲਾਇਤਬਾਰ ।।[11]

ਰਾਜਾ ਤੇ ਪਰਜਾ ਕੂੜ (ਝੂਠ) ਦੇ ਆਸਰੇ ਚਲ ਰਹੇ ਸਨ। ਰਾਜੇ ਦਾ ਸੁਭਾਅ ਕਸਾਈਆਂ ਵਾਲਾ ਸੀ ਤੇ ਧਰਮ ਦਾ ਕਿਧਰੇ ਨਾਮ ਨਿਸ਼ਾਨ ਨਹੀਂ ਸੀ ਮਿਲਦਾ। ਇਉਂ ਜਾਪਦਾ ਸੀ ਜਿਵੇਂ ਕੂੜ ਦੀ ਕਾਲੀ ਬੋਲੀ ਰਾਤ ਹੈ, ਸੱਚ ਦਾ ਚੰਦਰਮਾ ਕਿਧਰੇ ਨਾ ਦਿਸਦਾ:-

ਕਲਿ ਕਾਤੀ ਰਾਜੇ ਕਸਾਈ, ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸ ਸਚੁ ਚੰਦਰਮਾ, ਦਿਸੈ ਨਾਹੀ ਕਹ ਚੜਿਆ ।[12]

ਮਹਾਨ ਸਾਹਿਤਕਾਰ ਦੀ ਪਛਾਣ ਇਹ ਵੀ ਹੁੰਦੀ ਹੈ ਕਿ ਉਹ ਆਪਣੇ ਸਮਕਾਲ ਦੀਆਂ ਪ੍ਰਤੀਨਿਧ ਘਟਨਾਵਾਂ ਨੂੰ ਕਲਾਮਈ ਰੂਪ ਵਿਚ ਚਿਤਰੇ ਅਤੇ ਉਨ੍ਹਾਂ ਦੇ ਪ੍ਰਤੀਕਰਮ ਵਜੋਂ ਸੱਚੀ-ਸੁੱਚੀ ਪੜਚੋਲ ਕਰੇ। 'ਰਾਗ ਆਸਾ' ਵਿਚ ਬਾਬਰ ਬਾਣੀ ਦੇ ਜੋ ਸ਼ਬਦ ਦਰਜ ਹਨ, ਉਨ੍ਹਾਂ ਨੂੰ ਵਾਚਣ ਨਾਲ ਪਾਠਕ ਦੇ ਮਨ ਵਿਚ ਬਦੀ ਵਿਰੁੱਧ ਨਫਰਤ ਪੈਦਾ ਹੁੰਦੀ ਹੈ। ਭਾਵੇਂ ਗੁਰੂ ਸਾਹਿਬ ਦਾ ਫਲਸਫਾ ਇਹ ਸੀ ਕਿ ਸਭ ਕੁਝ ਉਸ ਪਰਮਾਤਮਾ ਦੇ ਹੁਕਮ ਅਨੁਸਾਰ ਹੋ ਰਿਹਾ ਹੈ, ਪਰ ਫਿਰ ਵੀ ਉਹ ਮਨੁੱਖੀ ਦਰਦ ਨੂੰ ਨਾ ਬਰਦਾਸ਼ਤ ਕਰਦੇ ਹੋਏ ਕਹਿ ਉਠਦੇ ਹਨ:-

ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ ।।
ਆਪੇ ਦੋਸ਼ ਨਾ ਦੇਈ ਕਰਤਾ, ਜਮੁ ਕਰਿ ਮੁਗਲ ਚੜ੍ਹਾਇਆ ।।
ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨ ਆਇਆ।
ਕਰਤਾ ਤੂੰ ਸਭਨਾ ਕਾ ਸੋਈ।।
ਜੇ ਸਕਤਾ ਸਕਤੇ ਕਉ ਮਾਰੇ, ਤਾਂ ਮਨਿ ਰੋਸ ਨ ਹੋਈ ।।
ਸਕਤਾ ਸ਼ੀਹ ਮਾਰੈ ਪੈ ਵੱਗੈ, ਖਸਮੈ ਸਾ ਪੁਰਸਾਈ ।। [13]

( ਰਾਗ ਆਸਾ)

ਰਾਜੇ ਮਹਾਰਾਜੇ ਅਕਸਰ ਹੀ ਵਿਲਾਸੀ ਜੀਵਨ ਬਤੀਤ ਕਰਦੇ ਹਨ। ਅਕਬਰ ਤੇ ਜਹਾਂਗੀਰ ਜੋ ਭਾਈ ਗੁਰਦਾਸ ਦੇ ਸਮਕਾਲੀ ਸਨ, ਵੀ ਇਸ ਪੱਖ ਤੋਂ ਕੋਈ ਵੱਖਰੀ ਕਿਸਮ ਦੇ ਬਾਦਸ਼ਾਹ ਨਹੀਂ ਸਨ। ਦੋਵੇਂ ਕਾਮ ਦੇ ਪੁਜਾਰੀ ਸਨ, ਦੋਵਾਂ ਦੇ ਹਰਮ ਸੁੰਦਰ ਇਸਤਰੀਆਂ ਨਾਲ ਭਰੇ ਪਏ ਸਨ। ਜਹਾਂਗੀਰ ਦੇ ਜ਼ੁਲਮੀ ਸ਼ੌਕ ਬਾਰੇ ਕੈਪਟਨ ਹਾਕਿਨ ਲਿਖਦਾ ਹੈ, "ਪਰਜਾ ਉਸ ਦੇ ਭੈ ਤੋਂ ਥਰ ਥਰ ਕੰਬਦੀ ਸੀ। ਇਹ ਕਾਮ ਦਾ ਪੁਜਾਰੀ ਬਾਦਸ਼ਾਹ ਮਨੁੱਖਾਂ ਨੂੰ ਜੰਗਲੀ ਤੇ

ਤੇ ਖੂੰਖਾਰ ਜਾਨਵਰਾਂ ਅੱਗੇ ਸੁਟ ਕੇ ਉਨ੍ਹਾਂ ਦੇ ਟੁਕੜੇ ਟੁਕੜੇ ਕਰਵਾ ਕੇ ਖੁਸ਼ ਹੁੰਦਾ ਸੀ।"[14] ਇਹੋ ਜਿਹੇ ਰਾਜਿਆਂ ਦੇ ਰਾਜ ਵਿਚ ਪਰਜਾ ਦਾ ਸੁਖੀ ਰਹਿਣਾ ਅਸੰਭਵ ਸੀ। ਉਹ ਆਪ ਭਾਵੇਂ ਇਸ ਤੋਂ ਬੇਖ਼ਬਰ ਹੀ ਹੋਣ, ਪਰੰਤੂ ਉਨ੍ਹਾਂ ਨੂੰ ਐਸ਼ ਪ੍ਰਸਤੀ ਸਮੇਂ ਪਰਜਾ ਦਾ ਕੁਝ ਖਿਆਲ ਨਹੀਂ ਰਹਿੰਦਾ, ਸਗੋਂ ਹੇਠਲੇ ਅਹਿਲਕਾਰ ਨਿਡਰ ਹੋ ਕੇ ਹਨ੍ਹੇਰ ਮਚਾਈ ਰੱਖਦੇ ਹਨ। 'ਜਥਾ ਰਾਜਾ ਤਥਾ ਪਰਜਾ' ਦੇ ਅਖਾਣ ਅਨੁਸਾਰ ਉਸ ਸਮੇਂ ਦੀ ਪਰਜਾ, ਜਨਤਾ ਦੇ ਆਗੂ ਕੀ ਧਾਰਮਿਕ ਤੇ ਕੀ ਦੂਜੇ, ਸਭ ਦਾ ਇਹੀ ਹਾਲ ਹੋ ਜਾਂਦਾ ਹੈ। ਭਾਈ ਗੁਰਦਾਸ ਨੇ ਇਸ ਸਮੇਂ ਦੇ ਰਾਜਿਆਂ ਤੇ ਪਰਜਾ ਦਾ ਚਿੱਤਰ ਉਲੀਕਦਿਆਂ ਲਿਖਿਆ ਹੈ:-

> ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
> ਪਰਜਾ ਅੰਧੀ ਗਿਆਨ ਵਿਣੁ ਕੂੜ ਕੁਸੱਤ ਮੁਖਹੁ ਅਲਾਈ ।
>
> ......
>
> ਕਾਜੀ ਹੋਇ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ ।
> ਇਸਤਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਉ ਜਾਈ।[15]

ਅਜਿਹੀ ਭਾਜੜ ਵਿਚ ਕੋਈ ਕਿਸੇ ਦੀ ਵਾਤ ਨਹੀਂ ਪੁੱਛਦਾ:-

> ਕੋਇ ਨਾ ਕਿਸੈ ਵਰਜਈ ਸੋਈ ਕਰੇ ਜੋਈ ਮਨ ਭਾਵੈ ।।[16]

ਮੁਸਲਮਾਨ ਆਪਣੇ ਆਪ ਨੂੰ ਮੋਮਿਨ, ਖੁਦਾ-ਪ੍ਰਸਤ ਤੇ ਰੱਬ-ਪੂਜਕ ਮੰਨਦੇ ਸਨ ਤੇ ਹਿੰਦੂਆਂ ਨੂੰ ਬੁੱਤਾਂ ਦੇ ਪੁਜਾਰੀ। ਉਹ ਉਨ੍ਹਾਂ ਨੂੰ ਕਾਫਰ ਜਾਂ ਨਾਸਤਕ, ਭਾਵ ਇਕ ਰੱਬ ਤੋਂ ਮੁਨਕਰ ਸਮਝਦੇ ਸਨ। ਹਿੰਦੂਆਂ ਨੂੰ ਲੁੱਟਣਾ, ਜਬਰਦਸਤੀ ਮੁਸਲਮਾਨ ਬਣਾਉਣਾ, ਮੰਦਰ ਆਦਿ ਢਾਹ ਕੇ ਮਸਜਿਦਾਂ ਖੜ੍ਹੀਆਂ ਕਰ ਦੇਣੀਆਂ, ਬੁੱਤਾਂ ਨੂੰ ਤੋੜਨਾ, ਉਨ੍ਹਾਂ ਲਈ ਦੀਨੀ (ਸੁਆਬ) ਕੰਮ ਸਨ। ਭਾਈ ਗੁਰਦਾਸ ਨੇ ਉਸ ਸਮੇਂ ਦੇ ਸਮਾਜ ਦੀ ਅਜਿਹੀ ਅਵਸਥਾ ਬਾਰੇ ਲਿਖਿਆ ਹੈ:

> ਠਾਕੁਰ ਦੁਆਰੇ ਢਾਹਿ ਕੇ ਤਿਹ ਠਉੜੀ ਮਸੀਤ ਉਸਾਰਾ ।।
> ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ ।। [17]

ਸਮਾਜ ਜੋ ਉਸ ਸਮੇਂ ਵਰਨਾ-ਆਸ਼ਰਮਾਂ ਵਿਚ ਵੰਡਿਆ ਹੋਇਆ ਸੀ, ਵਿਚ ਆਪਸੀ ਖਿੱਚੋਤਾਣ ਵਧੀ ਹੋਈ ਸੀ।

ਚਾਰ ਵਰਣ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕੱਬਰੀ ਖਿੰਚੋਤਾਣ ਕਰੇਨਿ ਧਿਙਾਣੇ ।[18]

ਅਜਿਹੀ ਦਸ਼ਾ ਨੂੰ ਉਹਨਾਂ ਦੀ ਹੇਠਲੀ ਤੁਕ ਇੰਜ ਪ੍ਰਗਟਾਉਂਦੀ ਹੈ:

ਪਾਪੇ ਦਾ ਵਰਤਿਆ ਵਰਤਾਰਾ ।।[19]

ਸਮਾਜ ਦਾ ਇਹ ਬਿਖਰਿਆ ਢਾਂਚਾ ਰਾਜਨੀਤਕ ਤੇ ਧਾਰਮਿਕ ਭਾਈ ਸਾਹਿਬ ਦੀ ਰਚਨਾ ਵਿਚੋਂ ਬਰਾਬਰ ਝਲਕਾਰੇ ਮਾਰਦਾ ਹੈ:

ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰਿ ਲਹੰਨਿ ਨ ਢੋਈ ।।
ਕਰਨ ਬਖੀਲੀ ਆਪਿ ਵਿਚ ਰਾਮ ਰਹੀਮ ਇਕ ਥਾਇ ਖਲੋਈ ।।[20]

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਰਾਜਨੀਤਕ ਝੁਕਾਅ ਵਾਲੀ ਕਵਿਤਾ ਲਿਖੀ ਹੈ। ਉਨ੍ਹਾਂ ਦੇ ਸਮੇਂ ਵੀ ਦੇਸ਼ ਵਿਚ ਚਾਰੇ ਪਾਸੇ ਮਨੁੱਖੀ ਤੁਅੱਸਬ ਤੇ ਅੰਧਕਾਰ ਛਾਇਆ ਹੋਇਆ ਸੀ। ਰਾਜਨੀਤਕ, ਸਮਾਜਕ ਤੇ ਧਾਰਮਿਕ ਹਾਲਾਤ ਡਾਵਾਂਡੋਲ ਸਨ। ਦੇਸ਼ ਵਿਚ ਕਈ ਛੋਟੇ-ਛੋਟੇ ਰਜਵਾੜਿਆਂ ਦੀ ਮਨਮਾਨੀ ਚਲ ਰਹੀ ਸੀ। ਅਤੇ ਜਗੀਰਦਾਰ ਗਰੀਬਾਂ ਦਾ ਖੂਨ ਚੂਸਕੇ ਐਸ਼-ਇਸ਼ਰਤ ਵਿਚ ਡੁੱਬੇ ਰਹਿੰਦੇ ਸਨ। ਪਹਾੜੀ ਰਾਜੇ ਵਹਿਮਾਂ-ਭਰਮਾਂ ਦੇ ਬੁਰੀ ਤਰ੍ਹਾਂ ਸ਼ਿਕਾਰ ਸਨ। ਅਜਿਹੀ ਰਾਜਨੀਤਕ ਸਥਿਤੀ ਵੇਲੇ ਹਿੰਦੂਆਂ ਦੀ ਹਾਲਤ ਤਰਸਯੋਗ ਸੀ। ਹਿੰਦੂ ਮੰਦਰਾਂ ਨੂੰ ਬਿਨਾਂ ਕਿਸੇ ਕਾਰਨ ਢਾਹ ਦਿੱਤਾ ਜਾਂਦਾ ਸੀ। ਕੇਵਲ ਹਿੰਦੂਆਂ ਦਾ ਉਚ ਵਰਗ ਹੀ ਆਪਣੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸੀਮਤ ਜਿਹੇ ਘੇਰੇ ਵਿਚ ਜਕੜਿਆ ਪਿਆ ਸੀ। ਛੂਤ-ਛਾਤ ਵੱਧ ਜਾਣ ਕਾਰਨ ਛੋਟੀਆਂ ਜਾਤੀਆਂ ਦੇ ਲੋਕ ਆਪਣਾ ਧਰਮ ਤਿਆਗ ਕੇ ਮੁਸਲਮਾਨ ਬਣੀ ਜਾ ਰਹੇ ਸਨ। ਇਸ ਤਰ੍ਹਾਂ ਹਿੰਦੂ ਧਰਮ ਢਹਿੰਦੀਆਂ ਕਲਾਂ ਵੱਲ ਨੂੰ ਜਾ ਰਿਹਾ ਸੀ।[21]

ਔਰੰਗਜ਼ੇਬ ਦੀ ਕੱਟੜ ਨੀਤੀ ਹਿੰਦੂਆਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕਰ ਰਹੀ ਸੀ। ਇਸੇ ਕਾਰਨ ਕਸ਼ਮੀਰੀ ਬ੍ਰਾਹਮਣ ਆਪਣੇ ਧਰਮ ਦੀ ਰਖਿਆ ਲਈ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਏ। ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਖਿਆ ਲਈ ਹਸਦਿਆਂ ਹਸਦਿਆਂ ਆਪਣੀ ਕੁਰਬਾਨੀ ਦਿੱਤੀ। ਇਸ ਤਰ੍ਹਾਂ ਰਾਜਨੀਤਕ ਤੇ ਧਾਰਮਿਕ ਹਾਲਾਤ ਨੇ ਮਿਲ ਕੇ ਸਮਾਜਕ ਹਾਲਤ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਸਮਾਜਕ ਢਾਂਚਾ ਵਿਕਰੂਲ ਵਿੱਲਾ ਪੈ ਗਿਆ ਸੀ। ਹਿੰਦੂ ਲੋਕ ਕਰਮ-ਕਾਂਡਾਂ ਵਿਚ ਗਲਤਾਨ ਹੋਣ ਕਾਰਨ ਆਪਣੇ

ਧਾਰਮਿਕ ਫਰਜ਼ ਭੁੱਲ-ਭੁਲਾ ਚੁੱਕੇ ਸਨ। ਸਮਾਜ ਦੀਆਂ ਇਨ੍ਹਾਂ ਸਾਰੀਆਂ ਪ੍ਰਸਥਿਤੀਆਂ ਨੇ ਗੁਰੂ ਗੋਬਿੰਦ ਸਿੰਘ ਉਪਰ ਡੂੰਘਾ ਪ੍ਰਭਾਵ ਪਾਇਆ। ਇਸੇ ਸੰਦਰਭ ਵਿਚ ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਜੀ ਦਾ ਖਾਲਸਾ ਪੰਥ ਸਾਜਣ ਦਾ ਮੁੱਖ ਮੰਤਵ ਹੀ ਨੀਵਿਆਂ ਅਤੇ ਸਭਯ ਸਮਾਜ ਵਿਚੋਂ ਦੁਰਕਾਰੇ ਹੋਏ ਲੋਕਾਂ ਨੂੰ ਉਚੇ ਲੋਕਾਂ ਦੇ ਬਰਾਬਰ ਕਰਨਾ ਸੀ।[22] ਇਸ ਤਰ੍ਹਾਂ ਗੁਰੂ ਜੀ ਨੇ ਸਾਰੇ ਲੋਕਾਂ ਨੂੰ ਜਿਹੜੇ ਹੀਣੇ ਤੇ ਨਿਤਾਣੇ ਸਮਝੇ ਜਾਂਦੇ ਸਨ, ਬੁਲਾਇਆ ਤੇ ਅਕਾਲ ਪੁਰਖ ਦੇ ਝੰਡੇ ਥੱਲੇ ਇਕੱਠਾ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਗਲ ਲਾਇਆ। ਇਸ ਤਰ੍ਹਾਂ ਦੀ ਸੁੱਤੀ ਹੋਈ ਅਣਖ ਨੂੰ ਵੰਗਾਰਿਆ ਤੇ ਕੌਮ ਦੀ ਕਿਸਮਤ ਨੂੰ ਬਦਲ ਕੇ ਰੱਖ ਦਿੱਤਾ।[23] ਇਸ ਤੋਂ ਬਿਨ੍ਹਾਂ ਗੁਰੂ ਜੀ ਬਹੁਤ ਵੱਡੇ ਸਾਹਿਤਕਾਰ ਵੀ ਸਨ। ਉਹ ਇਸ ਸਚਾਈ ਤੋਂ ਭਲੀ ਭਾਂਤ ਜਾਣੂ ਸਨ ਕਿ ਕੌਮ ਦੀ ਨਿੱਗਰ ਉਸਾਰੀ ਲਈ ਨਿੱਗਰ ਸਾਹਿਤ ਦੀ ਵੀ ਜ਼ਰੂਰਤ ਹੁੰਦੀ ਹੈ। ਕੋਈ ਕੌਮ ਉਦੋਂ ਤਕ ਚੜ੍ਹਦੀਆਂ ਕਲਾਂ ਵਿਚ ਰਹੇਗੀ ਜਦੋਂ ਤਕ ਉਸਦਾ ਆਪਣਾ ਨਿੱਗਰ ਤੇ ਨਰੋਆ ਸਾਹਿਤ ਉਸ ਦੀ ਅਗਵਾਈ ਕਰੇਗਾ। ਇਸ ਲਈ ਗੁਰੂ ਜੀ ਨੇ ਕੁਰਬਾਨੀਆਂ ਤੋਂ ਇਲਾਵਾ ਨਿੱਗਰ ਸਾਹਿਤ ਦੀ ਰਚਨਾ ਕੀਤੀ। ਉਨ੍ਹਾਂ ਨੇ ਆਪਣੇ ਤੋਂ ਪਹਿਲੇ ਸਾਹਿਤ ਅਤੇ ਮਿਥਿਹਾਸ ਦਾ ਡੂੰਘਾ ਅਧਿਐਨ ਕੀਤਾ। ਇਸੇ ਕਾਰਣ ਮਿਥਿਹਾਸ ਵਿਚੋਂ 'ਦੁਰਗਾਸਪਤਸਤੀ' ਦੇ ਪਾਠ ਤੇ ਆਧਾਰਿਤ ਉਨ੍ਹਾਂ ਦੁਆਰਾ ਰਚੀ ਲਾਸਾਨੀ ਵਾਰ, 'ਵਾਰ ਸ੍ਰੀ ਭਗਉਤੀ ਜੀ' ਜਾਂ 'ਚੰਡੀ ਦੀ ਵਾਰ' ਦਾ ਆਸ਼ਾ ਨਿਰਬਲ ਕੌਮ ਵਿਚ ਬੀਰਤਾ ਨੂੰ ਉਜਾਗਰ ਕਰਨਾ ਹੈ। ਪ੍ਰੋ. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ ਲਿਖਦੇ ਹਨ, "ਇਸ ਵਾਰ ਦੇ ਲਿਖਣ ਦਾ ਆਸ਼ਾ ਉਠ ਰਹੀ ਕੌਮ ਵਿਚ ਬੀਰ ਭਾਵਾਂ ਨੂੰ ਉਜਾਗਰ ਕਰਕੇ ਉਨ੍ਹਾਂ ਨੂੰ ਜ਼ੁਲਮ ਦਾ ਡੱਟ ਕੇ ਟਾਕਰਾ ਕਰਨ ਲਈ ਤਿਆਰ ਕਰਨ ਦਾ ਸੀ।"[24]

ਗੁਰੂ ਜੀ ਤੋਂ ਪਹਿਲਾਂ ਪੁਰਾਣਾਂ ਆਦਿ ਦਾ ਕੇਵਲ ਪਾਠ ਕਰ ਲੈਣਾ ਹੀ ਮੁਕਤੀ ਦਾ ਸਾਧਨ ਸਮਝਿਆ ਜਾਂਦਾ ਸੀ ਅਤੇ ਲੋਕ ਦਿਖਾਵੇ ਵਜੋਂ ਧਾਰਮਿਕ ਪੁਸਤਕਾਂ ਦਾ ਪਾਠ ਕਰਦੇ ਸਨ, ਪਰੰਤੂ ਗੁਰੂ ਜੀ ਨੇ ਇਸ ਮਾਰਕੰਡੇ ਪੁਰਾਣ ਵਿਚੋਂ 'ਚੰਡੀ ਚਰਿਤਰ' ਕਥਾ ਲੈ ਕੇ ਇਸ ਨੂੰ ਵਾਰ ਦੇ ਰੂਪ ਵਿਚ ਪੇਸ਼ ਕੀਤਾ।[26] ਜਿਸ ਨੂੰ ਸਮਾਜ ਦੇ ਸੰਗਠਨ, ਕੌਮ ਵਿਚ ਜੋਸ਼ ਪੈਦਾ ਕਰਨ ਅਤੇ ਸੁਤੰਤਰਤਾ ਪ੍ਰਾਪਤੀ ਦਾ ਸਾਧਨ ਬਣਾਇਆ। ਇਸ ਵਾਰ ਦੇ ਪਾਠ ਨਾਲ ਲੋਕਾਂ ਵਿਚ ਜਿਥੇ ਜੋਸ਼ ਦੀ ਭਾਵਨਾ ਉਤਪੰਨ ਹੋਈ ਉਥੇ ਵਾਰ ਵਿਚਲੇ

ਦੇਵੀਮਾਤਾ (ਚੰਡੀ) ਦੇ ਚਰਿਤਰ, ਉਸ ਇਕੱਲੀ ਦਾ ਦੈਤਾਂ ( ਦੁਸ਼ਮਨਾਂ) ਨਾਲ ਲੋਹਾ ਲੈਣਾ ਤੇ ਅੰਤ ਜਿੱਤ ਪ੍ਰਾਪਤ ਕਰਨ ਦਾ ਸੰਕਲਪ ਨੇ ਇਹ ਦ੍ਰਿੜ ਕਰਵਾਇਆ ਕਿ ਬੁਜ਼ਦਿਲ ਵੀ ਜੇ ਹੌਸਲਾ ਕਰੇ ਤਾਂ ਉਹ ਆਪਣੇ ਤੋਂ ਤਕੜੇ ਜ਼ਾਲਮ ਨੂੰ ਪਛਾੜ ਸਕਦਾ ਹੈ। ਗੁਰੂ ਜੀ ਦਾ 'ਸਵਾ ਲਾਖ ਸੇ ਏਕ ਲੜਾਊਂ, ਤਬੀ ਗੋਬਿੰਦ ਸਿੰਘ ਨਾਮ ਰਖਾਊਂ' ਦਾ ਸੰਕਲਪ ਇਸੇ ਵਾਰ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ।

ਗੁਰੂ ਜੀ ਦਾ ਵਾਰ ਲਿਖਣ ਦਾ ਮਨੋਰਥ ਇਹ ਵੀ ਹੈ ਕਿ ਅਭਿਮਾਨ ਆਦਮੀ ਨੂੰ ਰਾਖਸ਼ ਬਣਾ ਦਿੰਦਾ ਹੈ। ਇਸੇ ਤਰ੍ਹਾਂ ਜੇ ਦੇਵਤੇ ਆਪਣੇ ਫਰਜ਼ ਨੂੰ ਭੁੱਲ ਜਾਣਗੇ ਤਾਂ ਉਹ ਆਪਣੇ ਆਪ ਦੁੱਖਾਂ ਦਾ ਸ਼ਿਕਾਰ ਹੋ ਜਾਣਗੇ । ਇਥੇ ਗੁਰੂ ਜੀ ਨੇ ਦੱਸਿਆ ਹੈ ਕਿ ਇੰਦਰ ਦੇਵਤੇ ਦਾ ਹੰਕਾਰ ਬਹੁਤ ਵੱਧ ਗਿਆ ਸੀ। ਉਸ ਅਕਾਲ ਪੁਰਖ ਨੇ ਉਸ ਦੇ ਅਭਿਮਾਨ ਨੂੰ ਤੋੜਨ ਲਈ ਮਹਿਖਾਸੁਰ ਦੈਤ ਨੂੰ ਪੈਦਾ ਕੀਤਾ:-

ਅਭਿਮਾਨ ਉਤਾਰਨ ਦੇਵਤਿਆਂ,
ਮਹਿਖਾਸੁਰ ਸੁੰਭ ਉਪਾਇਆ ।[26]

ਵਾਰ ਵਿਚ ਅਸੀਂ ਵੇਖਦੇ ਹਾਂ ਕਿ ਜਦੋਂ ਰਾਖਸ਼ ਆਪਣੇ ਅਭਿਮਾਨ ਵਿਚ ਆ ਗਏ ਅਤੇ ਬਹੁਤ ਜ਼ਿਆਦਾ ਜ਼ੁਲਮ ਕਰਨ ਲੱਗੇ ਤਾਂ ਉਸ ਅਕਾਲ ਪੁਰਖ ਨੇ ਇਕ ਐਸੀ ਸ਼ਕਤੀ ਪੈਦਾ ਕੀਤੀ ਜਿਸ ਨੇ ਰਾਖਸ਼ਾਂ ਦਾ ਅਤੇ ਅਤਿਆਚਾਰੀਆਂ ਦਾ ਨਾਸ਼ ਕੀਤਾ ਅਤੇ ਜਨਤਾ ਨੂੰ ਸਿੱਧੇ ਰਾਹ ਤੇ ਪਾਇਆ। ਗੁਰੂ ਜੀ ਦਾ ਵਾਰ ਰਾਹੀਂ ਮੁੱਖ ਮਨੋਰਥ ਲੋਕਾਂ ਵਿਚ ਧਰਮ ਯੁੱਧ ਦਾ ਚਾਅ ਭਰਨਾ ਸੀ।

ਅਵਰ ਬਾਸਨਾ ਨਾਹਿ ਕਿਛੁ ਧਰਮ ਜੁੱਧ ਕੇ ਚਾਇ ।[27]

ਪੰਜਾਬੀ ਵਿਚ ਉਪਲਬਧ ਕਿੱਸਿਆਂ ਵਿਚ ਪੰਜਾਬ ਦੀ ਰਾਜਨੀਤਕ ਹਾਲਤ ਬਿਆਨ ਕਰਨ ਦੀ ਕੋਸ਼ਿਸ਼ ਸੁਚੇਤ ਰੂਪ ਵਿਚ ਨਹੀਂ ਹੋਈ। ਦਮੋਦਰ, ਦੇਸ਼ ਦੀ ਰਾਜਨੀਤਕ ਹਾਲਤ ਬਾਰੇ ਥੋੜਾ ਬਹੁਤ ਸੁਚੇਤ ਹੈ। ਉਸ ਨੇ ਅਕਬਰ ਦੇ ਰਾਜਨੀਤਕ ਪ੍ਰਬੰਧ, ਇਲਾਕਾਈ ਰਾਜ ਪ੍ਰਬੰਧ, ਨਿਆਂ ਤੇ ਸਜ਼ਾਵਾਂ ਆਦਿ ਦਾ ਵਰਣਨ ਆਪਣੇ ਰਚਿਤ ਕਿੱਸੇ ਦੇ ਪ੍ਰਸੰਗ ਅਨੁਕੂਲ ਕੀਤਾ ਹੈ, ਪਰ ਅਗਲੇ ਕਿੱਸਾਕਾਰਾਂ ਨੇ ਇਸ ਬਾਰੇ ਚੁੱਪ ਸਾਧੀ ਹੋਈ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਜੇ ਕਿਤੇ ਰਾਜਨੀਤਕ ਹਾਲਤ ਦਾ ਵਰਣਨ ਮਿਲਦਾ ਹੈ ਤਾਂ ਉਹ ਸਹਿਜ ਸੁਭਾਅ ਜਾਂ ਅਚੇਤ ਰੂਪ ਵਿਚ ਹੀ ਹੈ।

ਹਾਫ਼ਿਜ਼ ਬਰਖੁਰਦਾਰ ਨੇ ਕਿੱਸਾ 'ਯੂਸਫ਼ ਜ਼ੁਲੈਖਾਂ' ਵਿਚ ਮਿਸਰ ਦੇ ਰਾਜ ਪ੍ਰਬੰਧ ਨਾਲ ਜਾਣੂ ਕਰਵਾਇਆ ਹੈ। ਇਹ ਰਾਜ ਪ੍ਰਬੰਧ ਬਾਰੇ ਸੁਚੇਤ ਰੂਪ ਵਿਚ ਕੀਤਾ ਹੋਇਆ ਬਿਆਨ ਹੈ, ਕਿਉਂਕਿ ਇਸ ਕਿੱਸੇ ਦੀ ਕਹਾਣੀ ਦਾ ਧੁਰਾ ਮਿਸਰ ਦੀ ਰਾਜਨੀਤਕ ਵਿਵਸਥਾ ਨਾਲ ਸਬੰਧਿਤ ਹੈ:

> ਗਲ ਸੁਣਕੇ ਗੁੱਸੇ ਹੋਇਆ, ਮਿਸਰ ਸ਼ਹਿਰ ਦਾ ਵਾਲੀ।
> ਮਿਸਰ ਬਰਾਬਰ ਹੁਸਨ ਨਾ ਹੋਵੇ, ਝੂਠੇ ਲੋਕ ਰਜ਼ਾਲੀ ।[28]

ਇਹੀ ਕਿੱਸਾਕਾਰ ਭਾਰਤ ਦੇ ਪੁਰਾਤਨ ਸਮੇਂ ਵਿਚਲੇ ਰਾਜਿਆਂ ਦੀ ਘਰੇਲੂ ਹਾਲਤ, ਉਨ੍ਹਾਂ ਉਪਰ ਜੋਤਿਸ਼ ਦਾ ਪ੍ਰਭਾਵ ਤੇ ਆਪਣੀ ਉਲਾਦ ਪ੍ਰਤੀ ਦ੍ਰਿਸ਼ਟੀ ਦਾ ਬਿਆਨ 'ਕਿੱਸਾ ਸੱਸੀ ਪੁੰਨੂੰ' ਰਾਹੀਂ ਕਰਦਾ ਹੈ।

ਪੰਜਾਬੀ ਵਿਚ ਮਿਲਦੇ ਕਿੱਸਿਆਂ ਦੇ ਰਚਨਹਾਰੇ ਮੁਗਲ ਰਾਜ ਦੀ ਉਪਜ ਹਨ। ਕਿੱਸਾ 'ਯੂਸਫ਼ ਜ਼ੁਲੈਖਾਂ' ਤੇ 'ਸੱਸੀ ਪੁੰਨੂੰ' ਨੂੰ ਛੱਡ ਕੇ ਇਸ ਕਾਲ ਦੀਆਂ ਰਚਨਾਵਾਂ ਵਿਚ ਰਾਜਨੀਤਕ ਹਾਲਤ ਬਾਰੇ ਜੋ ਵੀ ਚਾਨਣਾ ਪਾਇਆ ਹੋਇਆ ਮਿਲਦਾ ਹੈ, ਉਹ ਵਧੇਰੇ ਕਰਕੇ ਮੁਗਲਕਾਲ ਦਾ ਹੀ ਹੈ। ਮੁਗਲਕਾਲ ਭਾਰਤ ਵਿਚ ਬਾਬਰ ਨਾਲ ਸ਼ੁਰੂ ਹੁੰਦਾ ਹੈ ਪਰ ਸਾਡਾ ਪਹਿਲਾ ਕਿੱਸਾਕਾਰ ਦਮੋਦਰ ਅਕਬਰ ਦੇ ਰਾਜ ਦੀ ਗੱਲ ਕਰਦਾ ਹੈ:-

> ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸਵਾਏ।[29]

ਉਹ ਅਕਬਰ ਦਾ ਸਮਕਾਲੀ ਸੀ ਜਦੋਂ ਕਿ ਭਾਰਤ ਵਿਚ ਮੁਗਲਰਾਜ ਚੜ੍ਹਦੀਆਂ ਕਲਾਂ ਤੇ ਸੀ ਤੇ ਹਰ ਪਾਸੇ ਖੁਸ਼ਹਾਲੀ ਸੀ। ਇਸੇ ਕਰਕੇ ਦਮੋਦਰ ਅਕਬਰ ਦੇ ਰਾਜ ਨੂੰ ਚੜ੍ਹਦੀ ਕਲਾ ਦਾ ਰਾਜ ਕਹਿੰਦਾ ਹੈ, ਜਿਸ ਵਿਚ ਅਮਨ ਚੈਨ ਹੈ:

> ਪਾਤਸ਼ਾਹੀ ਜੋ ਅਕਬਰ ਸੰਦੀ ਹੋਲ ਨਾ ਹੁੱਜਤ ਕਾਈ।[30]

ਅਕਬਰ ਹੇਠਲੇ ਪੰਜਾਬ ਦੀ ਰਾਜਨੀਤੀ ਜਨਤਾ ਲਈ ਸੁਖਾਵੀਂ ਸੀ। ਇਸੇ ਕਰਕੇ ਅਕਬਰ ਨੂੰ ਰੱਬ ਵਾਂਗ ਸਤਿਕਾਰਿਆ ਜਾਂਦਾ ਸੀ।[31] ਅਕਬਰ ਨਾ ਸਿਰਫ ਆਪਣੇ ਰਾਜ ਕਾਲ ਵੇਲੇ ਹੀ ਜਨਤਾ ਵਲੋਂ ਨਹੀਂ ਸਨਮਾਨਿਆ ਗਿਆ ਸਗੋਂ ਬਾਅਦ ਵਿਚ ਵੀ ਉਸਦਾ ਇਹ ਸਤਿਕਾਰ ਬਰਕਰਾਰ ਰਿਹਾ, ਕਿਉਂਕਿ ਉਹ ਲੋਕਾਂ ਦੇ ਮਨਾਂ ਨੂੰ ਜਿੱਤ ਚੁੱਕਾ ਸੀ। ਜਨਤਾ ਤੇ ਉਸਦਾ ਅੱਛਾ ਪ੍ਰਭਾਵ ਸੀ ਤੇ ਜਨਤਾ ਨੂੰ ਉਹ ਪਰਿਵਾਰ ਵਾਂਗ ਵੇਖਦਾ ਸੀ। ਹਿੰਦੂ-ਮੁਸਲਮ ਸਾਂਝ ਉਸ ਵੇਲੇ ਸਿਖਰ ਤੇ ਸੀ। ਇਹੀ ਕਾਰਨ ਹੈ ਕਿ ਲੋਕ ਅਕਬਰ ਦੀ

ਮਿਰਤੂ ਤੋਂ ਬਾਅਦ ਵੀ ਉਸ ਪ੍ਰਤੀ ਸਨਮਾਨ ਨੂੰ ਘਟਾ ਨਾ ਸਕੇ ਸਗੋਂ ਅਕਬਰ ਨੂੰ ਇਕ ਆਹਿਮ ਬਾਦਸ਼ਾਹ ਦਸਦੇ ਰਹੇ।

ਅਕਬਰ ਜੇਡ ਨਾ ਬਾਦਸ਼ਾਹ, ਜਟ ਨਾ ਖੀਵੇ ਹਾਣ।[32]

ਸਾਰੇ ਮੁਸਲਮਾਨ ਯੁੱਗ ਵਿਚ ਅਕਬਰ ਉਹ ਰਾਜਾ ਸੀ, ਜਿਸ ਨੇ ਇਸਲਾਮੀ ਰਾਜ ਸਿਧਾਂਤਾਂ ਨੂੰ ਲਾਂਭੇ ਰੱਖ ਕੇ ਉਨ੍ਹਾਂ ਨੀਤੀਆਂ ਨੂੰ ਅਪਣਾਇਆ ਜੋ ਪੂਰਣ ਰੂਪ ਵਿਚ ਰਾਸ਼ਟਰੀ ਸਨ। ਇਸਤੋਂ ਬਾਅਦ ਦੇ ਮੁਸਲਿਮ ਬਾਦਸ਼ਾਹਾਂ ਦੇ ਸਮੇਂ ਪੰਜਾਬ ਦੀ ਰਾਜਨੀਤਕ ਹਾਲਤ ਅਸ਼ਾਂਤ ਹੋਣੀ ਸ਼ੁਰੂ ਹੋ ਗਈ ਸੀ। ਮੁਸਲਮਾਨ ਬਾਦਸ਼ਾਹਾਂ ਦੀ ਹਨ੍ਹੇਰ-ਗਰਦੀ ਤੇ ਇਨ੍ਹਾਂ ਦੇ ਇਲਾਕਾਈ ਹਾਕਮਾਂ ਦੀਆਂ ਮਨਮਾਨੀਆਂ ਦਾ ਵਰਣਨ ਸਹਿਜੇ ਹੀ ਕਿੱਸਿਆਂ ਵਿਚ ਮਿਲ ਜਾਂਦਾ ਹੈ। ਕਿੱਸਾਕਾਰਾਂ ਨੇ ਇਸੇ ਕਰਕੇ ਮਗਰਲੇ ਕਿੱਸਾਕਾਰਾਂ ਦੀ ਵਡਿਆਈ ਵਿਚ ਅਜਿਹਾ ਕੁਝ ਨਹੀਂ ਕਿਹਾ, ਜਿਵੇਂ ਕਿ ਅਕਬਰ ਦੀ ਵਡਿਆਈ ਵਿਚ ਦਮੋਦਰ ਨੇ ਲਿਖਿਆ ਹੈ। ਇਸ ਦਾ ਇਹੀ ਕਾਰਣ ਹੈ ਕਿ ਔਰੰਗਜ਼ੇਬ ਜਾਂ ਇਸ ਤੋਂ ਪਹਿਲਾਂ ਦੇ ਬਾਦਸ਼ਾਹ ਲੋਕ ਮਨਾਂ ਤੇ ਪ੍ਰਭਾਵ ਨਾ ਪਾ ਸਕੇ ਜਾਂ ਲੋਕ ਮਨਾਂ ਨੂੰ ਜਿੱਤ ਨਾ ਸਕੇ। ਖਾਸ ਕਰਕੇ ਔਰੰਗਜ਼ੇਬ ਨੇ ਜਨਤਾ ਨੂੰ ਬਹੁਤ ਤੰਗ ਕੀਤਾ। ਉਸ ਨੇ ਤਾਂ ਆਪਣੇ ਬਾਪ ਅਤੇ ਭਰਾਵਾਂ ਨੂੰ ਵੀ ਨਹੀਂ ਬਖਸ਼ਿਆ। ਹਿੰਦੂਆਂ ਤੋਂ ਜੱਜ਼ੀਆ ਉਗਰਾਹਿਆ ਜਾਂਦਾ ਸੀ। ਦੇਸ਼ ਦੀ ਹਾਲਤ ਦਿਨ-ਬ-ਦਿਨ ਖ਼ਰਾਬ ਹੁੰਦੀ ਜਾ ਰਹੀ ਸੀ। ਇਲਾਕਾਈ ਹਾਕਮ ਸੁਤੰਤਰ ਹੁੰਦੇ ਨਜ਼ਰ ਆ ਰਹੇ ਸਨ। ਉਨ੍ਹਾਂ ਨੇ ਅਲੱਗ ਹਨ੍ਹੇਰ-ਗਰਦੀ ਮਚਾ ਰੱਖੀ ਸੀ।[33] ਇਨ੍ਹਾਂ ਹਾਕਮਾਂ ਕੋਲ ਆਪਣੀ ਫ਼ੌਜ ਸੀ, ਆਪਣੇ ਹਥਿਆਰ ਸਨ ਤੇ ਇਨ੍ਹਾਂ ਵਿਚ ਆਪਸੀ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ। ਇਹ ਸਮੁੱਚਾ ਰਾਜ ਦਿਨ-ਬ-ਦਿਨ ਢਹਿੰਦੀਆਂ ਕਲਾਂ ਵਲ ਨੂੰ ਜਾ ਰਿਹਾ ਸੀ। ਬਹੁਤੇ ਕਿੱਸਾਕਾਰ ਕਿਉਂਕਿ ਮੁਸਲਮਾਨ ਸਨ ਇਸ ਲਈ ਉਹ ਮੁਸਲਮਾਨੀ ਰਾਜ ਵਿਰੁੱਧ ਕੁਝ ਕਹਿਣਾ ਉਚਿਤ ਨਹੀਂ ਸਨ ਸਮਝਦੇ।

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਰਾਜਨੀਤੀ ਦਾ ਅਸਰ ਲੋਕ ਜੀਵਨ ਉਤੇ ਅਤੇ ਇਸਦੇ ਸਾਹਿਤ ਉਤੇ ਅਵੱਸ਼ ਪੈਂਦਾ ਹੈ। ਇਸ ਕਾਲ ਦੇ ਸਾਹਿਤ ਵਿਚੋਂ ਇਸ ਸਮੇਂ ਦੀ ਮੂੰਹ ਬੋਲਦੀ ਤਸਵੀਰ ਨਜ਼ਰ ਆਉਂਦੀ ਹੈ। ਬੁਲ੍ਹੇ ਸ਼ਾਹ, ਵਾਰਿਸ ਸ਼ਾਹ ਤੇ ਨਜ਼ਾਬਤ ਆਦਿ ਕਵੀਆਂ ਨੇ ਆਪਣੇ ਢੰਗ (ਤਰੀਕਿਆਂ) ਨਾਲ ਮੁਗਲਾਂ ਦੀ ਢਹਿੰਦੀ ਕਲਾ ਤੇ ਦੁੱਖ ਪ੍ਰਗਟ ਕੀਤਾ ਹੈ। ਸੂਫੀ ਕਵੀ ਆਪ ਰਾਜਨੀਤੀ ਤੋਂ ਅਲੱਗ ਰਹੇ। ਉਹ ਦੇਸ਼ ਅੰਦਰ

ਫੈਲੀ ਬੇਚੈਨੀ ਦੇ ਕਾਰਨ ਭਾਵੇਂ ਨਹੀਂ ਸਨ ਸਮਝ ਸਕੇ, ਪਰ ਸਮਾਜਿਕ ਬੇਚੈਨੀ ਨੂੰ ਉਨ੍ਹਾਂ ਨੇ ਮਹਿਸੂਸ ਕੀਤਾ ਸੀ। ਇਹੀ ਕਾਰਣ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਵਿਚ 'ਕਰੁਣਾ ਰਸ' ਵਧੇਰੇ ਆ ਗਿਆ। ਬੁਲ੍ਹੇ ਸ਼ਾਹ ਨਾਲ ਸੂਫੀ ਸਾਹਿਤ ਸਿਖਰਾਂ ਨੂੰ ਛੂਹਣ ਲੱਗਾ। ਅਲੀ ਹੈਦਰ ਦੇ ਫਰਦ ਫ਼ਕੀਰ ਆਦਿ ਹੋਰ ਸੂਫੀ ਕਵੀਆਂ ਨੇ ਵੀ ਇਸ ਵਿਚ ਚੋਖਾ ਹਿੱਸਾ ਪਾਇਆ।

ਜੰਗਾਂ-ਯੁੱਧਾਂ ਦੀ ਹਾਲਤ ਤੋਂ ਪ੍ਰਭਾਵਤ ਹੋ ਕੇ ਬੀਰ-ਰਸੀ ਸਾਹਿਤ ਵੀ ਚੋਖਾ ਉਤਪੰਨ ਹੋਇਆ। ਨਜ਼ਾਬਤ ਦੀ ਵਾਰ, ਮੁਕਬਲ ਦਾ ਜੰਗਨਾਮਾ, ਆਗਰਾ ਦੀ ਵਾਰ, ਚੰਡਿਆਂ ਦੀ ਵਾਰ, ਫਤਹਨਾਮਾ ਆਦਿ ਬੀਰ ਰਸੀ ਰਚਨਾਵਾਂ ਇਸ ਸਮੇਂ ਰਚੀਆਂ ਗਈਆਂ। ਬਾਵਜੂਦ ਅਜਿਹੀ ਰਾਜਨੀਤਕ ਉਥੱਲ-ਪੁੱਥਲ ਦੇ ਇਸ ਸਮੇਂ ਵਿਚ ਗੁਣਾਤਮਕ ਪੱਖੋਂ ਵਧੀਆ ਸਾਹਿਤ ਦੀ ਸਿਰਜਣਾ ਹੋਈ ਹੈ। ਜਿਸ ਨੇ ਸਮਾਜ, ਇਸਦੇ ਆਰਥਿਕ, ਰਾਜਨੀਤਕ ਤਾਣੇ-ਬਾਣੇ ਨੂੰ ਪ੍ਰਭਾਵਿਤ ਕੀਤਾ ਹੈ।

(ਅ) <u>ਸ਼ਾਹ ਮੁਹੰਮਦ ਦੀ ਰਾਜਨੀਤਕ ਚੇਤਨਾ:-</u>

ਕੋਈ ਵੀ ਸਾਹਿਤਕ ਰਚਨਾ ਆਪਣੇ ਸਮੇਂ ਦੀ ਸਮਕਾਲੀ ਰਾਜਨੀਤੀ ਤੋਂ ਕਦੇ ਵੀ ਅਲੱਗ ਨਹੀਂ ਹੁੰਦੀ। ਲੇਖਕ ਦੀ ਰਚਨਾ ਵਿਚੋਂ ਉਸ ਸਮੇਂ ਦੀ ਰਾਜਨੀਤਕ ਹਾਲਤ ਬਾਰੇ ਕੋਈ ਨਾ ਕੋਈ ਝਲਕ ਜ਼ਰੂਰ ਹੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ। ਭਾਵੇਂ ਕਿ ਸਾਹਿਤਕ ਰਚਨਾ ਕੋਈ ਨਾਟਕੀ ਮੰਚ ਨਹੀਂ ਹੁੰਦਾ, ਪਰੰਤੂ ਜਿਸ ਸਮੇਂ ਵਿਚੋਂ ਉਹ ਸਾਹਿਤ ਲੰਘ ਰਿਹਾ ਹੁੰਦਾ ਹੈ, ਉਸ ਸਮੇਂ ਦੀਆਂ ਰਾਜਸੀ ਕੀਮਤਾਂ ਸਮਾਜ ਅਤੇ ਉਸ ਸਾਹਿਤ ਨੂੰ ਘੜਨ ਵਿਚ ਅਚੇਤ ਹੀ ਪ੍ਰਭਾਵ ਪਾਉਂਦੀਆਂ ਹਨ। ਕ੍ਰਿਉਂਕਿ ਸਾਹਿਤਕਾਰ ਦੀ ਆਪਣੇ ਆਪ ਵਿਚ ਕੋਈ ਮੁਕਤਕ ਹੋਂਦ ਨਹੀਂ ਹੁੰਦੀ। ਉਹ ਆਪਣੇ ਸਮਾਜ ਦੀ ਪੈਦਾਵਾਰ ਹੁੰਦਾ ਹੈ। ਉਸ ਦੀ ਲਿਖਤ ਵਿਚੋ ਸਮਾਜ ਦੀਆਂ ਰਾਜਨੀਤਕ ਘਟਨਾਵਾਂ ਦਾ ਪ੍ਰਭਾਵ ਪੈ ਜਾਣਾ ਸੁਭਾਵਕ ਗੱਲ ਹੈ। ਮਿਸਾਲ ਵਜੋਂ ਆਪਣੇ ਸਮਕਾਲ ਵਿਚ ਵਾਪਰੀ ਇਤਿਹਾਸ ਦੀ ਇਸ ਘਟਨਾ ( ਜੰਗ ਸਿੰਘਾਂ ਤੇ ਅੰਗਰੇਜ਼ਾਂ) ਨੂੰ ਅੱਖੀਂ ਵੇਖਣ ਦਾ ਦਾਹਵਾ ਕਰਦਾ ਕਵੀ ਸ਼ਾਹ ਮੁਹੰਮਦ ਦਰਅਸਲ ਸਾਹਿਤਕ ਕ੍ਰਿਤ ਉਪਰ ਸਮਕਾਲ ਦੀ ਰਾਜਨੀਤੀ ਦੇ ਅਸਰ ਪੈਣ ਦੀ ਧਾਰਨਾ ਨੂੰ ਹੀ ਸਪੱਸ਼ਟ ਕਰਦਾ ਨਜ਼ਰ ਆਉਂਦਾ ਹੈ।

ਜਿਹੜੀ ਹੋਈ ਸੋ ਲਈ ਹੈ ਵੇਖ ਅੱਖੀਂ

ਅੱਗੇ ਹੋਰ ਕੀ ਬਣਤ ਬਣਾਵਣੀ ਜੀ।[34]

ਉਹ ਇਹ ਵੀ ਦਾਅਵਾ ਕਰਦਾ ਹੈ ਕਿ ਇਹ ਘਟਨਾ ਪੰਜਾਬ ਦੇ ਸਮਾਜ ਵਿਚ ਉਸ ਸਮੇਂ ਵਾਪਰੀ ਜਦੋਂ ਭਾਰਤ ਉਤੇ ਅੰਗਰੇਜ਼ਾਂ ਦਾ ਰਾਜ ਸੀ।

ਸਾਹਿਤ ਅਤੇ ਸਮਾਜ ਦੇ ਆਪਸੀ ਸੰਬੰਧਾਂ ਤੋਂ ਮੁਥਾਜ ਇਹ ਹੈ ਕਿ ਸਾਹਿਤ ਸਮਾਜ ਦਾ ਇਕ ਵਿਖਿਆਣ ਹੁੰਦਾ ਹੈ। ਇਸ ਤੋਂ ਭਾਵ ਇਹ ਹੈ ਕਿ ਸਾਹਿਤ ਆਪਣੇ ਸਮੇਂ ਦੀ ਸਥਿਤੀ ਨੂੰ ਪ੍ਰਤੀਬਿੰਬਤ ਕਰਦਾ ਹੈ। ਜਦੋਂ ਕੋਈ ਲੇਖਕ ਸਮੁੱਚੇ ਜੀਵਨ ਨੂੰ ਆਪਣੇ ਸਾਹਿਤ ਵਿਚ ਨਿਰੂਪਣ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਸੁਭਾਵਕ ਹੈ ਕਿ ਉਸ ਕੋਲੋਂ ਆਪਣੀ ਰਚਨਾ ਵਿਚ ਸਮਕਾਲੀ ਸਮਾਜ ਦੀ ਰਾਜਨੀਤਕ ਸਥਿਤੀ ਬਾਰੇ ਪੂਰਨ ਇਨਸਾਫ ਨਾ ਹੋ ਸਕੇ। ਲੇਖਕ ਕੋਲੋਂ ਹੂ-ਬ-ਹੂ ਜੀਵਨ ਦਾ ਰਾਜਨੀਤਕ ਤਾਣਾ-ਬਾਣਾ ਆਪਣੀ ਕ੍ਰਿਤ ਵਿਚ ਪ੍ਰਗਟਾਉਣਾ ਸੰਭਵ ਨਹੀਂ ਹੁੰਦਾ। ਉਹ ਆਪਣੇ ਸਮੇਂ ਦਾ ਪ੍ਰਤੀਨਿਧ ਜ਼ਰੂਰ ਹੁੰਦਾ ਹੈ ਅਤੇ ਉਸਨੂੰ ਆਪਣੇ ਸਮੇਂ ਦੀ ਸਮਾਜਿਕ ਚੇਤਨਾ ਵੀ ਜ਼ਰੂਰ ਹੁੰਦੀ ਹੈ, ਪਰ ਇਸਦਾ ਇਹ ਭਾਵ ਨਹੀਂ ਕਿ ਉਹ ਆਪਣੀ ਕ੍ਰਿਤ ਵਿਚ ਕੋਈ ਰਾਜਨੀਤਕ ਜਾਂ ਆਰਥਿਕ ਢਾਂਚੇ ਨੂੰ ਸਿੱਧੇ ਰੂਪ ਵਿਚ ਬਿਆਨ ਕਰ ਦੇਵੇ। ਕਾਰਲ ਮਾਰਕਸ ਆਪਣੀ ਪੁਸਤਕ 'ਕੈਪੀਟਲ' ਵਿਚ ਲਿਖਦੇ ਹਨ:

> "To accumulate, is to conquer the world of social wealth, to increase the mass of human being exploited by him, and thus to extend both the direct and the indirect sway of the capitalist." 35

ਤਾਕਤ ਦਾ ਪਿਆਰ ਸਰਮਾਏਦਾਰ ਹੋਣ ਦੇ ਚਾਅ ਤੋਂ ਹੀ ਪੈਦਾ ਹੁੰਦਾ ਹੈ। ਪੁਰਾਣੇ ਸਮੇਂ ਦੇ ਕਾਜ਼ੀ ਮੁੱਲਾਂ ਕੇਵਲ ਤਾਕਤ ਦੇ ਹੀ ਭੁੱਖੇ ਨਹੀਂ ਸਨ ਸਗੋਂ ਧੰਨ ਦੇ ਵੀ ਲੋਭੀ ਹੁੰਦੇ ਸਨ। ਹਰ ਜਾਇਜ਼ ਨਜਾਇਜ਼ ਤਰੀਕੇ ਨਾਲ ਲੋਕਾਂ ਕੋਲੋਂ ਪੈਸਾ ਲੁੱਟਦੇ ਸਨ।[36]

ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਰਾਜਨੀਤਕ ਚੇਤਨਤਾ ਦੀ ਤਸਵੀਰ ਸਾਫ ਦਿਖਾਈ ਦਿੰਦੀ ਹੈ। ਇਹ ਰਚਨਾ ਆਪਣੇ ਸਮੇਂ ਦੀ ਰਾਜਨੀਤਕ ਤੇ ਇਤਿਹਾਸਕ ਅਵਸਥਾ ਨੂੰ ਹੂ-ਬ-ਹੂ ਪੇਸ਼ ਕਰਦੀ ਹੈ, ਕਿਉਂਕਿ ਕਿਸੇ ਵੀ ਸਮੇਂ ਦੀ ਰਾਜਨੀਤੀ ਦਾ ਸਿੱਧਾ ਸੰਬੰਧ ਉਸ ਸਮੇਂ ਦੇ ਸਮਾਜ ਨਾਲ ਹੁੰਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿਚ ਜਿਥੇ ਸਾਨੂੰ ਇਸ ਦਾ ਰਾਜਨੀਤਕ ਪੱਖ ਦਿਸਦਾ ਹੈ ਤੇ ਉਸ ਸਮੇਂ ਦੇ ਸਮਾਜਕ ਤੇ ਆਰਥਕ ਹਾਲਾਤ ਦਾ ਪਤਾ ਲਗਦਾ ਹੈ। ਉਥੇ ਉਸ ਵਿਚ ਤਰਾਂ ਤਰਾਂ ਦੇ ਵਰਗ ਅਤੇ ਧੜੇ ਵੀ ਸਾਡੇ ਸਾਹਮਣੇ ਨਜ਼ਰ

ਆਉਂਦੇ ਹਨ। ਮੱਧਕਾਲੀਨ ਪੰਜਾਬ ਦੇ ਸਮੇਂ ਦਾ ਰਾਜਨੀਤਕ ਢਾਂਚਾ ਉਸ ਸਮੇਂ ਦੇ ਲੋਕਾਂ ਨੂੰ ਪੰਜ ਹਿੱਸਿਆਂ ਵਿਚ ਵੰਡਦਾ ਸੀ -- (1) ਸ਼ਾਸਕ ਵਰਗ (2) ਕਰਮਚਾਰੀ ਵਰਗ (3)ਜਾਗੀਰਦਾਰੀ ਵਰਗ (4) ਧਾਰਮਿਕ ਵਰਗ (5) ਪਰਜਾ ਅਤੇ ਉਸ ਦਾ ਸੰਘਰਸ਼। ਆਪਣੇ ਸ਼ਾਸ਼ਕ ਵਰਗ ਦੇ ਵਿਰੁੱਧ ਜੋ ਲੋਕ ਬਾਗਵਤ ਕਰਦੇ ਸਨ, ਉਨ੍ਹਾਂ ਨੂੰ ਲੋਕਾਂ ਦੀ ਹਮਦਰਦੀ ਪ੍ਰਾਪਤ ਹੋਣ ਕਾਰਨ, ਉਹ ਮੱਧਕਾਲੀਨ ਰਚਨਾਵਾਂ ਦੇ ਨਾਇਕ ਬਣ ਜਾਂਦੇ ਸਨ। ਜਿਵੇਂ ਰਾਜਾ ਧਿਆਨ ਸਿੰਘ, ਤੇਜ ਸਿੰਘ, ਲਾਲ ਸਿੰਘ, ਸੰਧਾਵਾਲੀਏ ਆਦਿ।

ਮਹਾਰਾਜਾ ਰਣਜੀਤ ਸਿੰਘ ਦਾ ਸ਼ਕਤੀਸ਼ਾਲੀ ਰਾਜ ਜੋ ਪੰਜਾਬੀਆਂ ਨੇ ਬੜੇ ਲੰਬੇ ਸੰਘਰਸ਼ ਤੋਂ ਬਾਅਦ ਕਾਇਮ ਕੀਤਾ ਸੀ, ਉਸ ਦੇ ਪਤਨ ਦਾ ਇਕ ਕਾਰਨ ਮਹਾਰਾਜੇ ਦੀ ਜਵਾਨ ਪਤਨੀ ਰਾਣੀ ਜਿੰਦਾਂ ਵੀ ਬਣੀ। ਰਾਣੀ ਜਿੰਦ ਕੌਰ ਨੇ ਆਪਣੇ ਭਰਾ ਦੀ ਹੱਤਿਆ, ਦਾ ਬਦਲਾ ਲੈਣ ਲਈ ਮਿਸਰ ਤੇਜ ਸਿੰਘ ਤੇ ਲਾਲ ਸਿੰਘ ਦੀ ਸਲਾਹ ਨਾਲ ਅੰਗਰੇਜ਼ਾਂ ਨਾਲ ਗੁਪਤ ਸਮਝੌਤਾ ਕੀਤਾ। ਮਹਾਰਾਣੀ ਜਿੰਦਾਂ ਇਹ ਕਦੀ ਵੀ ਨਹੀਂ ਚਾਹੁੰਦੀ ਸੀ ਕਿ ਰਾਜ ਦੀ ਸਾਰੀ ਤਾਕਤ ਖਾਲਸਾ ਫੌਜ ਦੇ ਹੱਥ ਹੋਵੇ ਜੋ ਕਿ ਅਕਸਰ ਮਨਮਾਨੀ ਕਰਦੀ ਸੀ। ਜਦੋਂ ਰਾਣੀ ਜਿੰਦ ਕੌਰ ਦੇ ਭਰਾ ਜਵਾਹਰ ਸਿੰਘ ਨੂੰ ਖਾਲਸਾ ਫੌਜ ਨੇ ਮਾਰਿਆ ਤਾਂ ਰਾਣੀ ਜਿੰਦਾਂ ਨੇ ਖਾਲਸਾ ਫੌਜ ਤੋਂ ਬਦਲਾ ਲੈਣ ਦੀ ਠਾਣ ਲਈ ਸੀ। ਮਿਸਾਲ ਵਜੋਂ ਜੰਗਨਾਮੇ ਦੀਆਂ ਹੇਠਲੀਆਂ ਤੁਕਾਂ ਇਸ ਕਥਨ ਦੀ ਪੁਸ਼ਟੀ ਕਰਦੀਆਂ ਹਨ:

> ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ,
> ਮੈਂ ਖੋਹਾਂਗੀ ਉਨ੍ਹਾਂ ਦੀਆਂ ਜੁੰਡੀਆਂ ਨੀ।
> ਧਾਕਾਂ ਜਾਣ ਵਲਾਇਤੀ ਦੇਸ਼ ਸਾਰੇ,
> ਪਾਵਾਂ ਬਕਰੇ ਵਾਂਗ ਚਾ ਵੰਡੀਆਂ ਨੀ।
> ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
> ਨੱਥ ਚੌਂਕ ਤੇ ਵਾਲੀਆਂ ਡੰਡੀਆਂ ਨੀ।
> ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
> ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ ।[37]

ਜਦੋਂ ਜਵਾਹਰ ਸਿੰਘ ਦਾ ਸ਼ਰੇਆਮ ਕਤਲ ਹੋਇਆ ਤਾਂ ਉਸ ਸਮੇਂ ਸਾਰੀ ਤਾਕਤ ਖਾਲਸਾ ਫੌਜ ਦੇ ਹੱਥ ਵਿਚ ਆ ਚੁੱਕੀ ਸੀ। ਪੇਨ ਦੇ ਕਥਨ ਅਨੁਸਾਰ, "ਉਸ ਸਮੇਂ ਹਰ

ਕਰਮਚਾਰੀ ਇਹ ਜਾਣਦਾ ਸੀ ਕਿ ਖਾਲਸਾ ਫ਼ੌਜ ਨੂੰ ਨਾਰਾਜ਼ ਕਰਨਾ ਆਪਣੀ ਮੌਤ ਦੇ ਦਸਤਖਤ ਕਰਨ ਦੇ ਬਰਾਬਰ ਸੀ।"[38] ਰਾਣੀ ਜਿੰਦ ਕੌਰ ਦੇ ਭਰਾ ਜਵਾਹਰ ਸਿੰਘ ਦੇ ਕਤਲ ਦੀ ਘਟਨਾ ਤੋਂ ਬਾਅਦ ਖਾਲਸਾ ਫ਼ੌਜ ਦਾ ਰਾਣੀ ਜਿੰਦ ਕੌਰ ਦੇ ਵਿਰਲਾਪ ਤੇ ਵਿਅੰਗ ਕਰਨਾ, ਉਸ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਦੇ ਬਰਾਬਰ ਸੀ। ਸ਼ਾਹ ਮੁਹੰਮਦ ਨੇ ਤਰਤਾਲੀਵੇਂ ਬੰਦ ਵਿਚ ਇਸ ਘਟਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ,
ਜਿਹੜੇ ਡੂੰਘੇ ਵੈਣ ਤੂੰ ਪਾਵਣੀ ਏਂ।
ਸ਼ਾਹ ਮੁਹੰਮਦਾ ਦੇ ਇਨਾਮ ਸਾਨੂੰ
ਸਾਡੇ ਜੋਰ ਤੇ ਰਾਜ ਕਮਾਵਣੀ ਏਂ।[39]

ਜਵਾਹਰ ਸਿੰਘ ਦੀ ਮੌਤ ਤੋਂ ਬਾਅਦ ਰਾਣੀ ਜਿੰਦ ਕੌਰ ਨੇ ਖਾਲਸਾ ਫੌਜ ਦੀ ਤਾਕਤ ਨੂੰ ਬਰਬਾਦ ਕਰਨ ਬਾਰੇ ਸੋਚਿਆ। ਆਪ ਚਿੱਠੀ ਲਿਖ ਕੇ ਅੰਗਰੇਜ਼ਾਂ ਨੂੰ ਪੰਜਾਬ ਤੇ ਹਮਲਾ ਕਰਨ ਦੀ ਰਾਇ ਦਿੱਤੀ। ਮਿਸਰ ਲਾਲ ਸਿੰਘ ਤੇ ਤੇਜ ਸਿੰਘ ਵੀ ਇਸ ਸਲਾਹ ਵਿਚ ਸ਼ਾਮਲ ਹੋ ਗਏ। ਇਹ ਸਭ ਕੁਝ ਸਿੱਖ ਬਰਬਾਦੀ ਦਾ ਕਾਰਨ ਬਣਿਆ। ਸ਼ਾਹ ਮੁਹੰਮਦ ਨੇ ਚਿੱਠੀ ਲਿਖਣ ਦੀ ਗੱਲ ਨੂੰ ਇਸ ਤਰ੍ਹਾਂ ਬਿਆਨਿਆ ਹੈ:-

ਅਰਜ਼ੀ ਲਿਖੀ ਫ਼ਰੰਗੀ ਨੂੰ ਕੁੰਜ ਗੋਸ਼ੇ,
ਪਹਿਲੇ ਆਪਣਾ ਸੁਖ ਆਨੰਦ ਵਾਰੀ।
ਤੇਰੀ ਵੱਲ ਮੈਂ ਫੌਜ ਨੂੰ ਘਲਨੀਆਂ,
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।
ਜਿਹੜਾ ਜ਼ੋਰ ਤੂੰ ਆਪਣਾ ਸਭ ਲਾਵੀਂ
ਪਿੱਛੇ ਖਰਚ ਮੈਂ ਕਰਾਂਗੀ ਬੰਦ ਵਾਰੀ।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜਕੇ,
ਮੈਨੂੰ ਏਤਨੀ ਬਾਤ ਪਸੰਦ ਵਾਰੀ।[40]

ਸ਼ਾਹ ਮੁਹੰਮਦ ਇਸ ਸਾਰੀ ਬਰਬਾਦੀ ਦਾ ਦੋਸ਼ੀ ਰਾਣੀ ਜਿੰਦ ਕੌਰ ਨੂੰ ਹੀ ਗਰਦਾਨਦਾ ਹੈ। ਇਸ ਔਰਤ ਦੇ ਕਾਰਣ ਹੀ ਬਦਲੇ ਦੀ ਭਾਵਨਾ ਵਿਚ ਇਕ ਸ਼ਕਤੀਸ਼ਾਲੀ ਸਿੱਖ ਰਾਜ ਜੋ ਕਈ ਸੰਘਰਸ਼ਾਂ ਤੋਂ ਬਾਅਦ ਕਾਇਮ ਹੋਇਆ ਸੀ, ਛੇਤੀ ਹੀ ਖੁਰਦ-ਬੁਰਦ ਹੋ ਗਿਆ।

ਇਸ ਕਰਕੇ ਹੀ ਸ਼ਾਹ ਮੁਹੰਮਦ ਨੇ ਕਿਹਾ ਹੈ:

ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਡੇ ਦੇਸ਼ ਦਾ ਫਰਸ਼ ਉਡਾਇ ਦਿੱਤਾ। [41]

ਇਹ ਵੀ ਕਾਰਨ ਸੀ ਕਿ ਉਸ ਸਮੇਂ ਮਹਾਰਾਣੀ ਜਿੰਦਾਂ ਇਹ ਸੋਚਦੀ ਹੋਵੇ ਕਿ ਜੇ ਸਾਰੀ ਤਾਕਤ ਫੌਜ ਦੇ ਹੱਥ ਵਿਚ ਰਹੀ ਤਾਂ ਉਸ ਦਾ ਨਾਬਾਲਗ ਪੁੱਤਰ ਕੰਵਰ ਦਲੀਪ ਸਿੰਘ ਕਦੀ ਵੀ ਰਾਜ ਕਰਨ ਵਿਚ ਸਫਲ ਨਹੀਂ ਹੋ ਸਕੇਗਾ। ਆਪਣੀ ਤਾਕਤ ਨੂੰ ਦ੍ਰਿੜ ਕਰਨ ਵਾਸਤੇ ਹੀ ਮਹਾਰਾਣੀ ਮਿਸਰ ਤੇਜ ਸਿੰਘ, ਮਿਸਰ ਗੁਲਾਬ ਸਿੰਘ ਤੇ ਮਿਸਰ ਲਾਲ ਸਿੰਘ ਦੇ ਇਸ਼ਾਰਿਆਂ ਤੇ ਨੱਚਦੀ ਰਹੀ। ਸਰਦਾਰ ਖੁਸ਼ਵੰਤ ਸਿੰਘ ਦੇ ਅਨੁਸਾਰ ਤਾਂ "ਮਹਾਰਾਣੀ ਜਿੰਦਾਂ ਦੇ ਰਾਜਾ ਲਾਲ ਸਿੰਘ ਦੇ ਨਾਲ ਅਯੋਗ ਸੰਬੰਧ ਵੀ ਸਨ ਅਤੇ ਨਜਾਇਜ਼ ਸੰਬੰਧਾਂ ਦੇ ਕਾਰਨ ਹੀ ਰਾਜਾ ਲਾਲ ਸਿੰਘ ਨੂੰ ਵਜ਼ੀਰੀ ਪ੍ਰਾਪਤ ਹੋਈ ਸੀ।"[42]

ਮੱਧਕਾਲੀਨ ਅਗਰਗਾਮੀ ਬਾਦਸ਼ਾਹਾਂ ਵਾਲੀ ਕਮਜ਼ੋਰੀ ਮਹਾਰਾਜਾ ਰਣਜੀਤ ਸਿੰਘ ਵਿਚ ਵੀ ਮੌਜੂਦ ਸੀ। ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤੀਗਤ ਦੋਸ਼ ਸਿੱਖ ਰਾਜ ਨੂੰ ਬਹੁਤ ਮਹਿੰਗੇ ਪਏ। ਸਭ ਤੋਂ ਵੱਡੀ ਕਮਜ਼ੋਰੀ ਜੋ ਮਹਾਰਾਜੇ ਦੇ ਚਾਲ- ਚਲਣ ਵਿਚ ਮਿਲਦੀ ਹੈ, ਉਹ ਸੀ ਔਰਤ ਦੀ ਸੰਗਤ। ਉਸ ਦੀਆਂ ਕੋਈ ਅਠਾਰਾਂ ਰਾਣੀਆਂ ਸਨ। ਇਨ੍ਹਾਂ ਰਾਣੀਆਂ ਦੇ ਰਿਸ਼ਤੇਦਾਰਾਂ ਤੇ ਬੱਚਿਆਂ ਨੇ ਅਨੇਕਾਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਤੇ ਰਾਜ-ਦਰਬਾਰ ਨੂੰ ਸਾਜ਼ਸ਼ਾਂ ਦਾ ਅੱਡਾ ਬਣਾ ਦਿੱਤਾ।

ਡਾ. ਹਰਿਭਜਨ ਸਿੰਘ ਦਾ ਮੱਤ ਹੈ ਕਿ 'ਜੰਗਨਾਮਾ ਸ਼ਾਹ ਮੁਹੰਮਦ' ਸੁਚੇਤ ਪੱਧਰ ਤੇ ਹਿੰਦ-ਪੰਜਾਬ ਦਾ ਜੰਗਨਾਮਾ ਹੈ। ਹਿੰਦ-ਪੰਜਾਬ ਦੀ ਜੰਗ ਅਗਰ-ਭੂਮੀ ਵਿਚ ਹੈ, ਪਰ ਪਿੱਠ-ਭੂਮੀ ਵਿਚ ਮਹਾਰਾਜਾ ਰਣਜੀਤ ਸਿੰਘ ਮੌਜੂਦ ਰਹਿੰਦਾ ਹੈ।[43] ਇਸ ਜੰਗਨਾਮੇ ਦੀਆਂ ਕੁਝ ਸੁਚੇਤ ਰੁਚੀਆਂ ਹਨ ਅਤੇ ਉਨ੍ਹਾਂ ਦੇ ਹੀ ਸਮਾਨੰਤਰ ਜਾਂ ਖੁਤਵਾਜ਼ੀ ਕੁਝ ਅਚੇਤ ਰੁਚੀਆਂ ਹਨ। ਜ਼ਾਹਿਰ ਹੈ ਕਿ ਜੰਗਨਾਮਾ ਲੇਖਕ ਦੇ ਮਨ ਵਿਚ ਅਜ਼ਮਤ ਦਾ ਇਕ ਮਾਡਲ ਹੈ, ਜਿਸ ਨੂੰ ਉਹ ਰੱਬ ਅਤੇ ਰਣਜੀਤ ਸਿੰਘ ਦੋਹਾਂ ਲਈ ਵਰਤ ਰਿਹਾ ਹੈ। ਸਾਡੀ ਸਥਾਪਨਾ ਹੈ ਜਿਵੇਂ ਰੱਬ ਆਪਣੀ ਮਖਲੂਕ ਵਿਚ ਨਾਹਾਜ਼ਰ ਰੂਪ ਵਿਚ ਹਰ ਥਾਂ ਮੌਜੂਦ ਹੈ, ਉਵੇਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਜੰਗਨਾਮੇ ਦਾ ਅਵਚੇਤਨ ਮੰਨਿਆ ਜਾਂਦਾ ਹੈ। 'ਸਿੱਕਾ ਆਪਣੇ ਨਾਮ ਚਲਾਇ ਗਿਆ' ਵਾਲੇ ਬੈਂਤ ਦੇ ਫੌਰਨ ਬਾਅਦ ਹੀ ਉਹ ਕਹਾਣੀ ਇਉਂ ਆਰੰਭ ਕਰਦਾ ਹੈ:-

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮ੍ਹਾਂ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ ਕਰਾਰ ਮੀਆਂ ।[44]

ਇਸ ਬੰਦ ਦਾ ਆਖਰੀ ਮਿਸਰਾ ਵਿਸ਼ੇਸ਼ ਧਿਆਨਯੋਗ ਹੈ। ਗੱਲ ਤਾਂ ਖੜਕ ਸਿੰਘ ਦੇ ਮੂੰਹੋਂ ਹੈ ਪਰ ਸ਼ਾਹ ਮੁਹੰਮਦ ਪਾਸੋਂ ਇਹ ਮਿਸਰਾ ਇਉਂ ਅਦਾ ਹੋਇਆ ਹੈ, ਜਿਵੇਂ ਮਹਾਰਾਜੇ ਨਾਲ ਮਰਨ ਦਾ ਕੌਲ/ਇਕਰਾਰ ਆਪ ਸ਼ਾਹ ਮੁਹੰਮਦ ਦਾ ਹੈ। ਇਸ ਨੂੰ ਸਹਿਜੇ ਹੀ Psychopathology of construction ਦਾ ਉਦਾਹਰਣ ਕਿਹਾ ਜਾ ਸਕਦਾ ਹੈ।[45]

ਸ਼ਾਹ ਮੁਹੰਮਦ ਪੰਜਾਬ ਦੇ ਉਜਾੜੇ ਨੂੰ ਰਾਣੀ ਜਿੰਦ ਕੌਰਾਂ ਦਾ ਆਪਣੇ ਸਵਰਗਵਾਸੀ ਮਹਾਰਾਜੇ ਪ੍ਰਤੀ ਧ੍ਰੋਹ ਮੰਨਦਾ ਹੈ। ਉਹ ਲਿਖਦਾ ਹੈ ਕਿ ਜਿਸ ਤਰ੍ਹਾਂ ਭਾਰਤੀ ਮਿਥਿਹਾਸ ਵਿਚ ਸਰੂਪਨੱਖਾ ਰਾਵਣ ਦੀ, ਦਰੋਪਤੀ ਕੌਰਵਾਂ ਦੀ ਤੇ ਲੀਲ੍ਹਾਵਤੀ ਰਾਜੇ ਭੋਜ ਦੀ ਬਰਬਾਦੀ ਦਾ ਕਾਰਨ ਬਣੀ ਸੀ, ਉਸੇ ਤਰ੍ਹਾਂ ਸਿੱਖ ਰਾਜ ਵਿਚ ਰਾਣੀ ਜਿੰਦ ਕੌਰਾਂ ਆਪਣੇ ਪਤੀ ਮਹਾਰਾਜਾ ਰਣਜੀਤ ਸਿੰਘ ਦੁਆਰਾ ਰੁਪਮਾਨ ਕੀਤੇ ਦੇਸ਼ ਪੰਜਾਬ ਦੀ ਬਰਬਾਦੀ ਦਾ ਕਾਰਨ ਬਣੀ। ਉਹ ਮਹਾਰਾਜੇ ਦਾ ਨਾਂ ਲਏ ਬਿਨਾਂ 'ਰਾਣੀ' ਸ਼ਬਦ ਦੀ ਵਰਤੋਂ ਨਾਲ ਇਸ ਪਾਸੇ ਸੂਖਮ ਸੰਕੇਤ ਕਰਦਾ ਜਾਪਦਾ ਹੈ:

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਲੰਕਾਂ ਵਿਚ ਤਾਂ ਰਾਵਣ ਕੁਹਾਇ ਦਿੱਤਾ,
ਕੌਰਵ ਪਾਂਡਵਾਂ ਨਾਲ ਕੀ ਭਲਾ ਕੀਤਾ,
ਅਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ,
ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।

ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ । [46]

ਮਹਾਰਾਜਾ ਰਣਜੀਤ ਸਿੰਘ ਇਸ ਜੰਗਨਾਮੇ ਦੇ ਅਵਚੇਤਨ ਵਿਚ ਕਿੰਨੀ ਡੂੰਘੀ ਤਰ੍ਹਾਂ ਸਥਿਤ ਹੈ ਕਿ ਕਵੀ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਸ ਦੀ ਗੱਦੀ ਤੇ ਬੈਠਣ ਵਾਲੇ ਕਿਸੇ ਜਾਨਸ਼ੀਨ ਨੂੰ 'ਸਰਕਾਰ' ਨਹੀਂ ਕਿਹਾ। ਅਖੀਰ ਦਮ ਤਕ ਪੰਜਾਬ ਦਾ ਹਾਕਮ, ਪੰਜਾਬ ਦੀ ਸਰਕਾਰ, ਮਹਾਰਾਜਾ ਰਣਜੀਤ ਸਿੰਘ ਹੀ ਰਿਹਾ। ਜਿਵੇਂ:-

(ੳ) ਉਹ (ਸ਼ੇਰ ਸਿੰਘ ) ਤਾਂ ਪੁੱਤਰ ਸਰਕਾਰ ਦਾ ਫਤਹਿ-ਜੰਗੀ,
ਗੱਦੀ ਉਸ ਨੂੰ ਚਾ ਬਹਾਈਏ ਜੀ।

(ਅ) ਜਦੋਂ ਹੋਇ ਸਰਕਾਰ ਦੇ ਸਾਸ ਪੂਰੇ।

(ੲ) ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ।

(ਸ) ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ।[47]

ਮਹਾਰਾਜੇ ਲਈ ਸਰਕਾਰ ਪਦ 1801 ਈ: ਤੋਂ ਹੀ ਨਿਸ਼ਚਿਤ ਸੀ, 12 ਅਪ੍ਰੈਲ 1801 ਈ: ਨੂੰ ਲਾਹੌਰ ਵਿਚ ਮਹਾਰਾਜੇ ਨੇ ਇਕ ਦਰਬਾਰ ਸਜਾਇਆ, ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਸਿੱਕਾ ਚਲਾਇਆ ਜਾਵੇ। ਸਮਾਗਮ ਸਮੇਂ ਬਾਬਾ ਸਾਹਿਬ ਸਿੰਘ ਬੇਦੀ ਨੇ ਰਣਜੀਤ ਸਿੰਘ ਦੇ ਮੱਥੇ ਤੇ ਤਿਲਕ ਲਾਇਆ ਤੇ ਉਸ ਨੇ 'ਸਰਕਾਰ-ਏ-ਵਾਲਾ' ਦਾ ਪਦ ਧਾਰਨ ਕੀਤਾ।[48] ਉਸ ਦਿਨ ਤੋਂ ਰਣਜੀਤ ਸਿੰਘ ਨੂੰ 'ਸਰਕਾਰ' ਦੇ ਨਾਂ ਤੋਂ ਯਾਦ ਕੀਤਾ ਜਾਂਦਾ ਹੈ। ਮਹਾਰਾਜੇ ਦੇ ਸੁਆਸ ਪੂਰੇ ਹੋਣ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਨਾਂ ਤੇ ਸਿੱਕਾ ਤਾਂ ਚਲਦਾ ਰਿਹਾ, ਹਾਕਮ ਗੱਦੀ ਤੇ ਵੀ ਬੈਠਦੇ ਰਹੇ, ਪਰ 'ਸਰਕਾਰ' ਪਦ ਮਹਾਰਾਜਾ ਰਣਜੀਤ ਸਿੰਘ ਲਈ ਹੀ ਰਾਖਵਾਂ ਰਿਹਾ। ਸ਼ਾਹ ਮੁਹੰਮਦ ਇਕ ਤੋਂ ਵਧੀਕ ਵਾਰ ਮਹਾਰਾਜਾ ਰਣਜੀਤ ਸਿੰਘ ਨੂੰ 'ਇਕ ਸਰਕਾਰ' ਦੇ ਰੂਪ ਵਿਚ ਯਾਦ ਕਰਦਾ ਹੈ। ਪੰਜਾਬੀ ਧੁਰ ਅਵਚੇਤਨ ਵਿਚ 'ਸਰਕਾਰ' ਮਹਾਰਾਜਾ ਰਣਜੀਤ ਸਿੰਘ ਦਾ ਸਮਾਨਾਰਥਕ ਬਣ ਗਿਆ। ਸ਼ਾਹ ਮੁਹੰਮਦ ਦੇ 'ਜੰਗਨਾਮੇ' ਦੇ ਬੋਲ ਇਸ ਧੁਰ ਤੋਂ ਪ੍ਰੇਰਿਤ ਹਨ।

ਸ਼ਾਹ ਮੁਹੰਮਦ ਦੇ ਜੰਗਨਾਮੇ ਤੋਂ ਸਾਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਇਸ ਜੰਗ

ਸਮੇਂ ਉਹ ਮੋਹਰਲੀ ਕਤਾਰ ਵਿਚ ਸ਼ਾਮਲ ਹੈ, ਪਰ ਜਿਸ ਸਭਿਆਚਾਰਕ ਸਾਂਝ ਦਾ ਉਹ ਸਿਰਜਕ ਹੈ, ਉਸ ਵਿਚ ਉਹ ਅਪ੍ਰੱਤਖ ਆਪਣੇ ਆਪ ਨੂੰ ਜਤਾਉਂਦਾ ਨਹੀਂ। ਸ਼ਾਹ ਮੁਹੰਮਦ ਪੰਥ ਦੇ ਧਾਰਮਿਕ ਜਾਂ ਸੰਪਰਦਾਇਕ ਪੱਖ ਸੰਬੰਧੀ ਖਾਮੋਸ਼ ਹੈ। 'ਪੰਥ' ਸ਼ਬਦ ਨੂੰ ਉਹ ਸਹਿਜ ਵਿਹਾਰਕ ਅਰਥ ਲਈ ਵਰਤਦਾ ਹੈ ਜੋ ਉਸ ਦੇ ਅਵਚੇਤਨ ਵਿਚ ਘਰ ਕਰੀ ਬੈਠਾ ਹੈ। ਪੰਥ ਉਸ ਦੇ ਲਈ ਧਾਰਮਕ ਸੰਗਠਨ ਨਹੀਂ, ਰਾਜ ਦੀ ਰਾਖੀ ਲਈ ਲੋੜੀਂਦਾ ਸੰਗਠਨ ਹੈ। ਰਾਣੀ ਜਿੰਦਾਂ ਆਪਣੇ ਫੌਜੀ ਸਮਾਗਮਾਂ ਨੂੰ 'ਪੰਥ' ਪਦ ਰਾਹੀਂ ਸੰਬੋਧਿਤ ਕਰਦੀ ਹੈ:

ਸਾਰੇ ਪੰਥ ਨੂੰ ਸੱਦ ਕੇ ਕਹਿਣ ਲੱਗੀ,
ਮੈਥੋਂ ਗਏ ਖਜ਼ਾਨੇ ਨਿਖੁੱਟ ਵਾਰੀ।
ਜਮਨਾ ਤੀਕਰਾਂ ਪਿਆ ਜੋ ਦੇਸ ਸੁੰਞਾ,
ਖਾਓ ਦੇਸ਼ ਫ਼ਰੰਗੀ ਦਾ ਲੁੱਟ ਵਾਰੀ। [49]

ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਦੇ ਬਾਅਦ ਦੇ ਤੱਥਾਂ ਦਾ ਰਣਜੀਤ ਸਿੰਘ ਦੇ ਸਮੇਂ ਨਾਲ ਸੰਬੰਧ ਪਛਾਣਦਾ ਹੈ। ਇਨ੍ਹਾਂ ਵਿਚੋਂ ਕੁਝ ਕੁ ਤੱਥ ਅਜਿਹੇ ਹਨ ਜੋ ਮਹਾਰਾਜੇ ਦੇ ਸਮੇਂ ਹੋਂਦ ਵਿਚ ਆਏ ਤੇ ਖਾਲਸਾ ਰਾਜ ਦੇ ਪਤਨ ਵਿਚ ਸਹਾਇਕ ਸਿੱਧ ਹੋਏ। ਮਿਸਾਲ ਦੇ ਤੌਰ ਤੇ ਮਿਸਰ ਪਹਾੜਾ ਸਿੰਘ ਨੇ ਜੰਗ ਹਿੰਦ-ਪੰਜਾਬ ਵਿਚ ਸਿੱਖਾਂ ਦੇ ਵਿਰੁੱਧ ਮੁੱਖਬਰ ਦਾ ਰੋਲ ਅਦਾ ਕੀਤਾ। ਫਰੀਦਕੋਟ ਦੇ ਰਾਜਾ ਪਹਾੜਾ ਸਿੰਘ ਦਾ ਸਿੱਖਾਂ ਵਿਰੁੱਧ ਵੈਰ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਤੋਂ ਹੀ ਸੀ। ਇਤਿਹਾਸਕਾਰ ਸੀਤਾ ਰਾਮ ਕੋਹਲੀ ਦੀ ਟਿੱਪਣੀ ਹੈ ਕਿ, "ਰਾਜਾ ਫਰੀਦਕੋਟ ਅੰਗਰੇਜ਼ਾਂ ਦਾ ਕ੍ਰਿਤੱਗ ਤੇ ਰਾਜਾ ਲਾਹੌਰ ਦਾ ਵੈਰੀ ਸੀ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਦੇ ਕੋਲੋਂ ਅਕਤੂਬਰ 1808 ਈ: ਵਿਚ ਫਰੀਦਕੋਟ ਨੂੰ ਜਿੱਤ ਕੇ ਆਪਣੇ ਕਬਜ਼ੇ ਵਿਚ ਹੀ ਨਹੀਂ ਸੀ ਲਿਆ, ਸਗੋਂ ਰਾਤੋ-ਰਾਤ ਫਰੀਦਕੋਟ ਦੇ ਖ਼ਜ਼ਾਨੇ, ਤੋਸ਼ਾਖਾਨੇ ਅਤੇ ਅਸਲਾਖਾਨੇ ਸਾਰਿਆਂ ਤੇ ਹੱਥ ਸਾਫ ਕਰ ਲਿਆ ਸੀ। 1808 ਈ: ਵਿਚ ਜਦੋਂ ਅੰਗਰੇਜ਼ਾਂ ਨਾਲ ਸੰਧੀ ਹੋਣ ਤੇ ਸਤਲੁਜ ਹੱਦ ਨਿਯਤ ਹੋਈ ਤਾਂ ਫਰੀਦਕੋਟ ਉਸ ਦੇ ਪਹਿਲੇ ਮਾਲਕ ਨੂੰ ਮੁੜਵਾ ਦਿੱਤਾ ਗਿਆ।[50] ਸ਼ਾਹ ਮੁਹੰਮਦ ਇਸ ਇਤਿਹਾਸਕ ਤੱਥ ਦਾ ਵਾਕਿਫ਼ ਜਾਪਦਾ ਹੈ ਜੋ ਪਹਾੜਾ ਸਿੰਘ ਦਾ ਅਵਚੇਤਨ ਬਣਿਆ ਬੈਠਾ ਸੀ। ਸ਼ਾਹ ਮੁਹੰਮਦ ਨੇ ਪਹਾੜਾ ਸਿੰਘ ਦੀ ਗ਼ੈਰਸਾਲੀ ਦੇ ਜ਼ਿਕਰ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੂੰ ਪਰੋਖ ਰੂਪ ਵਿਚ ਯਾਦ ਕੀਤਾ ਹੈ:

ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ ।
ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ,
ਗੱਲ ਜਾਇ ਦੱਸੀ ਸਾਰੀ ਭੇਤ ਵਾਲੀ ।[51]

. . . . . .

ਅਰਜ਼ੀ ਲਿਖੀ ਫਰੰਗੀਆਂ ਖਾਲਸੇ ਨੂੰ,
ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ ।
ਮਹਾਰਾਜੇ ਦੇ ਨਾਲ ਸੀ ਨੇਮ ਸਾਡਾ,
ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ।[52]

ਸ਼ਾਹ ਮੁਹੰਮਦ ਦਾ ਜੰਗਨਾਮਾ ਉਸੇ ਦ੍ਰਿਸ਼ਟੀ ਉਪਰ ਆਧਾਰਿਤ ਹੈ, ਜਿਸ ਦੀ ਸਪੱਸ਼ਟ ਪਰ ਅਚੇਤ ਝਲਕ ਉਪਰੋਕਤ ਪੰਗਤੀਆਂ ਵਿਚ ਮਿਲਦੀ ਹੈ। ਸ਼ਾਹ ਮੁਹੰਮਦ ਦੀ ਸਪੱਸ਼ਟ ਧਾਰਨਾ ਹੈ ਕਿ ਪੰਜਾਬ ਦਾ ਪਤਨ ਮਹਾਰਾਜੇ ਦੀ ਥਾਪੀ ਮਰਯਾਦਾ ਦੇ ਭੰਗ ਹੋਣ ਕਾਰਨ ਹੋਇਆ।

ਇਹ ਜੰਗਨਾਮਾ ਇਕ ਐਸਾ ਮਹਾਂਕਾਵਿ ਹੈ ਜਿਸ ਵਿਚੋਂ ਉਸ ਦਾ ਮਹਾਂਨਾਇਕ ਰੁਖਸਤ ਹੋ ਚੁੱਕਾ ਹੈ ਤੇ ਇਕ ਐਸਾ ਸੰਸਾਰ ਹੈ ਜਿਸ ਨੂੰ ਰੱਬ ਨੇ ਤਿਲਾਂਜਲੀ ਦੇ ਦਿੱਤੀ ਹੈ। ਜੇ ਮਹਾਂਨਾਇਕ ਆਪਣੀ ਹੋਂਦ ਰਾਹੀਂ ਮਹਾਂਕਾਵਿ ਦੀ ਵੰਨ-ਸੁਵੰਨੀ ਦੁਨੀਆਂ ਨੂੰ ਇਕਾਗਰਤਾ ਵਿਚ ਬੰਨ੍ਹਦਾ ਹੈ ਤਾਂ ਉਹ ਆਪਣੀ ਗੈਰ-ਹਾਜ਼ਰੀ ਰਾਹੀਂ ਉਸ ਦੀ ਵਿਸ਼ਾਲਤਾ ਨੂੰ ਖੇਰੂ ਖੇਰੂ ਵੀ ਕਰਦਾ ਹੈ। ਸ਼ਾਹ ਮੁਹੰਮਦ ਦਾ ਜੰਗਨਾਮਾ ਡੁਲ੍ਹੀ ਹੋਈ ਜੀਵਨ-ਸਮੱਗਰੀ ਦੀ ਕਹਾਣੀ ਹੈ, ਜਿਸ ਨੂੰ ਸਾਹਿਤ ਸੰਗਠਨ ਵਿਚ ਬੰਨ੍ਹਣ ਵਾਲਾ ਨਾਇਕ ਗਾਇਬ ਹੈ।

ਗੁਰੂਆਂ ਦੇ ਸਮੇ ਤੋਂ ਮਗਰੋਂ ਰਚਿਆ ਗਿਆ ਵਾਰ-ਕਾਵਿ ਫਿਰ ਯੁੱਧਾਂ ਜੰਗਾਂ ਦੇ ਵਰਣਨ ਨਾਲ ਸੰਬੰਧਿਤ ਹੋ ਜਾਂਦਾ ਹੈ, ਪਰ ਗੁਰੂ ਗੋਬਿੰਦ ਸਿੰਘ ਦੀ 'ਚੰਡੀ ਦੀ ਵਾਰ' ਤੇ ਨਜ਼ਾਬਤ ਦੀ 'ਨਾਦਰਸ਼ਾਹ ਦੀ ਵਾਰ' ਦੇ ਅਧਿਐਨ ਤੋਂ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਹਨਾਂ ਵਾਰਾਂ ਵਿਚ ਯੁੱਧ-ਦ੍ਰਿਸ਼ਾਂ ਦੇ ਵਿਵਰਣ ਦੇ ਨਾਲ ਨਾਲ ਕੁਝ ਐਸੇ ਆਯਾਮ ਵੀ ਜੁੜੇ ਹੋਏ ਹਨ ਜੋ ਇਨ੍ਹਾਂ ਨੂੰ ਨਿਰੋਲ ਵਾਸਤਵਿਕਤਾ ਦੇ ਸਤਰ ਤੋਂ ਉਚੇਰਾ ਰੱਖਦੇ ਹਨ। ਮਿਸਾਲ ਵਜੋਂ: 'ਚੰਡੀ ਦੀ ਵਾਰ' ਵਿਚ ਤਾਂ ਵਾਸਤਵਿਕਤਾ ਦਾ ਕੋਈ ਦਖਲ ਹੀ ਨਹੀਂ ਜਾਪਦਾ। ਇਉਂ ਮੱਧਕਾਲੀ ਪੰਜਾਬ ਵਿਚ ਵਾਰ ਕਾਵਿ ਪਰੰਪਰਾ ਹਾਜ਼ਰੀ ਗੈਰ-ਹਾਜ਼ਰੀ ਦੇ ਦਵੰਦਧਾਰੀ

ਚਿੰਤਨ ਦੀ ਉਪਜ ਕਹੀ ਜਾ ਸਕਦੀ ਹੈ। 'ਜੰਗਨਾਮਾ ਸ਼ਾਹ ਮੁਹੰਮਦ' ਦੇ ਲਿਖੇ ਜਾਣ ਤੋਂ ਪਹਿਲਾਂ ਇਸ ਤਰ੍ਹਾਂ ਦੀ ਪਰੰਪਰਾ ਪੰਜਾਬੀ ਮਾਨਸਿਕਤਾ ਵਿਚ ਰੂੜ੍ਹ ਹੋ ਚੁੱਕੀ ਸੀ।

ਸ਼ਾਹ ਮੁਹੰਮਦ ਇਸੇ ਪਰੰਪਰਾ ਨੂੰ ਆਧਾਰ ਬਣਾ ਕੇ ਆਪਣੀ ਰਚਨਾ ਕਰਦਾ ਹੈ। ਉਸ ਦੀ ਰਚਨਾ ਦੀ ਸਾਰੀ ਸਮੱਗਰੀ ਤੇ ਵਿਵਰਣ ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਸਿੱਖ ਰਾਜ ਵਿਚ ਪੈਦਾ ਹੋਣ ਵਾਲੇ ਉਪੱਦਰ ਨਾਲ ਸੰਬੰਧਿਤ ਹੈ। ਲੇਖਕ ਨੂੰ ਇਕ ਤਾਂ ਆਪਣੇ ਵੇਲੇ ਦੀ ਇਤਿਹਾਸਕਤਾ ਨੂੰ ਪਕੜ ਸਕਣ ਦੀ ਕਾਫੀ ਸੂਝ ਹੈ ਤੇ ਦੂਸਰਾ ਉਸ ਨੂੰ ਵਰਣਨ, ਬਿਰਤਾਂਤ ਤੇ ਯੁੱਧ ਦੀਆਂ ਪਰਸਪਰ ਵਿਰੋਧੀ ਝਾਕੀਆਂ ਪੇਸ਼ ਕਰਨ ਉਪਰ ਕਾਫੀ ਮੁਹਾਰਾਤ ਹਾਸਲ ਹੈ। ਪਰ ਇਹ ਸਾਰਾ ਨਕਸ਼ਾ ਤਾਂ ਇਕ ਭਰਵੀਂ ਹਾਜ਼ਰੀ ਦਾ ਚਿਤਰਣ ਹੈ। ਇਸ ਭਰਵੀਂ ਹਾਜ਼ਰੀ ਵਿਚ ਅੰਗਰੇਜ਼ਾਂ ਦੀ ਕੂਟਨੀਤੀ ਤੇ ਸਿੱਖਾਂ ਦੀ ਆਪਸੀ ਘਰੋਗੀ ਖਿੱਚੋਤਾਣ ਦੇ ਬੜੇ ਭਰਵੇਂ ਚਿਤਰ ਹਨ। ਪਰ ਇਸ ਸਾਰੇ ਦ੍ਰਿਸ਼ ਦੇ ਨਾਲ ਨਾਲ ਗੈਰ-ਹਾਜ਼ਰ ਰੂਪ ਵਿਚ ਇਕ ਲਹਿਰ ਚਲਦੀ ਨਜ਼ਰ ਆਉਂਦੀ ਹੈ। ਉਹ ਲਹਿਰ ਇਸ ਰਚਨਾ ਨੂੰ ਪੰਜਾਬੀਆਂ ਦੇ ਸਾਂਝੇ ਹਰਮਨ ਪਿਆਰੇ ਤੇ ਸੈਕੂਲਰ ਰਾਜ ਦੇ ਨਸ਼ਟ ਹੋਣ ਦੇ ਸੰਤਾਪ ਨਾਲ ਸੰਬੰਧਤ ਕਰਦੀ ਹੈ। ਜੇ ਧਿਆਨ ਨਾਲ ਵੇਖੀਏ ਤਾਂ ਪਤਾ ਚਲਦਾ ਹੈ ਕਿ ਲੇਖਕ ਦਾ ਵਿਦਾ-ਬਿੰਦੂ ਵੀ ਇਹੀ ਹੈ ਤੇ ਪਹੁੰਚ-ਬਿੰਦੂ ਵੀ ਇਹੀ ਹੈ। ਰਚਨਾ ਦੇ ਆਰੰਭ ਵਿਚ ਲੇਖਕ ਲਿਖਦਾ ਹੈ:

ਇਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।[53]

ਲੇਖਕ ਅਨੁਸਾਰ ਜ਼ਿੰਦਗੀ ਦਾ ਹਰ ਦ੍ਰਿਸ਼ ਆਪਣੇ ਰੰਗ ਦਿਖਾ ਕੇ ਅੰਤ ਨਸ਼ਟ ਹੋ ਜਾਂਦਾ ਹੈ। ਪਰ ਇਸ ਵਿਆਪਕ ਨਾਸ਼ਮਾਨਤਾ ਦੇ ਅੰਤਰਗਤ, ਜੋ ਵਿਸ਼ੇਸ਼ ਦ੍ਰਿਸ਼ ਕਵੀ ਪੇਸ਼ ਕਰਦਾ ਹੈ, ਉਸ ਦਾ ਸੰਬੰਧ ਇਕ ਵਿਸ਼ਿਸਟ ਦੁਖਾਂਤ ਨਾਲ ਹੈ। ਇਹ ਵਿਸ਼ਿਸ਼ਟ ਦੁਖਾਂਤ ਪੰਜਾਬ ਦੇ ਕੌਮੀ

ਰਾਜ ਦੀ ਨਾਸ਼ਮਾਨਤਾ ਦੀ ਤ੍ਰਾਸਦੀ ਨਾਲ ਸੰਬੰਧਿਤ ਹੈ। ਇਸ ਤਰ੍ਹਾਂ ਕਵੀ ਦਾ ਬਿਆਨ ਬੁਨਿਆਦੀ ਤੌਰ ਤੇ ਸਾਂਝੇ ਕੌਮੀ ਰਾਜ ਦੇ ਖੇਰੂੰ ਖੇਰੂੰ ਹੋ ਜਾਣ ਉਪਰ ਅਫ਼ਸੋਸ ਜ਼ਾਹਿਰ ਕਰਨਾ ਹੈ। ਇਸੇ ਲਈ ਉਹ ਥਾਂ-ਪੁਰ-ਥਾਂ ਇਸ ਰਾਜ ਦੀ ਵਡਿਆਈ ਦੀ ਗੱਲ ਕਰਦਾ ਹੈ। ਅਜਿਹਾ ਕਰਨ ਲਈ ਇਕ ਤਾਂ ਉਹ ਰਣਜੀਤ ਸਿੰਘ ਨੂੰ ਬੜਾ ਬਲਵਾਨ ਤੇ ਸੁੱਘੜ ਰਾਜਾ ਸਮਝਦਾ ਹੈ। ਜਿਸ ਨੇ ਪੰਜਾਬੀਆਂ ਦੇ ਸਾਂਝੇ ਰਾਜ ਦੀ ਮਿੱਥ ਨੂੰ ਆਪਣੇ ਜਿਉਂਦੇ-ਜੀਅ ਹੀ ਸਥਾਪਤ ਕਰ ਦਿੱਤਾ। ਇਸ ਸੰਬੰਧ ਵਿਚ ਕਵੀ ਲਿਖਦਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜੋਰ ਦੇ ਮੁਲਕ ਹਲਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆ।[54]

ਕਵੀ ਸ਼ਾਹ ਮੁਹੰਮਦ ਖ਼ਤਮ ਹੋ ਰਹੇ ਸਾਂਝੇ ਪੰਜਾਬੀ ਰਾਜ ਦੇ ਸੰਤਾਪ ਪ੍ਰਤੀ ਆਪਣਾ ਸਵਰ ਉਚਾ ਕਰਦਾ ਹੈ ਤੇ ਦੂਸਰਾ ਫਰੰਗੀ ਦੇ ਆਉਣ ਕਾਰਨ ਪੰਜਾਬ ਦੇ ਅਨਿਸਚਿਤ ਭਵਿੱਖ ਦੀ ਵੀ ਗੱਲ ਕਰਦਾ ਹੈ। ਇਸ ਤਰ੍ਹਾਂ ਹਰ ਪ੍ਰਕਾਰ ਦੇ ਇਤਿਹਾਸਕ ਵੇਰਵੇ ਤੇ ਟਿੱਪਣੀਆਂ ਦੇਣ ਦੇ ਬਾਵਜੂਦ ਵੀ ਕਵੀ ਆਪਣੀ ਸਿੰਘਾਂ ਪ੍ਰਤੀ ਭਾਵੁਕਤਾ ਤੋਂ ਪਿੱਛੇ ਨਹੀਂ ਹਟੱਦਾ ਅਤੇ ਇਸੇ ਸਵਰ ਵਿਚ ਆਪਣੀ ਰਚਨਾ ਦਾ ਅੰਤ ਕਰਦਾ, ਉਹ ਕਹਿੰਦਾ ਹੈ:

ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ
ਜੈਸੇ ਚੜ੍ਹੇ ਆਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ,
ਨਹੀਂ ਮੋੜਦੇ ਸੂਰਮੇ ਅੰਗ ਮੀਆਂ।[55]

ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਪੰਜਾਬੀਆਂ ਦੇ ਸਾਂਝੇ ਰਾਜ ਦੀ ਸਥਾਪਨਾ ਕਰਕੇ ਭਾਰਤ ਦੀ ਇਸ ਬੀਰ-ਭੂਮੀ ਉਤੇ ਸਵਤੰਤਰਤਾ, ਸੁਲਹ ਤੇ ਸ਼ਾਂਤੀ ਦਾ ਪਰਚਮ ਲਹਿਰਾਇਆ। ਉਸ ਸਮੇਂ ਪੁਰ-ਅਮਨ ਅਮਾਨ ਦਾ ਦੌਰ-ਦੌਰਾ ਸੀ। ਪੰਜਾਬ ਖੇਤੀ-ਬਾੜੀ ਘਰੋਗੀ ਉਦਯੋਗਾਂ ਤੇ ਅਸਲਾ ਸਾਜ਼ ਫੈਕਟਰੀਆਂ ਆਦਿ ਵਿਚ ਮੁਲਕ ਦੇ ਦੂਜੇ ਪ੍ਰਦੇਸ਼ਾਂ ਤੋਂ

ਔਗੇ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਗੱਦੀ ਪ੍ਰਾਪਤੀ ਦੇ ਲਾਲਚ ਨੇ ਸਭ ਤੋਂ ਗੱਦੀ ਖ਼ੂਹਾ ਦਿੱਤੀ। ਜਾਗੀਰਦਾਰੀ ਨਿਜ਼ਾਮ ਦੀ ਵਹਿਸੀਅਤ ਤੇ ਬਰਬਰਤਾ ਦਾ ਨੰਗਾ ਨਾਚ ਆਰੰਭ ਹੋ ਗਿਆ ਅਤੇ ਭਰਾਵਾਂ ਦੀ ਰਤ ਵੀਟ ਕੇ ਭਾਰਤ ਦਾ ਸਾਰਾ ਨਕਸ਼ਾ ਲਾਲ ਕਰ ਦਿੱਤਾ।

ਲਾਹੌਰ ਦਰਬਾਰ ਦੇ ਦਰਬਾਰੀ ਤੇ ਮੰਤਰੀ ਵੀ ਧੜੇਬੰਦੀ ਦਾ ਸ਼ਿਕਾਰ ਹੋ ਗਏ। ਡੋਗਰਾ ਤਿੱਕੜੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੀ। ਰਾਜਾ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਬੜਾ ਬਾਂਕਾ ਤੇ ਚੁਸਤ ਵਿਅਕਤੀ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਬਹੁਤ ਨੇੜੇ ਹੋਣ ਕਰਕੇ ਬੜਾ ਸਨਮਾਨ ਤੇ ਆਦਰ ਪ੍ਰਾਪਤ ਕਰ ਚੁੱਕਾ ਸੀ, ਦੂਜੀ ਤਿੱਕੜੀ ਸੰਧਾਵਾਲੀਏ ਸਰਦਾਰਾਂ ਦੀ ਸੀ। ਇਨ੍ਹਾਂ ਦੋਹਾਂ ਧੜਿਆਂ ਦੀ ਆਪਸੀ ਫੁੱਟ ਨੇ ਪੰਜਾਬ ਦੇ ਰਾਜ ਨੂੰ ਤਬਾਹ ਕਰ ਦਿੱਤਾ। ਭਾਵੇਂ ਲਾਹੌਰ ਦਰਬਾਰ ਦੀ ਤੀਜੀ ਤਿੱਕੜੀ ਨਿਰਪੱਖ ਰਹਿ ਕੇ ਤਨੋ ਮਨੋ ਦਰਬਾਰ ਦੀ ਸੇਵਾ ਅਤੇ ਸੁਲਾਹ ਸਫਾਈ ਦੇ ਯਤਨ ਕਰਦੀ ਰਹੀ ਪਰੰਤੂ ਉਹ ਉਸ ਸਮੇਂ ਫੈਲੀ ਬੁਰਛਾਗਰਦੀ ਨੂੰ ਠੱਲ੍ਹ ਪਾਉਣ ਦੇ ਯੋਗ ਨਹੀਂ ਸੀ।

ਸ਼ਾਹ ਮੁਹੰਮਦ ਨਾ ਕੇਵਲ ਕਾਵਿ ਖੇਤਰ ਦਾ ਇਕ ਸੁਚੱਜਾ ਕਲਾਕਾਰ ਹੀ ਹੈ ਸਗੋਂ ਉਹ ਚੋਖੀ ਵਾਕਫੀ ਰੱਖਣ ਵਾਲਾ ਨਿਰਪੱਖ ਇਤਿਹਾਸਕਾਰ ਵੀ ਹੈ। 'ਜੰਗਨਾਮਾ ਸ਼ਾਹ ਮੁਹੰਮਦ' ਵਿਚ ਉਸਦੇ ਇਤਿਹਾਸਕ ਗਿਆਨ ਦੀ ਸੁਚੱਜੀ ਵਰਤੋਂ ਦੇ ਦਰਸ਼ਨ ਹੁੰਦੇ ਹਨ। ਉਹ ਇਤਿਹਾਸ ਦੇ ਨਾਲ -ਨਾਲ ਚਲਦਾ ਹੈ ਅਤੇ ਇਕ ਅੱਧੀ ਭੁੱਲ ਚੁੱਕ ਨੂੰ ਛੱਡ ਕੇ ਉਸ ਦੀ ਰਚਨਾ ਦਾ ਸਾਰਾ ਘਟਨਾ ਚੱਕਰ ਇਤਿਹਾਸਕ ਹੈ। ਵਾਰਿਸ ਸ਼ਾਹ ਨੇ ਆਪਣੀ ਹੀਰ ਅਤੇ ਬੁਲ੍ਹੇ ਸ਼ਾਹ ਨੇ ਆਪਣੀਆਂ ਕਾਫੀਆਂ ਵਿਚ ਸਿੱਖ ਮਿਸਲਾਂ ਦੀ ਚੜ੍ਹਤ ਨੂੰ ਨਿੰਦਿਆ ਹੈ। ਇਵੇਂ ਹੀ ਹਾਸ਼ਮ ਸ਼ਾਹ ਨੇ ਆਪਣੇ ਸਿੱਖ ਸਰਦਾਰਾਂ ਦੀ ਰੱਜ ਕੇ ਭੰਡੀ ਕੀਤੀ ਹੈ, ਪਰੰਤੂ ਸ਼ਾਹ ਮੁਹੰਮਦ ਨੇ ਪਲੜਾ ਸਦਾ ਸਾਵਾਂ ਰੱਖਿਆ ਹੈ। ਉਸ ਨੇ ਪ੍ਰਸੰਗ ਅਨੁਸਾਰ ਸਿੰਘਾਂ, ਡੋਗਰਿਆਂ ਤੇ ਫਰੰਗੀਆਂ ਸਭ ਦੀ ਸ਼ਲਾਘਾ ਤੇ ਬੁਰਾਈ ਕੀਤੀ ਹੈ; ਮਿਸਾਲ ਵਜੋਂ:

ਜਦੋਂ ਦੇਸ਼ ਦੇ ਜੱਟ ਸਰਦਾਰ ਆਏ,
ਘਰੋ ਘਰੀ ਨਵੀਂ ਸਰਕਾਰ ਹੋਈ।
ਅਸ਼ਰਾਫ, ਖ਼ਰਾਬ ਕਮੀਨ ਤਾਜ਼ੇ,
ਜ਼ਿਮੀਂਦਾਰ ਨੂੰ ਖ਼ੂਬ ਬਹਾਰ ਹੋਈ।

ਚੋਰ ਚੌਧਰੀ, ਯਾਰਨੀ ਪਾਕ ਦਾਮਨ,
ਭੂਤ ਮੰਡਲੀ ਇਕ ਦੂ ਚਾਰ ਹੋਈ।[56] ( ਵਾਰਸ ਸ਼ਾਹ )

.....

ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ,
ਮੰਦਾ ਹਾਲ ਹੋਇਆ ਪੰਜਾਬ ਦਾ।
ਭੂਰਿਆਂ ਵਾਲੇ ਰਾਜੇ ਕੀਤੇ,
ਮੁਗਲਾਂ ਜ਼ਹਿਰ ਪਿਆਲੇ ਪੀਤੇ।[57] ( ਬੁਲ੍ਹੇ ਸ਼ਾਹ)

.....

ਕਹੁ ਹਾਲ ਹਕੀਕਤ ਹਾਸ਼ਮ, ਹੁਣ ਦਿਆਂ ਬਾਦਸ਼ਾਹਾਂ ਦੀ,
ਜ਼ੁਲਮੋਂ ਕੂਕ ਗਈ ਅਸਮਾਨੀ, ਦੁੱਖੀਆਂ ਰੋਸ਼ ਦਿਲਾਂ ਦੀ,
ਆਦਮੀਆਂ ਦੀ ਸੂਰਤ ਦਿਸਦੇ, ਰਾਖਸ਼ ਆਦਮ ਖੋਰੇ,
ਜ਼ਾਲਮ, ਕੋਰੇ, ਪਲੀਤ, ਜਨਾਹੀ, ਖੌਫ ਖੁਦਾ ਤੋਂ ਕੋਰੇ।[58]
( ਹਾਸ਼ਮ)

ਸੋਹਣ ਲਾਲ ਸੂਰੀ ਆਪਣੀ ਪੁਸਤਕ 'ਉਮਦਤ-ਉਤ-ਤਵਾਰੀਖ' ਵਿਚ ਲਿਖਦਾ ਹੈ ਕਿ ਕੰਵਰ ਨੌਨਿਹਾਲ ਸਿੰਘ ਨੂੰ ਆਪਣੇ ਪਿਤਾ ਦੀ ਮੌਤ ਦਾ ਕੋਈ ਦੁੱਖ ਨਹੀਂ ਅਤੇ ਥੋੜੀ ਦੇਰ ਅੱਥਰੂ ਵਹਾ ਕੇ ਕੰਵਰ ਹਵੇਲੀ ਦੀ ਛੱਤ ਉਤੇ ਹਵਾ ਖੋਰੀ ਲਈ ਚੜ੍ਹ ਗਿਆ।[59]

ਇਸੇ ਤਰ੍ਹਾਂ ਸ਼ਾਹ ਮੁਹੰਮਦ ਵੀ ਬਿਆਨ ਕਰਦਾ ਹੈ:-

ਕੌਰ ਸਾਹਿਬ ਸ਼ਾਹਜ਼ਾਦੇ ਦੀ ਗੱਲ ਸੁਣਕੇ,
ਜ਼ਰਾ ਦਰਦ ਦੇ ਨਾਲ ਨਾ ਮੂਲ ਰੋਇਆ।[60]

ਕੁਝ ਇਤਿਹਾਸਕਾਰ ਕੰਵਰ ਨੌਨਿਹਾਲ ਸਿੰਘ ਦੀ ਮੌਤ ਦਾ ਜਿੰਮੇਵਾਰ ਰਾਜਾ ਧਿਆਨ ਸਿੰਘ ਨੂੰ ਠਹਿਰਾਂਦੇ ਹਨ, ਪਰੰਤੂ ਬਹੁਤੇ ਇਤਿਹਾਸਕਾਰ ਇਸ ਨੂੰ ਕੁਦਰਤੀ ਲਿਖਦੇ ਹਨ। ਸ਼ਾਹ ਮੁਹੰਮਦ ਨੇ ਵੀ ਇਸ ਘਟਨਾ ਵਿਚ ਰਾਜਾ ਧਿਆਨ ਸਿੰਘ ਦਾ ਵਰਣਨ ਨਹੀਂ ਕੀਤਾ। ਉਸਨੇ ਕੰਵਰ ਨੌਨਿਹਾਲ ਸਿੰਘ ਨੂੰ ਕਪੁੱਤਰ ਸਿੱਧ ਕੀਤਾ ਹੈ ਅਤੇ ਉਸ ਨੂੰ ਆਪਣੇ ਪਿਤਾ ਨਾਲ ਬਦਸਲੂਕੀ ਕਰਨ ਕਾਰਣ ਦੈਵੀ ਸ਼ਕਤੀਆਂ ਹੱਥੋਂ ਮੌਤ ਦੰਡ ਪਾਉਂਦੇ ਦੱਸਿਆ ਹੈ। ਸ਼ਾਹ ਮੁਹੰਮਦ ਅਨੁਸਾਰ ਉਹ ਛੱਜਾ ਦੈਵੀ ਸ਼ਕਤੀਆਂ ਨੇ ਡੇਗਿਆ ਸੀ। ਉਹ ਇਸ ਘਟਨਾ ਨੂੰ

ਇਸ ਤਰ੍ਹਾਂ ਬਿਆਨ ਕਰਦਾ ਹੈ:-

ਖੜਕ ਸਿੰਘ ਮਹਾਰਾਜ ਨੂੰ ਚੁੱਕ ਲਿਆ,
ਦੇਖੋ ਸਾੜਨੇ ਨੂੰ ਹੁਣ ਲੈ ਚੱਲੇ।
ਧਰਮ ਰਾਜ ਨੂੰ ਇਹ ਖ਼ਬਰ ਹੋਈ,
ਕੌਰ ਮਾਰਨੇ ਨੂੰ ਉਸ ਦੂਤ ਘੱਲੇ।
ਮਾਰੋ ਮਾਰ ਕਰਦੇ ਦੂਤ ਆਣ ਵੜੇ,
ਜਦੋਂ ਮੌਤ ਦੇ ਹੋਏ ਨੀ ਆਣ ਹੱਲੇ।
ਸ਼ਾਹ ਮੁਹੰਮਦਾ ਦੇਖ ਰਜ਼ਾਇ ਉਸ ਦੀ,
ਊਧਮ ਸਿੰਘ ਤੇ ਕੌਰ ਦੇ ਸਾਸ ਚੱਲੇ ।[61]

ਭੌਤਿਕ ਇਤਿਹਾਸਕ ਘਟਨਾਵਾਂ ਵਿਚ ਇਹ ਪਰਾ-ਸਰੀਰਕ ( Metaphysical ) ਰਲਾ ਕਵੀ ਨੇ ਘਟਨਾ ਚੱਕਰ ਵਿਚ ਹੇਰ-ਫੇਰ ਕਰਨ ਲਈ ਨਹੀਂ ਸਗੋਂ ਕਿੱਸਾਕਾਰੀ ਦੀ ਪਰੰਪਰਾ ਨਿਭਾਉਂਦੇ ਹੋਏ ਅਤੇ ਆਪਣੀਆਂ ਤੇ ਤੱਤਕਾਲੀ ਪਾਠਕਾਂ ਦੀਆਂ ਧਾਰਮਿਕ ਰੁਚੀਆਂ ਤੋਂ ਮਜ਼ਬੂਰ ਹੋ ਕੇ ਪਾਇਆ ਸੀ ਕਿਉਂ ਜੋ ਧਾਰਮਿਕ ਲੋਕ ਮੌਤ ਨੂੰ ਇਕ ਕੁਦਰਤੀ ਤੇ ਭੌਤਿਕ ਅਮਲ ਨਹੀਂ ਸਗੋਂ ਰੱਬੀ ਭਾਣਾ ਤੇ ਹੁਕਮ ਮੰਨਦੇ ਹਨ।

ਮਹਾਰਾਜਾ ਨੌਨਿਹਾਲ ਸਿੰਘ ਦੀ ਲਾਸ਼ ਨੂੰ ਲੁਕਾ ਕੇ ਰੱਖਣ ਤੇ ਮਹਾਰਾਣੀ ਚੰਦ ਕੌਰ ਦੇ ਫ਼ਤਹਗੜ੍ਹੋ ਆਉਣ ਦੀ ਗੱਲ ਵੀ ਇਤਿਹਾਸਕ ਤੌਰ ਤੇ ਸਹੀ ਹੈ। ਰਾਜਾ ਧਿਆਨ ਸਿੰਘ ਨੇ ਉਪਰਲੀ ਘਟਨਾ ਦੀ ਖ਼ਬਰ ਆਪਣੇ ਨੌਕਰ ਭਾਈ ਮਾਹੋ ਸਿੰਘ ਰਾਹੀਂ ਮਹਾਰਾਜਾ ਸ਼ੇਰ ਸਿੰਘ ਨੂੰ ਘੱਲੀ ਸੀ ਕਿ ਉਸ ਦਾ ਵੀਰ ਤੇ ਭਤੀਜਾ ( ਕੰਵਰ ਨੌਨਿਹਾਲ ਸਿੰਘ) ਮਰ ਗਏ ਹਨ। ਸ਼ਾਹ ਮੁਹੰਮਦ ਠੀਕ ਲਿਖਦਾ ਹੈ:

ਸ਼ੇਰ ਸਿੰਘ ਨੂੰ ਕਿਸੇ ਜਾਂ ਖ਼ਬਰ ਦਿੱਤੀ,
ਜਿਸ ਦਾ ਮੋਇਆ ਭਤੀਜਾ ਤੇ ਵੀਰ ਯਾਰੋ ।[62]

ਇਸ ਤੋਂ ਮਗਰੋਂ ਮਹਾਰਾਣੀ ਚੰਦ ਕੌਰ ਤੇ ਕੰਵਰ ਸ਼ੇਰ ਸਿੰਘ ਦਾ ਸੰਘਰਸ਼ ਤੁਰਦਾ ਹੈ। ਸ਼ਾਹ ਮੁਹੰਮਦ ਨੇ ਇਸ ਸੰਘਰਸ਼ ਨੂੰ ਵੀ ਸਹੀ ਤੇ ਸੰਖਿਪਤ ਢੰਗ ਨਾਲ ਬਿਆਨਿਆ ਹੈ। ਮਹਾਰਾਣੀ ਚੰਦ ਕੌਰ ਨੇ ਇਹ ਅਫ਼ਵਾਹ ਫੈਲਾ ਦਿੱਤੀ ਸੀ ਕਿ ਉਸ ਦੀ ਨੂੰਹ (ਕੰਵਰ ਨੌਨਿਹਾਲ ਸਿੰਘ)

ਦੀ ਪਤਨੀ) ਨੂੰ ਤਿੰਨ ਮਹੀਨਿਆਂ ਦਾ ਗਰਭ ਹੈ। ਇਸ ਲਈ ਜਦ ਤਕ ਉਸ ਦੇ ਸੰਤਾਨ ਪੈਦਾ ਨਹੀਂ ਹੁੰਦੀ, ਗੱਦੀ ਦਾ ਫੈਸਲਾ ਨਹੀਂ ਹੋ ਸਕਦਾ। ਐਨੀ ਦੇਰ ਲਈ ਉਸ ਨੇ ਰਾਜ-ਕਾਜ ਆਪਣੇ ਹੱਥਾਂ ਵਿਚ ਲੈ ਲਿਆ । ਇਹ ਸਮਾਚਾਰ ਕੰਵਰ ਸ਼ੇਰ ਸਿੰਘ ਦੀਆਂ ਆਸ਼ਾਵਾਂ ਤੇ ਪਾਣੀ ਫੇਰਦਾ ਸੀ। ਉਹ ਡੋਲਦਾ ਸੀ ਤਾਂ ਉਸ ਦੇ ਸੰਗੀ ਸਾਥੀ ਉਸਨੂੰ ਇਸ ਤਰ੍ਹਾਂ ਤਸੱਲੀਆਂ ਦੇਂਦੇ ਸਨ:

ਪਿਛੇ ਤਖਤ ਬੈਠੀ ਰਾਣੀ ਚੰਦ ਕੌਰਾਂ,
ਦੇਂਦੇ ਆਣ ਮੁਸਾਹਿਬ ਦਲੇਰੀਆਂ ਨੀ।
ਸ਼ਾਹ ਮੁਹੰਮਦਾ ਕੌਰ ਨਾ ਜੰਮਣਾ ਏ,
ਕਿਲ੍ਹੇ ਕੋਟ ਤੇ ਰੱਯਤਾਂ ਤੇਰੀਆਂ ਨੀ ।[63]

ਰਾਜਾ ਧਿਆਨ ਸਿੰਘ ਦਾ ਕੰਵਰ ਸ਼ੇਰ ਸਿੰਘ ਨੂੰ ਚਿੱਠੀ ਲਿਖ ਕੇ ਬੁਲਾਉਣਾ ਅਤੇ ਆਪ ਛੁੱਟੀ ਲੈ ਕੇ ਜੰਮੂ ਚਲੇ ਜਾਣਾ ਦੋਵੇਂ ਘਟਨਾਵਾਂ ਇਤਿਹਾਸਕ ਹਨ। ਇਵੇਂ ਹੀ ਮਹਾਰਾਜਾ ਸ਼ੇਰ ਸਿੰਘ ਅਤੇ ਰਾਜਾ ਧਿਆਨ ਸਿੰਘ ਦੇ ਛੜਯੰਤਰ ਨਾਲ ਮਹਾਰਾਣੀ ਚੰਦ ਕੌਰ ਦਾ ਆਪਣੀਆਂ ਦਾਸੀਆਂ ਦੁਆਰਾ ਮਾਰੇ ਜਾਣ ਦੀ ਘਟਨਾ ਵੀ ਇਤਿਹਾਸ ਪ੍ਰਸਿੱਧ ਹੈ। ਪਰੰਤੂ ਸ਼ਾਹ ਮੁਹੰਮਦ ਨੇ ਸਾਰਾ ਦੋਸ਼ ਸਿੱਧਾ ਮਹਾਰਾਜਾ ਸ਼ੇਰ ਸਿੰਘ ਤੇ ਲਗਾ ਦਿੱਤਾ ਹੈ:

ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ,
ਸ਼ੇਰ ਸਿੰਘ ਨੇ ਗਲੋ ਖਲਾ ਲਾਹੀ । [64]

ਸ਼ਾਇਦ ਸ਼ਾਹ ਮੁਹੰਮਦ ਦੇ ਮਨ ਵਿਚ ਸਾਂਝੇ ਰਾਜ ਦੇ ਪ੍ਰਧਾਨ ਮੰਤਰੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਪੂਰਨ ਵਿਸ਼ਵਾਸ ਪਾਤਰ ਰਾਜਾ ਧਿਆਨ ਸਿੰਘ ਦਾ ਬੜਾ ਸਤਿਕਾਰ ਸੀ ਇਸ ਲਈ ਉਹ ਰਾਜਾ ਧਿਆਨ ਸਿੰਘ ਦੇ ਸਿਰ ਕੋਈ ਦੋਸ਼ ਨਹੀਂ ਆਉਣ ਦੇਂਦਾ। ਇਹੋ ਕਾਰਨ ਹੈ ਕਿ ਉਹ ਚੇਤ ਸਿੰਘ ਬਾਜਵਾ ਦਾ ਕਤਲ ਕੰਵਰ ਨੌਨਿਹਾਲ ਸਿੰਘ ਦੁਆਰਾ ਹੋਇਆ ਦਸਦਾ ਹੈ, ਛੱਜਾ ਯਮਦੂਤਾਂ ਦੁਆਰਾ ਡੇਗਿਆ ਲਿਖਦਾ ਹੈ ਅਤੇ ਮਹਾਰਾਣੀ ਚੰਦ ਕੌਰ ਦਾ ਕਾਤਲ ਸ਼ੇਰ ਸਿੰਘ ਨੂੰ ਬਣਾਉਂਦਾ ਹੈ। ਉਹ ਰਾਜਾ ਧਿਆਨ ਸਿੰਘ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਣ ਦੇਂਦਾ, ਪਰੰਤੂ ਉਸ ਦੀ ਨਿਰਪੱਖਤਾ ਕਲੰਕਿਤ ਨਹੀਂ ਹੁੰਦੀ ਕਿਉਂ ਜੋ ਉਹ ਇਸ ਤੋਂ ਅਗਲੇ ਬੰਦ ਵਿਚ ਰਾਜਾ ਧਿਆਨ ਸਿੰਘ ਦੇ ਜਾਨੀ ਦੁਸ਼ਮਣ ਸਰਦਾਰ ਅਜੀਤ ਸਿੰਘ ਸੰਧਾਵਾਲੀਏ ਦੀ ਰੱਜ ਕੇ ਸ਼ਲਾਘਾ ਕਰ ਜਾਂਦਾ ਹੈ:

ਮੁੜ ਕੇ ਫੇਰ ਅਜੀਤ ਸਿੰਘ ਲਈ ਬਾਜ਼ੀ,
ਪੈਦਾ ਹੋਇਆ ਸੀ ਅਸਲ ਸਵਾਣੀਆਂ ਥੀਂ।
ਸ਼ਾਹ ਮੁਹੰਮਦਾ ਜੰਮਿਆ ਅਲੀ ਅਕਬਰ
ਆਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ।[65]

ਮਹਾਰਾਣੀ ਚੰਦ ਕੌਰ ਦਾ ਕਤਲ ਕਰਨ ਵਾਲੀਆਂ ਦਾਸੀਆਂ ਦੀਆਂ ਜੀਭਾਂ ਕਟਵਾ ਦਿੱਤੀਆਂ ਸਨ ਤਾਂ ਜੋ ਉਹ ਇਹ ਨਾ ਦਸ ਸਕਣ ਕਿ ਇਸ ਕਤਲ ਵਿਚ ਕਿਸ ਕਿਸ ਦਾ ਹੱਥ ਸੀ, ਪਰੰਤੂ ਸ਼ਾਹ ਮੁਹੰਮਦ ਲਿਖਦਾ ਹੈ ਕਿ ਉਨ੍ਹਾਂ ਦਾਸੀਆਂ ਦੇ ਨੱਕ ਤੇ ਕੰਨ ਕੱਟ ਦਿੱਤੇ ਗਏ:-

ਰਾਜੇ ਸਿੰਘਾਂ ਦਾ ਗਿਲਾ ਮਿਟਾਵਣੇ ਨੂੰ,
ਨੱਕ ਕੰਨ ਚਾ ਉਨ੍ਹਾਂ ਦਾ ਵੱਢਿਆ ਈ।[66]

ਮਹਾਰਾਜਾ ਸ਼ੇਰ ਸਿੰਘ ਦੇ ਕਤਲ ਦੀ ਸਾਰੀ ਇਤਿਹਾਸਕ ਘਟਨਾ ਨੂੰ ਸ਼ਾਹ ਮੁਹੰਮਦ ਨੇ ਬੜੀ ਪ੍ਰਬੀਨਤਾ ਨਾਲ ਚਾਰ ਸਤਰਾਂ ਵਿਚ ਵਰਣਨ ਕਰ ਦਿੱਤਾ ਹੈ:

ਬਰਸ ਹੋਇਆ ਤਾਂ ਹਾਜ਼ਰੀ ਲੈਣ ਬਦਲੇ,
ਡੇਰਾ ਸ਼ਾਹ ਬਿਲਾਵਲ ਲਗਾਂਵਦਾ ਈ।
ਅਜੀਤ ਸਿੰਘ ਗੁੱਝੀ ਕਰਾਬੀਨ ਲੈ ਕੇ,
ਸ਼ੇਰ ਸਿੰਘ ਨੂੰ ਆਣ ਵਿਖਾਂਵਦਾ ਈ।
ਸਿੱਧੀ ਜਦੋਂ ਸ਼ਾਹਜ਼ਾਦੇ ਨੇ ਨਜ਼ਰ ਕੀਤੀ,
ਜਲਦੀ ਨਾਲ ਚਾ ਕਲਾ ਦਬਾਂਵਦਾ ਈ।
ਸ਼ਾਹ ਮੁਹੰਮਦਾ ਜ਼ਿਮੀ ਤੇ ਪਿਆ ਤੜਫੇ
ਤੇਗ ਮਾਰ ਕੇ ਸੀਸ ਉਡਾਂਵਦਾ ਈ।[67]

ਫੇਰ ਸੰਧਾਵਾਲੀਏ ਸਰਦਾਰਾਂ ਦੁਆਰਾ ਕੰਵਰ ਪ੍ਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਦਾ ਕਤਲ ਵੀ ਤਾਰੀਖੀ ਵੇਰਵਿਆਂ ਅਨੁਸਾਰ ਵਰਣਨ ਕੀਤਾ ਗਿਆ ਹੈ। ਸ਼ਾਹ ਮੁਹੰਮਦ ਨੇ ਇਸ ਗੱਲ ਤੇ ਬਹੁਤ ਬਲ ਪਾਇਆ ਹੈ ਕਿ ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਦਾ ਕਤਲ ਕਰਕੇ ਸੰਧਾਵਾਲੀਏ ਸਰਦਾਰਾਂ ਨੇ ਮਹਾਰਾਣੀ ਚੰਦ ਕੌਰ ਦੇ ਕਤਲ ਦਾ ਬਦਲਾ ਲਿਆ ਸੀ। ਉਹ ਲਿਖਦਾ ਹੈ:

ਜਿਨ੍ਹਾਂ ਮਾਰੀ ਸੀ ਰਾਜਾ ਜੀ ਚੰਦ ਕੌਰਾਂ,
ਸ਼ਾਹ ਮੁਹੰਮਦਾ ਉਨ੍ਹਾਂ ਦੇ ਸੀਸ ਲਾਹੇ।[68]

ਅਜਿਹਾ ਲਿਖਣ ਨਾਲ ਕਵੀ ਅਜੀਤ ਸਿੰਘ ਸੰਧਾਵਾਲੀਏ ਤੇ ਉਸ ਦੀ ਪਾਰਟੀ ਨੂੰ ਸਵਾਰਥਹੀਣ ਸਿੱਧ ਕਰ ਗਿਆ ਹੈ। ਪਹਿਲਾਂ ਵੀ ਉਸ ਨੇ ਅਜੀਤ ਸਿੰਘ ਦੀ ਕਾਫੀ ਸ਼ਲਾਘਾ ਕੀਤੀ ਹੈ। ਮਹਾਰਾਜਾ ਰਣਜੀਤ ਸਿੰਘ ਰਾਜਾ ਧਿਆਨ ਸਿੰਘ ਦਾ ਬੜਾ ਆਦਰ ਕਰਦੇ ਸਨ ਕਿਉਂ ਜੋ ਉਹ ਸਾਂਝੇ ਰਾਜ ਦਾ ਸੱਚਾ ਹਿਤੈਸ਼ੀ ਅਤੇ ਪੱਕਾ ਅੰਗਰੇਜ਼ ਦੁਸ਼ਮਣ ਸੀ, ਪਰੰਤੂ ਸੰਧਾਵਾਲੀਏ ਸਰਦਾਰਾਂ ਨੇ ਉਸਦੇ ਖ਼ੂਨ ਦਾ ਟਿੱਕਾ ਲਗਾ ਕੇ ਦਲੀਪ ਸਿੰਘ ਨੂੰ ਰਾਜ ਤਿਲਕ ਦਿੱਤਾ। ਇਸ ਨਾਲ ਸੰਧਾਵਾਲੀਏ ਸਰਦਾਰਾਂ ਦੇ ਮਨ ਵਿਚਲੀ ਬਦਲੇ ਦੀ ਅੱਗ ਤਾਂ ਜ਼ਰੂਰ ਠੰਡੀ ਹੋ ਗਈ ਹੋਵੇਗੀ ਪਰੰਤੂ ਇਸ ਘਟਨਾ ਨੇ ਸਥਿਤੀ ਹੋਰ ਗੰਭੀਰ ਤੇ ਮਾਰੂ ਕਰ ਦਿੱਤੀ। ਸੰਧਾਵਾਲੀਏ ਸਰਦਾਰਾਂ ਦਾ ਇਹ ਭੈ ਸੱਚ ਹੀ ਨਿਕਲਿਆ:-

ਸਾਨੂੰ ਘੜੀ ਦੀ ਕੁਝ ਉਮੈਦ ਨਹੀਂ,
ਅੱਜ ਰਾਤ ਪ੍ਰਸ਼ਾਦ ਕਿੰਨ ਚੱਖਣਾ ਈ। [69]

ਸ਼ਾਹ ਮੁਹੰਮਦ ਡੋਗਰੇ ਤੇ ਸੰਧਾਵਾਲੀਏ ਦੋਹਾਂ ਧੜਿਆਂ ਨੂੰ ਸਮ-ਦ੍ਰਿਸ਼ਟੀ ਨਾਲ ਵੇਖਦਾ ਹੈ ਅਤੇ ਕਿਸੇ ਨੂੰ ਵੀ ਲੋੜੋਂ ਵੱਧ ਨਿੰਦਦਾ ਜਾਂ ਸਲਾਹੁੰਦਾ ਨਹੀ। ਪਹਿਲਾਂ ਅਮੀਰਾਂ ਵਜ਼ੀਰਾਂ ਨੇ ਇਕ ਦੂਜੇ ਦਾ ਕਤਲ ਕੀਤਾ ਸੀ, ਹੁਣ ਫੌਜ ਦੀ ਵਾਰੀ ਆ ਗਈ। ਫੌਜ ਬੇਕਾਬੂ ਤੇ ਬੇਮੁਹਾਰ ਹੋ ਗਈ। ਪੂਰਨ ਅਰਾਜਕਤਾ ਛਾ ਗਈ। ਫੌਜ ਜਿਸ ਨੂੰ ਚਾਹੁੰਦੀ ਤੇ ਜਦ ਚਾਹੁੰਦੀ ਮਾਰ ਮੁਕਾਉਂਦੀ। ਮਹਾਰਾਣੀ ਜਿੰਦਾਂ ਦੀਆਂ ਅੱਖਾਂ ਸਾਹਮਣੇ ਉਸ ਦੇ ਭਰਾ ਜਵਾਹਰ ਸਿੰਘ ਦਾ ਕਤਲ ਫੌਜ ਦਾ ਸਭ ਤੋਂ ਵੱਡਾ ਕੁ-ਕਰਮ ਸੀ। ਸ਼ਾਹ ਮੁਹੰਮਦ ਅਨੁਸਾਰ ਇਸ ਘਟਨਾ ਨੇ ਰਾਜਨੀਤਕ ਪ੍ਰਸਥਿਤੀਆਂ ਦਾ ਰੁੱਖ ਬਦਲ ਦਿੱਤਾ। ਪਰੰਤੂ ਦੂਜੇ ਪਾਸੇ ਫੌਜ ਦਾ ਵੀ ਦਸਤੂਰ ਸੀ ਕਿਉਂ ਜੋ ਉਹ ਮਹਾਰਾਜਾ ਰਣਜੀਤ ਸਿੰਘ ਦੀ ਕਿਸੇ ਵੀ ਨਿਸ਼ਾਨੀ ਦੀ ਬੇਹੁਰਮਤੀ ਉਤੇ ਭੜਕ ਉਠਦੀ ਸੀ। ਇਸ ਲਈ ਕੰਵਰ ਪਿਸ਼ੌਰਾ ਸਿੰਘ ਦੇ ਕਤਲ ਦੀ ਘਟਨਾ ਨੇ ਫੌਜ ਨੂੰ ਆਪੇ ਤੋਂ ਬਾਹਰ ਕਰ ਦਿੱਤਾ ।

ਮਹਾਰਾਣੀ ਜਿੰਦਾਂ ਦਾ ਪਿਤਾ 'ਕੁੱਤੇ ਖਾਨੇ' ਦੇ ਸ਼ਿਕਾਰੀ ਕੁੱਤਿਆਂ ਦੀ ਦੇਖਭਾਲ ਕਰਦਾ ਸੀ। ਉਹ ਗਰੀਬ ਆਪਣੇ ਸਰੀਰਕ ਅਤੇ ਮਾਨਸਿਕ ਬਲ ਦੀ ਵਰਤੋਂ ਨਾਲ ਜੋ ਸਮਾਜ

ਵਿਚ ਉਚੀ ਪਦਵੀ ਪ੍ਰਾਪਤ ਕਰਦਾ ਹੈ ਤਾਂ ਵੀ ਉਸ ਦੀ ਗਰੀਬੀ ਕਾਰਨ ਉਸ ਨੂੰ ਸਮਾਜ ਵਿਚ ਆਦਰ ਸਤਿਕਾਰ ਦਾ ਦਰਜਾ ਪ੍ਰਾਪਤ ਨਹੀਂ ਹੁੰਦਾ। ਮਹਾਰਾਣੀ ਜਿੰਦਾਂ ਉਨ੍ਹਾਂ ਬੇਦਰਦੀਆਂ ਨੂੰ ਕੀ ਇਨਾਮ ਦੇ ਸਕਦੀ ਸੀ। ਕਵੀ ਨੇ ਆਪਣੀ ਕਲਪਨਾ ਰਾਹੀਂ ਉਸ ਸਮੇਂ ਮਹਾਰਾਣੀ ਜਿੰਦਾਂ ਦੀ ਮਾਨਸਿਕ ਦਸ਼ਾ ਨੂੰ ਚਿਤਰਿਆ ਅਤੇ ਉਸ ਦੇ ਭਾਵੀ ਕਾਰਜ ਵਲ ਸੰਕੇਤ ਕੀਤਾ ਹੈ:

ਮੈਨੂੰ ਆਣ ਚੁਫੇਰਿਉਂ ਘੂਰਦੇ ਨੀ,
ਲੈਂਦੇ ਮੁਫਤ ਇਨਾਮ ਰੁਪਏ ਬਾਰਾਂ ।
ਜੱਟੀ ਹੋਵਾਂ ਤਾਂ ਕਰਾਂ ਪੰਜਾਬ ਰੰਡੀ,
ਸਾਰੇ ਦੇਸ਼ ਵਿਚ ਚਾ ਤੁਰਨ ਵਾਰਾਂ ।
ਛੱਡਾਂ ਨਹੀਂ ਲਾਹੌਰ ਵਿਚ ਵੜਨ ਜੋਗੇ,
ਸਣੇ ਵੱਡਿਆਂ ਅਫਸਰਾਂ ਜਮਾਂਦਾਰਾਂ
ਪਏ ਰੁਲਣ ਵਿਚ ਪ੍ਰਦੇਸ ਮੁਰਦੇ,
ਸ਼ਾਹ ਮੁਹੰਮਦਾ ਮਾਰਨੀ ਏਸ ਮਾਰਾਂ ।[70]

ਇਹ ਗੱਲ ਇਤਿਹਾਸਕ ਤੌਰ ਤੇ ਸਹੀ ਹੈ ਕਿ ਮਹਾਰਾਣੀ ਜਿੰਦਾਂ ਨੇ ਇਕ ਅਜਿਹਾ ਪੱਤਰ ਜਾਂ ਸੁਨੇਹਾ ਰਾਜਾ ਲਾਲ ਸਿੰਘ ਦੇ ਮੁਨਸ਼ੀ ਸਮੁਸਉਦੀਨ ਰਾਹੀਂ 12 ਦਸੰਬਰ 1845 ਈ: ਨੂੰ ਫਿਰੋਜ਼ਪੁਰ ਵਿਖੇ ਨਿਕਲਸਨ ਨੂੰ ਘਲਿਆ ਸੀ।[71] ਸ਼ਾਹ ਮੁਹੰਮਦ ਲਿਖਦਾ ਹੈ:

ਪਹਿਲੇ ਪਾਰ ਦਾ ਮੁਲਖ ਤੂੰ ਮੱਲ ਸਾਡਾ,
ਆਪੇ ਖਾ ਗੁਸਾ ਤੈਥੀਂ ਆਵਣੀਗੇ ।[72]

ਏਧਰ ਮਹਾਰਾਣੀ ਜਿੰਦਾਂ ਨੇ ਇਕ ਫੌਜੀ ਸਮਾਗਮ ਕੀਤਾ ਜਿਸ ਵਿਚ ਆਪਣੇ ਖ਼ਜਾਨੇ ਖਾਲੀ ਹੋਣ ਤੇ ਖੇਦ ਪ੍ਰਗਟ ਕੀਤਾ ਅਤੇ ਫੌਜਾਂ ਨੂੰ ਪੰਜਾਬ ਰਾਜ ਲਈ ਲੜਨ ਮਰਨ ਅਤੇ ਦੁਸ਼ਮਣਾਂ ਦੇ ਮਾਲ ਲੁੱਟਣ ਲਈ ਭੜਕਾਇਆ। ਸ਼ਾਹ ਮੁਹੰਮਦ ਨੇ ਇਸ ਘਟਨਾ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ।

ਸਾਰੇ ਪੰਥ ਨੂੰ ਸੱਦ ਕੇ ਕਹਿਣ ਲੱਗੀ,
ਮੈਥੋਂ ਗਏ ਖ਼ਜਾਨੇ ਨਿਖੁੱਟ ਵਾਰੀ।
ਜਮਨਾ ਤੀਕਰ ਪਿਆ ਜੋ ਦੇਸ਼ ਸੁੰਞਾ
ਖਾਓ ਦੇਸ਼ ਫਰੰਗੀ ਦਾ ਲੁੱਟ ਵਾਰੀ। [73]

ਇਸ ਤਰ੍ਹਾਂ ਫੌਜ ਵੀ ਸ਼ੇਖੀ ਮਾਰਦੀ ਹੈ:

ਸ਼ਾਹ ਮੁਹੰਮਦ ਮਾਰ ਕੇ ਲੁਧਿਆਣਾ,
ਫੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ।[74]

ਭਾਈ ਕਾਨ੍ਹ ਸਿੰਘ ਬੰਗਾ ਵਾਲੇ ਨੇ ਵੀ ਆਪਣੇ ਜੰਗਨਾਮੇ ਵਿਚ ਆਖਿਆ ਹੈ:

ਤਕੱਬੁਰ ਅਜ਼ ਜ਼ੀਲ ਰਾ ਖ਼੍ਵਾਰ ਦਰਦ,
ਬਜ਼ਿਦਾਨਿ ਲਾਨਤ ਗਰਿਫਤਾਰ ਕਰਦ ।[75]

ਕਵੀ ਨੇ ਇਸ ਜੰਗਨਾਮੇ ਦੇ ਇਤਿਹਾਸ ਪੱਖ ਦੀ ਹਰੇਕ ਨਿੱਕੀ ਨਿੱਕੀ ਗੱਲ ਵਲ ਵੀ ਕਾਫੀ ਧਿਆਨ ਦਿੱਤਾ ਹੈ। ਇਸ ਪਹਿਲੀ ਲੜਾਈ ਸਮੇਂ ਸੁਲਤਾਨ ਮੁਹੰਮਦ ਅਤੇ ਉਸ ਦਾ ਪੁੱਤਰ ਸੁਲਤਾਨ ਅਹਿਮਦ ਹਜ਼ਾਰੇ ਦੀ ਮੁਹਿੰਮ ਤੇ ਗਏ ਹੋਏ ਸਨ। ਉਨ੍ਹਾਂ ਦਾ ਤੋਪਖਾਨਾ ਸਤਲੁਜ ਵਲ ਭੇਜਿਆ ਜਾ ਰਿਹਾ ਸੀ। ਇਸ ਲਈ ਕਵੀ ਨੇ ਕੇਵਲ ਇਹ ਹੀ ਲਿਖਿਆ ਹੈ।

ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ।[76]

ਬੰਦ ਨੰਬਰ ਚੌਹਟ ਤੇ ਪੈਂਹਟ ਵਿਚ ਦਰਜ ਅੰਗਰੇਜ਼ਾਂ ਤੇ ਸਿੰਘਾਂ ਦਾ ਆਪੋ ਵਿਚਲਾ ਪੱਤਰ-ਵਿਹਾਰ ਨਹੀਂ ਹੋਇਆ ਸੀ। ਇਹ ਗੱਲ ਸ਼ਾਹ ਮੁਹੰਮਦ ਨੇ ਦੋਹਾਂ ਧਿਰਾਂ ਦੇ ਯੁੱਧ ਤੋਂ ਪਹਿਲਾਂ ਵਿਚਾਰ ਅਤੇ ਪੈਂਤੜੇ ਨੂੰ ਦਰਸਾਉਣ ਲਈ ਆਪਣੀ ਕਲਪਨਾ ਤੋਂ ਘੜੀ ਹੈ। ਇਸ ਤੋਂ ਪਿਛੋਂ ਯੁੱਧ ਦਾ ਸਾਰਾ ਹਾਲ ਕਵੀ ਨੇ ਇਤਿਹਾਸਕ ਤੌਰ ਤੇ ਠੀਕ ਲਿਖਿਆ ਹੈ।

ਡਾ. ਗੰਡਾ ਸਿੰਘ ਅਤੇ ਉਨ੍ਹਾਂ ਦੇ ਹਮਖਿਆਲ ਵਿਦਵਾਨ ਸ਼ਾਹ ਮੁਹੰਮਦ ਦੇ ਮਹਾਰਾਣੀ ਜਿੰਦਾਂ ਦੀ ਨਿੰਦਿਆ ਵਾਲੇ ਬੰਦਾਂ ਨੂੰ ਚੰਗਾ ਨਹੀਂ ਸਮਝਦੇ ਅਤੇ ਇਨ੍ਹਾਂ ਨੂੰ ਗੈਰ-ਇਤਿਹਾਸਕ ਆਖਦੇ ਹਨ। ਪਰੰਤੂ ਬਾਅਦ ਵਿਚ ਮਹਾਰਾਣੀ ਜਿੰਦਾਂ ਦਾ ਰੋਲ ਭਾਵੇਂ ਕਿੰਨਾ ਰਾਸ਼ਟਰਵਾਦੀ ਜਾਂ ਦੇਸ਼ ਹਿਤੈਸ਼ੀ ਹੋ ਗਿਆ ਹੋਵੇ, ਇਸ ਰਚਨਾ ਦੇ ਰਚੇ ਜਾਣ ਸਮੇਂ ਉਹ ਆਮ ਜਨਤਾ ਵਿਚ ਦੇਸ਼ ਧਰੋਹੀ ਦੇ ਤੌਰ ਤੇ ਬਦਨਾਮ ਸੀ। ਇਸ ਬਾਰੇ ਕਵੀ ਨੇ ਲਿਖਿਆ ਹੈ:-

ਲਏ ਤੁਰਤ ਮੁਸਾਹਿਬ ਲਪੇਟ ਰਾਣੀ,
ਲਸ਼ਕਰ ਵਿਚ ਦਰਿਆ ਦੇ ਰੋੜ੍ਹਿਆ ਈ।
ਸ਼ਾਹ ਮੁਹੰਮਦਾ ਕਰੇ ਜਹਾਨ ਗੱਲਾਂ

ਉਹਨਾਂ ਕੁਫ਼ਰ ਮੁਦਈ ਦਾ ਤੋੜਿਆ ਈ।[77]

ਸਮੁੱਚੇ ਤੌਰ ਤੇ ਸ਼ਾਹ ਮੁਹੰਮਦ ਇਤਿਹਾਸ ਦੇ ਵਧੇਰੇ ਨੇੜੇ ਰਿਹਾ ਹੈ। ਆਮ ਪਾਠਕ ਨੂੰ ਸ਼ਾਹ ਮੁਹੰਮਦ ਇਕ ਨਿਰਪੇਖ ਇਤਿਹਾਸਕਾਰ ਵਾਂਗ ਜਾਪਦਾ ਹੈ ਪਰੰਤੂ ਜੇ ਧਿਆਨ ਨਾਲ ਵੇਖਿਆ ਜਾਏ ਤਾਂ ਉਹ ਬੇ-ਪੈਂਦੇ ਦਾ ਲੋਟਾ ਸਿੱਧ ਹੁੰਦਾ ਹੈ। ਜਿਹੜਾ ਕਦੀ ਇਧਰ ਲੁੜ੍ਹਕ ਜਾਂਦਾ ਹੈ ਕਦੀ ਉਧਰ। ਉਹ ਹਰ ਧੜੇ ਦੀ ਬੁਰਾਈ ਵੀ ਕਰਦਾ ਹੈ ਤੇ ਸ਼ਲਾਘਾ ਵੀ। ਅਸਲ ਵਿਚ ਸ਼ਾਹ ਮੁਹੰਮਦ ਦੀ ਨਿਰਪੱਖਤਾ ਦਾ ਇਕ ਸਭ ਤੋਂ ਵੱਡਾ ਕਾਰਣ ਇਹ ਵੀ ਹੈ ਕਿ ਅੰਗਰੇਜ਼ਾਂ ਤੇ ਸਿੰਘਾਂ ਨੇ ਰਾਜ ਮੁਸਲਮਾਨਾਂ ਤੋਂ ਖੋਹਿਆ ਸੀ। ਇਸ ਲਈ ਮੁਸਲਮਾਨ ਜਨਤਾ ਨੂੰ ਕੋਈ ਫਰਕ ਨਹੀਂ ਸੀ ਪੈਂਦਾ ਭਾਵੇਂ ਸਿੰਘ ਜਿੱਤਣ ਜਾਂ ਅੰਗਰੇਜ਼। ਭਾਵੇਂ ਸ਼ਾਹ ਮੁਹੰਮਦ ਨੇ ਹਿੰਦੂ-ਮੁਸਲਮਾਨਾਂ ਦੀ ਸਾਂਝ ਦੇ ਟੁੱਟਣ ਨੂੰ ਮਹਿਸੂਸਿਆ ਹੈ, ਫੇਰ ਵੀ ਇਕ ਸਾਧਾਰਣ ਮੁਸਲਮਾਨ ਇਸ ਇਤਿਹਾਸਕ ਸੰਕਟ ਸਮੇਂ ਜਜ਼ਬਾਤੀ ਤੌਰ ਤੇ ਅਭਿੱਜ ਹੀ ਰਿਹਾ ਸੀ। ਇਹੋ ਕਾਰਨ ਹੈ ਕਿ ਸਤਲੁਜ ਦੇ ਸਾਕੇ ਮਗਰੋਂ ਜਦੋਂ ਜੇਤੂ ਅੰਗਰੇਜ਼ ਫੌਜਾਂ ਲਾਹੌਰ ਵਿਚ ਦਾਖਲ ਹੋਈਆਂ ਤਾਂ ਅਗੋਂ ਪਠਾਣਾਂ ਨੇ ਉਨ੍ਹਾਂ ਨੂੰ ਜੀ-ਆਇਆਂ ਆਖਿਆ:-

ਅਗੋਂ ਸਭ ਪਠਾਣ ਲੈ ਮਿਲੇ ਨਜ਼ਰਾਂ ।[78]

ਦੂਜੀ ਗੱਲ ਇਹ ਹੈ ਕਿ ਅੰਗਰੇਜ਼ਾਂ ਦਾ ਰਾਜ ਕਾਇਮ ਹੋ ਚੁੱਕਾ ਸੀ। ਇਸ ਲਈ ਕਵੀ ਉਨ੍ਹਾਂ ਦੀ ਨਿੰਦਿਆ ਕਰਨ ਤੋਂ ਡਰਦਾ ਸੀ। ਇਸੇ ਤਰ੍ਹਾਂ ਹੀ ਹਾਰੇ ਹੋਏ ਸੰਧਾਵਾਲੀਏ, ਡੋਗਰੇ ਤੇ ਮੁਸਲਮਾਨ ਸਰਦਾਰਾਂ ਆਦਿ ਨੇ ਹੁਣ ਅੰਗਰੇਜ਼ੀ ਰਾਜ ਵਿਚ ਮਿਲਜੁਲ ਕੇ ਇਕੱਠੇ ਰਹਿਣਾ ਸੀ। ਕਵੀ ਨੇ ਵੀ ਰੋਜ ਉਨ੍ਹਾਂ ਦੇ ਸੰਪਰਕ ਵਿਚ ਆਉਣਾ ਸੀ। ਇਸ ਲਈ ਉਸਨੇ ਕਿਸੇ ਨੂੰ ਵੀ ਸ਼ੈਤਾਨ ਦੇ ਰੂਪ ਵਿਚ ਪੇਸ਼ ਨਹੀਂ ਕੀਤਾ। ਜੇ ਉਹ ਇਸ ਚਾਲ ਤੋਂ ਕੰਮ ਨਾ ਲੈਂਦਾ ਤਾਂ ਉਹ ਕਿਸੇ ਵੀ ਧੜੇ ਦੇ ਕ੍ਰੋਧ ਦਾ ਸ਼ਿਕਾਰ ਹੋ ਸਕਦਾ ਸੀ, ਹਾਂ ਉਸਨੇ ਆਪਣਾ ਸਾਰਾ ਨਜ਼ਲਾ ਮਹਾਰਾਣੀ ਜਿੰਦਾਂ ਉਤੇ ਡੇਗਿਆ ਹੈ, ਕਿਉਂ ਜੋ ਸਤਲੁਜ ਤੇ ਪੰਜਾਬੀਆਂ ਦੇ ਘਾਣ ਕਰਵਾਉਣ ਵਾਲੀ ਮਹਾਰਾਣੀ ਜਿੰਦਾਂ ਤੇ ਉਸ ਦੇ ਸਾਥੀ ਹੀ ਸਨ। ਮਹਾਰਾਣੀ ਜਿੰਦਾਂ ਇਸ ਸਮੇਂ ਬੇਵਸ ਅਤੇ ਅੰਗਰੇਜ਼ਾਂ ਦੇ ਪੰਜੇ ਵਿਚ ਸੀ ਅਤੇ ਕਿਸੇ ਨੂੰ ਵੀ ਕੋਈ ਲਾਭ-ਹਾਣ ਪਹੁੰਚਾਉਣ ਦੀ ਹਾਲਤ ਵਿਚ ਨਹੀਂ ਸੀ।

ਇਸ ਲਈ ਸਮੁੱਚੇ ਤੌਰ ਤੇ ਵੇਖਿਆਂ ਇਹ ਕਹਿਣਾ ਉਚਿਤ ਹੈ ਕਿ ਸ਼ਾਹ ਮੁਹੰਮਦ ਨੇ ਇਸ ਜੰਗਨਾਮੇ ਵਿਚ ਆਪਣੀ ਰਾਜਨੀਤਕ ਚੇਤਨਾ ਨੂੰ ਘਾਇਲ ਨਹੀਂ ਕੀਤਾ ਸਗੋਂ ਉਹ

ਇਤਿਹਾਸ ਦੇ ਚਰਨ ਚਿੰਨ੍ਹਾਂ ਤੇ ਹੀ ਚਲਿਆ ਹੈ।

(ੲ) ਸ਼ਾਹ ਮੁਹੰਮਦ ਦੀ ਰਾਜਨੀਤਕ ਚੇਤਨਾ ਦਾ ਅਜੋਕੇ ਪਰਿਪੇਖ ਵਿਚ ਵਿਸ਼ਲੇਸ਼ਣ:-

1849 ਈ: ਵਿਚ ਪੰਜਾਬ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਅਧੀਨ ਹੋ ਗਿਆ। ਪੰਜਾਬੀਆਂ ਦੇ ਮਨਾਂ ਵਿਚ ਆਪਣਾ ਆਜ਼ਾਦ ਰਾਜ ਖੁੱਸ ਜਾਣ ਕਾਰਨ ਇਕ ਨਿਰਾਸ਼ਾ ਜਿਹੀ ਭਰ ਗਈ ਅਤੇ ਰਹਿੰਦੀ ਕਸਰ 1857 ਦੇ ਗੱਦਰ ਦੇ ਫੇਲ ਹੋ ਜਾਣ ਨੇ ਪੂਰੀ ਕਰ ਦਿੱਤੀ। ਰਾਜ ਤਾਂ ਖੁੱਸ ਹੀ ਚੁੱਕਾ ਸੀ ਹੁਣ ਭਾਰਤੀ ਧਰਮਾਂ ਉਤੇ ਜੇਤੂਆਂ ਦੇ ਧਰਮ ਵਲੋਂ ਟਕੋਰਾਂ ਵੀ ਹੋਣ ਲਗ ਪਈਆਂ ਸਨ। ਹਰ ਉਚਿਤ ਤੇ ਅਨੁਚਿਤ ਢੰਗ ਨਾਲ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਈਸਾਈ ਬਣਾਇਆ ਜਾ ਰਿਹਾ ਸੀ। ਇਸ ਗੱਲ ਨੇ ਪੰਜਾਬੀਆਂ ਦੇ ਸੁਹਿਰਦ ਮਨਾਂ ਉਤੇ ਹੋਰ ਵੀ ਡੂੰਘੀ ਸੱਟ ਮਾਰੀ। ਇਸ ਸਮੇਂ ਦੇ ਪੰਜਾਬੀ ਕਵੀਆਂ ਦਾ ਮਨ ਕੇਵਲ ਇਸ਼ਕ-ਮੁਸ਼ਕ ਦੇ ਕਿੱਸੇ ਲਿਖਣ ਤੱਕ ਹੀ ਸੀਮਤ ਨਾ ਰਿਹਾ ਸਗੋਂ ਆਪਣੇ ਪ੍ਰਾਚੀਨ ਧਰਮ, ਇਤਿਹਾਸ, ਸੰਸਕ੍ਰਿਤੀ ਅਤੇ ਸਾਹਿਤ ਵਲ ਵੀ ਜਾਣ ਲਗ ਪਿਆ ਸੀ, ਜਿਸ ਦਾ ਕਾਰਨ ਵੀ ਧਾਰਮਿਕ ਸਮਾਜਿਕ ਪੁਨਰ-ਜਾਗ੍ਰਿਤੀ ਅਤੇ ਰਾਜਸੀ ਸੋਝੀ ਹੀ ਸੀ।

ਵੀਹਵੀਂ ਸਦੀ ਦੇ ਆਰੰਭ ਦਾ ਸਮਾਂ ਪੰਜਾਬ ਦੇ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਨ ਸਮਾਂ ਹੈ। ਇਸ ਕਾਲ ਵਿਚ ਪੰਜਾਬ ਨੇ ਰਾਜਨੀਤਕ, ਸਮਾਜਿਕ, ਧਾਰਮਿਕ ਤੇ ਵਿਦਿਅਕ ਹਰ ਪੱਖੋਂ ਜਾਗ੍ਰਿਤੀ ਪ੍ਰਾਪਤ ਕੀਤੀ। ਇਸ ਸਮੇਂ ਨੂੰ ਅਸੀਂ ਉਬਾਲ ਤੇ ਟਕਰਾ ਦਾ ਸਮਾਂ ( Age of Ferment and conflicts ) ਆਖ ਸਕਦੇ ਹਾਂ। ਇਸ ਵੇਲੇ ਪੁਰਾਣੇ ਵਿਸ਼ਵਾਸ ਢੇਰੀ ਹੋਣ ਲਗੇ ਅਤੇ ਉਨ੍ਹਾਂ ਦੀ ਥਾਂ ਨਵੇਂ ਸਮਾਜਿਕ ਪ੍ਰਬੰਧ ਨੇ ਲੈਣੀ ਆਰੰਭ ਕਰ ਦਿੱਤੀ। 'ਪੱਤਝੱੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਏ' - ਲੋਕ ਗੀਤ ਦੀ ਇਹ ਤੁਕ ਇਸੇ ਸਮਾਜਿਕ ਸਚਾਈ ਨੂੰ ਪ੍ਰਗਟ ਕਰਦੀ ਹੈ।

1905 ਈ: ਵਿਚ ਸੰਸਾਰ ਦੇ ਪਰਦੇ ਉਤੇ ਇਕ ਹੋਰ ਵੱਡੀ ਘਟਨਾ ਵਾਪਰੀ। ਜਾਪਾਨ ਨੇ ਜੋ ਕਿ ਏਸ਼ੀਆ ਦਾ ਇਕ ਛੋਟਾ ਜਿਹਾ ਮੁਲਕ ਹੈ, ਰੂਸ ਵਰਗੇ ਸ਼ਕਤੀਸ਼ਾਲੀ ਯੂਰਪੀ ਦੇਸ਼ ਉਤੇ ਫਤਹਿ ਪਾ ਲਈ ਅਤੇ ਉਸ ਦੀ ਪੋਰਟ ਆਰਥਰ ਉਤੇ ਕਬਜ਼ਾ ਕਰ ਲਿਆ। ਇਸ ਘਟਨਾ ਨੇ ਏਸ਼ੀਆ ਵਿਚ ਆਮ ਤੌਰ ਤੇ ਅਤੇ ਹਿੰਦੁਸਤਾਨ ਵਿਚ ਖਾਸ ਤੌਰ ਤੇ ਇਕ ਖੁਸ਼ੀ ਦੀ ਲਹਿਰ ਦੌੜਾ ਦਿੱਤੀ। ਲੋਕਾਂ ਦੇ ਦਿਲਾਂ-ਦਿਮਾਗਾਂ ਤੇ ਇਸ ਗੱਲ ਨੇ ਡੂੰਘਾ ਅਸਰ ਪਾਇਆ। ਉਹ ਸੋਚਣ ਲਗੇ ਕਿ ਜਦ ਜਾਪਾਨ ਵਰਗਾ ਲਘੂ ਦੇਸ਼ ਰੂਸ ਵਰਗੇ

ਵਿਸ਼ਾਲ ਦੇਸ਼ ਉਤੇ ਫਤਹਿ ਪਾ ਸਕਦਾ ਹੈ ਤਾਂ ਅਸੀਂ ਇੰਗਲੈਂਡ ਦੀ ਗੁਲਾਮੀ ਦਾ ਜੂਲਾ ਕਿਉਂ ਨਹੀਂ ਲਾ ਸਕਦੇ। ਭਾਰਤ ਦੇ ਕੋਨੇ-ਕੋਨੇ ਵਿਚ ਬਾਲਗੰਗਾਧਰ ਤਿਲਕ, ਬਿਪਨ ਚੰਦਰ ਪਾਲ ਅਤੇ ਲਾਲਾ ਲਾਜਪਤ ਰਾਏ ਦੀ ਯੋਗ ਅਗਵਾਈ ਹੇਠ ਅੰਗਰੇਜ਼ਾਂ ਵਿਰੁੱਧ ਨਫਰਤ ਦੀ ਅੱਗ ਭੜਕ ਉਠੀ। ਇਸੇ ਸਮੇਂ ਪੰਜਾਬ ਦੇ ਬਾਰ . ਦੇ ਇਲਾਕੇ ਵਿਚ ਅੰਗਰੇਜ਼ਾਂ ਨੇ ਜ਼ਮੀਨਾਂ ਬਾਰੇ ਇਕ ਨਵਾਂ ਕਾਨੂੰਨ ਪਾਸ ਕੀਤਾ ਜਿਸ ਦੇ ਵਿਰੁੱਧ ਉਥੋਂ ਦੇ ਕਿਰਤੀ ਅਤੇ ਕਿਸਾਨਾਂ ਨੇ ਇਕ ਜਬਰਦਸਤ ਅੰਦੋਲਨ ਖੜਾ ਕਰ ਦਿੱਤਾ। ਇਸ ਕਾਨੂੰਨ ਦੀ ਆੜ ਵਿਚ ਭਾਰਤੀਆਂ ਨੇ ਆਜ਼ਾਦੀ ਦੀ ਲੜਾਈ ਗਰਮ ਕਰ ਦਿੱਤੀ।[79]

ਪੰਜਾਬੀ ਕਵੀਆਂ ਤੇ ਸਾਹਿਤਕਾਰਾਂ ਦੇ ਮਨ ਵਿਚ ਮਾਤ-ਭਾਸ਼ਾ ਲਈ ਲੋਹੜੇ ਦਾ ਦਰਦ ਸੀ। ਪੰਜਾਬ ਦੀ ਉਨਤੀ ਲਈ ਇਕ ਲਹਿਰ ਖੜੀ ਹੋ ਗਈ। ਇਸ ਲਹਿਰ ਵਲੋਂ ਪ੍ਰਚਾਰ ਦਾ ਸਭ ਤੋਂ ਵੱਡਾ ਸਾਧਨ ਕਵਿਤਾ ਅਤੇ ਕਵੀ-ਦਰਬਾਰ ਮਿਥੇ ਗਏ। ਡਾ. ਸੁਰਿੰਦਰ ਸਿੰਘ ਕੋਹਲੀ ਦੇ ਵਿਚਾਰ ਅਨੁਸਾਰ ਸਿੰਘ ਸਭਾ ਅਤੇ ਬਾਅਦ ਵਿਚ ਅਕਾਲੀ ਲਹਿਰ ਤੋਂ ਛੁੱਟ ਹੋਰ ਕਿਸੇ ਵੀ ਲਹਿਰ ਨੇ ਪੰਜਾਬੀ ਕਾਵਿ ਉਤੇ ਸਿੱਧਾ ਅਸਰ ਬਹੁਤ ਘੱਟ ਪਾਇਆ। ਪਰ ਲੋਕਾਂ ਦੇ ਖਿਆਲਾਂ ਨੇ ਸਾਹਿਤਕ ਝੁਕਾਅ ਵਿਚ ਕਾਫੀ ਵਟਾਉ ਲਿਆਂਦਾ। ਸਿੰਘ ਸਭਾ ਦਾ ਅਸਰ ਵੀਰ ਸਿੰਘ, ਮੋਹਨ ਸਿੰਘ ਵੈਦ, ਸ. ਚਰਨ ਸਿੰਘ ਆਦਿ ਤੇ ਰੂਪਮਾਨ ਹੋਇਆ।[80]

ਭਾਈ ਭਗਵਾਨ ਸਿੰਘ ਪ੍ਰੀਤਮ, ਗਦਰ ਗੂੰਜਾਂ ਸਮੇ ਦਾ ਇਕ ਪ੍ਰਸਿੱਧ ਰਾਜਨੀਤਕ ਆਗੂ ਅਤੇ ਕਵੀ ਹੈ। ਇਸ ਦੀਆਂ ਕਵਿਤਾਵਾਂ ਵਿਚ ਵੀ ਦੇਸ਼ ਲਈ ਤੜਪ ਅਤੇ ਅੰਗਰੇਜ਼ਾਂ ਲਈ ਨਫਰਤ ਭਰੀ ਮਿਲਦੀ ਹੈ। ਗਿਆਨੀ ਹੀਰਾ ਸਿੰਘ ਦਰਦ ਦੇ ਅਨੁਸਾਰ ਭਾਈ ਭਗਵਾਨ ਸਿੰਘ ਦਾ ਉਪਨਾਮ 'ਪ੍ਰੀਤਮ' ਹੈ।[81] 'ਪ੍ਰੀਤਮ' ਭਾਰਤ ਦੇ ਲਾਲਾਂ ਦੀ ਗੁਲਾਮ ਦਸ਼ਾ ਨੂੰ ਵੇਖ ਕੇ ਦਿਲ ਦੇ ਹੰਝੂ ਕੇਰ ਰਿਹਾ ਹੈ:

ਜੇਕਰ ਮਾਪਿਆਂ ਨੂੰ ਪੁੱਤਰ ਹੋਨ ਪਿਆਰੇ,
ਭਾਰਤਵਰਸ਼ ਦੀ ਅਸੀਂ ਸੰਤਾਨ ਕਿਉਂ ਨੀ।
ਜੇਕਰ ਕੰਵਲ ਵਰਗੀ ਸਾਡੀ ਜ਼ਿੰਦਗੀ ਹੈ,
ਸੂਰਜ ਵਾਂਗ ਰੋਸ਼ਨ ਹਿੰਦੁਸਤਾਨ ਕਿਉਂ ਨੀ।
.... ..... .....

ਕਰੋ ਆਪ ਹਿੰਮਤ ਕੰਮ ਸੌਰ ਜਾਸੀ,
ਪ੍ਰੀਤਮ ਪਿਆਰ ਪਾ ਕੇ ਦਿੰਦਾ ਜਾਨ ਕਿਉਂ ਨੀ।[82]

'ਇਕਬਾਲ' ਸੁਖਨ ਹੇਠ ਲਿਖੀਆਂ ਕਵਿਤਾਵਾਂ 'ਉਕਤ ਗਦਰ ਗੂੰਜ ਨੰ:6 ਵਿਚ ਦਰਜ ਹਨ। 'ਇਕਬਾਲ' ਡਾ. ਭਾਗ ਸਿੰਘ ਦਾ ਉਪਨਾਮ ਸੀ।[83] ਇਸਦੀ ਕਵਿਤਾ 'ਪ੍ਰੀਤਮ' ਜੀ ਦੀ ਕਵਿਤਾ ਵਾਂਗ ਹੀ 'ਗੁਲਾਮ' ਅਤੇ 'ਗਦਰੀ' ਵਲੋਂ ਤਿੰਨ ਹਮਲਿਆਂ ਤੇ ਤਿੰਨ ਜਵਾਬਾਂ ਦੇ ਰੂਪ ਵਿਚ ਦਰਜ ਹੈ। ਉਵੇਂ ਹੀ ਦੋਹਰਾ ਤੇ ਕੋਰੜਾ ਛੰਦ ਹੈ, ਸ਼ਬਦ-ਯੋਜਨਾ ਅਤੇ ਜੋਸ਼ ਉਸੇ ਵਰਗਾ ਹੀ ਹੈ। ਹੇਠਾਂ ਇਕ ਦੋਹਰਾ ਮਿਸਾਲ ਵਜੋਂ ਦਿੱਤਾ ਜਾਂਦਾ ਹੈ:

ਵੱਡਾ ਉਚ ਖਿਆਲ ਤੂੰ ਵੱਡਾ ਤੇਰਾ ਦਿਲ,
ਪਰ ਆਜ਼ਾਦੀ ਦੇਸ਼ ਨੂੰ ਜਾਊ ਕੀਕੂੰ ਮਿਲ ।[84]

ਇਨ੍ਹਾਂ ਤੋਂ ਛੁੱਟ ਬਹੁਤ ਸਾਰੇ ਗਦਰੀ ਕਵੀ ਹੋਏ ਹਨ ਜਿਨ੍ਹਾਂ ਨੇ ਰਾਜਨੀਤੀ ਨੂੰ ਪ੍ਰਭਾਵਿਤ ਕਰਦੀ ਹੋਈ ਕਵਿਤਾ ਲਿਖੀ ਪਰ ਉਨ੍ਹਾਂ ਦਾ ਨਾਂ ਜਾਂ ਪਤਾ ਅੱਜ ਤੀਕ ਸਾਡੇ ਪਾਸ ਨਹੀ ਪਹੁੰਚਿਆ। ਇਹ ਲੋਕ ਆਪਣਾ ਫਰਜ਼ੀ ਨਾ ਹੀ ਲਿਖਿਆ ਕਰਦੇ ਸਨ ਜਾਂ ਬਿਨਾਂ ਕਿਸੇ ਨਾਂ ਤੋਂ ਹੀ ਆਪਣੀ ਰਚਨਾਛਾਪ ਦਿਆ ਕਰਦੇ ਸਨ।

ਇਸ ਸਮੇ ਕੈਨੇਡਾ ਉਤੇ ਵੀ ਅੰਗਰੇਜ਼ਾਂ ਦਾ ਰਾਜ ਸੀ। ਉਨ੍ਹਾਂ ਨੇ ਸਭ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚੋਂ ਕੱਢ ਦੇਣ ਲਈ ਕਾਨੂੰਨ ਬਣਾਏ। ਇਨ੍ਹਾਂ ਕਾਨੂੰਨਾਂ ਦਾ ਮੁਕਾਬਲਾ ਕਰਨ ਲਈ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ( ਹੁਸ਼ਿਆਰਪੁਰ) ਨੇ 1910 ਈ: ਵਿਚ 'ਸੁਦੇਸ਼ ਸੇਵਕ' ਨਾਂ ਦਾ ਪੰਜਾਬੀ ਅਖਬਾਰ ਕੱਢਿਆ। ਸਰਕਾਰ ਨੇ ਬਾਬੂ ਹਰਨਾਮ ਸਿੰਘ ਨੂੰ ਜਲਾਵਤਨ ਕਰ ਦਿੱਤਾ। ਉਹ ਅਮਰੀਕਾ ਸਿਆਟਲ ਸ਼ਹਿਰ ਵਿਚ ਜਾ ਟਿਕੇ। ਤੇਵ ਦੂ ਸਾਲ ਪਰਚਾ ਛਪ ਕੇ ਬੰਦ ਹੋ ਗਿਆ। ਬਾਬੂ ਜੀ 1916 ਈ: ਵਿਚ ਮਾਂਡਲੇ ਕੌਸਪ੍ਰੇਸੀ ਕੇਸ ਵਿਚ ਫਾਂਸੀ ਦੇ ਕੇ ਸ਼ਹੀਦ ਕੀਤੇ ਗਏ। 'ਸੁਦੇਸ਼ ਸੇਵਕ' ਵਿਚੋਂ ਕਵਿਤਾ ਦਾ ਨਮੂਨਾ ਹਾਜ਼ਰ ਹੈ:-

1. ਬੈਂਤ:-

ਕਾਮ ਅਕਲ ਦਾ ਕਰਨ ਅੰਗਰੇਜ਼ ਸਾਰੇ,
ਨਹੀਂ ਇਨ੍ਹਾਂ ਦੇ ਤੁਲ ਕੋਈ ਹੋਰ ਬੇਲੀ।

ਨਾਲ ਆਸਰੇ ਕੌਮ ਨੂੰ ਕੱਢ ਲੈਂਦੇ,
ਨਹੀਂ ਪਾਂਵਦੇ ਹੈਂ ਕਦੇ ਸ਼ੋਰ ਬੋਲੀ ।

2. ਕੋਰਸ:- ਆਖਦਾ ਹੈ ਦਾਸ ਜੋ ਮੁੱਖ ਪੁਕਾਰ ਕੇ,
ਸਿਖ ਲਵੋ ਵਿਦਿਆ ਦਲੀਲ ਧਾਰ ਕੇ।
ਗਿਣਤੀ ਵਿਚ ਇੰਡੀਆ ਬੜਾ ਕਹਾ ਗਿਆ,
ਵਿਦਿਆ ਦੇ ਵਿਚ ਸਾਰੇ ਹਾਰ ਖਾ ਗਿਆ।

3.

ਮਰਨ ਭਲਾ ਹੈ ਉਸ ਕਾ ਜੋ ਅਪਨੇ ਲੀਏ ਜੀਏ,
ਜੀਤਾ ਹੈ ਵੋਹ ਜੋ ਮਰ ਚੁਕਾ ਹੈ ਇਨਸਾਨ ਕੇ ਲੀਏ।[85]

ਇਨ੍ਹਾਂ ਕਵਿਤਾਵਾਂ ਵਿਚ ਹਿੰਦੋਸਤਾਨੀ ਮਜ਼ਦੂਰਾਂ ਅੰਦਰ ਜਾਗ ਰਹੀ ਕੌਮੀ ਭਾਵਨਾ ਤੇ ਵਿਦਿਅਕ ਚੇਤਨਾ ਦੀ ਸੁਰ ਉੱਚੀ ਹੈ ਅਤੇ ਪਤਾ ਲਗਦਾ ਹੈ ਕਿ ਕਿਵੇਂ ਉਹ ਨਵੀਂ ਵਪਾਰਕ ਉਨਤੀ ਦੀ ਦਿਸ਼ਾ ਤੇ ਸਾਇੰਟੇਫਿਕ ਟੈਕਨਾਲੌਜੀ ਤੋਂ ਸੁਚੇਤ ਹੋ ਰਹੇ ਸਨ। ਉਹ ਜਿਸਮਾਨੀ ਤਾਕਤ ਨਾਲੋਂ ਅਕਲ ਤੇ ਵਿਦਿਆ ਨੂੰ ਤਰਜੀਹ ਦੇਣ ਲਗ ਪਏ ਸਨ ਤੇ ਗੋਰਿਆਂ ਹੱਥੋਂ ਹੋਈ ਬਦਸਲੂਕੀ ਦੇ ਕਾਰਨ ਉਹ ਆਪਣੀ ਬੇ-ਇਲਮੀ ਤੇ ਬੇ-ਇਤਫ਼ਾਕੀ ਵਿਚੋਂ ਲਭਣ ਲਗ ਪਏ ਸਨ। ਨਵੇਂ ਮਸ਼ੀਨੀ ਯੁੱਗ ਨੇ ਉਨ੍ਹਾਂ ਦੇ ਗਿਆਨ ਵਿਚ ਵਾਧਾ ਕੀਤਾ ਤੇ ਪੱਛਮੀ ਆਜ਼ਾਦ ਔਰਤ ਨੇ ਇਸਤਰੀ ਪ੍ਰਤੀ ਸਤਿਕਾਰ ਦੀ ਭਾਵਨਾ ਵੀ ਪੈਦਾ ਕੀਤੀ।

ਜਿੰਨੀਆਂ ਵੀ ਕਵਿਤਾਵਾਂ 'ਸੰਸਾਰ' ਵਿਚ ਛਪੀਆਂ ਹਨ, ਉਹ ਸਭ ਐਡੀਟਰ ਕਰਤਾਰ ਸਿੰਘ ਹੁੰਦਲ ਨੇ 'ਅਕਾਲੀ' ਤਖੱਲਸ ਹੇਠਾਂ ਲਿਖੀਆਂ ਹਨ। ਨਮੂਨੇ ਦੇ ਤੌਰ ਤੇ ਇਕ ਕਵਿਤਾ ਹੈ, ਜਿਸ ਵਿਚ ਸਾਮਰਾਜ ਦੀ ਗੁਲਾਮੀ ਤੋਂ ਨਫ਼ਰਤ, ਉਸ ਤੋਂ ਵਿਦਰੋਹ ਦੇ ਸੰਕੇਤ ਤੇ ਆਪੋ ਵਿਚ ਇਕਮੁੱਠ ਹੋਣ ਦਾ ਸੰਦੇਸ਼ ਮਿਲਦਾ ਹੈ:-

ਆਈ ਤਾਰ ਅਫ਼ਰੀਕਾ ਤੋਂ ਅੱਜ ਸਾਨੂੰ,
ਵੀਰਾਂ ਕਾਰ ਵਿਹਾਰ ਨੂੰ ਛੱਡਿਆ ਹੈ।
ਜ਼ੁਲਮ ਤੇ ਇਨਸਾਫ਼ ਦੇ ਪਰਖਣੇ ਨੂੰ,
ਡਾਢਾ ਮੋਰਚਾ ਸੂਰਿਆਂ ਗਡਿਆ ਹੈ।

.... .... .....

ਜਾਗ ਜਾਗ ਕਨੇਡਾ ਦੇ ਵੀਰ ਤੂੰ ਭੀ,
ਵੇਲਾ ਲੰਮੀਆਂ ਤਾਣ ਨਾ ਸੌਣ ਦਾ ਹੈ। 86

'ਗਦਰ' ਪਹਿਲੀ ਨਵੰਬਰ 1913 ਈ: ਨੂੰ ਸਾਨਫਰਾਂਸਿਸਕੋ ( ਕੈਲੇਫੋਰਨੀਆਂ) ਤੋਂ ਲਾਲਾ ਹਰਦਿਆਲ ਦੀ ਐਡੀਟਰੀ ਥੱਲੇ ਸ਼ੁਰੂ ਕੀਤਾ ਗਿਆ। ਇਸ ਪਰਚੇ ਵਿਚ ਪੂਰਨ ਆਜ਼ਾਦੀ ਦਾ ਪ੍ਰਚਾਰ ਹੁੰਦਾ ਤੇ ਹਥਿਆਰਬੰਦ ਹੋ ਕੇ ਅੰਗਰੇਜ਼ ਸਰਕਾਰ ਨੂੰ ਕੱਢਣ ਦੇ ਤਰੀਕੇ ਦੱਸੇ ਜਾਂਦੇ। ਹਿੰਦੁਸਤਾਨ ਤੋਂ ਬਾਹਰ ਰਹਿ ਰਹੇ ਫੌਜੀਆਂ, ਪੁਲਸੀਆਂ ਤੇ ਮਜ਼ਦੂਰਾਂ ਨੂੰ ਹਥਿਆਰ ਚੁੱਕ ਕੇ ਗਦਰ ਕਰਨ ਲਈ ਵੰਗਾਰਿਆ ਜਾਂਦਾ। ਇਸ ਤਰ੍ਹਾਂ ਇਸ ਅਖਬਾਰ ਦੀ ਦ੍ਰਿਸ਼ਟੀ ਰਾਸ਼ਟਰੀ ਆਜ਼ਾਦੀ ਤਕ ਸੀਮਤ ਨਾ ਰਹੀ, ਸਗੋਂ ਅੰਤਰ ਰਾਸ਼ਟਰੀ ਰੂਪ ਧਾਰਨ ਕਰ ਗਈ। ਇਸ ਅੰਤਰ-ਰਾਸ਼ਟਰੀ ਦ੍ਰਿਸ਼ਟੀ ਦੇ ਪ੍ਰਮਾਣ 'ਗਦਰ' ਦੇ ਵੱਖੋ-ਵੱਖਰੇ ਅੰਕਾਂ ਵਿਚ ਛਪਣ ਵਾਲੇ ਲੇਖਕ ਹਨ। ਜਿਵੇਂ - 'ਰੂਸੀ ਸ਼ਹੀਦਾਂ ਦੇ ਕਾਰਨਾਮੇ, 'ਆਇਰਸ਼ ਲੋਕਾਂ ਦੀ ਤਿਆਰੀ' ਚੀਨ ਵਿਚ ਗਦਰ ਆਦਿ। ਇਨ੍ਹਾਂ ਲੇਖਾਂ ਰਾਹੀਂ ਇਨਕਲਾਬੀ ਅਮਲ ਦੀ ਲੋੜ ਉਤੇ ਜ਼ੋਰ ਦਿੱਤਾ ਜਾਂਦਾ ਤੇ ਸੰਸਾਰ ਦੀ ਸਰਮਾਏਦਾਰੀ ਦੁਆਰਾ ਕੀਤੀ ਜਾਂਦੀ ਲੁੱਟ-ਖਸੁੱਟ ਨੂੰ ਰੋਕਣ ਲਈ ਹਥਿਆਰਬੰਦ ਗਦਰ ਕਰਨ ਲਈ ਵੰਗਾਰਿਆ ਜਾਂਦਾ।

ਇਸ ਸਮੇਂ ਦੌਰਾਨ 'ਗਦਰ' ਹਫ਼ਤਾਵਾਰੀ ਵਿਚ ਛਪਣ ਵਾਲੀ ਕਵਿਤਾ ਦੇ ਕੁਝ ਨਮੂਨੇ ਹੇਠਾਂ ਦਿੱਤੇ ਜਾਂਦੇ ਹਨ। ਜਿਨ੍ਹਾਂ ਵਿਚੋਂ ਇਸ ਕਵਿਤਾ ਦੇ ਰਚਣਹਾਰਿਆਂ ਦੀ ਗੈਰ-ਫਿਰਕੂ ਦ੍ਰਿਸ਼ਟੀ, ਕੌਮੀ ਤੇ ਕੌਮਾਂਤਰੀ ਭਾਵਨਾ, ਨਵੀਂ ਅੰਤਰ-ਰਾਸ਼ਟਰੀ, ਸਮਾਜਵਾਦੀ ਸੁਤੰਤਰਤਾ ਦੀ ਚੇਤਨਾ ਦਾ ਪਤਾ ਲਗਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਹਿੰਦੀਆਂ ਨੂੰ ਬਸਤੀਵਾਦੀ ਅੰਗਰੇਜ਼ ਹਕੂਮਤ ਦੇ ਮੋਹਰੇ ਬਣਨ ਤੋਂ ਰੋਕਿਆ ਗਿਆ ਹੈ, ਸਰਮਾਏਦਾਰੀ ਦੁਆਰਾ ਕੀਤੇ ਜਾਂਦੇ ਸ਼ੋਸ਼ਣ ਦਾ ਪਾਜ ਉਘੇੜਿਆ ਗਿਆ ਹੈ ਤੇ ਕੌਮੀ ਏਕਤਾ ਦੀ ਭਾਵਨਾ ਨੂੰ ਪ੍ਰਚੰਡ ਕਰਨ ਦੀ ਲੋੜ ਉਤੇ ਜੋਰ ਦਿੱਤਾ ਗਿਆ ਹੈ:

ਸਾਰੀ ਖਲਕ ਖੁਦਾਇ ਬੇਦਾਰ ਬੈਠੀ,
ਸੁੱਤਾ ਜਾਗਦਾ ਤੂੰ ਹਿੰਦੁਸਤਾਨ ਕਿਉਂ ਨਹੀਂ। 87

ਇਨ੍ਹਾਂ ਕਵਿਤਾਵਾਂ ਵਿਚ ਜਿਥੇ ਸਾਮਰਾਜੀ ਲੁੱਟ ਨੂੰ ਨੰਗਾ ਕੀਤਾ ਗਿਆ ਹੈ, ਉਥੇ ਇਸ ਲੁੱਟ ਦੇ ਖਿਲਾਫ਼ ਜਥੇਬੰਦ ਹੋਣ ਲਈ ਵੀ ਪ੍ਰੇਰਿਆ ਗਿਆ ਹੈ। ਇਸ ਲਈ ਇਨ੍ਹਾਂ ਕਵਿਤਾਵਾਂ

ਵਿਚ ਜੂਝਣ ਦੀ ਚੇਤਨਾ ਤੇ ਸਰਮਾਏਦਾਰੀ ਵਿਰੁੱਧ ਲਾਮਬੰਧ ਹੋਣ ਦੀ ਤਿਆਰੀ ਦੀ ਭਾਵਨਾ ਪ੍ਰਤੱਖ ਰੂਪ ਵਿਚ ਦੇਖੀ ਜਾ ਸਕਦੀ ਹੈ। ਕਰਤਾਰ ਸਿੰਘ ਸਰਾਭਾ ਦੀ ਹੇਠ ਲਿਖੀ ਕਵਿਤਾ ਇਸ ਨਜ਼ਰੀਏ ਤੋ ਵਧੀਆ ਕਵਿਤਾ ਹੈ:

ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ,
ਅੱਗ ਲਗੀ ਦੇਸ਼, ਨਾ ਸਹਾਰੋ ਧੁੱਪ ਜੀ।
ਬੁਝਣੀ ਇਹ ਤਾਂਹੀ ਹੈ ਸਰੀਰ ਤਜ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜੁ ਕੇ।[88]

ਗਦਰੀਆਂ ਦੁਆਰਾ ਰਚੀ ਕਵਿਤਾ ਰਾਜਨੀਤਕ ਪ੍ਰਤੀਬੱਧਤਾ ਦੀ ਕਵਿਤਾ ਹੈ। ਇਸ ਲਈ ਸਿਧਾਂਤਕ ਤੌਰ ਤੇ ਆਪਣੀ ਪਾਰਟੀ ਦੀਆਂ ਨੀਤੀਆਂ ਨਾਲ ਇਕਸੁਰ ਹੈ:

ਗਦਰ ਪਾਰਟੀ ਬੀੜਾ ਚੁਕਿਆ, ਹਿੰਦ ਆਜ਼ਾਦ ਕਰਾਵਣ ਦਾ।
ਆਓ ਸ਼ੇਰੋ ਗਦਰ ਮਚਾਈਏ, ਮੌਕਾ ਨਹੀਂ ਖੁੰਝਾਵਣ ਦਾ।[89]

'ਗਦਰ' ਅਖਬਾਰ ਵਿਚ ਪ੍ਰਕਾਸ਼ਿਤ ਬਹੁਤ ਸਾਰੀਆਂ ਕਵਿਤਾਵਾਂ 'ਗਦਰ ਦੀ ਗੂੰਜ' ਨਾਮ ਹੇਠ ਲੜੀਵਾਰ ਪ੍ਰਕਾਸ਼ਿਤ ਹੋਈਆਂ। ਨਿਰੰਜਣ ਸਿੰਘ ਪੰਡੋਰੀ ਨੇ 'ਹਿੰਦ ਸੇਵਕ' ਤਖੱਲਸ ਹੇਠ ਤੇ ਗੁਰਦੇਵ ਸਿੰਘ ਨੇ 'ਯਕਦਮ' ਤਖੱਲਸ ਅਧੀਨ ਕਵਿਤਾਵਾਂ ਲਿਖੀਆਂ। ਇਨ੍ਹਾਂ ਕਵਿਤਾਵਾਂ ਵਿਚ ਵੀ ਕੌਮੀ ਤੇ ਕੌਮਾਂਤਰੀ ਭਾਵਨਾ ਪ੍ਰਬਲ ਹੈ ਅਤੇ ਲੜਨ, ਜੂਝਣ ਤੇ ਕੁਰਬਾਨੀਆਂ ਦੇਣ ਦੀ ਪ੍ਰੇਰਨਾ ਦਿੱਤੀ ਗਈ ਹੈ। ਇਨ੍ਹਾਂ ਕਵਿਤਾਵਾਂ ਵਿਚ ਗਾਂਧੀ ਦੀ ਸ਼ਾਂਤਮਈ ਲਹਿਰ ਦੀ ਨੁਕਤਾਚੀਨੀ ਕੀਤੀ ਗਈ ਹੈ ਤੇ ਹਥਿਆਰਬੰਦ ਘੋਲ ਨੂੰ ਆਜ਼ਾਦੀ ਪ੍ਰਾਪਤ ਕਰਨ ਦਾ ਇਕੋ-ਇਕ ਵਸੀਲਾ ਮੰਨਿਆ ਗਿਆ ਹੈ। ਸ਼ਾਂਤਮਈ ਘੋਲ ਦਾ ਤਿਆਗ ਕਰਕੇ ਬੱਬਰ ਅਕਾਲੀਆਂ ਨੇ ਆਪਣਾ ਪ੍ਰੋਗਰਾਮ ਜਨਤਾ ਤਕ ਇਉਂਪਹੁੰਚਾਇਆ:-

ਝੋਲੀ ਚੁੱਕ ਮੂਲ ਨਹੀਂ ਛਡਣੇ,
ਕਰਨਾ ਜਲਦ ਸੁਧਾਰ ਬੀੜਾ ਪਕੜੋ ਸ਼ੇਰੋ।
ਫਿਰ ਸਾੜਾਂਗੇ ਪੁਲਸ ਚੌਕੀਆਂ,
ਕਰ ਬੰਬਾਂ ਦੀ ਮਾਰ, ਬੀੜਾ ਪਕੜੋ ਸ਼ੇਰੋ
ਲੈਣ ਪੁੱਟ ਕੇ ਟੇਸਣ ਸਾੜੋ,

ਕੱਟ ਦੇਵੋ ਫਿਰ ਤਾਰ, ਖੰਡਾ ਪਕੜੋ ਸ਼ੇਰੋ,
ਜਿਥੇ ਵੇਖੋ ਗੋਰਾ ਜਾਂਦਾ,
ਉਸ ਦਾ ਕਰੋ ਸ਼ਿਕਾਰ, ਖੰਡਾ ਪਕੜੋ ਸ਼ੇਰੋ ।
ਲੁੱਟ ਲਵੋ ਤੁਸੀਂ ਖੜੇ ਖ਼ਜਾਨੇ
ਆਖੇ ਬੱਬਰ ਵੰਗਾਰ, ਖੰਡਾ ਪਕੜੋ ਸ਼ੇਰੋ ।[90]

ਗਦਰੀਆਂ ਨੂੰ ਇਹ ਸਪੱਸ਼ਟ ਸੀ ਕਿ ਹਥਿਆਰਬੰਦ ਘੋਲ ਕਾਮੇ, ਕਿਸਾਨ ਤੇ ਕਿਰਤੀਆਂ ਦਾ ਘੋਲ ਹੈ। ਮੱਧਵਰਗੀ ਬੁੱਧੀਜੀਵੀ ਤੇ ਸਰਮਾਏਦਾਰੀ ਨਾਲ ਅੰਦਰਖਾਤੇ ਸਮਝੌਤਾ ਕਰਨ ਵਾਲੇ ਲੀਡਰ ਇਸ ਦੀ ਪਿੱਠ ਵਿਚ ਛੁਰਾ ਮਾਰਦੇ ਹਨ, ਕਿਉਂਕਿ ਉਨ੍ਹਾਂ ਦੇ ਸਾਹਮਣੇ ਆਪਣੇ ਸੌੜੇ ਤੇ ਸਵਾਰਥੀ ਹਿੱਤ ਹੁੰਦੇ ਹਨ। ਬੱਬਰ ਅਕਾਲੀਆਂ ਦਾ ਇਨਕਲਾਬੀ ਪ੍ਰੋਗਰਾਮ ਹੱਥੀਂ ਲਿਖੇ ਅਤੇ ਸਾਈਕਲੋਸਟਾਈਲ ਕੀਤੇ ਹੋਏ ਇਸ਼ਤਿਹਾਰਾਂ ਰਾਹੀਂ ਗੁਪਤ ਰੂਪ ਵਿਚ ਲੋਕਾਂ ਤਕ ਪਹੁੰਚਦਾ ਰਿਹਾ। ਇਨਕਲਾਬੀ ਜੋਸ਼ ਨਾਲ ਭਰਪੂਰ ਗਰਮ ਭਖਾ ਵਾਲੀਆਂ ਕਵਿਤਾਵਾਂ ਹਨੇਰੇ ਸਵੇਰੇ ਪਿੰਡਾਂ ਦੇ ਲੋਕ-ਇਕੱਠਾਂ ਵਿਚ ਸੁਣਾਈਆਂ ਜਾਂਦੀਆਂ। ਟਾਵੀਂ ਟਾਵੀਂ ਕੋਈ ਕਵਿਤਾ ਅਖਬਾਰ ਵਿਚ ਵੀ ਛਪ ਜਾਂਦੀ ਤੇ ਅਖਬਾਰ ਸਰਕਾਰੀ ਕਰੋਪੀ ਦਾ ਸ਼ਿਕਾਰ ਬਣ ਜਾਂਦਾ। ਕਰਮ ਸਿੰਘ ਬੱਬਰ ਨੇ ਆਪਣੇ ਸਮੇਂ ਵਿਚ ਇਨਕਲਾਬੀ ਜੋਸ਼ ਨਾਲ ਭਰਪੂਰ ਕਈ ਕਵਿਤਾਵਾਂ ਲਿਖੀਆਂ। ਮਿਸਾਲ ਵਜੋਂ:-

ਨਿਧੜਕ ਕਹਿ ਦੇਵੋ ਜਾ ਫਰੰਗੀਆਂ ਨੂੰ,
ਬੱਬਰ ਵਧੇਗਾ ਵਾਂਗ ਗਨੇਰੀਆਂ ਦੇ।
ਆਹੂ ਲਾਹ ਦਿਉ ਤੁਸੀਂ ਜ਼ਾਲਮਾਂ ਦੇ,
ਕਢੋ ਮੇਮਾਂ ਨੂੰ ਕਰ ਰੰਡੇਰੀਆਂ ਜੇ।
ਗੋਰੇ ਵੱਢਣੇ ਜਵਾਹਰ ਦੇ ਖੇਤ ਵਾਂਗਰ,
ਬੱਬਰ ਗੱਜੇਗਾ ਵਿਚ ਮੈਦਾਨ ਵੀਰੋ। [91]

1914 ਈ: ਵਿਚ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਚੁਕਿਆ ਸੀ ਜਿਸ ਵੇਲੇ ਅੰਗਰੇਜ਼ ਸਰਕਾਰ ਦੇ ਹੱਕ ਵਿਚ ਤੇ ਜਰਮਨ ਦੇ ਵਿਰੁੱਧ ਵੀ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਗਈਆਂ, ਜਿਨ੍ਹਾਂ ਵਿਚ ਰਾਜਨੀਤੀ ਦੇ ਦਾਉ-ਪੇਚਾਂ ਦਾ ਜ਼ਿਕਰ ਹੁੰਦਾ ਸੀ। ਸਰਦਾਰ ਸੰਤ ਸਿੰਘ ਸਾਦਿਕ ਦੀ ਰਚਨਾ 'ਜੰਗੀ ਫਤਹ' ਇਸੇ ਪ੍ਰਕਾਰ ਦੀ ਰਚਨਾ ਹੈ:

ਹੁਣ ਹਾਲ ਬੁਰਾ ਕੇਸ਼ਰ ਦਾ ਹੈ, ਉਹ ਨਾਲ ਹੋਕਿਆਂ ਮਰਦਾ ਹੈ।
ਹੁਣ ਫਿਕਰ ਉਸ ਨੂੰ ਘਰ ਦਾ ਹੈ, ਹਾਂ ਮੱਥੇ ਤੇ ਹੱਥ ਧਰਦਾ ਹੈ।
ਤੇ ਇਹੋ ਕਹੇ ਸਦਾ ਬੈਠਾ, ਮੈਂ ਕਿਥੇ ਮੱਥਾ ਲਾ ਬੈਠਾ
ਹੁਣ ਫੌਜਾਂ ਕੋਲ ਬੁਲਾਵੇ ਜੀ, ਤੇ ਹੁੰਡਨ ਬਰਸ ਸੁਣਾਵੇ ਜੀ।
ਮੈਂ ਮਰ ਗਿਆ ਏਸੇ ਹਾਵੇ ਜੀ, ਕਿਤੇ ਜਰਮਨ ਨਾ ਖੁਸ਼ ਜਾਵੇ ਜੀ।[92]

ਜੰਗ ਖ਼ਤਮ ਹੁੰਦਿਆਂ ਹੀ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਵਾਪਰ ਗਿਆ। ਕਾਂਗਰਸ ਜੋਰ ਫੜਨ ਲਗੀ ਤੇ ਸਿੱਖਾਂ ਵਿਚ ਗਰਮ ਧੜੇ ਨੇ ਮਿਲ ਕੇ ਅਕਾਲੀ ਦਲ ਕਾਇਮ ਕਰ ਲਿਆ ਜੋ ਸਿੱਧਾ ਰਾਜਨੀਤੀ ਵਿਚ ਆ ਕੁੱਦਿਆ। ਕਵੀ ਦਰਬਾਰਾਂ ਦਾ ਜੋਰ ਵੱਧ ਗਿਆ ਅਤੇ ਅਕਾਲੀ ਅਖਬਾਰ ਨੇ ਵੀ ਕਵੀਆਂ ਨੂੰ ਜੋਸ਼ੀਲੀਆਂ ਤੇ ਭੜਕੀਲੀਆਂ ਕਵਿਤਾਵਾਂ ਲਿਖਣ ਦੀ ਪ੍ਰੇਰਨਾ ਦਿੱਤੀ। ਜਿਸ ਦੇ ਫਲਸਰੂਪ ਪੰਜਾਬੀ ਵਿਚ ਬਹੁਤ ਸਾਰੀ ਰਾਜਨੀਤਕ ਕਵਿਤਾ ਪੈਦਾ ਹੋਈ। ਗੁਰੂ ਕੇ ਬਾਗ ਵਲ ਅਕਾਲੀ ਜਥੇ ਦੀ ਚੜ੍ਹਾਈ ਦਾ ਹਾਲ ਇਕ ਕਵਿਤਾ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:

ਸਾਡਾ ਸਬਰ ਹਥਿਆਰ ਸਾਂਤੀ ਤੋਂ ਤਲਵਾਰ,
ਦਿਉ ਜ਼ੁਲਮ ਨੂੰ ਹਾਰ। ਲਈ ਵੇਖ ਇਹ ਬੋਲ।
ਧੱਕੜ ਸ਼ਾਹੀਏ ਡੈਣੇ, ਕਰ ਲੈ ਗੋਲੀ ਦੇ ਚੋਲ।
ਅਸਾਂ ਜਾਣਾ ਅੜੀਏ ਕੌਮੀ ਸ਼ਹੀਦਾਂ ਦੇ ਕੋਲ। [93]

1920 ਈ: ਵਿਚ ਹੀ ਸਿੱਖਾਂ ਦੇ ਗਰਮ ਧੜੇ ਦੇ ਲੋਕਾਂ ਨੇ ਮਿਲਕੇ 'ਅਕਾਲੀ ਪੱਤ੍ਰਕਾ' ਨਾਮ ਦਾ ਅਖਬਾਰ ਸ਼ੁਰੂ ਕਰ ਦਿੱਤਾ ਸੀ। ਇਸ ਵਿਚ ਢੇਰ ਸਾਰੀ ਰਾਜਨੀਤਕ ਕਵਿਤਾ ਛਪਣ ਲਗ ਪਈ ਅਤੇ ਅਨੇਕਾਂ ਹੀ ਨਵੇਂ ਕਵੀ ਵੀ ਹੋਂਦ ਵਿਚ ਆਏ। ਅਕਾਲੀ ਫੂਲਾ ਸਿੰਘ ਦੀ ਕੁਰਬਾਨੀ, ਨਿਡਰਤਾ, ਸੂਰਬੀਰਤਾ ਤੇ ਨਿਰਭੈਤਾ ਦੇ ਵਿਰਸੇ ਨੂੰ ਅਖਬਾਰ ਰਾਹੀਂ ਸਿੱਖ ਜਨਤਾ ਵਿਚ ਭਰਨ ਲਈ ਹੀ ਇਸ ਦਾ ਨਾਂ 'ਅਕਾਲੀ' ਰਖਿਆ ਗਿਆ ਸੀ।[94] ਇਸ ਪਰਚੇ ਦੇ ਪਹਿਲੇ ਅੰਕ ਵਿਚ ਗਿਆਨੀ ਹੀਰਾ ਸਿੰਘ ਦਰਦ ਦੀ ਜੋ ਕਵਿਤਾ ਛਪੀ ਸੀ ਉਹ ਹੇਠਾਂ ਦਰਜ ਹੈ:-

ਆ ਗਿਆ ਫੇਰ ਅਕਾਲੀ ਜੇ
ਅੱਖਾਂ ਖੋਲ੍ਹੋ ਵਿਲੜ ਵੀਰੋ, ਆ ਗਿਆ ਫੇਰ ਅਕਾਲੀ ਜੇ।

ਝੰਡਾ ਫੜਿਆ ਹੱਥ ਸੱਚਦਾ, ਜੋਤ ਮਾਰਦੀ ਲਾਲੀ ਜੇ ।

--------------------------------

ਅੱਖੀਂ ਵੇਖ ਬੇਅਦਬੀ ਹੁੰਦੀ, ਧੀਰ ਨਾ ਕਦੀ ਸਹਾਰ ਸਕੇ।
ਜਿਸ ਨੇ ਸੀਸ ਤਲੀ ਤੇ ਧਰਿਆ, ਉਸ ਨੂੰ ਕੋਈ ਨਾ ਮਾਰ ਸਕੇ।
ਜਿਉਂਦੇ ਹੋਣ ਅਕਾਲੀ ਵਰਗੇ, ਕੌਮ ਕਦੀ ਨਾ ਹਾਰ ਸਕੇ।
ਨਾ ਕੋਈ ਉਸ ਦਾ ਕਾਲਜ ਖੋਹੇ, ਨਾ ਕੋਈ ਖੋਹ ਦਰਬਾਰ ਸਕੇ।
ਇਕ ਅਕਾਲੀ ਬਾਝੋਂ ਯਾਰੋ, ਬਣ ਗਈ ਕੌਮ ਪਰਾਲੀ ਜੇ।
ਅੱਖਾਂ ਖੋਲੋ ਵਿਲੜ ਵੀਰੋ, ਆ ਗਿਆ ਫੇਰ ਅਕਾਲੀ ਜੇ।[95]

ਪ੍ਰੋ. ਪਰਮਿੰਦਰ ਸਿੰਘ ਤੇ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਆਪਣੀ ਪੁਸਤਕ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਵਿਚ ਹੀਰਾ ਸਿੰਘ ਦਰਦ ਦੀ ਰਾਜਨੀਤਕ ਸੂਝ ਬਾਰੇ ਇਹ ਸ਼ਬਦ ਕਹੇ ਹਨ, "ਲੋਕਾਂ ਦਾ ਸਨੇਹ ਅਤੇ ਦਰਦ ਉਨ੍ਹਾਂ ਦੀ ਕਵਿਤਾ ਦਾ ਬੜਾ ਬਲਵਾਨ ਅੰਗ ਹੈ। ਇਸੇ ਕਰਕੇ ਉਨ੍ਹਾਂ ਨੂੰ ਪੰਜਾਬੀ ਦੇ ਨਿਗਰ ਕਵੀਆਂ ਵਿਚੋਂ ਗਿਣਨਾ ਪੈਂਦਾ ਹੈ। ਜਿਨ੍ਹਾਂ ਦਾ ਆਸ਼ਾ ਲੌਕਿਕ ਦ੍ਰਿਸ਼ਟੀ ਤੋਂ ਰਾਜਸੀ ਤੇ ਸਮਾਜਕ ਸੂਝ ਤੇ ਅਗਵਾਈ ਦੇਣ ਵਾਲੀ ਕਵਿਤਾ ਲਿਖਣੀ ਸੀ।[96]

ਗੁਰਮੁਖ ਸਿੰਘ ਮੁਸਾਫਰ ਨੇ ਜਲ੍ਹਿਆਂ ਵਾਲੇ ਬਾਗ 1919 ਈ: ਤੇ ਨਨਕਾਣਾ ਸਾਹਿਬ ਦਾ ਸਾਕਾ 1921 ਈ: ਇਨ੍ਹਾਂ ਦੋਵੇਂ ਇਤਿਹਾਸਕ ਘਟਨਾਵਾਂ ਤੋਂ ਪ੍ਰਭਾਵਿਤ ਹੋ ਕੇ ਸਤਿਆਗ੍ਰਹਿ ਸ਼ੁਰੂ ਕੀਤਾ, ਜੇਲ੍ਹ ਕੱਟੀ ਤੇ ਹੋਰਨਾਂ ਨੂੰ ਵੀ ਆਪਣੀ ਕਵਿਤਾ ਰਾਹੀਂ ਇਸ ਪਾਸੇ ਪ੍ਰੇਰਿਆ। ਕਵੀ ਜਨਤਾ ਨੂੰ ਆਜ਼ਾਦੀ ਪ੍ਰਾਪਤ ਕਰਨ ਲਈ ਇਕਮੁੱਠ ਕਰਦਾ ਹੋਇਆ ਲਿਖਦਾ ਹੈ:

ਸਾਰੇ ਦੁੱਖਾਂ ਦਾ ਹੈਗਾ ਇਲਾਜ ਇਕੋ,
ਜੇਕਰ ਮੁਲਕ ਨੂੰ ਚਾਹੋ ਆਬਾਦ ਕਰਨਾ।
ਹੋਰ ਤਿਆਗ ਕੇ ਰਗੜਿਆਂ ਝਗੜਿਆਂ ਨੂੰ,
ਸਾਡਾ ਧਰਮ ਹੈ ਮੁਲਕ ਆਜ਼ਾਦ ਕਰਨਾ।[97]

ਗਿਆਨੀ ਗੁਰਮੁਖ ਸਿੰਘ ਮੁਸਾਫਰ ਦੀ ਕਵਿਤਾ ਦੇਸ਼ ਪਿਆਰ ਦੇ ਜਜ਼ਬੇ ਨੂੰ ਪੈਦਾ ਕਰਕੇ ਆਜ਼ਾਦੀ ਦੀ ਨਵੀਂ ਪ੍ਰਾਪਤੀ ਵਲ ਲੈ ਜਾਣ ਵਾਲੀ ਹੈ। ਫਿਰੋਜ਼ਦੀਨ ਸ਼ਰਫ ਨੇ ਆਜ਼ਾਦੀ

ਦੇ ਘੋਲ ਨੂੰ ਤੇਜ ਕਰਨ ਦਾ ਜਜ਼ਬਾ ਆਪਣੀਆਂ ਕਵਿਤਾਵਾਂ ਰਾਹੀਂ ਲੋਕਾਂ ਦੇ ਦਿਲਾਂ ਵਿਚ ਭਰਿਆ ਹੈ। ਮਿਸਾਲ ਵਜੋਂ:-

ਜਿਹੜੇ ਦੇਸ਼ ਵਿਚ ਦੇਸ਼ ਪ੍ਰਵਾਨਿਆਂ ਦਾ,
ਕੌਮੀ ਸ਼ਮ੍ਹਾਂ ਉਤੇ ਖੂਨ ਡੁੱਲ੍ਹਦਾ ਏ।
ਜਿਹੜਾ ਦੇਸ਼ ਆਜ਼ਾਦੀ ਤੇ ਤੁੱਲ ਜਾਵੇ,
ਉਹ ਦਾ ਝੰਡਾ ਜਹਾਨ ਤੇ ਝੁੱਲਦਾ ਏ। [98]

ਧਨੀ ਰਾਮ ਚਾਤ੍ਰਿਕ ਨੇ ਦੇਸ਼ ਦੇ ਵੱਖਰੇ ਵੱਖਰੇ ਫਿਰਕਿਆਂ ਦੀ ਸਾਂਝ ਨੂੰ ਆਪਣੀਆਂ ਕਵਿਤਾਵਾਂ ਵਿਚ ਪ੍ਰਗਟਾਇਆ ਹੈ। ਉਸਦਾ ਵਿਸ਼ਵਾਸ ਹੈ ਕਿ ਸਾਡੇ ਦੇਸ਼ ਵਿਚ ਭਾਵੇਂ ਵੱਖ ਵੱਖ ਧਰਮਾਂ ਦੇ ਲੋਕ ਹਨ ਪਰ ਉਨ੍ਹਾਂ ਵਿਚ ਰਾਸ਼ਟਰ ਦਾ ਜਜ਼ਬਾ ਸਾਂਝਾ ਹੈ। ਹਿੰਦੂਆਂ ਤੇ ਮੁਸਲਮਾਨਾਂ ਦੀ ਏਕਤਾ ਨੂੰ ਕਿਸੇ ਤਰ੍ਹਾਂ ਵੀ ਵੱਖ ਨਹੀਂ ਕੀਤਾ ਜਾ ਸਕਦਾ। ਇਸੇ ਵਿਚਾਰਧਾਰਾ ਅਧੀਨ ਉਹ ਕਹਿੰਦਾ ਹੈ:

ਸੋਟਾ ਮਾਰਿਆਂ ਪਾਣੀ ਨਹੀਂ ਦੋ ਹੋਣੇ,
ਇਹ ਹਮਸਾਏ ਤਾਂ ਮਾਂ ਪਿਉ ਜਾਏ ਹੋਏ ਨੇ।
ਓੜਕ ਅਸਾਂ ਤੇ ਤੁਸਾਂ ਹੀ ਕੰਮ ਆਉਣਾ,
ਸਾਰੇ ਹੇਜਲੇ ਯਾਰ ਪਰਤਾਏ ਹੋਏ ਨੇ। [99]

ਚਾਤ੍ਰਿਕ ਲੋਕਾਂ ਨੂੰ ਉਨ੍ਹਾਂ ਦੀ ਦੁਰਦਸ਼ਾ ਤੋਂ ਇਸ ਤਰ੍ਹਾਂ ਸੁਚੇਤ ਕਰਦਾ ਹੈ:

ਨਾ ਖੁਲ ਹੈ ਖਿਆਲ ਦੀ, ਨਾ ਜੀਭ ਹੀ ਆਜ਼ਾਦ ਹੈ,
ਨਾ ਜਿਉਣ ਦਾ ਸੁਆਦ ਹੈ, ਨਾ ਮਰਨ ਦਾ ਸੁਆਦ ਹੈ।
---- ---- ----
ਜਵਾਨ ਹਿੰਦ ਵਾਲਿਓ, ਏ ਵੇਖਦੇ ਭੀ ਹੋ ਕਿ ਨਾ,
ਕਿ ਹੋ ਰਹੀ ਏ ਆਬਰੂ ਖੁਆਰ ਕਿਸ ਬੁਰੀ ਤਰ੍ਹਾਂ। [100]

1947 ਈ: ਵਿਚ ਦੇਸ਼ ਦੀ ਵੰਡ ਹੋਈ। ਧਰਮ ਦੇ ਨਾਂ ਤੇ ਸਾਂਝੀ ਧਰਤੀ, ਸਾਂਝੇ ਸਭਿਆਚਾਰ ਤੇ ਸਾਂਝੀ ਬੋਲੀ ਦੀ ਵੰਡ ਹੋ ਗਈ ਅਤੇ ਦਿਲਾਂ ਵਿਚ ਫ਼ਰਕ ਆ ਗਏ। ਹਜ਼ਾਰਾ ਸਿੰਘ ਗੁਰਦਾਸਪੁਰੀ ਨੇ ਸੁਤੰਤਰਤਾ ਤੋਂ ਬਾਅਦ ਵੀ ਰਾਜਨੀਤੀ ਨਾਲ ਪ੍ਰੇਰਿਤ ਕਵਿਤਾਵਾਂ ਦੀ ਰਚਨਾ ਕੀਤੀ। ਮਿਸਾਲ ਵਜੋਂ:-

ਮੈਂ ਵੀ ਦੇਸ਼ ਵਤਨ ਦੀ ਖਾਤਰ,
ਤੇਰੀਆਂ ਤੋਪਾਂ ਸਾਹਵੇਂ ਖੜਨਾ।
ਮੈਂ ਵੀ ਨਾਲ ਭਰਾਵਾਂ ਦੇ ਅੱਜ,
ਵਾਂਗ ਪਤੰਗੇ ਦੇ ਹੈ ਸੜਨਾ । [101]

ਸਮੇਂ ਦੇ ਬਦਲਣ ਨਾਲ ਸਮਾਜ ਬਦਲਦਾ ਹੈ। ਸਮਾਜ ਵਿਚ ਰਹਿੰਦੇ ਲੋਕਾਂ ਦੀਆਂ ਰੀਤਾਂ, ਰਸਮਾਂ ਅਤੇ ਸਭਿਆਚਾਰਕ ਰਵਾਇਤਾਂ ਵੀ ਬਦਲਦੀਆਂ ਹਨ। ਰਹਿਣ ਸਹਿਣ, ਖਾਣ-ਪੀਣ, ਅਤੇ ਪਹਿਨਣ ਦੇ ਢੰਗ ਬਦਲਦੇ ਹਨ। ਮਨੁੱਖ ਦੀ ਸੋਚ ਸ਼ਕਤੀ ਬਦਲਦੀ ਹੈ। ਜ਼ਿੰਦਗੀ ਪ੍ਰਤੀ ਰਵੱਈਆ ਬਦਲਦਾ ਹੈ। ਸੋ ਅੱਜ ਨਾ ਪੁਰਾਤਨ ਲੜਾਈਆਂ ਰਹੀਆਂ ਹਨ ਅਤੇ ਨਾ ਹੀ ਪੁਰਾਣੇ ਸ਼ਾਸਤਰ। ਅੱਜ ਦੀਆਂ ਕਵਿਤਾਵਾਂ ਵਿਚ ਮਨੁੱਖ ਦੇ ਬੁਨਿਆਦੀ ਮਸਲਿਆਂ ਨੂੰ ਲਿਆ ਜਾਂਦਾ ਹੈ। ਮਨੁੱਖ ਨੂੰ ਆਪਣੇ ਹੱਕ ਦੀ ਪ੍ਰਾਪਤੀ ਲਈ ਦ੍ਰਿੜ ਕੀਤਾ ਜਾਂਦਾ ਹੈ। ਇਸ ਸਮੇਂ ਦੀ ਰਾਜਨੀਤੀ ਦਾ ਇਹੋ ਕ੍ਰਾਂਤੀਕਾਰੀ ਪੱਖ ਹੈ ਕਿ ਜਨਤਾ ਨੂੰ ਸੱਚ ਲਈ ਆਵਾਜ਼ ਉਠਾਉਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ।

ਸਮੁੱਚੇ ਰੂਪ ਵਿਚ ਸ਼ਾਹ ਮੁਹੰਮਦ ਤੋਂ ਬਾਅਦ ਦੇ ਪੰਜਾਬੀ ਕਵੀ ਵੀ ਸਮੇਂ ਦੇ ਸੱਚ ਅਤੇ ਸਮੇਂ ਦੀ ਰਾਜਨੀਤੀ ਨੂੰ ਆਪਣੀ ਕਾਵਿ ਰਚਨਾ ਦਾ ਵਿਸ਼ਾ ਬਣਾਉਂਦੇ ਰਹੇ ਹਨ। ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਦਾ ਪ੍ਰਮੁੱਖ ਵਿਸ਼ਾ ਲੋਕ ਹਿਤ ਅਤੇ ਦੇਸ਼-ਭਗਤੀ ਰਿਹਾ ਹੈ। ਸਮੇਂ ਦੇ ਲੋਕ ਵਿਰੋਧੀ ਹਾਕਮਾਂ ਦੀ ਨਿੰਦਾ ਕਰਦੇ ਹੋਏ ਇਹ ਕਵੀ ਲੋਕਾਂ ਵਿਚ ਦੇਸ਼ ਭਗਤੀ ਦੀ ਭਾਵਨਾ ਭਰਨ ਲਈ ਆਪਣੀ ਕਲਮ ਨੂੰ ਇਕ ਹਥਿਆਰ ਵਜੋਂ ਵਰਤਦੇ ਰਹੇ ਹਨ। ਸ਼ਾਹ ਮੁਹੰਮਦ ਨੇ ਸਮੇਂ ਦੀ ਰਾਜਨੀਤੀ ਨੂੰ ਸਮਝਿਆ ਅਤੇ ਦੇਸ਼ ਵਿਰੋਧੀ ਤਾਕਤਾਂ ਦੀ ਖੁਲ੍ਹ ਕੇ ਨਿੰਦਾ ਕੀਤੀ। ਅਜੋਕੇ ਸਮੇਂ ਵਿਚ ਬੇਸ਼ਕ ਸਾਮਰਾਜ ਦੀ ਥਾਂ ਸਮਾਜਵਾਦ ਨੇ ਲੈ ਲਈ ਹੈ ਪਰੰਤੂ ਇਸ ਸਮੇਂ ਵਿਚ ਵੀ ਆਪਣੇ ਨਿੱਜੀ ਹਿਤਾਂ ਲਈ ਕੌਮੀ ਹਿੱਤਾਂ ਦੀ ਕੁਰਬਾਨੀ ਦੇਣ ਵਾਲੇ ਬੰਦਿਆਂ ਨੂੰ ਸਮੇਂ ਦੇ ਰਾਜਨੀਤਕ ਮੰਚ ਤੋਂ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਆਪਣੇ ਸਮਕਾਲੀ ਸਮੇਂ ਕੌਮੀ ਹਿਤਾਂ ਨੂੰ ਕੁਰਬਾਨ ਕਰਨ ਵਾਲੇ ਅਜਿਹੇ ਬੰਦਿਆਂ ਦੇ ਚਰਿੱਤਰ ਦੀ ਨਿੰਦਾ ਕਰਕੇ, ਲੋਕਾਂ ਦੇ ਹਿੱਤਾਂ ਦੀ ਸਲਾਮਤੀ ਦੀ ਗੱਲ ਕਰਨਾ ਸ਼ਾਹ ਮੁਹੰਮਦ ਦੀ ਰਚਨਾ ਦਾ ਕੇਂਦਰੀ ਬਿੰਦੂ ਰਿਹਾ ਹੈ। ਸ਼ਾਹ ਮੁਹੰਮਦ ਦੀ ਰਚਨਾ ਦਾ ਇਹ ਸੰਦਰਭ ਅਜੋਕੇ ਰਾਜਨੀਤਕ ਪਰਿਪੇਖ ਵਿਚ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ।

****

## ਹਵਾਲੇ ਅਤੇ ਪੈਰ ਟਿਪਣੀਆਂ

1. ਡਾ. ਜੀਤ ਸਿੰਘ ਸੀਤਲ, 'ਹੀਰ ਵਾਰਿਸ', ਭੂਮਿਕਾ
2. S.M. Jaffer,'Some cultural aspects of Muslim rule in India, P-10
   "The King was styled as shadow of God on earth and livine honour were paid to him"
3. ਡਾ. ਸੁਰਿੰਦਰ ਸਿੰਘ ਕੋਹਲੀ, 'ਏ ਕਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ',ਪੰ-162
4. Lane-Poole (Stanley),'Medieval India",P-104-06
5. ਉਹੀ, ਪੰਨਾ-146
6. Ishwari Prasad,'Short History of Muslim rule',in India'
7. ਮੁਹੰਮਦ ਲਤੀਫ, 'ਪੰਜਾਬ ਦਾ ਇਤਿਹਾਸ', ਪੰਨਾ 154
8. ਆਦਿ ਗ੍ਰੰਥ, ਪੰਨਾ 1288
9. ਆਦਿ ਗ੍ਰੰਥ, ਪੰਨਾ-145
10. ਉਹੀ, ਪੰਨਾ 722
11. ਡਾ. ਰਤਨ ਸਿੰਘ ਜੱਗੀ, 'ਗੁਰੂ ਨਾਨਕ ਬਾਣੀ', ਪੰਨਾ-417
12. ਆਦਿ ਗ੍ਰੰਥ, ਪੰਨਾ-145
13. ਉਹੀ, ਪੰਨਾ-360
14. ਲੇਨਪੂਲ,'ਮੈਡੀਵਲ ਇੰਡੀਆ', ਪੰਨਾ 304,(ਕੈਪਟਨ ਹਾਕਿਨ ਕੁਝ ਸਮਾਂ ਜਹਾਂਗੀਰ ਦੇ ਦਰਬਾਰ ਵਿਚ ਰਿਹਾ ਸੀ)
15. ਭਾਈ ਗੁਰਦਾਸ, 'ਵਾਰਾਂ ਸਟੀਕ', ਪੰਨਾ-36
16. ਉਹੀ, ਪੰਨਾ- 24
17. ਭਾਈ ਗੁਰਦਾਸ, ਵਾਰਾਂ ਸਟੀਕ', ਪੰਨਾ-26
18. ਉਹੀ, ਪੰਨਾ-26
19. ਉਹੀ,
20. ਉਹੀ,
21. ਡਾ. ਕਾਲਾ ਸਿੰਘ ਬੇਦੀ, 'ਵਾਰ ਸ੍ਰੀ ਭਗਉਤੀ ਜੀ ਕੀ'

ਹਿੰਦੂ ਸਮਾਜ ਇਸ ਵੇਲੇ ਬਹੁਤ ਸਾਰੀਆਂ ਸਮਾਜਕ ਬੁਰਾਈਆਂ ਅਤੇ ਕੁਰੀਤੀਆਂ ਦੇ ਜਾਲ ਵਿਚ ਫਸੀ ਹੋਈ ਮੱਛੀ ਵਾਂਗ ਤੜਪ ਰਿਹਾ ਸੀ।"

22. ਗੁਰਚਰਨ ਸਿੰਘ 'ਸਿੱਖ ਮਤ ਦਾ ਪਰਿਵਰਤਨ (ਅਨੁ:ਗੋਕਲ ਚੰਦ ਨਾਰੰਗ ਤੋਂ)ਪੰਨਾ-79-80

"ਗੁਰੂ ਸਾਹਿਬ ਇਕ ਨਵੀਂ ਕੌਮ ਵਜੂਦ ਵਿਚ ਲਿਆਂਦੀ ਅਤੇ ਭਾਰਤੀ ਇਤਿਹਾਸ ਦੇ ਅਖਾੜੇ ਵਿਚ ਇਕ ਨਵੀਂ ਪ੍ਰਭਾਵਿਕ ਸ਼ਕਤੀ ਦਾ ਸੰਚਾਰ ਕੀਤਾ।"

23. Prof Pritam Singh, 'Heroic Poetry in Punjabi Literature' P-160

"The life of the tenth Guru was a life with a purpose and his own way of living guided the desting of the nation."

24. ਪ੍ਰੋ. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ, 'ਚੰਡੀ ਦੀ ਵਾਰ', ਪੰਨਾ-29

25. ਗਿਆਨੀ ਹਰਬੰਸ ਸਿੰਘ, 'ਵਾਰ ਸ੍ਰੀ ਭਗਉਤੀ ਜੀ ਕੀ', ਪੰਨਾ-32

26. ਪਿਆਰਾ ਸਿੰਘ ਪਦਮ, 'ਪੰਜਾਬੀ ਵਾਰਾਂ', ਪੰਨਾ-215

27. ਡਾ. ਤਾਰਨ ਸਿੰਘ, 'ਦਸਮ ਗ੍ਰੰਥ ਰੂਪ ਤੇ ਰਸ', ਪੰਨਾ-124

28. ਹਾਫ਼ਿਜ਼ ਬਰਖੁਰਦਾਰ, 'ਯੂਸਫ ਜ਼ੁਲੈਖਾਂ', ਪੰਨਾ-68

29. ਗੁਰਦਿੱਤ ਸਿੰਘ ਪ੍ਰੇਮੀ, 'ਦਮੋਦਰ ਰਚਨਾਵਲੀ', ਪੰਨਾ-260

30. ਉਹੀ, ਪੰਨਾ-30

31. Syed Mohammad Latif.'History of the Punjab' P-145

"Akbar was adored as God, though he himself does not seen to have laid claim to supernatural illumination."

32. ਡਾ. ਵਿਸ਼ਵਾਨਾਥ ਤਿਵਾੜੀ, (ਖੋਜ ਪੱਤਰ) 'ਮਿਰਜ਼ਾ ਸਾਹਿਬਾਂ-ਹਾਫ਼ਿਜ਼ ਬਰਖੁਰਦਾਰ', ਪੰਨਾ-132

33. ਡਾ. ਵਿਸ਼ਵਾਨਾਥ ਤਿਵਾੜੀ, (ਖੋਜ ਪੱਤਰ) 'ਮਿਰਜ਼ਾ ਸਾਹਿਬਾਂ-ਹਾਫ਼ਿਜ਼ ਬਰਖੁਰਦਾਰ', ਪੰਨਾ-126

34. ਭਾਸ਼ਾ ਵਿਭਾਗ, ਪੰਜਾਬ,'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-35

35. Karl Marx, 'Capital', Vol.-I, P-555

36. Hudson, 'Ibid'

"Luther showes very aptly that the love of power is an element in the desire to get rich."

37. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-16

38. C. H. Payne, ' A Short History of the Sikhs', P-205
"every state official knew that to incure the displeasure of the army was eqvelent to singing his own death warrant."

39. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-15

40. ਉਹੀ, ਪੰਨਾ-16

41. ਉਹੀ, ਪੰਨਾ-35

42. Khushwant Singh, 'A History of the Sikhs', Vol-II, P-34,35

43. ਪ੍ਰੋ. ਸੀਤਾ ਰਾਮ ਕੋਹਲੀ ਅਤੇ ਸੇਵਾ ਸਿੰਘ ਗਿਆਨੀ, 'ਵਾਰ ਸ਼ਾਹ ਮੁਹੰਮਦ' ਪੰਨਾ-193

44. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-3

45. ਪ੍ਰੋ. ਸੀਤਾ ਰਾਮ ਕੋਹਲੀ ਅਤੇ ਸੇਵਾ ਸਿੰਘ ਗਿਆਨੀ 'ਵਾਰ ਸ਼ਾਹ ਮੁਹੰਮਦ' ਪੰਨਾ-194,95

46. ਭਾਸ਼ਾ ਵਿਭਾਗ, ਪੰਜਾਬ, ਜੰਗਨਾਮਾ ਸ਼ਾਹ ਮੁਹੰਮਦ', ਪੰਨਾ-35

47. ਉਹੀ, ਪੰਨਾ 6,3,31,31

48. ਡਾ. ਤਾਰਨ ਸਿੰਘ, 'ਮਹਾਰਾਜਾ ਰਣਜੀਤ ਸਿੰਘ', ਪੰਨਾ-21

49. ਭਾਸ਼ਾਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-18

50. ਪ੍ਰੋ. ਸੀਤਾ ਰਾਮ ਕੋਹਲੀ ਅਤੇ ਸੇਵਾ ਸਿੰਘ ਗਿਆਨੀ, 'ਵਾਰ ਸ਼ਾਹ ਮੁਹੰਮਦ' ਪੰਨਾ- 205-206

51. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-26

52. ਉਹੀ, ਪੰਨਾ-22

53. ਉਹੀ, ਪੰਨਾ-1

54. ਉਹੀ, ਪੰਨਾ-2

55. ਉਹੀ, ਪੰਨਾ-36

56. ਪਿਆਰਾ ਸਿੰਘ ਭੋਗਲ, 'ਪ੍ਰਸਿੱਧ ਕਿੱਸਾਕਾਰ', ਪੰਨਾ-279

57. ਡਾ. ਗੁਰਦੇਵ ਸਿੰਘ, 'ਕਾਫੀਆਂ ਬੁੱਲ੍ਹੇ ਸ਼ਾਹ', ਪੰਨਾ-112

58. ਪਿਆਰਾ ਸਿੰਘ ਪਦਮ, 'ਹਾਸ਼ਮ ਰਚਨਾਵਲੀ', ਪੰਨਾ-110

59. Sohan Lal Suri, 'Umdat-Ut-Tawarikh' (Dafter-IV), P-28, 29

60. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-3

61. ਉਹੀ, ਪੰਨਾ-4

62. ਉਹੀ, ਪੰਨਾ-5

63. ਉਹੀ, ਪੰਨਾ-5

64. ਉਹੀ, ਪੰਨਾ-7

65. ਉਹੀ

66. ਉਹੀ, ਪੰਨਾ-8

67. ਉਹੀ

68. ਉਹੀ, ਪੰਨਾ-9

69. ਉਹੀ

70. ਉਹੀ, ਪੰਨਾ-16

71. ਡਾ. ਪ੍ਰੀਤਮ ਸੈਨੀ, 'ਵਾਰ ਸ਼ਾਹ ਮੁਹੰਮਦ', ਪੰਨਾ-49

72. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ- 17

73. ਉਹੀ, ਪੰਨਾ-18

74. ਉਹੀ, ਪੰਨਾ-19

75. ਡਾ. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਪੰਨਾ-532

76. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-21

77. ਉਹੀ, ਪੰਨਾ 34

78. ਉਹੀ, ਪੰਨਾ-33

79. Sodition Committee Report- 1918, P-142

"The remedy adopted was the arrest and deportation of Lajpat Rai and Ajit Singh, the Hindu and Sikh leaders of the movement under the provision of Regulation III of

1818. The proposed canal colony legislation that the root of the trouble was agrarian was not accepted by the secretary of state Lord Morley. Speaking in the house of commons on June 6th, 1907 he said, 'There were twentyeight meetings known to have been held by the leading agitatore in the Punjab between Ist March and Ist May. Of there five only related even ostensible to agricultural grievances, the remaining twenty three were all purely political."

80. ਡਾ. ਸੁਰਿੰਦਰ ਸਿੰਘ ਕੋਹਲੀ 'ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 497,98

81. ਗਿਆਨੀ ਹੀਰਾ ਸਿੰਘ ਦਰਦ, 'ਪੰਜਾਬੀ ਕਵਿਤਾ ਤੇ ਚੋਣਵੇਂ ਪੰਜਾਬੀ ਕਵੀ', ਪੰਨਾ 181-82

82. 'ਗਦਰ ਦੀ ਗੂੰਜ' 'ਸਾਨਫਰਾਂਸਿਸਕੋ, ਕੈਲੀਫੋਰਨੀਆ ਪੰਨਾ-1,2

83. ਗਿਆਨੀ ਹੀਰਾ ਸਿੰਘ ਦਰਦ, 'ਪੰਜਾਬੀ ਕਵਿਤਾ ਤੇ ਚੋਣਵੇਂ ਪੰਜਾਬੀ ਕਵੀ', ਪੰਨਾ 189-90

84. ਉਹੀ

85. ਇਕ ਪਾਰਚੇ ਦਾ ਸਰਵਰਕ, 'ਸੁਦੇਸ਼ ਸੇਵਕ', ਨੰਬਰ 5, ਮਈ 1910

86. ਇਕ ਪਰਚੇ ਦਾ ਸਰਵਰਕ, ਸੱਚ ਸਭਨਾਂ ਹੋਇ ਦਾਰੂ ਪਾਪ ਕਢੈ ਧੋਇ', ਅਖਬਾਰ ਸੰਸਾਰ, 20 ਨਵੰਬਰ 1913 ਈ:

87. ਇਕ ਪਰਚੇ ਦਾ ਸਰਵਰਕ, 'ਜੇ ਚਿਤ ਪ੍ਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ', 'ਗੱਦਰ ਹਫ਼ਤਾਵਾਰੀ' 27 ਜਨਵਰੀ 1914

88. ਉਹੀ

89. ਉਹੀ

90. ਕਰਮ ਸਿੰਘ 'ਬੱਬਰ ਸ਼ੇਰ', 13 ਦਸੰਬਰ 1923, ਪੰਨਾ-4

91. ਉਹੀ,

92. 'ਪੰਜਾਬੀ ਸਟੀਮ', 'ਪ੍ਰੈਸ ਲਾਹੌਰ, ਨਵੰਬਰ 1918, ਪਹਿਲੀ ਵਾਰ, ਪੰਨਾ-2

93. ਡਾ. ਸੁਰਿੰਦਰ ਸਿੰਘ ਕੋਹਲੀ, 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 546,47

94. ਗਿਆਨੀ ਹੀਰਾ ਸਿੰਘ ਦਰਦ, 'ਮੇਰੀਆਂ ਕੁਝ ਇਤਿਹਾਸਕ ਯਾਦਾਂ', ਪੰਨਾ-132

95. ਉਹੀ, ਪੰਨਾ 132,34

96. ਪ੍ਰੋ. ਪਰਮਿੰਦਰ ਸਿੰਘ ਤੇ ਪ੍ਰੋ. ਕਿਰਪਾਲ ਸਿੰਘ ਕਸੇਲ, 'ਪੰਜਾਬੀ ਸਾਹਿਤ ਦੀ

ਉਤਪਤੀ ਤੇ ਵਿਕਾਸ', ਪੰਨਾ 373

97. ਗੁਰਮੁਖ ਸਿੰਘ ਮੁਸਾਫਰ, ਅਕਾਲੀ ਤੇ ਪਰਦੇਸੀ', 3 ਸਤੰਬਰ 1925, ਪੰਨਾ-1

98. ਫਿਰੋਜ਼ਦੀਨ ਸ਼ਰਫ, 'ਸ਼ਰਫ ਉਡਾਰੀ', ਪੰਨਾ-17

99 ਧਨੀ ਰਾਮ ਚਾਤ੍ਰਿਕ, 'ਚੰਦਨਵਾੜੀ', ਪੰਨਾ-121

100. ਧਨੀ ਰਾਮ ਚਾਤ੍ਰਿਕ, 'ਕੇਸਰ ਕਿਆਰੀ' ਪੰਨਾ 29

101. ਹਜ਼ਾਰਾ ਸਿੰਘ ਗੁਰਦਾਸਪੁਰੀ, 'ਦੀਵਾ ਮੁੜਕੇ ਕੋਈ ਜਗਾਵੇ', ਪੰਨਾ-67

***

## ਅਧਿਆਇ ਪੰਜਵਾਂ

oo

oo

oo

oo

## ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਦੇ ਪ੍ਰਸ਼ਨ ਉਤੇ ਵਿਚਾਰ

(ੳ) ਦੇਸ਼ ਭਗਤੀ ਅਤੇ ਕਵਿਤਾ।

(ਅ) ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਬਾਰੇ ਭੁਲੇਖੇ ਅਤੇ ਸਮਾਧਾਨ

1) ਬਾਹਰਲੇ ਪ੍ਰਮਾਣ

2) ਅੰਦਰੂਨੀ ਪ੍ਰਮਾਣ

****

(ੲ) ਦੇਸ਼ ਭਗਤੀ ਅਤੇ ਕਵਿਤਾ:-

ਸ਼ਾਹ ਮੁਹੰਮਦ ਦੇ ਜੰਗਨਾਮੇ ਦੀ ਮੂਲ ਭਾਵਨਾ ਦੇਸ਼ ਪਿਆਰ ਤੇ ਆਧਾਰਿਤ ਹੈ। ਹਰ ਵਿਅਕਤੀ ਦੀ ਫ਼ਿਤਰਤ ਵਿਚ ਆਪਣੇ ਘਰ-ਪਰਿਵਾਰ, ਪਿੰਡ-ਨਗਰ, ਪ੍ਰਾਂਤ-ਦੇਸ਼ ਜਾਂ ਭੂਗੋਲਿਕ ਚੌਗਿਰਦੇ ਪ੍ਰਤੀ ਮੋਹ ਦੀ ਭਾਵਨਾ ਮੌਜੂਦ ਰਹਿੰਦੀ ਹੈ। ਇਹ ਮਨੁੱਖ ਦੀ ਆਦਿ ਪ੍ਰਵਿਰਤੀ ਹੈ। ਇਸ ਨੂੰ ਅਸੀਂ 'ਕਥਾਇਲੀ-ਇਨਸਟਿਨਕਟ (ਸੁਭਾਵਿਕ ਰੁਚੀ) ਕਹਿ ਸਕਦੇ ਹਾਂ। ਇਹ ਨਿੱਜ-ਅਨੁਭਵ ਆਧਾਰਿਤ ਮਮਤਾ ਹੈ। ਜਿਤਨਾ ਸਤਿਕਾਰ ਕੋਈ ਆਪਣੀ ਜਨਣੀ ਪ੍ਰਤੀ ਰੱਖਦਾ ਹੈ, ਉਤਨਾ ਹੀ ਮਾਤ-ਭੂਮੀ ਪ੍ਰਤੀ ਵੀ ਰੱਖਦਾ ਹੈ, ਕਿਉਂਕਿ ਉਹ ਉਸ ਦਾ ਅੰਨ-ਜਲ ਖਾ ਪੀ ਕੇ ਅਤੇ ਉਸ ਦੇ ਵਾਯੂ-ਮੰਡਲ ਵਿਚ ਸੁਆਸ ਲੈ ਕੇ ਵੱਡਾ ਹੋਇਆ ਹੁੰਦਾ ਹੈ। ਮਾਤ-ਭੂਮੀ ਦੇ ਪਿਆਰ ਦਾ ਪ੍ਰਤੱਖ ਰੂਪ ਉਦੋਂ ਵੇਖਣ ਵਿਚ ਆਉਂਦਾ ਹੈ ਜਦੋਂ ਕੋਈ ਹੋਰ ਬਿਦੇਸ਼ੀ ਤਾਕਤ ਕਿਸੇ ਦੇਸ਼ ਉਤੇ ਆਕ੍ਰਮਣ ਕਰ ਦਿੰਦੀ ਹੈ ਤਾਂ ਉਦੋਂ ਸਮੁੱਚੇ ਦੇਸ਼-ਵਾਸੀ ਇਕ ਇਕਾਈ ਬਣਕੇ ਵੈਰੀ ਨਾਲ ਲੋਹਾ ਲੈਣ ਲਈ ਤਿਆਰ ਹੋ ਜਾਂਦੇ ਹਨ ਅਤੇ ਵੱਡੇ ਤੋਂ ਵੱਡਾ ਤਿਆਗ ਕਰਕੇ ਦੇਸ਼ ਦੀ ਆਜ਼ਾਦੀ ਲਈ ਜੂਝਦੇ ਹਨ, ਉਹ ਉਦੋਂ ਤੱਕ ਚੈਨ ਨਹੀਂ ਲੈਂਦੇ ਜਦ ਤਕ ਕਿ ਉਹ ਦੇਸ਼-ਕਲਿਆਣ ਵਿਚ ਸਫਲ ਨਹੀਂ ਹੋ ਜਾਂਦੇ।

ਜਨ-ਸਾਧਾਰਣ ਤੋਂ ਇਲਾਵਾ ਸੰਵੇਦਨਸ਼ੀਲ ਸਾਹਿਤਕਾਰਾਂ ਦੇ ਮਨ ਵਿਚ ਦੇਸ਼ ਪਿਆਰ ਦੀ ਭਾਵਨਾ ਅਧਿਕ ਤੀਬਰਤਾ ਨਾਲ ਫੁੱਟਦੀ ਹੈ। ਉਸ ਦੇ ਬੋਲਾਂ ਰਾਹੀਂ ਜਾਂ ਉਸ ਦੀ ਤੂਲਿਕਾ ਦੇ ਮਾਧਿਅਮ ਦੁਆਰਾ ਉਸ ਦੀ ਸ਼ਰਧਾਂਜਲੀ ਭਰਪੂਰ ਪ੍ਰੇਰਨਾ ਅਤੇ ਉਤਸ਼ਾਹ ਨਾਲ ਸੰਯੁਕਤ ਹੋ ਕੇ ਇਹ ਸ਼ਬਦਾਂ ਦੇ ਰੂਪ ਵਿਚ ਨਿਸਚਿਤ ਹੁੰਦੀ ਹੈ। ਕੋਈ ਵੀ ਜੀਵੰਤ ਕਵੀ-ਹਿਰਦਾ ਇਸ ਭਾਵਨਾ ਤੋਂ ਸੱਖਣਾ ਨਹੀਂ ਹੋ ਸਕਦਾ। ਇਹ ਵੱਖਰੀ ਗੱਲ ਹੈ ਕਿ ਕਿਸੇ ਕਵੀ ਵਿਚ ਇਹ ਧੜਕਣ ਤੀਬਰ ਹੋਵੇ ਅਤੇ ਕਿਸੇ ਵਿਚ ਮੱਧਮ, ਕਿਤੇ ਪ੍ਰਤੱਖ ਹੋਵੇ ਅਤੇ ਕਿਤੇ ਪ੍ਰੋਖ, ਕਿਤੇ ਸਥਾਈ ਹੋਵੇ ਅਤੇ ਕਿਤੇ ਅਸਥਾਈ, ਪਰ ਇਹ ਸੰਭਵ ਨਹੀਂ ਕਿ ਕਵੀ ਹਿਰਦਾ ਇਸ ਭਾਵਨਾ ਤੋਂ ਸੁੰਨਾ ਜਾਂ ਵੰਚਿਤ ਹੋਵੇ।

ਸ਼ਾਹ ਮੁਹੰਮਦ ਦੇ ਜੰਗਨਾਮੇ ਨੂੰ ਪੜ੍ਹਕੇ ਉਸ ਦੀ ਪੰਜਾਬੀਅਤ, ਦੇਸ਼ ਭਗਤੀ ਅਤੇ ਰਾਸ਼ਟਰੀ ਭਾਵਨਾ ਸਪੱਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਉਹ ਪੰਜਾਬ ਦੀ ਧਰਤੀ ਅਤੇ ਇਥੋਂ ਦੇ ਲੋਕਾਂ ਨੂੰ ਪਿਆਰ ਕਰਦਾ ਸੀ। ਪੰਜਾਬੀਆਂ ਦੇ ਸਾਂਝੇ ਰਾਜ ਦੇ ਖ਼ਤਮ ਹੋਣ ਉਤੇ ਸ਼ਾਹ ਮੁਹੰਮਦ ਬਹੁਤ ਦੁੱਖ ਮਹਿਸੂਸ ਕਰਦਾ ਹੈ। ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਸਮੇਂ

ਪੰਜਾਬ ਅਤੇ ਭਾਰਤ ਦੋ ਅੱਲਗ ਦੇਸ਼ ਸਨ, ਜਿਨ੍ਹਾਂ ਨੂੰ ਸ਼ਾਹ ਮੁਹੰਮਦ ਦੋ ਪਾਤਸ਼ਾਹੀਆਂ ਕਹਿੰਦਾ ਹੈ:-

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ।[1]

ਪੰਜਾਬੀਅਤ ਨੂੰ ਪਿਆਰ ਕਰਨ ਵਾਲਾ ਸ਼ਾਹ ਮੁਹੰਮਦ ਪੰਜਾਬ ਨੂੰ ਹੀ ਆਪਣਾ ਦੇਸ਼ ਸਮਝਦਾ ਹੈ। ਉਸਨੇ ਬਿਦੇਸ਼ੀ ਰਾਜ ਦੀ ਸਥਾਪਤੀ ਉਤੇ ਦੁੱਖ ਪ੍ਰਗਟ ਕੀਤਾ ਹੈ।

ਡਾ. ਗੰਡਾ ਸਿੰਘ ਨੇ ਸ਼ਾਹ ਮੁਹੰਮਦ ਨੂੰ 'ਪੰਜਾਬ ਦਾ ਕੌਮੀ ਕਵੀ' ਕਹਿਕੇ ਸਤਿਕਾਰਿਆ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਉਸਨੂੰ 'ਪੰਜਾਬ ਦੀ ਆਵਾਜ਼' ਕਿਹਾ ਹੈ। ਡਾ. ਜੀਤ ਸਿੰਘ ਸੀਤਲ ਉਸ ਨੂੰ 'ਪੰਜਾਬ ਦੀ ਹੂਕ' ਆਖਦਾ ਹੈ।[2] ਅਸਲ ਵਿਚ ਸ਼ਾਹ ਮੁਹੰਮਦ ਨੇ ਪੰਜਾਬੀਆਂ ਦੇ ਸਾਂਝੇ ਰਾਜ ਦੇ ਖ਼ਤਮ ਹੋਣ ਤੇ ਇਸ ਤਰ੍ਹਾਂ ਹੰਝੂ ਬਹਾਏ ਹਨ ਕਿ ਇਹ ਦੁੱਖ ਸ਼ਾਹ ਮੁਹੰਮਦ ਦਾ ਦੁੱਖ ਨਾ ਰਹਿ ਕੇ ਸਮੁੱਚੇ ਪੰਜਾਬੀਆਂ ਦਾ ਦੁੱਖ ਬਣ ਬਣ ਗਿਆ ਅਤੇ ਸ਼ਾਹ ਮੁਹੰਮਦ ਇਕ ਲੋਕ ਕਵੀ ਦੀ ਹੈਸੀਅਤ ਨੂੰ ਪ੍ਰਾਪਤ ਹੋ ਗਿਆ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਠੀਕ ਹੀ ਕਿਹਾ ਹੈ ਕਿ "ਸ਼ਾਹ ਮੁਹੰਮਦ ਨੇ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਇਕ ਪੇਸ਼ਾਵਰ ਕਵੀ ਦੀ ਹੈਸੀਅਤ ਅਧੀਨ ਲਿਖੀ ਹੈ। ਇਹ ਨਿਰਸੰਦੇਹ ਪੰਜਾਬ ਦੀ ਆਨ-ਸ਼ਾਨ, ਜ਼ਿੰਦਗੀ ਤੇ ਸੂਰਬੀਰਤਾ ਦਾ ਇਕ ਦਰਦ ਭਰਿਆ ਗੀਤ ਹੈ, ਜਿਸਨੂੰ ਜਿਉਂ-ਜਿਉਂ ਪੰਜਾਬ ਵਧੇ ਫੁਲੇਗਾ, ਗਾਵੇਗਾ।[3]

ਸ਼ਾਹ ਮੁਹੰਮਦ ਨੇ ਆਪਣੀ ਰਚਨਾ ਦੇ ਆਰੰਭ ਵਿਚ ਹੀ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਸਿਰ ਇਕ ਆਫ਼ਤ ਦੱਸਿਆ ਹੈ। ਇਸ ਪ੍ਰਸੰਗ ਵਿਚ ਭਾਵੇਂ ਉਸ ਨੇ ਸਿੱਖਾਂ ਦਾ ਜ਼ਿਕਰ ਨਹੀਂ ਕੀਤਾ, ਪਰ ਉਹ ਅਚੇਤ ਰੂਪ ਵਿਚ ਸਿੱਖਾਂ ਨੂੰ ਹਿੰਦੂਆਂ ਦਾ ਹੀ ਅੰਗ ਮੰਨਦਾ ਹੈ ਅਤੇ ਅੰਗਰੇਜ਼ਾਂ ਨੂੰ ਤੀਸਰੀ ਜਾਤ ਕਹਿੰਦਾ ਹੈ।[4] ਇਥੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸ਼ਾਹ ਮੁਹੰਮਦ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਨੂੰ ਪਸੰਦ ਨਹੀਂ ਕਰਦਾ, ਕਿਉਂਕਿ ਉਸਨੂੰ ਪੰਜਾਬੀਆਂ ਦਾ ਆਪਣਾ ਰਾਜ ਹੀ ਪਸੰਦ ਸੀ। ਮਿਸਾਲ ਵਜੋਂ:-

ਰਾਜੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਆਫਾਤ ਆਈ।

ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।[5]

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਦੇ ਸ਼ੁਰੂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਯਾਦ ਕੀਤਾ ਹੈ ਅਤੇ ਉਸਦੇ ਰਾਜ ਦੀ ਪ੍ਰਸ਼ੰਸਾ ਕੀਤੀ ਹੈ। ਇਕ ਮੁਸਲਮਾਨ ਕਵੀ ਹੁੰਦਿਆਂ ਹੋਇਆਂ ਵੀ ਸਿੱਖ ਮਹਾਰਾਜੇ ਦੇ ਰਾਜ ਦੀ ਪ੍ਰਸ਼ੰਸਾ ਕਰਨੀ ਅਤੇ ਉਸ ਦੀ ਅਣਹੋਂਦ ਨੂੰ ਪੀੜਤ ਹਿਰਦੇ ਨਾਲ ਅਨੁਭਵ ਕਰਨਾ ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਦਾ ਬਹੁਤ ਵੱਡਾ ਸਬੂਤ ਹੈ। ਕਵੀ ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਅਤੇ ਉਸ ਦੇ ਰਾਜ ਸੰਬੰਧੀ ਲਿਖਦਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।[6]

ਸ਼ਾਹ ਮੁਹੰਮਦ ਨੂੰ ਇਕ ਸੱਚੇ ਦੇਸ਼ ਭਗਤ ਵਾਂਗ ਪੰਜਾਬੀਆਂ ਦੇ ਹਾਰਨ ਦਾ ਬਹੁਤ ਦੁੱਖ ਹੈ। ਉਹ ਇਸ ਹਾਰ ਦਾ ਸਭ ਤੋਂ ਵੱਡਾ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਨੂੰ ਮੰਨਦਾ ਹੈ, ਕਿਉਂਕਿ ਮਹਾਰਾਜਾ ਦੇ ਹੁੰਦੇ ਹੋਏ ਕੋਈ ਵੀ ਅਮੀਰ-ਵਜ਼ੀਰ ਸਾਂਝੇ ਰਾਜ ਨੂੰ ਫਿਰਕੂ ਲੀਹਾਂ ਤੇ ਨਹੀਂ ਸੀ ਤੋਰ ਸਕਦਾ। ਸਾਂਝੇ ਰਾਜ ਦੇ ਸੰਗਠਨ ਨੂੰ ਅੰਗਰੇਜ਼ਾਂ ਦੇ ਪਿੱਠੂ ਫਿਰਕਾ-ਪ੍ਰਸਤ ਜਾਗੀਰਦਾਰਾਂ ਨੇ ਤੋੜਿਆ ਅਤੇ ਲੜਾਈ ਵਿਚ ਉਨ੍ਹਾਂ ਦੀ ਗਦਾਰੀ ਨੇ ਪੰਜਾਬੀਆਂ ਦੀ ਜਿੱਤ ਨੂੰ ਹਾਰ ਵਿਚ ਬਦਲ ਦਿੱਤਾ। ਸ਼ਾਹ ਮੁਹੰਮਦ ਸਿੰਘਾਂ ਨੂੰ ਬਹਾਦਰੀ ਨਾਲ ਲੜਦੇ ਦੇਖ ਕੇ ਖੁਸ਼ ਹੁੰਦਾ ਹੈ। ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਯਾਦ ਕਰਦਾ ਹੈ ਕਿ ਜੇ ਅੱਜ ਮਹਾਰਾਜਾ ਜਿਉਂਦੇ ਹੁੰਦੇ ਤਾਂ ਆਪਣੇ ਪੰਜਾਬੀ ਸਪੂਤਾਂ ਨੂੰ ਬੀਰਤਾ ਦੀ ਸ਼ਾਨਦਾਰ ਮਿਸਾਲ ਕਾਇਮ ਕਰਨ ਬਦਲੇ ਚੋਖੇ ਇਨਾਮ ਦੇਂਦੇ:-

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉਡੱਣ
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।[7]

ਸ਼ਾਹ ਮੁਹੰਮਦ ਨੂੰ ਇਸ ਗੱਲ ਦਾ ਬੇਹੱਦ ਦੁੱਖ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸ ਮਹਾਰਾਜੇ ਦੀ ਮੌਤ ਪਿਛੋਂ ਪੰਜਾਬ ਦੇ ਰਾਜ ਨੂੰ ਸਾਂਭ ਨਾ ਸਕੇ ਅਤੇ ਰਾਜ ਦਰਬਾਰ ਦੀ ਘਰੇਲੂ ਲੜਾਈ ਪੰਜਾਬੀਆਂ ਦੇ ਸਾਂਝੇ ਰਾਜ ਦੇ ਖ਼ਾਤਮੇ ਦਾ ਕਾਰਨ ਬਣੀ। ਘਰੇਲੂ ਲੜਾਈ ਕਾਰਨ ਰਾਜ ਦਰਬਾਰ ਵਿਚ ਅਨੇਕਾਂ ਕਤਲ ਹੋਏ। ਸ਼ਾਹ ਮੁਹੰਮਦ ਨੇ ਰਾਜ ਦਰਬਾਰ ਦੀ ਇਸ ਖਾਨਾਜੰਗੀ ਦੀ ਨਿਖੇਧੀ ਕੀਤੀ ਹੈ। ਕਿਉਂਕਿ ਸਿੰਘਾਂ ਦੀ ਆਪਸੀ ਫੁੱਟ ਉਨ੍ਹਾਂ ਨੂੰ ਕਮਜ਼ੋਰ ਕਰ ਰਹੀ ਸੀ ਅਤੇ ਅੰਗਰੇਜ਼ਾਂ ਵਲੋਂ ਪੰਜਾਬ ਤੇ ਹਮਲਾ ਕਰਕੇ ਇਥੇ ਕਬਜ਼ਾ ਕਰਨ ਦਾ ਰਸਤਾ ਸਾਫ਼ ਹੋ ਰਿਹਾ ਸੀ। ਰਾਜ ਦਰਬਾਰ ਵਿਚ ਹੁੰਦੀ ਕਤਲੋਗਾਰਤ ਸ਼ਾਹ ਮੁਹੰਮਦ ਦੇ ਦਿਲ ਨੂੰ ਦੁੱਖੀ ਕਰਦੀ ਹੈ:

ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੇ ਕਤਲ ਹੋਏ ਵਾਰੋ-ਵਾਰ ਮੀਆਂ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ ।[8]

ਸ਼ਾਹ ਮੁਹੰਮਦ ਆਪਣੇ ਦੇਸ਼ ਵਾਸੀਆਂ ਨੂੰ ਬੜੇ ਮਾਣ ਨਾਲ ਯੁੱਧ ਖੇਤਰ ਵਲ ਵਧਦੇ ਦੱਸਦਾ ਹੈ। ਇਸ ਚੜ੍ਹਤ ਵਿਚ ਹਿੰਦੂ, ਮੁਸਲਮਾਨ, ਸਿੱਖ ਸਭ ਇਕ ਹੋ ਕੇ ਸ਼ਾਮਲ ਸਨ। ਸ਼ਾਹ ਮੁਹੰਮਦ ਨੇ ਸਿੰਘਾਂ ਦੀ ਬਹਾਦਰੀ ਨੂੰ ਬੜੀ ਚੰਗੀ ਤਰ੍ਹਾਂ ਪ੍ਰਗਟਾਇਆ ਹੈ। ਇਹ ਗੱਲ ਹੇਠ ਲਿਖੀਆਂ ਉਦਾਹਰਣਾਂ ਤੋਂ ਸਪੱਸ਼ਟ ਹੋ ਜਾਂਦੀ ਹੈ:

(1) (1) ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।

(2) ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ,
ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ ।

(3) ਲੰਦਨ ਟਾਪੂਆਂ ਵਿਚ ਕੁਰਲਾਟ ਹੋਈ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ। [9]

ਸ਼ਾਹ ਮੁਹੰਮਦ ਦੇਸ਼ ਦੀ ਸੁਤੰਤਰਤਾ ਦੀ ਰੱਖਿਆ ਲਈ ਜਾਨਾਂ ਕੁਰਬਾਨ ਕਰਨ ਵਾਲੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਵਰਗੇ ਨਿਡਰ ਤੇ ਨਿਰਭੈ ਜੋਧਿਆਂ ਨੂੰ ਬੜੇ ਸਤਿਕਾਰ ਨਾਲ ਯਾਦ ਕਰਦਾ ਹੈ, ਜਿਨ੍ਹਾਂ ਨੇ ਲਾਹੌਰ ਦਰਬਾਰ ਦੇ ਗਦਾਰ ਸਰਦਾਰਾਂ ਦੀਆਂ ਕਾਲੀਆਂ ਕਰਤੂਤਾਂ ਦਾ ਪਤਾ ਹੁੰਦੇ ਹੋਏ ਵੀ ਅੰਤਿਮ ਸਵਾਸਾਂ ਤਕ ਪੰਜਾਬ ਦੀ ਸੁਤੰਤਰਤਾ ਲਈ ਲੜਨ ਦਾ ਪ੍ਰਣ ਕੀਤਾ ਤੇ ਉਸ ਨੂੰ ਨਿਭਾਇਆ ਸੀ:-

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ ਸ਼ਸਤ੍ਰੀਂ ਜੋੜ ਵਿਛੋੜ ਦਿੱਤੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਦਿੱਤੇ ।[10]

ਲਾਹੌਰੋ ਕੂਚ ਕਰਕੇ ਖਾਲਸਾ ਫੌਜ ਨੇ ਦਰਿਆ ਸਤਲੁਜ ਪਾਰ ਕੀਤਾ ਤੇ ਪਾਰਲੇ ਕੰਢੇ ਦੇ ਆਪਣੇ ਇਲਾਕੇ ਵਿਚ ਮੁੱਦਕੀ ਦੇ ਸਥਾਨ ਤੇ ਮੋਰਚੇ ਗੱਡ ਲਏ। ਖਾਲਸੇ ਦੇ ਕੈਂਪਾਂ ਵਿਚ ਸਿਪਾਹੀਆਂ ਦਾ ਅਥਾਹ ਜੋਸ਼ ਤੇ ਰਣ-ਜੂਝਣ ਦੇ ਚਾਅ ਦੀ ਖ਼ਬਰ ਸੁਣਕੇ ਅੰਗਰੇਜ਼ ਕੰਬ ਉਠਿਆ। ਫ਼ਰੰਗੀ ਦੇ ਕੈਂਪ ਦੀ ਘਬਰਾਹਟ ਬਿਆਨ ਕਰਕੇ ਕਵੀ ਨੇ ਇਕ ਗੁੱਝੀ ਖ਼ੁਸ਼ੀ ਮਾਣੀ ਹੈ:-

ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,
ਦਿੱਲੀ, ਆਗਰੇ, ਹਾਂਸੀ, ਹਿਸਾਰ ਮੀਆਂ।
ਬੀਕਾਨੇਰ, ਲਖਨਊ, ਅਜਮੇਰ, ਜੈਪੁਰ,
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।

ਚਲੀ ਸਭ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ
ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ ।[11]

ਸ਼ਾਹ ਮੁਹੰਮਦ ਇਕ ਕਵੀ ਸੀ ਅਤੇ ਉਸ ਲਈ ਕਾਵਿ-ਨਿਆਂ ਨੂੰ ਅਪਣਾਉਣਾ ਜ਼ਰੂਰੀ ਸੀ। ਇਸ ਲਈ ਉਸਨੇ ਜਿਥੇ ਸਿੰਘਾਂ ਦੀ ਬਹਾਦਰੀ ਨੂੰ ਪ੍ਰਗਟਾਇਆ ਹੈ, ਉਥੇ ਅੰਗਰੇਜ਼ਾਂ ਦੀ ਬਹਾਦਰੀ ਨੂੰ ਵੀ ਧਿਆਨ ਕੀਤਾ ਹੈ। ਅਜਿਹਾ ਵਰਣਨ ਉਸ ਦੀ ਕਵਿਤਾ ਨੂੰ ਸੰਤੁਲਨ ਪ੍ਰਦਾਨ ਕਰਦਾ ਹੈ:

ਮੁੜ ਕੇ ਫੇਰ ਫ਼ਰੰਗੀਆਂ ਜ਼ੋਰ ਕੀਤਾ,
ਲਾਟਾਂਦਾਰ ਗੋਲੇ ਜਦੋਂ ਆਣ ਛੁੱਟੇ।
ਉਡੀ ਰਾਲ ਤੇ ਚਾਦਰਾਂ ਕੜਕੀਆਂ ਨੀ,
ਕੈਰਵ ਪਾਂਡਵਾਂ ਦੇ ਜੈਸੇ ਬਾਣ ਛੁੱਟੇ।
ਜਦੋਂ ਡਿੱਠੇ ਨੀ ਹੱਥ ਫ਼ਰੰਗੀਆਂ ਦੇ,
ਉਥੇ ਕਈਆਂ ਦੇ ਆਣ ਪ੍ਰਾਣ ਛੁੱਟੇ।
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ,
ਤੋਸ਼ੇਖਾਨੇ ਫ਼ਰੰਗੀਆਂ ਆਣ ਲੁਟੇ ।[12]

ਪਰ ਕਵੀ ਅੰਗਰੇਜ਼ਾਂ ਦੀ ਭਾਂਜ ਨੂੰ ਮਜ਼ਾਕ, ਬੇਪਰਵਾਹੀ ਤੇ ਵਿਅੰਗ ਨਾਲ ਚਿਤਰਦਾ ਹੈ:

ਲੰਦਨ ਟਾਪੂਆਂ ਵਿਚ ਕੁਰਲਾਟ ਪਈ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।

ਅਤੇ

ਕਿੰਨੇ ਜਾਇ ਕੇ ਲਿਆਇ ਕੇ ਖ਼ਬਰ ਦਿੱਤੀ
ਲੰਦਨ ਹੋਇ ਬੈਠੀ ਤੇਰੀ ਰੰਡ ਮੀਆਂ ।[13]

ਸ਼ਾਹ ਮੁਹੰਮਦ ਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿ ਸਿੱਖ ਫ਼ੌਜਾਂ ਵਿਚ ਦੇਸ਼ ਭਗਤੀ

ਦੀਭਾਵਨਾ ਦੀ ਘਾਟ ਸੀ ਅਤੇ ਸਿੱਖ ਆਗੂ ਨਿੱਜੀ ਸੁਆਰਥ ਵਿਚ ਫਸੇ ਹੋਏ ਸਨ। ਸਿੱਖ ਸੈਨਾ ਦੀਆਂ ਕੋਝੀਆਂ ਸੋਚਾਂ ਨੂੰ ਕਵੀ ਨੇ ਇਸ ਤਰ੍ਹਾਂ ਵਿਅੰਗ ਦੀ ਆਰ ਲਾਈ ਹੈ:

ਜ਼ਬਤ ਕਰਾਂਗੇ ਮਾਲ ਫ਼ਰੰਗੀਆਂ ਦੇ,
ਉਥੋਂ ਲਿਆਵਾਂਗੇ ਦੌਲਤਾਂ ਬੋਰੀਆਂ ਨੀ।
ਪਿਛੋਂ ਵੜਾਂਗੇ ਉਨ੍ਹਾਂ ਦੇ ਸਤਰ-ਖਾਨੇ,
ਬੰਨ੍ਹ ਲਿਆਵਾਂਗੇ ਉਨ੍ਹਾਂ ਦੀਆਂ ਗੋਰੀਆਂ ਨੀ।
ਕਾਬਲ ਵਿਚ ਪਠਾਣ ਜਿਉਂ ਅਲੀ ਅਕਬਰ,
ਮਾਰ ਵੱਢ ਕੇ ਕੀਤੀਆਂ ਪੋਰੀਆਂ ਨੀ।
ਸ਼ਾਹ ਮੁਹੰਮਦਾ ਲਵਾਂਗੇ ਫੇਰ ਕੰਠੇ,
ਤਿਲੇਦਾਰ ਜੋ ਰੇਸ਼ਮੀ ਡੋਰੀਆਂ ਨੀ।[14]

ਇਕ ਪਾਸੇ ਅੰਗਰੇਜ਼ਾਂ ਦੀ ਅਨੁਸ਼ਾਸਨ ਅਧੀਨ ਤੇ ਸੰਗਠਿਤ ਫੌਜ ਸੀ ਅਤੇ ਦੂਜੇ ਪਾਸੇ ਸੁਆਰਥੀ ਅਤੇ ਭਿੰਨ-ਭਿੰਨ ਹਿੱਤਾਂ ਨੂੰ ਮੁੱਖ ਰੱਖ ਕੇ ਲੜਨ ਵਾਲੇ ਅਫ਼ਸਰਾਂ ਦੇ ਅਧੀਨ ਲੜ ਰਹੀ ਭਾਂਤ ਭਾਂਤ ਦੀ ਫੌਜ ਸੀ, ਜਿਨ੍ਹਾਂ ਦਾ ਮੁੱਖ ਨਿਸ਼ਾਨਾ ਲੁੱਟ-ਮਾਰ ਕਰਨਾ ਸੀ। ਅਜਿਹੇ ਸ਼ੇਖੀ ਮਾਰਨ ਵਾਲੇ ਲੋਕਾਂ ਦੇ ਹਾਰਨ ਤੇ ਕਵੀ ਵਿਅੰਗ ਨਾਲ ਕਹਿੰਦਾ ਹੈ:

ਘਰੋ ਗਏ ਫਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਇ।
ਛੋੜ ਆਫ਼ਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਇ।
ਖੁਸ਼ੀ ਵਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਇ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਇ।[15]

ਜਦੋਂ ਅੰਗਰੇਜ਼ਾਂ ਦੀ ਵਿਉਤ-ਬੱਧ ਹਮਲਾ ਨੀਤੀ ਨੇ ਸਿੱਖ ਸੈਨਾ ਦੇ ਛੱਕੇ ਛੁਡਾ ਦਿੱਤੇ ਤਾਂ ਉਨ੍ਹਾਂ ਦੀ ਦੇਸ਼ ਭਗਤੀ ਦੀ ਘਾਟ ਅਤੇ ਨਿੱਜੀ ਸੁਆਰਥਾਂ ਦੀ ਪੋਲ ਚੰਗੀ ਤਰ੍ਹਾਂ

ਖੁਲ੍ਹ ਜਾਂਦੀ ਹੈ। ਸ਼ਾਹ ਮੁਹੰਮਦ ਨੇ ਸਿੱਖ ਸੈਨਾ ਦੀ ਦੇਸ਼ ਭਗਤੀ ਦੀ ਘਾਟ ਨੂੰ ਇਸ ਤਰ੍ਹਾਂ ਚਿਤਰਿਆ ਹੈ:

ਜਦੋਂ ਪਿਆ ਹਰਾਸ ਤੇ ਕਰਨ ਗੱਲਾਂ,
ਮੁੰਡੇ ਘੋੜ-ਚੜ੍ਹੇ ਨਵੇਂ ਛੋਕਰੇ ਜੀ।
ਅੱਧੀ ਰਾਤ ਨੂੰ ਉਠ ਕੇ ਖਿਸਕ ਤੁਰੀਏ,
ਕਿਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਖੂਬ-ਖਾਂਦੇ,
ਅਸੀਂ ਜਿੰਨ੍ਹਾਂ ਦੇ ਹਾਂ ਪੁੱਤ- ਪੋਤਰੇ ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ,
ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ।[16]

ਜਦੋਂ ਸ਼ਾਹ ਮੁਹੰਮਦ ਨੂੰ ਟੁੰਡੇ-ਲਾਟ ਸਰ ਹੈਨਰੀ ਹਾਰਡਿੰਗ ਗਵਰਨਰ-ਜਨਰਲ ਦੀ ਆਪਣੀਆਂ ਫੌਜਾਂ ਨੂੰ ਕੀਤੀ ਅਪੀਲ ਤੇ ਹੱਲਾਸ਼ੇਰੀ ਦਾ ਪਤਾ ਲਗਦਾ ਹੈ ਤਾਂ ਉਸ ਦੀ ਕੌਮੀ ਗੈਰਤ ਉਛਾਲੇ ਮਾਰਦੀ ਹੈ ਅਤੇ ਉਹ ਆਪਣੇ ਦੇਸ਼ ਵਾਸੀਆਂ ਨੂੰ ਪੰਜਾਬ ਦੀ ਯਾਦ ਦਿਲਾ ਕੇ ਟੁੰਬਦਾ ਹੈ। ਮਿਸਾਲ ਵਜੋਂ:-

ਸ਼ਾਹ ਮੁਹੰਮਦਾ ਤੁਸੀਂ ਪੰਜਾਬੀਓ ਜੀ,
ਕੀਰਤ ਸਿੰਘ ਸਿਪਾਹੀ ਦੀ ਰੱਖਣੀ ਜੀ।[17]

ਸਿੱਖ ਸੈਨਾ ਦੇ ਗੱਦਾਰ ਸਰਦਾਰਾਂ ਕਾਰਨ ਪਹਿਲੀ ਲੜਾਈ ਹਾਰ ਜਾਣ ਤੋਂ ਬਾਅਦ ਪੰਜਾਬੀਅਤ ਦਾ ਦਰਦ ਰੱਖਣ ਵਾਲੇ ਵਫ਼ਾਦਾਰ ਸਰਦਾਰ ਮੁੜ ਇਕੱਠੇ ਹੋਏ ਤੇ ਫੈਸਲਾ ਕੀਤਾ ਕਿ ਆਪਣੀਆਂ ਜਾਨਾਂ ਤਕ ਕੁਰਬਾਨ ਕਰ ਦਿਉ ਪਰ ਆਪਣੇ ਰਾਜ ਨੂੰ ਕਿਸੇ ਦੇ ਸਾਹਮਣੇ ਝੋਲੀ ਅੱਡਣ ਵਾਲਾ ਮੁਹਤਾਜ ਨਾ ਹੋਣ ਦਿਉ:-

ਪਿੱਛੇ ਬੈਠ ਸਰਦਾਰਾਂ ਗੁਰਮੱਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗ ਦਾਹੜੀਆਂ ਦੀ ਰੱਖੋ ਲਾਜ ਯਾਰੋ।

ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ
ਕਦੀ ਰਾਜ ਨਾ ਹੋਇ ਮੁਹਤਾਜ ਯਾਰੋ ।[18]

ਪੰਜਾਬੀਆਂ ਦੀ ਆਪਣੀ ਗਲਤੀ ਕਾਰਨ ਵਾਪਰੇ ਦੁਖਾਂਤ ਦਾ ਸ਼ਾਹ ਮੁਹੰਮਦ ਨੂੰ ਬਹੁਤ ਦੁੱਖ ਹੁੰਦਾ ਹੈ। ਉਹ ਇਸ ਹਾਰ ਨੂੰ ਦਰਦ ਤੇ ਸੋਜ਼ ਨਾਲ ਕਰੁਣਾ ਤੇ ਹਮਦਰਦੀ ਭਰੀ ਸ਼ਬਦਾਵਲੀ ਰਾਹੀਂ ਪੇਸ਼ ਕਰਦਾ ਹੈ:

ਕਈ ਮਾਵਾਂ ਦੇ ਪੁੱਤਰ ਨੇ ਮੋਏ ਉਥੇ,
ਸੀਨੇ ਲਗੀਆਂ ਤੇਜ਼ ਕਟਾਰੀਆਂ ਨੀ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜਕੇ,
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ,
ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।[19]

ਸ਼ਾਹ ਮੁਹੰਮਦ ਇਕ ਲੋਕ-ਪੱਖੀ ਕਵੀ ਸੀ। ਉਸ ਨੇ ਇਸ ਲੜਾਈ ਵਿਚ ਤਬਾਹ ਹੋਏ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਅੰਗਰੇਜ਼ਾਂ ਦੇ ਰਾਜ ਵਿਚ ਭਾਗ ਲੈਣ ਵਾਲੇ ਜਾਗੀਰਦਾਰਾਂ ਤੇ ਚੋਟ ਕੀਤੀ ਹੈ। ਜਿਵੇਂ ਕਿ:

ਮਾਈ ਫੌਜ ਨੂੰ ਚਾਇ ਜੁਆਬ ਦਿੱਤਾ,
ਦਿੱਤੀ ਨੌਕਰੀ ਛੱਡ ਵਿਚਾਰਿਆਂ ਨੇ।
ਪਿਛੇ ਸਾਂਭ ਲੀਤਾ ਮੁਲਕ ਕਾਰਦਾਰਾਂ,
ਬਖਤਾਵਰਾਂ ਤੇ ਨੇਕ-ਸਤਾਰਿਆਂ ਨੇ।
ਸ਼ਾਹ ਮੁਹੰਮਦਾ ਲੋਕ ਵਿਰਾਨ ਹੋਏ
ਤੋੜ ਸੁੱਟਿਆ ਮੁਲਕ ਉਜਾੜਿਆਂ ਨੇ।[20]

ਭਾਵੇਂ ਅੰਗਰੇਜ਼ ਪੰਜਾਬ ਉਤੇ ਕਾਬਜ਼ ਹੋ ਗਏ ਪਰ ਕਵੀ ਫੇਰ ਵੀ ਕਹਿੰਦਾ ਹੈ ਕਿ ਸਾਡਾ ਉਨ੍ਹਾਂ ਨਾਲ ਕੋਈ ਵਾਸਤਾ ਨਹੀਂ ਹੈ। ਅੰਤ ਵਿਚ ਉਹ ਸਿੰਘਾਂ ਨੂੰ ਮੁੜ ਸਫਲਤਾ ਦੀ ਆਸ

ਬੰਨ੍ਹਾਉਂਦਾ ਹੈ ਅਤੇ ਹਿੰਦੂਆਂ ਤੇ ਮੁਸਲਮਾਨਾਂ ਦੀ ਸਾਂਝ ਨੂੰ ਅਮਰ ਮੰਨਦਾ ਹੈ। ਸ਼ਾਹ ਮੁਹੰਮਦ ਪੰਜਾਬੀਆਂ ਨੂੰ ਅੰਗਰੇਜ਼ਾਂ ਨਾਲ ਗੱਲਬਾਤ ਕਰਨ ਤੋਂ ਵੀ ਵਰਜਦਾ ਹੈ ਅਤੇ ਉਸ ਨੂੰ ਦੌਲਤ ਜਮ੍ਹਾਂ ਕਰਨ ਵਾਲਾ ਸ਼ਾਹੂਕਾਰ ਦਾ ਪੁੱਤ ਗੁਮਾਸ਼ਤਾ ਆਖਦਾ ਹੈ। ਗੁਮਾਸ਼ਤੇ ਆਪਣੇ ਮਾਲਕਾਂ ਲਈ ਉਗਰਾਹੀ ਕਰਦੇ ਹਨ। ਇਵੇਂ ਹੀ ਅੰਗਰੇਜ਼ ਹਾਕਿਮ ਮਲਿਕਾ ਵਿਕਟੋਰੀਆ ਲਈ ਭਾਰਤ ਦੀ ਦੌਲਤ ਹੂੰਝ ਕੇ ਲੈ ਜਾ ਰਹੇ ਹਨ:-

ਰੱਬ ਚਾਹੇ ਤਾਂ ਕਰੇਗਾ ਮੇਹਰਬਾਨੀ
ਹੋਵਾਂ ਸਿੰਘਾਂ ਦਾ ਕੰਮ ਅਰਾਸ਼ਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਹਨਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ,
ਖੁਦੀ ਆਪਣੀ ਵਿਚ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ,
ਸ਼ਾਹੂਕਾਰਾਂ ਦਾ ਪੁੱਤ ਗੁਮਾਸ਼ਤਾ ਈ। [21]

ਕਵੀ ਸ਼ਾਹ ਮੁਹੰਮਦ ਖ਼ਤਮ ਹੋ ਰਹੇ ਸਾਂਝੇ ਪੰਜਾਬੀ ਰਾਜ ਦੇ ਸੰਤਾਪ ਪ੍ਰਤੀ ਆਪਣਾ ਸਵਰ ਉਚਾ ਕਰਦਾ ਹੈ ਅਤੇ ਦੂਸਰਾ ਫ਼ਰੰਗੀ ਦੇ ਆਉਣ ਕਾਰਨ ਪੰਜਾਬ ਦੇ ਅਨਿਸ਼ਚਿਤ ਭਵਿੱਖ ਦੀ ਵੀ ਗੱਲ ਕਰਦਾ ਹੈ। ਇਸ ਤਰ੍ਹਾਂ ਹਰ ਪ੍ਰਕਾਰ ਦੇ ਇਤਿਹਾਸਕ ਵੇਰਵੇ ਤੇ ਟਿੱਪਣੀਆਂ ਦੇਣ ਦੇ ਬਾਵਜੂਦ ਵੀ ਕਵੀ ਆਪਣੀ ਸਿੰਘਾਂ ਪ੍ਰਤੀ ਭਾਵੁਕਤਾ ਤੋਂ ਪਿੱਛੇ ਨਹੀਂ ਹਟਦਾ ਅਤੇ ਇਸੇ ਸਵਰ ਵਿਚ ਆਪਣੀ ਇਸ ਰਚਨਾ ਦਾ ਅੰਤ ਕਰਦਾ ਉਹ ਕਹਿੰਦਾ ਹੈ:-

ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ,
ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ,
ਨਹੀਂ ਮੋੜਦੇ ਸੂਰਮੇ ਅੰਗ ਮੀਆਂ। [22]

ਸ਼ਾਹ ਮੁਹੰਮਦ ਦੇ ਜੰਗਨਾਮੇ ਦੇ ਸਮੁੱਚੇ ਪਾਠ ਅਤੇ ਆਲੋਚਨਾਤਮਕ ਅਧਿਐਨ ਉਪਰੰਤ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਇਸ ਰਚਨਾ ਦਾ ਸਤਈ ਦ੍ਰਿਸ਼ ਮਹਾਰਾਜਾ ਰਣਜੀਤ

ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਹੋਈਆਂ ਲੜਾਈਆਂ ਦੀ ਇਤਿਹਾਸਕਤਾ ਨਾਲ ਸੰਬੰਧਿਤ ਹੈ ਪਰ ਇਸ ਦੀ ਗਹਨ ਸੰਰਚਨਾ ਵਿਚ ਸਿੱਖ ਰਾਜ ਦੀ ਸਥਾਪਿਤ ਮਿੱਥ, ਜੋ ਇਕ ਰਾਜ ਨੂੰ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੇ ਸਾਂਝੇ ਕੌਮੀ ਰਾਜ ਵਜੋਂ ਪ੍ਰਸਤੁਤ ਕਰਦੀ ਹੈ, ਕਾਰਜਸ਼ੀਲ ਹੈ। ਕਵੀ ਵਾਰ ਵਾਰ ਪ੍ਰਤੱਖ ਜਾਂ ਪ੍ਰੋਖ ਰੂਪ ਵਿਚ ਇਸ ਰਾਜ ਦੀ ਵਡਿਆਈ ਤੇ ਅਜ਼ਮਤ ਦੀ ਮਹਿਮਾ ਗਾਉਣ ਵਿਚ ਰੁਚਿਤ ਰਹਿੰਦਾ ਹੈ।

(ਅ) <u>ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਬਾਰੇ ਭੁਲੇਖੇ ਅਤੇ ਸਮਾਧਾਨ:-</u>

1) ਬਾਹਰਲੇ ਪ੍ਰਮਾਣ
2) ਅੰਦਰੂਨੀ ਪ੍ਰਮਾਣ

ਸ਼ਾਹ ਮੁਹੰਮਦ ਦੇ ਇਸ ਜੰਗਨਾਮੇ ਸੰਬੰਧੀ ਉਪਲਬਧ ਆਲੋਚਨਾਤਮਕ ਸਾਹਿਤ ਦੇ ਅਵਲੋਕਨ ਤੋਂ ਦੋ ਸਥਾਪਨਾਵਾਂ ਸਪੱਸ਼ਟ ਹੁੰਦੀਆਂ ਹਨ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਸ਼ਾਹ ਮੁਹੰਮਦ ਦੀ ਇਹ ਰਚਨਾ ਦੇਸ਼ ਪਿਆਰ ਦੀ ਭਾਵਨਾ ਨਾਲ ਪਰਨਾਈ ਹੋਈ ਹੈ। ਇਸ ਦੇ ਵਿਪਰੀਤ ਕੁਝ ਵਿਦਵਾਨ ਸ਼ਾਹ ਮੁਹੰਮਦ ਦੀਆਂ ਭਾਵਨਾਵਾਂ ਨੂੰ ਪ੍ਰਸੰਗ ਅਨੁਸਾਰ ਚਲੰਤ ਅਭਿਵਿਅਕਤੀ ਹੀ ਸਮਝਦੇ ਹਨ। ਇਨ੍ਹਾਂ ਦੋਵੱਲੀਆਂ ਧਾਰਨਾਵਾਂ ਦਾ ਆਲੋਚਨਾਤਮਕ ਬਿਓਰਾ ਹੇਠ ਲਿਖੇ ਅਨੁਸਾਰ ਹੈ।

ਸ਼ਾਹ ਮੁਹੰਮਦ ਨੂੰ ਦੇਸ਼ ਭਗਤ ਕਵੀ ਮੰਨਣ ਵਾਲਿਆਂ ਅਨੁਸਾਰ, ਸ਼ਾਹ ਮੁਹੰਮਦ ਪੰਜਾਬੀ ਦਾ ਪਹਿਲਾ ਅਜਿਹਾ ਕਵੀ ਹੈ, ਜਿਸ ਨੇ ਬੜੀ ਯਥਾਰਥ ਭੂਮੀ ਤੇ ਟਿਕ ਕੇ ਦੇਸ਼ ਪਿਆਰ ਦੀ ਅਤੇ ਉਤਸ਼ਾਹ-ਵਰਧਕ ਵਧੀਆ ਕਵਿਤਾ ਲਿਖੀ ਹੈ। ਇਸ ਕਵਿਤਾ ਦੀ ਇਤਿਹਾਸਕ ਮਹਾਨਤਾ ਵੀ ਬਹੁਤ ਅਧਿਕ ਹੈ। ਸ਼ਾਹ ਮੁਹੰਮਦ ਕਿਸੇ ਵਿਸ਼ੇਸ਼ ਜਾਤੀ, ਫਿਰਕੇ ਜਾਂ ਧਰਮ ਦਾ ਕਵੀ ਨਹੀਂ ਸਗੋਂ ਉਹ ਸਹੀ ਭਾਂਤ ਦਾ ਇਕ ਕੌਮੀ ਕਵੀ ਹੈ। ਉਸਨੇ ਧਾਰਮਕਤਾ ਦੀ ਵਲਗਣ ਤੋਂ ਬਹੁਤ ਉਚਾ ਉਠ ਕੇ ਕੌਮੀ ਜਜ਼ਬੇ ਅਧੀਨ ਆਪਣੇ ਦੇਸ਼ ਦੀਆਂ ਉਚ ਰਵਾਇਤਾਂ ਦੇ ਡਿਗਦੇ ਮਿਆਰ ਨੂੰ ਸਮੁੱਚੀ ਦੇਸ਼ ਭਗਤੀ ਦੇ ਸੰਦਰਭ ਵਿਚ ਨਸ਼ਟ ਹੋਣਾ ਤਸਵਰ ਕੀਤਾ ਹੈ। ਉਸ ਨੇ ਪਹਿਲੀ ਵਾਰ ਪੰਜਾਬ ਉਤੇ ਕਬਜ਼ਾ ਕਰਨ ਦੀ ਅੰਗਰੇਜ਼ ਕੂਟਨੀਤੀ ਦਾ ਪਰਦਾ ਫਾਸ਼ ਕੀਤਾ ਹੈ ਅਤੇ ਉਸ ਦੀਆਂ ਭੂਗੋਲਿਕ ਵਿਸਥਾਰ ਦੀਆਂ ਰੁਚੀਆਂ ਨੂੰ ਉਘਾੜਿਆ ਹੈ। ਅੰਗਰੇਜ਼ ਸਰਕਾਰ ਤੋਂ ਲਾਹੌਰ ਦਰਬਾਰ ਦੀ ਬਾਦਸ਼ਾਹੀ ਅਸਹਿ ਸੀ। ਮਹਾਰਾਜਾ ਰਣਜੀਤ

ਸਿੰਘ ਦੇ ਜੀਵਨ ਕਾਲ ਵਿਚ ਉਹ ਆਪਣੇ ਕਿਸੇ ਮਨਸੂਬੇ ਵਿਚ ਕਾਮਯਾਬ ਨਾ ਹੋ ਸਕੇ, ਪਰ ਮਹਾਰਾਜੇ ਦੇ ਅੱਖਾਂ ਮੀਟਦੇ ਸਾਰ ਹੀ ਉਨ੍ਹਾਂ ਨੇ ਆਪਣੀਆਂ ਘਿਨਾਉਣੀਆਂ ਚਾਲਾਂ ਚਲਣੀਆਂ ਸੁਰੂ ਕਰ ਦਿੱਤੀਆਂ ਅਤੇ ਕੁਝ ਵਰ੍ਹਿਆਂ ਵਿਚ ਹੀ ਲਾਹੌਰ ਦਰਬਾਰ ਦੀ ਖਾਨਾਜੰਗੀ ਰਾਹੀਂ ਪੰਜਾਬ ਦੇ ਸੁਦ੍ਰਿੜ ਰੂਪ ਵਿਚ ਸਥਾਪਤ ਰਾਜ ਦੀਆਂ ਨੀਹਾਂ ਨੂੰ ਝੰਜੋੜ ਕੇ ਰੱਖ ਦਿੱਤਾ। ਅੰਗਰੇਜ਼ਾਂ ਨੇ ਆਪਣੇ ਗੁਪਤ ਸਾਧਨਾਂ ਰਾਹੀਂ ਲਾਹੌਰ ਦਰਬਾਰ ਦੀ ਅਰਾਜਕਤਾ ਨੂੰ ਖ਼ਤਮ ਕਰਨ ਲਈ ਰਾਣੀ ਜਿੰਦਾਂ ਦਾ ਮਨ ਅੰਗਰੇਜ਼ ਸਰਕਾਰ ਤੋਂ ਮਦਦ ਪ੍ਰਾਪਤ ਕਰਨ ਲਈ ਪ੍ਰੇਰਿਆ। ਅਤੇ ਅੰਤ ਵਿਚ ਦੋਹਾਂ ਬਾਦਸ਼ਾਹੀਆਂ ਦਾ ਯੁੱਧ ਹੋਇਆ। ਨਤੀਜਾ ਉਹੀ ਨਿਕਲਿਆ ਜਿਸ ਲਈ ਅੰਗਰੇਜ਼ਾਂ ਨੇ ਪਰਪੰਚ ਰਚਿਆ ਸੀ।

ਮਹਾਰਾਜਾ ਰਣਜੀਤ ਸਿੰਘ ਸ਼ਾਹ ਮੁਹੰਮਦ ਲਈ ਸਤਿਕਾਰ ਤੇ ਸ਼ਰਧਾ ਦਾ ਪਾਤਰ ਹੈ। ਪ੍ਰਸਿੱਧ ਪੰਜਾਬੀ ਆਲੋਚਕ ਡਾ. ਹਰਿਭਜਨ ਸਿੰਘ ਦਾ ਮੱਤ ਹੈ ਕਿ ਜੰਗਨਾਮੇ ਦੀ ਪਿੱਠ-ਭੂਮੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਇਕ ਪ੍ਰੇਰਨਾ ਦੇ ਰੂਪ ਵਿਚ ਕੰਮ ਕਰਦੀ ਹੈ। ਡਾ. ਹਰਿਭਜਨ ਸਿੰਘ ਅਨੁਸਾਰ " ਸ਼ਾਹ ਮੁਹੰਮਦ ਅਚੇਤ ਹੀ ਰਣਜੀਤ ਸਿੰਘ ਨਾਲ ਇਸ ਹੱਦ ਤਕ ਅਪਣਤ ਮਹਿਸੂਸ ਕਰਦਾ ਹੈ ਕਿ ਉਹ ਮਹਾਰਾਜੇ ਦੇ ਮਰਨ ਤੋਂ ਆਪਣੇ ਆਪ ਨੂੰ ਵੀ ਮਰਦਾ ਮਹਿਸੂਸ ਕਰਦਾ ਹੈ।"[23] ਡਾ. ਜੀਤ ਸਿੰਘ ਸੀਤਲ ਦੇ ਸ਼ਬਦਾਂ ਵਿਚ "ਸ਼ਾਹ ਮੁਹੰਮਦ ਦੀ ਹੂਕ ਸਾਡੇ ਕੰਨਾਂ ਵਿਚ ਸਦਾ ਗੂੰਜਦੀ ਰਹੇਗੀ, ਸਦਾ ਤੜਫਾਂਦੀ ਰਹੇਗੀ ਹਰ ਸੰਭਵ ਕੁਰਬਾਨੀ ਤੇ ਸ਼ਹਾਦਤ ਦੀ ਪ੍ਰੇਰਣਾ ਦਿੰਦੀ ਰਹੇਗੀ।"[24]

ਸ਼ਾਹ ਮੁਹੰਮਦ ਦੁਆਰਾ ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਅਤੇ ਸਰਬ ਸਾਂਝੀਵਾਲਤਾ ਦੀ ਭਾਵਨਾ ਨੂੰ ਸਰਧਾਂਜਲੀ ਅਰਪਣ ਕਰਨਾ ਵੀ ਉਸ ਦੇ ਦੇਸ਼ ਪਿਆਰ ਦਾ ਇਕ ਸਬੂਤ ਹੈ, ਕਿਉਂਕਿ ਉਸ ਅੰਦਰ ਆਪਣੇ ਦੇਸ਼ ਦੇ ਰਾਜੇ ਪ੍ਰਤੀ ਮਮਤਾ ਦੀ ਭਾਵਨਾ ਪ੍ਰਬਲ ਹੈ। ਇਸਦੇ ਨਾਲ ਹੀ ਯੁੱਧ ਵਿਚ ਸਿੱਖ ਫੌਜ ਦੀ ਬਹਾਦਰੀ ਦਾ ਵੀ ਉਸਨੇ ਬੜੀ ਭਾਵਨਾ-ਮਈ ਰੁਚੀ ਨਾਲ ਚਿਤਰਣ ਕੀਤਾ ਹੈ। ਸਿੱਖਾਂ ਦੁਆਰਾ ਅੰਗਰੇਜ਼ ਫੌਜ ਦੇ ਕੀਤੇ ਨੁਕਸਾਨ ਅਤੇ ਤਬਾਹੀ ਦਾ ਬੜਾ ਸਜੀਵ ਚਿਤਰਣ ਕਵੀ ਨੇ ਕੀਤਾ ਹੈ। ਇਹ ਤਾਰੀਫ਼ ਸੱਚੀ ਹੈ ਕਿਉਂਕਿ ਬੇਲਾਗਤਾ ਦਾ ਰੰਗ ਹੈ ਅਤੇ ਅਤਿਕਥਨੀ ਦਾ ਅਭਾਵ ਹੈ। ਇਸਦੇ ਨਾਲ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਸਿੱਖ ਫੌਜ ਦੀ ਬੇਮੁਹਾਰਤਾ, ਅਧਿਕ ਤਨਖਾਹ ਪ੍ਰਾਪਤ ਕਰਨ ਦਾ ਲਾਲਚ ਅਤੇ ਹੋਰ ਅਨੇਕ ਕੋਝੇ ਪੱਖਾਂ ਤੇ ਵਿਅੰਗ ਕਸਣੋਂ ਵੀ ਕਵੀ ਨੇ ਸੰਕੋਚ ਨਹੀਂ ਕੀਤਾ, ਜਿਸ ਦੇ ਫਲਸਰੂਪ ਦੇਸ਼ ਦੀ ਆਜ਼ਾਦੀ ਖੁਸ ਗਈ, ਦੇਸ਼ ਵਿਚ ਗੈਰ ਕੌਮ ਦਾਖਲ ਹੋ ਗਈ।

ਉਸਦੀ ਇਸ ਨਿਸੰਗ ਬਿਆਨੀ ਨੇ ਹੋਰ ਦੇਸ਼ ਧਰੋਹੀਆਂ ਅਤੇ ਨਿੱਜੀ ਹਿੱਤ ਵਿਚ ਅੰਨ੍ਹਿਆਂ ਨੂੰ ਸਬਕ ਦਿੱਤਾ ਹੈ। ਅਸਲ ਵਿਚ ਸ਼ਾਹ ਮੁਹੰਮਦ ਸਾਡੀ ਉਸ ਵੇਲੇ ਦੀ ਸਾਂਝੀ ਪੰਜਾਬੀਅਤ ਦਾ ਸਾਖੀ ਹੈ ਅਤੇ ਆਉਣ ਵਾਲੀ ਪੰਜਾਬੀਅਤ ਦੇ ਸਰੂਪ ਦਾ ਪੇਸ਼ੀਨਗੋਈਆ ਹੈ। ਉਸਦੇ ਬੇਲਾਗ ਅਤੇ ਪ੍ਰਤੱਖ ਵਰਣਨ ਨੂੰ ਵੇਖ ਕੇ ਹੀ ਇਹ ਰਾਇ ਬਣਦੀ ਹੈ ਕਿ ਦੇਸ਼ ਪਿਆਰ ਉਸਦੇ ਕਾਵਿ ਦੀ ਮੂਲ ਚੂਲ ਹੈ।

ਜਿਨ੍ਹਾਂ ਕੁਝ ਕੁ ਵਿਦਵਾਨਾਂ ਨੇ ਸ਼ਾਹ ਮੁਹੰਮਦ ਉਤੇ ਦੋਸ਼ ਲਾਇਆ ਹੈ ਕਿ ਉਸ ਨੇ ਲਾਲ ਸਿੰਘ ਵਰਗੇ ਗੱਦਾਰਾਂ ਦੀ ਗੱਦਾਰੀ ਨੂੰ ਨੰਗਿਆਂ ਨਹੀਂ ਕੀਤਾ ਅਤੇ ਨਾ ਹੀ ਪੰਜਾਬੀਆਂ ਦੀ ਹਾਰ ਦਾ ਦੋਸ਼ ਡੋਗਰੇ ਸਰਦਾਰਾਂ ਉਤੇ ਮੜ੍ਹਿਆ ਹੈ, ਸਗੋਂ ਰਾਣੀ ਜਿੰਦਾਂ ਨੂੰ ਦੋਸ਼ੀ ਠਹਿਰਾਇਆ ਹੈ। ਇਨ੍ਹਾਂ ਵਿਦਵਾਨਾਂ ਦਾ ਵਿਚਾਰ ਹੈ ਕਿ ਕਵੀ ਦਾ ਇਹ ਰਵੱਈਆ ਉਸ ਦੀ ਦੇਸ਼ ਭਗਤੀ ਤੇ ਸੱਟ ਮਾਰਦਾ ਹੈ। ਡਾ. ਫੌਜਾ ਸਿੰਘ ਅਨੁਸਾਰ,"ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅਤੇ ਸਮੇਂ ਦੀ ਲਾਹੌਰ ਸਰਕਾਰ ਦੀ ਬੇਰੁੱਖੀ ਦੇ ਕਾਰਨ ਫੌਜ ਦਾ ਇਸ ਪੰਥਕ ਜਿੰਮੇਵਾਰੀ ਦਾ ਅਹਿਸਾਸ ਹੋਰ ਵੀ ਪ੍ਰਚੰਡ ਹੋ ਗਿਆ ਸੀ, ਪਰ ਅਜੀਬ ਗੱਲ ਇਹ ਹੈ ਕਿ ਵਿਦੇਸ਼ੀ ਖਤਰੇ ਦੇ ਸਨਮੁਖ ਫੌਜ ਵਿਚ ਜੋ ਮਹਾਨ ਦੇਸ਼ ਪਿਆਰ ਦਾ ਜਜ਼ਬਾ ਪੈਦਾ ਹੁੰਦਾ ਹੈ, ਸ਼ਾਹ ਮੁਹੰਮਦ ਉਸ ਨੂੰ ਆਕੜ ਜਾਂ ਹੰਕਾਰ ਕਹਿ ਕੇ ਭੰਡਦਾ ਹੈ। ਸ਼ਾਹ ਮੁਹੰਮਦ ਦੀ ਹਮਦਰਦੀ ਵੱਡੇ ਸਰਦਾਰਾਂ ਤੇ ਜਾਗੀਰਦਾਰਾਂ ਨਾਲ ਹੈ, ਫੌਜ ਦੇ ਆਮ ਸਾਧਾਰਨ ਸਿਪਾਹੀਆਂ ਜਾਂ ਉਹਨਾਂ ਦੇ ਪੰਚਾਂ ਨਾਲ ਨਹੀਂ।"[25] ਇਸੇ ਤਰ੍ਹਾਂ ਸ਼ਾਹ ਮੁਹੰਮਦ ਉਤੇ ਇਹ ਦੋਸ ਵੀ ਲਾਇਆ ਜਾਂਦਾ ਹੈ ਕਿ ਉਸ ਨੇ ਸਿੱਖ ਫੌਜ ਲਈ 'ਭੂਤਮੰਡਲੀ' ਜਿਹੇ ਅਪਮਾਨਜਨਕ ਸ਼ਬਦ ਵਰਤੇ ਹਨ। ਡਾ. ਫੌਜਾ ਸਿੰਘ ਲਿਖਦੇ ਹਨ, "ਖਾਲਸਾ ਫੌਜ ਦੇ ਸਿਪਾਹੀਆਂ ਦੇ ਉਹ ਦਿਲੋਂ ਵਿਰੁੱਧ ਹੈ ਅਤੇ ਉਹਨਾਂ ਨੂੰ ਭੂਤਮੰਡਲੀ ਜਾਂ ਬੁਰਛੇ ਕਰਾਰ ਦਿੰਦਾ ਹੈ। ਲੜਾਈ ਵਿਚ ਉਹਨਾਂ ਵਲੋਂ ਵਿਖਾਈ ਗਈ ਸੂਰਬੀਰਤਾ ਦੀ ਪ੍ਰਸ਼ੰਸਾ ਕਰਦਾ ਹੋਇਆ ਵੀ ਉਹ ਉਨ੍ਹਾਂ ਨੂੰ ਦੇਸ਼ਭਗਤ ਹੋਣ ਦਾ ਸਨਮਾਨ ਨਹੀਂ ਦਿੰਦਾ।"[26] ਕੁੱਝ ਵਿਦਵਾਨਾਂ ਨੇ ਸ਼ਾਹ ਮੁਹੰਮਦ ਵਲੋਂ ਸਿੰਘਾਂ ਤੇ ਕੀਤੇ ਹੇਠ ਲਿਖੇ ਵਿਅੰਗ ਤੇ ਵੀ ਇਤਰਾਜ਼ ਕੀਤਾ ਹੈ।

ਘਰੋਂ ਗਏ ਫਰੰਗੀ ਦੇ ਮਾਰਨੇ ਨੂੰ
ਬੇੜੇ ਤੋਪਾਂ ਦੇ ਸਭ ਖੁਹਾਇ ਆਇ।
ਛੇੜ ਆਫਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਇ।

ਖੁਸ਼ੀ ਵਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਇ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਏ ਆਇ ।[27]

ਡਾ. ਗੰਡਾ ਸਿੰਘ ਨੇ ਸ਼ਾਹ ਮੁਹੰਮਦ ਦੀ ਦੇਸ਼ ਭਗਤੀ ਉਤੇ ਕਿੰਤੂ ਕਰਦੇ ਹੋਏ ਹੇਠ ਲਿਖੇ ਸ਼ੰਕੇ ਉਤਪੰਨ ਕੀਤੇ ਹਨ:

(ੳ) ਉਸ ਨੇ ਮਹਾਰਾਣੀ ਜਿੰਦਾਂ ਉਪਰ ਵਿਅਰਥ ਦੂਸ਼ਣ ਲਾਇਆ ਹੈ।

(ਅ) ਲਾਲ ਸਿੰਘ ਅਤੇ ਤੇਜ ਸਿੰਘ ਦੇ ਧਰੋਹ ਨੂੰ ਖੁਲ੍ਹੇ ਸ਼ਬਦਾਂ ਵਿਚ ਨੰਗਿਆਂ ਨਹੀਂ ਕੀਤਾ ਗਿਆ।

(ੲ) ਡੋਗਰੇ ਭਰਾਵਾਂ ਦੀਆਂ ਗੁੱਝੀਆਂ ਚਾਲਾਂ ਨੂੰ ਸਪੱਸ਼ਟ ਨਹੀਂ ਕੀਤਾ ਗਿਆ।

(ਸ) ਇਸ ਕਿੱਸੇ ਵਿਚ ਬੀਰ ਰਸ ਦੀ ਨਿਸ਼ਪਤੀ ਨਹੀਂ ਹੁੰਦੀ,ਉਸ ਨੇ ਤਾਂ ਸਿਰਫ ਕੀਰਨੇ ਪਾਏ ਹਨ, ਜਿਸ ਨਾਲ ਕਰੁਣਾ ਰਸ ਹੀ ਪੈਦਾ ਹੁੰਦਾ ਹੈ, ਜੋ ਪਾਠਕਾਂ ਅਤੇ ਸਰੋਤਿਆਂ ਉਪਰ ਢਾਹੂ ਅਸਰ ਪਾਉਂਦਾ ਹੈ।

(ਹ) ਉਸ ਨੇ ਪੰਜਾਬ ਦੀ ਅਧੋਗਤੀ ਦੀ ਅਗਵਾਈ ਕੀਤੀ ਹੈ ਪਰ ਫਿਰਕੂ ਜਥੇਬੰਦੀ ਲਈ ਕਿਸੇ ਪ੍ਰਕਾਰ ਦੀ ਸਮੂਹਿਕ ਚੇਤਨਾ ਨਹੀਂ ਲਿਆਂਦੀ। [28]

ਇਨ੍ਹਾਂ ਦੋਸ਼ਾਂ ਵਿਚੋਂ ਬਹੁਤੇ ਤਰਕ ਦੀ ਕਸੌਟੀ ਉਤੇ ਠੀਕ ਨਹੀਂ ਉਤਰਦੇ। ਹਰ ਕਵੀ,ਕਵੀ ਹੋਣ ਦੇ ਨਾਲ ਨਾਲ ਮਨੁੱਖੀ ਫਿਤਰਤ ਤੋਂ ਵਾਂਝਾ ਨਹੀਂ ਹੁੰਦਾ। ਉਸ ਵਿਚ ਮਨੁੱਖਾ-ਕਮਜ਼ੋਰੀਆਂ ਦਾ ਹੋਣਾ ਸੰਭਵ ਹੁੰਦਾ ਹੈ। ਹਰ ਕਵੀ ਪੂਰੀ ਤਰ੍ਹਾਂ ਨਿਪੁੰਨ ਨਹੀਂ ਹੁੰਦਾ, ਉਸ ਦੇ ਕਾਵਿ ਵਿਚ ਕੁਝ ਨਾ ਕੁਝ ਊਣਤਾਈਆਂ ਜ਼ਰੂਰ ਹੀ ਰਹਿ ਜਾਂਦੀਆਂ ਹਨ, ਪਰ ਇਸ ਜੰਗਨਾਮੇ ਦੇ ਗੰਭੀਰ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਦੀ ਪ੍ਰਧਾਨ ਭਾਵਨਾ ਦੇਸ਼ ਪਿਆਰ ਦੀ ਹੀ ਹੈ। ਰਾਣੀ ਜਿੰਦਾਂ ਦਾ ਕਵੀ ਨੇ ਕੇਵਲ ਉਹੀ ਪੱਖ ਅਤੇ ਰੂਪ ਪੇਸ਼ ਕੀਤਾ ਹੈ ਜੋ ਅੰਗਰੇਜ਼ਾਂ ਨਾਲ ਯੁੱਧ ਹੋਣ ਤੋਂ ਪਹਿਲਾਂ ਦਾ ਸੀ। ਬਾਅਦ ਵਿਚ ਅੰਗਰੇਜ਼ਾਂ ਦੇ ਭੈੜੇ ਵਿਵਹਾਰ ਦੇ ਫਲਸਰੂਪ ਰਾਣੀ ਜਿੰਦਾਂ ਦੇ ਮਨ ਦੀ ਸਥਿਤੀ ਬਦਲਣ ਲਈ ਜੋ ਪਹਿਲੀ ਭਾਵਨਾ ਨਾਲ ਅੰਤਰ ਉਪਸਥਿਤ ਹੋਇਆ, ਉਸਦਾ ਸਹੀ ਸਾਮੰਜਨ ਨਾ ਕਰਨ ਕਰਕੇ ਹੀ ਇਤਿਹਾਸਕਾਰ ਆਪਣੀ ਤਲਸਥਾ ਅਤੇ ਨਿਆਇ-ਸੰਗਤ ਰਾਇ ਕਾਇਮ ਨਹੀਂ ਕਰ ਸਕੇ। ਇਹ ਸਪੱਸ਼ਟ ਹੈ ਕਿ ਕਵੀ ਦੇਸ਼ ਧਰੋਹੀਆਂ ਦੇ ਕੁਕਰਮਾਂ ਨੂੰ ਸਪਸ਼ਟ ਰੂਪ ਵਿਚ ਨਹੀਂ ਚਿਤਰ ਸਕਿਆ। ਇਸ ਦਾ

ਇਕ ਕਾਰਣ ਤਾਂ ਇਹ ਹੈ ਕਿ ਹਰ ਇਕ ਪੱਖ ਦਾ ਚਿਤਰਣ ਇੰਨੇ ਛੋਟੇ ਆਕਾਰ ਦੀ ਰਚਨਾ ਵਿਚ ਕਰ ਸਕਣਾ ਸੰਭਵ ਹੀ ਨਹੀਂ ਸੀ। ਦੂਜਾ ਇਹ ਵੀ ਸੰਭਵ ਹੈ ਕਿ ਉਦੋਂ ਤੱਕ ਦੇਸ਼ ਧਰੋਹੀਆਂ ਦੀਆਂ ਚਾਲਾਂ ਚੰਗੀ ਤਰ੍ਹਾਂ ਸਾਹਮਣੇ ਨਾ ਆਈਆਂ ਹੋਣ। ਸਿੱਖ ਫੌਜ ਪ੍ਰਤੀ ਉਸ ਦੀ ਕਿਤੇ ਵੀ ਦੁਰਭਾਵਨਾ ਨਜ਼ਰ ਨਹੀਂ ਆਉਂਦੀ। ਉਸ ਨੇ ਸਿੱਖ ਫੌਜ ਦੀ ਬਹਾਦਰੀ ਨੂੰ ਜਿਥੇ ਗਾਇਆ ਹੈ, ਉਥੇ ਉਨ੍ਹਾਂ ਦੀਆਂ ਮਾੜੀਆਂ ਰੁਚੀਆਂ ਨੂੰ ਭੰਡਿਆ ਵੀ ਹੈ। ਡਾ. ਟੀ.ਆਰ.ਵਿਨੋਦ ਦਾ ਵਿਚਾਰ ਹੈ ਕਿ: "ਸ਼ਾਹ ਮੁਹੰਮਦ ਨੇ ਸਿੰਘਾਂ ਦੀ ਹਾਰ ਉਤੇ ਕਈ ਥਾਵਾਂ ਤੇ ਵਿਅੰਗ ਕੀਤੇ ਹਨ, ਜਿਵੇਂ ਕੋਈ ਪਿਤਾ ਆਪਣੇ ਪੁੱਤਰ ਨੂੰ ਸਭ ਕੁਝ ਗੁਆ ਆਉਣ ਤੇ ਘੂਰੀਆਂ ਵੱਟ ਰਿਹਾ ਹੋਵੇ। ਪਿਤਾ ਦਾ ਪੁੱਤਰ ਨੂੰ ਘੂਰੀਆਂ ਵੱਟਣਾ ਪਿਤਾ ਦਾ ਵਾਤਸਲ ਪਿਆਰ ਘੱਟ ਨਹੀਂ ਕਰਦਾ। ਇਸੇ ਤਰ੍ਹਾਂ ਸ਼ਾਹ ਮੁਹੰਮਦ ਦੇ ਇਹ ਵਿਅੰਗ ਉਸ ਨੂੰ ਦੇਸ਼ ਭਗਤੀ ਤੋਂ ਮੁਨਕਰ ਨਹੀਂ ਕਰਦੇ।"[29]

ਜਿਥੋਂ ਤਕ ਸ਼ਾਹ ਮੁਹੰਮਦ ਦਾ ਸੰਬੰਧ ਹੈ ਉਹ ਇਕ ਕਵੀ ਸੀ, ਇਤਿਹਾਸਕਾਰ ਨਹੀਂ। ਅਜਿਹੀਆਂ ਛੋਟੀਆਂ-ਮੋਟੀਆਂ ਉਕਾਈਆਂ ਉਸ ਦੀ ਦੇਸ਼ ਭਗਤੀ ਦੀ ਭਾਵਨਾ ਨੂੰ ਘਟਾ ਜਾਂ ਖ਼ਤਮ ਨਹੀਂ ਕਰ ਸਕਦੀਆਂ। ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਮੱਤ ਹੈ ਕਿ "ਉਸ ਦੀਆਂ ਇਹ ਉਕਾਈਆਂ ਜਾਂ ਇਤਿਹਾਸਕ ਤਰੁੱਟੀਆਂ ਉਸ ਦੇ ਇਤਿਹਾਸ ਪ੍ਰਤੀ ਅਪਣਾਏ ਗਏ ਸਮੁੱਚੇ ਦ੍ਰਿਸ਼ਟੀਕੋਣ ਉਤੇ ਹਾਵੀ ਨਹੀਂ ਹੁੰਦੀਆਂ, ਨਾ ਹੀ ਉਸ ਦੀ ਦੇਸ਼ ਭਗਤੀ ਦੀ ਭਾਵਨਾ ਨੂੰ ਕੋਈ ਵਿਸ਼ੇਸ਼ ਚੁਣੌਤੀ ਦਿੰਦੀਆਂ ਹਨ।"[30]

ਜਿਥੋਂ ਤਕ ਬੀਰ ਰਸ ਦੀ ਨਿਸ਼ਪਤੀ ਦਾ ਸੰਬੰਧ ਹੈ, ਇਹ ਇਕ ਜੰਗਨਾਮਾ ਹੈ, ਵਾਰ ਨਹੀਂ। ਇਹ ਸ਼ੰਕੇ ਬੇ-ਬੁਨਿਆਦ ਤੇ ਨਿਰਮੂਲ ਹਨ। ਸਗੋਂ ਸ਼ਾਹ ਮੁਹੰਮਦ ਪਹਿਲਾ ਕਵੀ ਹੈ ਜਿਸ ਨੇ ਬਰਤਾਨਵੀ ਹਕੂਮਤ ਦੀ ਵਾਸਤਵਿਕਤਾ ਨੂੰ ਸਮਝਿਆ ਤੇ ਨਿਰਸੰਕੋਚ ਉਸ ਨੂੰ ਰੂਪਮਾਨ ਕੀਤਾ ਹੈ। ਉਸ ਨੇ ਅੰਗਰੇਜ਼ਾਂ ਦੀ ਕੂਟਨੀਤੀ ਦੇ ਵਿਰੁੱਧ ਆਵਾਜ਼ ਉਠਾਈ ਹੈ, ਜੋ ਇਸਦੀ ਦੇਸ਼ ਭਗਤੀ ਦੀ ਸੂਚਕ ਹੈ। ਉਹ ਪੰਜਾਬ ਨੂੰ ਵਿਦੇਸ਼ੀ ਜਰਵਾਣਿਆਂ ਦੇ ਹੱਥ ਜਾਂਦਾ ਵੇਖ ਪੀੜ ਮਹਿਸੂਸ ਕਰਦਾ ਹੈ ਤੇ ਉਸ ਦੀ ਆਤਮਾ ਖ਼ੂਨ ਦੇ ਹੰਝੂ ਕੇਰਦੀ ਹੈ:

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।[31]

ਉਪਰੋਕਤ ਚਰਚਾ ਦੇ ਵਿਚਾਰ ਅਧੀਨ ਸਾਡੀ ਇਹ ਧਾਰਨਾ ਬਣੀ ਹੈ ਕਿ ਸ਼ਾਹ ਮੁਹੰਮਦ ਇਕ ਦੇਸ਼ ਭਗਤੀ ਕਵੀ ਸੀ। ਉਸ ਦੀ ਪੰਜਾਬੀਅਤ ਅਤੇ ਦੇਸ਼ ਭਗਤੀ ਉਸ ਦੀ ਰਚਨਾ ਵਿਚੋਂ ਪ੍ਰਤੱਖ ਰੂਪ ਵਿਚ ਸਾਡੇ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹੋ ਕਾਰਨ ਹੈ ਕਿ ਵਿਦਵਾਨਾਂ/ਆਲੋਚਕਾਂ ਨੇ ਉਸ ਦੀ ਦੇਸ਼ ਭਗਤੀ ਦੀ ਭਾਵਨਾ ਨੂੰ ਸਵੀਕਾਰ ਕੀਤਾ ਹੈ ਅਤੇ ਉਸ ਨੂੰ ਕੌਮੀ ਕਵੀ ਹੋਣ ਦਾ ਸਨਮਾਨ ਦਿੱਤਾ ਹੈ।

****

## ਹਵਾਲੇ ਅਤੇ ਪੈਰ ਟਿਪਣੀਆਂ


1. ਭਾਸ਼ਾ ਵਿਭਾਗ,ਪੰਜਾਬ,'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-31
2. ਅਮਰਜੀਤ ਸਿੰਘ, 'ਸ਼ਾਹ ਮੁਹੰਮਦ- ਇਕ ਸਰਵੇਖਣ, ਪੰਨਾ-7
3. (ਉਦਰਤ) ਪਿਆਰਾ ਸਿੰਘ ਪਦਮ,'ਜੰਗਨਾਮਾ ਸਿੰਘਾਂ ਤੇ ਫਰੰਗੀਆਂ'ਪੰਨਾ-3
4. ਡਾ. ਹਰਿਭਜਨ ਸਿੰਘ, 'ਪਤਰਾਂਜਲੀ', ਪੰਨਾ-49
5. ਭਾਸ਼ਾ ਵਿਭਾਗ,ਪੰਜਾਬ,'ਜੰਗਨਾਮਾ ਸ਼ਾਹ ਮੁਹੰਮਦ',ਪੰਨਾ-2
6. ਉਹੀ, ਪੰਨਾ-2
7. ਉਹੀ, ਪੰਨਾ-31
8. ਉਹੀ, ਪੰਨਾ-14
9. ਉਹੀ, ਪੰਨਾ 20,22,25
10. ਉਹੀ, ਪੰਨਾ-31
11. ਉਹੀ, ਪੰਨਾ-22
12. ਉਹੀ, ਪੰਨਾ-24
13. ਉਹੀ, ਪੰਨਾ-25
14. ਉਹੀ ਪੰਨਾ-20
15. ਉਹੀ, ਪੰਨਾ-27
16. ਉਹੀ, ਪੰਨਾ-26
17. ਉਹੀ, ਪੰਨਾ-25
18. ਉਹੀ, ਪੰਨਾ-30
19. ਉਹੀ, ਪੰਨਾ-32
20. ਉਹੀ, ਪੰਨਾ-34
21. ਭਾਸ਼ਾ ਵਿਭਾਗ,ਪੰਜਾਬ,'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-35
22. ਉਹੀ, ਪੰਨਾ-36
23. ਡਾ. ਹਰਿਭਜਨ ਸਿੰਘ, 'ਪਤਰਾਂਜਲੀ', ਪੰਨਾ-41
24. ਅਮਰਜੀਤ ਸਿੰਘ, 'ਸ਼ਾਹ ਮੁਹੰਮਦ: ਇਕ ਸਰਵੇਖਣ', ਪੰਨਾ-38
25. ਉਹੀ, ਪੰਨਾ-45

26. ਉਹੀ, ਪੰਨਾ-49

27. ਡਾ. ਬਲਬੀਰ ਸਿੰਘ ਫੂਲੀ, 'ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ', ਪੰਨਾ-40

28. ਡਾ. ਗੰਡਾ ਸਿੰਘ, 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ', ਪੰਨਾ-੧

29. ਸ਼ਾਹ ਮੁਹੰਮਦ ਦੀ ਦੇਸ਼ ਭਗਤੀ' ਸਾਹਿਤ ਸਮਾਚਾਰ; ਪੰਨਾ-288

30. ਪ੍ਰੋ. ਕਿਰਪਾਲ ਸਿੰਘ ਕਸੇਲ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-35

31. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-35

****

# ਅਧਿਆਇ ਛੇਵਾਂ

00

00

00

00

## ਸ਼ਾਹ ਮੁਹੰਮਦ ਦੇ ਜੰਗਨਾਮੇ ਦੀ ਕਾਵਿਕ ਮਹੱਤਤਾ

(ੳ) ਵਿਚਾਰ ਪ੍ਰਬੰਧ
(ਅ) ਭਾਵ ਪ੍ਰਬੰਧ
(ੲ) ਕਲਪਨਾ
(ਸ) ਪ੍ਰਮੁੱਖ ਕਾਵਿ ਵਿਧੀਆਂ
(ਹ) ਕਾਵਿ ਭਾਸ਼ਾ

*****

(ੳ) <u>ਵਿਚਾਰ ਪ੍ਰਬੰਧ:-</u>

ਕਵਿਤਾ ਦੇ ਵਿਸ਼ੈਗਤ ਤੱਤਾਂ ਵਿਚੋਂ ਵਿਚਾਰ ਤੱਤ ਸਭ ਤੋਂ ਪ੍ਰਮੁੱਖ ਹੈ। ਅਜੋਕੇ ਵਿਗਿਆਨਕ ਯੁਗ ਕਰਕੇ ਵੀ ਇਸ ਤੱਤ ਦੀ ਮਹਾਨਤਾ ਵਿਚ ਵਾਧਾ ਹੋਇਆ ਹੈ। ਕਵੀ ਕਿਉਂਕਿ ਇਕ ਸੰਵੇਦਨਸ਼ੀਲ ਪ੍ਰਾਣੀ ਹੁੰਦਾ ਹੈ ਜੋ ਆਪਣੇ ਆਲੇ-ਦੁਆਲੇ ਵਿਚੋਂ ਬਹੁਤ ਕੁਝ ਵੇਖਦਾ, ਸੁਣਦਾ ਤੇ ਮਹਿਸੂਸ ਕਰਦਾ ਹੈ ਅਤੇ ਇਸ ਵਿਚਾਰਾਤਮਕ ਸਾਮੱਗਰੀ ਨੂੰ ਆਪਣੇ ਕਾਵਿ ਵਿਚ ਪ੍ਰਗਟਾਉਂਦਾ ਹੈ। ਉਹ ਆਪਣੇ ਵਿਸ਼ੇ/ਵਸਤੂ ਦੀ ਚੋਣ ਅਧਿਆਤਮਕ ਭੌਤਿਕ ਤੇ ਮਾਨਸਿਕ ਆਦਿ ਕਿਸੇ ਵੀ ਖੇਤਰ ਵਿਚੋਂ ਕਰਦਾ ਹੈ। ਇਹ ਉਸ ਦੀ ਆਪਣੀ ਇੱਛਾ ਤੇ ਮਨਹਸਰ ਹੁੰਦਾ ਹੈ। ਪਰ ਉਹ ਆਪਣੀ ਵਿਚਾਰ ਸਾਮੱਗਰੀ ਨੂੰ ਜਿਉਂ ਦਾ ਤਿਉਂ ਪੇਸ਼ ਨਹੀਂ ਕਰਦਾ ਸਗੋਂ ਇਸ ਨੂੰ ਕਲਾਤਮਕ ਤੇ ਸੁਹਜਾਤਮਕ ਰੂਪ ਵਿਚ ਪੇਸ਼ ਕਰਦਾ ਹੈ। ਇਹ ਕਲਾਤਮਿਕਤਾ ਹੀ ਉਸ ਦੀ ਅਭਿਵਿਅਕਤੀ ਵਿਚ ਰਸਿਕਤਾ ਭਰਦੀ ਹੈ। ਮਿਲਟਨ ਦਾ ਕਥਨ ਹੈ ,"

> "In literature there is no such thing as pure thought, thought is always the handmaid of emotion."

ਭਾਵ ਸਾਹਿਤ ਵਿਚ ਗਰੀਬ ਸੋਚ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ ਸਗੋਂ ਸੋਚ ਤਾਂ ਭਾਵਨਾਵਾਂ ਦੀ ਉਪਜ ਹੈ।

ਆਮ ਪਾਠਕ ਉਨ੍ਹਾਂ ਸਾਹਿਤਕ ਪ੍ਰਤਿਮਾਨਾਂ ਦਾ ਆਧਾਰ ਗ੍ਰਹਿਣ ਨਹੀਂ ਕਰ ਸਕਦਾ ਜੋ ਇਕ ਸਾਹਿਤਕ ਰਸੀਆ ਜਾਂ ਉਚੇਰੇ ਪੱਧਰ ਦਾ ਪਾਠਕ ਕਰ ਸਕਦਾ ਹੈ। ਆਮ ਪਾਠਕ ਵਿਚਾਰ ਦੀਆਂ ਸੂਖਮ ਧਾਰਾਵਾਂ ਦੀ ਪਕੜ ਤੋਂ ਵਾਂਝਾ ਰਹਿੰਦਾ ਹੈ। ਉਹ ਵਿਚਾਰ ਦੀ ਸਪੱਸ਼ਟਤਾ ਨਾਲੋਂ ਸੁਹਜ-ਸੁਆਦ ਨੂੰ ਹੀ ਜ਼ਿਆਦਾ ਪਸੰਦ ਕਰਦਾ ਹੈ। ਕਿਸੇ ਵੀ ਸ਼ਬਦ-ਵਸਤੂ ਦਾ ਆਪਣੇ ਆਪ ਵਿਚ ਕੋਈ ਅਰਥ ਨਹੀਂ ਹੁੰਦਾ, ਪਰ ਜਦੋਂ ਉਹ ਮਨੁੱਖੀ ਮਨ ਉਪਰ ਪ੍ਰਭਾਵ ਪਾਉਂਦੀ ਹੈ ਤਾਂ ਕੋਈ ਨਾ ਕੋਈ ਅਰਥ ਪੈਦਾ ਕਰ ਲੈਂਦੀ ਹੈ। ਉਦੋਂ ਹੀ ਇਸ ਵਿਚ ਜੀਵਨ ਧੜਕਦਾ ਹੈ। ਕਵਿਤਾ ਦੀ ਡੂੰਘੀ ਸਮਝ ਦੇ ਹੋਰ ਸਾਰਥਕ ਪੱਖ ਉਸ ਸਮੇਂ ਉਭਰਦੇ ਰਹਿੰਦੇ ਹਨ ਜਦੋਂ ਅਸੀਂ ਪ੍ਰੇਰਣਾ ਦੀ ਧੁਰ-ਡੂੰਘਾਈ ਵਿਚ ਉਤਰ ਜਾਂਦੇ ਹਾਂ ਅਤੇ ਕਲਪਨਾ ਦੀ ਤਾਜ਼ਗੀ ਨੂੰ ਪ੍ਰਾਪਤ ਕਰਦੇ ਹਾਂ। ਮਨਰੋ ਨੇ ਕਵਿਤਾ ਵਿਚ ਵਿਚਾਰ ਤੱਤ ਉਤੇ ਜ਼ੋਰ ਦੇਂਦੇ ਹੋਏ ਕਵਿਤਾ ਨੂੰ ਮਨੁੱਖੀ ਜੀਵਨ ਤੇ ਵਿਚਾਰਾਂ ਦੀ ਲੈ-ਆਤਮਕ ਤੇ ਕਾਲਪਨਿਕ ਸ਼ਬਦ ਅਭਿਵਿਅਕਤੀ ਦੱਸਿਆ ਹੈ, " Poetry is an imaginative

and rhythmical expression in words of man's life and ideas"[2] ਦਰਅਸਲ ਕਵਿਤਾ ਲਈ ਵਿਚਾਰ ਤੱਤ ਦੀ ਲੋੜ ਕਿਸੇ ਨਾ ਕਿਸੇ ਰੂਪ ਵਿਚ ਲੋੜੀਂਦੀ ਜ਼ਰੂਰ ਹੈ। ਲੋੜ ਇਹ ਹੈ ਕਿ ਕਵਿਤਾ ਵਿਚ ਵਿਚਾਰ ਦੇ ਨਾਲ ਨਾਲ ਬਾਕੀ ਦੇ ਕਲਾਤਮਕ ਤੱਤਾਂ ਨੂੰ ਵੀ ਪੂਰੀ ਤਰ੍ਹਾਂ ਧਿਆਨ ਵਿਚ ਰਖਿਆ ਜਾਵੇ। ਕਵਿਤਾ ਦੇ ਹਰੇਕ ਸ਼ਬਦ ਉਪਰ ਗੌਰ ਕਰਨਾ ਪੈਂਦਾ ਹੈ ਤਾਂ ਜੋ ਇਸਦੇ ਮੁਕੰਮਲ ਅਰਥ ਪਤਾ ਲਗ ਸਕਣ ਅਤੇ ਇਸਦੇ ਸਮੁੱਚੇ ਅਨੁਭਵ ਦੀ ਅਮੀਰੀ ਤੇ ਗਹਿਰਾਈ ਨੂੰ ਗ੍ਰਹਿਣ ਕੀਤਾ ਜਾ ਸਕੇ।

ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਪੰਜਾਬ ਦੇ ਸਮਾਜਕ ਤੇ ਰਾਜਨੀਤਕ ਇਤਿਹਾਸ ਦੀ ਇਕ ਮਹਤਵਪੂਰਨ ਰਚਨਾ ਹੈ। ਸ਼ਾਹ ਮੁਹੰਮਦ ਪੰਜਾਬ ਨੂੰ ਸੁਤੰਤਰ ਰਾਜ ਕਹਿਣ ਵਿਚ ਆਪਣਾ ਮਾਣ ਮਹਿਸੂਸ ਕਰਦਾ ਹੈ, ਕਿਉਂਕਿ ਉਸ ਸਮੇਂ ਪੰਜਾਬ ਆਜ਼ਾਦ ਸੀ ਤੇ ਬਾਕੀ ਸਾਰਾ ਹਿੰਦੁਸਤਾਨ ਅੰਗਰੇਜ਼ਾਂ ਦੇ ਕਬਜ਼ੇ ਵਿਚ ਸੀ। ਇਸ ਲਈ ਉਹ ਪੰਜਾਬ ਤੇ ਭਾਰਤ ਨੂੰ ਦੋ ਵੱਖਰੇ-ਵੱਖਰੇ ਰਾਜ ਕਹਿੰਦਾ ਹੈ ਜੋ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ ਵੀ ਸੱਚ ਹੈ, ਕਿਉਂਕਿ ਸ਼ਾਹ ਮੁਹੰਮਦ ਆਪ ਇਸ ਸਾਰੀ ਘਟਨਾ ਨੂੰ ਪੰਜਾਬ ਦੀਆਂ ਸੈਨਾਵਾਂ ਅਤੇ ਭਾਰਤ ਦੇ ਵੱਖ ਵੱਖ ਇਲਾਕਿਆਂ ਤੋਂ ਅੰਗਰੇਜ਼ੀ ਵੰਡ ਹੇਠ ਇਕੱਠੀਆਂ ਕੀਤੀਆਂ ਸੈਨਾਵਾਂ ਵਿਰੁੱਧ ਯੁੱਧ ਦੱਸਦਾ ਹੈ, ਜਿਵੇਂ:-

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੇ।[3]

ਇਸ ਰਚਨਾ ਦੀ ਮੂਲ ਸਮੱਸਿਆ ਸਮਕਾਲੀ ਯਥਾਰਥ ਅਥਵਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਦੇ ਸੱਤ ਸਾਲ ( 1839-1846 ) ਦੀ ਲਾਹੌਰ ਦਰਬਾਰ ਦੀ ਦਾਸਤਾਨ ਨੂੰ ਵੇਰਵਿਆਂ ਦੀ ਬਾਰੀਕੀ ਸਹਿਤ ਪ੍ਰਸਤੁਤ ਕਰਨਾ ਹੈ।[4] ਇਸਦਾ ਵਿਸ਼ਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਪੰਜਾਬ ਦੇ ਸੱਤ ਸਾਲਾਂ ਦੇ ਰਾਜਸੀ ਤੇ ਸਮਾਜਿਕ ਹਾਲਾਤ ਹਨ ਅਸਲ ਵਿਚ ਇਹ ਜੰਗਨਾਮਾ ਹੀ ਨਹੀਂ ਸਗੋਂ ਇਕ ਇਤਿਹਾਸਕ ਦਸਤਾਵੇਜ਼ ਵੀ ਹੈ। ਇਸ ਵਿਚ ਇਤਿਹਾਸ ਦਾ ਅੱਖੀਂ ਡਿੱਠਾ ਉਹ ਯਥਾਰਥ ਸਮਾਇਆ ਹੋਇਆ ਹੈ ਜੋ ਇਤਿਹਾਸ ਦੀਆਂ ਪੁਸਤਕਾਂ ਵਿਚੋਂ ਵੀ ਪ੍ਰਤੱਖ ਰੂਪ ਵਿਚ ਨਹੀਂ ਮਿਲਦਾ। ਸ਼ਾਹ ਮੁਹੰਮਦ ਇਕ ਦੇਸ਼ ਭਗਤ ਕਵੀ ਹੈ, ਜੋ ਪੰਜਾਬੀਆਂ ਦੀ ਆਪਸੀ ਫੁੱਟ, ਸਰਦਾਰਾਂ ਦੇ ਨਿੱਜੀ ਸੁਆਰਥ ਤੇ ਖਾਲਸਾ ਸੈਨਾ ਦੀ ਅਨੁਸ਼ਾਸ਼ਨ-ਹੀਣਤਾ ਕਾਰਨ ਸਿੰਘਾਂ ਤੇ ਅੰਗਰੇਜ਼ਾਂ ਦੀ ਪਹਿਲੀ

ਲੜਾਈ ਵਿਚ ਹੋਈ ਹਾਰ ਉਤੇ ਅਫ਼ਸੋਸ ਪ੍ਰਗਟ ਕਰਦਾ ਹੈ। ਉਹ ਪੰਜਾਬ ਦੇ ਸੁਖੀ ਤੇ ਖੁਸ਼ਹਾਲ ਵਸਦੇ ਹਿੰਦੂ-ਸਿੱਖਾਂ ਤੇ ਮੁਸਲਮਾਨਾਂ ਨੂੰ ਵੇਖ ਖੁਸ਼ੀ ਮਹਿਸੂਸ ਕਰਦਾ ਹੈ ਤੇ ਇਸ ਦੀ ਬਰਬਾਦੀ ਉਪਰ ਖੂਨ ਦੇ ਹੰਝੂ ਵਹਾਉਂਦਾ ਹੈ। ਪੰਜਾਬ ਵਿਚ ਅੰਗਰੇਜ਼ਾਂ ਦੇ ਪ੍ਰਵੇਸ਼ ਨੂੰ ਬਦਸ਼ਗਨੀ ਸਮਝਦਾ ਹੈ।

ਸ਼ਾਹ ਮੁਹੰਮਦ ਨੇ ਆਪਣੀ ਰਚਨਾ ਦਾ ਵਿਸ਼ਾ ਆਪਣੇ ਸਮਕਾਲੀਨ ਸਮਾਜ ਵਿਚੋਂ ਲਿਆ ਹੈ ਤੇ ਜਨਤਾ ਦੇ ਦੁੱਖਾਂ ਨਾਲ ਇਕ ਸੁਰ ਹੋ ਕੇ, ਉਨ੍ਹਾਂ ਦੇ ਹਿਰਦੇ ਦੀ ਵੇਦਨਾ ਨੂੰ ਅੱਖਰਾਂ ਦਾ ਜਾਮਾ ਪੁਆਇਆ ਹੈ। ਉਸ ਨੇ ਰੋਂਦੇ ਕੁਰਲਾਉਂਦੇ ਪੰਜਾਬੀਆਂ ਦੇ ਨਾਲ ਰਲ ਕੇ ਪੰਜਾਬ ਦੀ ਖੁਸ ਰਹੀ ਆਜ਼ਾਦੀ ਨੂੰ ਵੇਖ ਉਨ੍ਹਾਂ ਨਾਲ ਰਲ ਕੇ ਵੈਣ ਪਾਏ ਹਨ। ਇਸ ਜੰਗਨਾਮੇ ਦੀ ਸਿਰਜਨਾ ਕਰਕੇ, ਉਨ੍ਹਾਂ ਦੇ ਦੁਖਦੇ ਘਾਉ ਉਪਰ ਮਲ੍ਹਮ ਲਾਈ ਹੈ। ਕਵੀ ਨੇ ਸਾਰੇ ਇਤਿਹਾਸਕ ਤੱਥ ਬੜੀ ਨਿੱਡਰਤਾ ਨਾਲ ਬਿਆਨ ਕੀਤੇ ਹਨ। ਆਪਣੇ ਸਾਂਝੇ ਆਜ਼ਾਦ ਪੰਜਾਬ ਦੇਸ਼ ਦੀ ਆਜ਼ਾਦੀ ਬਚਾਉਣ ਲਈ ਦੇਸ਼ ਪੰਜਾਬ ਦੇ ਸੂਰਮੇ ਕਿਵੇਂ ਨਿਕਲਦੇ ਹਨ, ਇਸ ਦ੍ਰਿਸ਼ ਨੂੰ ਕਵੀ ਨੇ ਬਹੁਤ ਖੂਬੀ ਨਾਲ ਬਿਆਨਿਆ ਹੈ:-

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ
ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ,
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਨੇ ਵੈਰ ਮੀਆਂ ।[5]

ਸ਼ਾਹ ਮੁਹੰਮਦ ਨੇ ਬਿਨਾ ਕਿਸੇ ਪੱਖਪਾਤ ਦੇ, ਉਹ ਭਾਵੇਂ ਮਹਾਰਾਜਾ, ਕੰਵਰ, ਮਹਾਰਾਣੀ, ਵਜ਼ੀਰ ਜਾਂ ਸਰਦਾਰ ਕਿਉਂ ਨਾ ਹੋਵੇ, ਉਨ੍ਹਾਂ ਦੇ ਗੁਣਾਂ ਤੇ ਔਗੁਣਾਂ ਨੂੰ ਇਸ ਵਿਚ ਬਿਆਨ ਕੀਤਾ ਹੈ। ਸ਼ਾਹ ਮੁਹੰਮਦ ਦੀ ਨਿਰਪੱਖਤਾ ਦਾ ਪ੍ਰਮਾਣ ਇਸ ਤੋਂ ਵੱਧ ਕੀ ਹੋ ਸਕਦਾ ਹੈ ਕਿ ਇਕ ਪਾਸੇ ਤਾਂ ਉਹ ਅੰਗਰੇਜ਼ਾਂ ਦੀ ਕੂਟਨੀਤੀ ਦਾ ਪਰਦਾ ਫਾਸ਼ ਕਰਦਾ ਹੈ। ਉਨ੍ਹਾਂ ਦੇ ਪੰਜਾਬ ਵਿਚ ਪ੍ਰਵੇਸ਼ ਨੂੰ 'ਤੀਸਰੀ ਜਾਤ' ਤੇ 'ਆਫਤ' ਕਹਿ ਕੇ ਦੁਰਕਾਰਦਾ ਹੈ ਤਾਂ ਦੂਜੇ ਪਾਸੇ ਉਨ੍ਹਾਂ ਦੀ ਰਣਭੂਮੀ ਵਿਚ ਦਿਖਾਈ ਬਹਾਦਰੀ ਨੂੰ ਵੀ ਅੱਖੋਂ ਓਹਲੇ ਨਾ ਕਰਦਾ ਹੋਇਆ ਲਿਖਦਾ ਹੈ:

ਅੱਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ,
ਵਾਂਗਾਂ ਪਹਿਨ ਖਲੋਤੀਆਂ ਨਹੀਂ ਕੁੜੀਆਂ ।[6]

ਕਵੀ ਦਾ ਆਪਣੇ ਸਾਂਝੇ ਦੇਸ਼ ਪੰਜਾਬ ਨਾਲ ਬਹੁਤ ਪਿਆਰ ਸੀ ਤੇ ਉਹ ਇਸ ਦਾ ਹੁੰਦਾ ਉਜਾੜਾ ਬਰਦਾਸ਼ਤ ਨਹੀਂ ਸੀ ਕਰ ਸਕਦਾ। ਇਸੇ ਲਈ ਦੇਸ਼ ਧਰੋਹੀ ਤੇ ਨਿਮਕ ਹਰਾਮੀ ਵਜ਼ੀਰ ਲਾਲ ਸਿੰਘ, ਫ਼ੌਜ ਕਮਾਂਡਰ ਤੇਜ ਸਿੰਘ, ਰਾਜਾ ਧਿਆਨ ਸਿੰਘ, ਰਾਜਾ ਗੁਲਾਬ ਸਿੰਘ, ਰਣਜੋਧ ਸਿੰਘ ਤੇ ਰਾਣੀ ਜਿੰਦ ਕੌਰਾਂ ਆਦਿ ਦਾ ਪਾਜ ਬਹੁਤ ਖੂਬੀ ਨਾਲ ਉਘਾੜਦਾ ਹੈ। ਜਿੰਦ ਕੌਰ ਬਾਰੇ ਕਵੀ ਕਹਿੰਦਾ ਹੈ ਕਿ ਉਹ ਪਹਿਲਾਂ ਹੀ ਅੰਗਰੇਜ਼ਾਂ ਨਾਲ ਮਿਲੀ ਹੋਈ ਸੀ ਤੇ ਫ਼ੌਜ ਪਾਸੋਂ ਆਪਣੇ ਭਰਾ ਜਵਾਹਰ ਸਿੰਘ ਦਾ ਬਦਲਾ ਲੈਣਾ ਚਾਹੁੰਦੀ ਸੀ:-

ਤੇਰੇ ਵੱਲ ਮੈਂ ਫ਼ੌਜ ਨੂੰ ਘਲਨੀਆਂ
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ। [7]

ਕਵੀ ਇਸ ਦੁੱਖ ਨੂੰ ਬਹੁਤ ਮਹਿਸੂਸ ਕਰਦਾ ਹੈ ਜਦੋਂ ਉਹ ਕਹਿੰਦਾ ਹੈ ਕਿ ਦੇਸ਼ ਦੇ ਮਾਲਕ ਹਾਕਮ ਸਾਰੇ ਅੰਗਰੇਜ਼ਾਂ ਨਾਲ ਅੰਦਰ ਖਾਨਿਉਂ ਮਿਲੇ ਹੋਏ ਸਨ ਤੇ ਲੜਦੇ ਸਿਰਫ ਉਹ ਸਨ ਜਿਹੜੇ ਇਸ ਧੋਖੇ ਨੂੰ ਨਹੀਂ ਸਨ ਸਮਝਦੇ:

ਸੋਈ ਲੜਨਗੇ ਹੋਣ ਬੇਖਬਰ ਜਿਹੜੇ,
ਮੱਥਾ ਕਦੀ ਸਰਦਾਰ ਨਾ ਡਾਹਵਣੀਗੇ ।[8]

ਸ਼ਾਹਮੁਹੰਮਦ ਨੇ ਮੱਧਕਾਲੀਨ ਯੁਗ ਦੇ ਯਥਾਰਥ ਨੂੰ ਆਧਾਰ ਬਣਾ ਕੇ, ਉਸ ਸਮਾਜ ਵਿਚੋਂ ਕੱਚਾ ਮਸਾਲਾ ਲੈ ਕੇ ਉਸ ਨੂੰ ਆਪਣੀ ਕਲਪਨਾ ਦੀ ਪਾਹ ਨਾਲ ਨਵੀਂ ਰੰਗਣ ਦੇ ਕੇ ਪੇਸ਼ ਕੀਤਾ ਹੈ, ਜਿਸ ਨਾਲ ਨਵੇਂ ਯੁੱਗ ਦਾ ਨਿਰਮਾਣ ਹੋ ਸਕੇ। ਇਸ ਤੋਂ ਇਕ ਜੀਵਨ-ਸੇਧ ਮਿਲਦੀ ਹੈ ਕਿ ਸਮਾਜ ਦਾ ਆਪਸ ਵਿਚ ਮਿਲਕੇ ਰਹਿਣਾ ਜ਼ਰੂਰੀ ਤੇ ਲਾਹੇਵੰਦ ਹੈ, ਨਹੀਂ ਤਾਂ ਘਰੇਲੂ ਫੁੱਟ ਨਾਲ ਵੱਡੇ ਵੱਡੇ ਸਾਮਰਾਜ ਤਬਾਹ ਹੋ ਜਾਂਦੇ ਹਨ। ਸ਼ਾਹ ਮੁਹੰਮਦ ਆਪਣੀ ਰਚਨਾ ਵਿਚ ਅਨੇਕਾਂ ਵਾਰ 'ਪੰਜਾਬੀ' ਸ਼ਬਦ ਨੂੰ ਸਾਂਝੀ ਪੰਜਾਬੀ ਕੌਮ ਦੇ ਸੰਦਰਭ ਵਿਚ ਵਰਤਦਾ ਹੈ ਤੇ ਨਾਲ ਹੀ ਪੰਜਾਬ ਦੇ ਸੂਰਮਿਆਂ ਨੂੰ ਵੰਗਾਰਦਾ ਹੈ ਕਿ ਤੁਸੀਂ ਪੰਜਾਬ ਦੇ ਸਿਪਾਹੀ ਦੀ ਸ਼ੁਹਰਤ ਤੇ ਕੀਰਤ ਰੱਖਣੀ ਹੈ:-

ਸ਼ਾਹ ਮੁਹੰਮਦਾ ਤੁਸੀਂ ਪੰਜਾਬੀਓ ਜੀ,
ਕੀਰਤ ਸਿੰਘ ਸਿਪਾਹੀ ਦੀ ਰੱਖਣੀ ਜੀ।[9]

ਸ਼ਾਹ ਮੁਹੰਮਦ ਹੇਠ ਲਿਖੀਆਂ ਪੰਗਤੀਆਂ ਵਿਚ ਰਣਜੀਤ ਸਿੰਘ ਕਾਲ ਵਿਚ ਪੰਜਾਬ ਦੀ ਰਾਸ਼ਟਰੀ ਚੇਤਨਤਾ ਨੇ ਜਿਸ ਤਰ੍ਹਾਂ ਆਪਣੇ ਆਪ ਨੂੰ ਸੁਸੰਗਤ ਕੀਤਾ ਅਤੇ ਜਿਵੇਂ ਇਸ ਲੋਕ ਪ੍ਰਿਯ ਜਨ-ਨਾਇਕ ਦੇ ਸ਼ਾਸਨ ਕਾਲ ਵਿਚ ਲੋਕਾਂ ਨੂੰ ਅਮਨ ਸ਼ਾਂਤੀ ਦਾ ਜੀਵਨ ਪ੍ਰਾਪਤ ਹੋਇਆ, ਉਸ ਦਾ ਜ਼ਿਕਰ ਕਰ ਗਿਆ ਤੇ ਨਾਲ ਹੀ ਰਾਜੇ ਦੀ ਮੌਤ ਤੋਂ ਬਾਅਦ ਰਾਜ ਗੱਦੀ ਪਿੱਛੇ ਉਸ ਦੇ ਵਾਰਸਾਂ ਵਿਚ ਹੋਈ ਖਾਨਾਜੰਗੀ ਦਾ ਵਰਣਨ ਵੀ ਕਰ ਗਿਆ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।[10]

ਅਤੇ

ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਵਾਹ ਮਾਰੀ
ਮਾਰਿਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ
ਸਾਡਾ ਇਹੋ ਸੀ ਕੌਲ ਕਰਾਰ ਮੀਆਂ।[11]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਦੀਆਂ ਘਟਨਾਵਾਂ, ਜਿਨ੍ਹਾਂ ਵਿਚ ਰਣਜੀਤ ਸਿੰਘ ਦੇ ਪਰਿਵਾਰ ਦੇ ਬਹੁਤ ਸਾਰੇ ਵਿਅਕਤੀ, ਉਸ ਦੇ ਨਜ਼ਦੀਕੀ ਰਿਸ਼ਤੇਦਾਰ ਅਤੇ ਡੋਗਰਾ ਸਰਦਾਰ ਜੋ ਕਿ ਉਸ ਸਮੇਂ ਅਸਲੀ

ਹਾਕਮ ਬਣ ਗਏ ਸਨ ਅਤੇ ਬਾਅਦ ਵਿਚ ਖ਼ਤਮ ਕਰ ਦਿੱਤੇ ਗਏ, ਬਾਰੇ ਵੀ ਅਤਿ ਬਾਰੀਕੀ ਨਾਲ ਵਿਚਾਰ ਪੇਸ਼ ਕਰਦਾ ਹੈ। ਇਹ ਸੰਭਵ ਹੈ ਕਿ ਸ਼ਾਹ ਮੁਹੰਮਦ ਇਸ ਸਮੇਂ ਦੇ ਦੌਰਾਨ ਲਾਹੌਰ ਰਿਹਾ ਅਤੇ ਸਿੱਖ ਫੌਜਾਂ ਦੀ ਸਭਰਾਉਂ ਵਿਖੇ ਹਾਰ ਉਪਰੰਤ ਵਡਾਲੇ ਆ ਗਿਆ। ਇਸ ਰਚਨਾ ਵਿਚ ਉਹ ਇਕ ਥਾਂ ਲਿਖਦਾ ਹੈ ਕਿ ਉਸਨੇ ਲੁਧਿਆਣਾ ਦੀਆਂ ਘਟਨਾਵਾਂ ਬਾਰੇ ਪੁਛਿਆ ਹੈ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਉਸਨੇ ਮਿਲਦੇ ਸੋਮਿਆਂ ਤੋਂ ਸਹੀ ਘਟਨਾਵਾਂ ਦਾ ਵੇਰਵਾ ਪਤਾ ਕਰਨ ਦੇ ਪੂਰੇ ਯਤਨ ਕੀਤੇ ਸਨ:

ਸ਼ਾਹ ਮੁਹੰਮਦਾ ਸਭ ਮਾਲੂਮ ਕੀਤੀ,
ਕੀਕੂੰ ਹੋਈ ਸੀ ਦਸ ਖਾਂ ਲੁਧਿਆਣੇ

ਕਵੀ ਇਸ ਜੰਗਨਾਮੇ ਵਿਚ ਇਸ ਸੰਸਾਰ ਦੀ ਨਾਸ਼ਵਾਨਤਾ ਵਲ ਸੰਕੇਤ ਕਰਦਾ ਹੋਇਆ ਇਸਨੂੰ ਇਕ ਸਰਾਂ ਦੀ ਨਿਆਈਂ ਆਖਦਾ ਹੈ:

ਇਹ ਜੱਗ ਸਰਾਇ ਮੁਸਾਫਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ,
ਸ਼ਦਾਦ ਨਮਰੂਦ ਫਿਰਾਊਨ ਜੇਹੇ,
ਦਾਵਾ ਬੰਨ੍ਹ ਖੁਦਾਇ ਕਹਾਇ ਗਏ।
ਅਕਬਰ ਸ਼ਾਹ ਜੇਹੇ ਵਿਚ ਦਿੱਲੀ ਦੇ ਜੀ,
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਝੂਠ ਦੇ ਕਈ ਵਜਾਇ ਗਏ।[13]

ਇਸ ਜੰਗਨਾਮੇ ਵਿਚ ਕਵੀ ਨੇ ਸੰਜਮਤਾ ਤੋਂ ਕੰਮ ਲੈਂਦੇ ਹੋਏ ਲਾਹੌਰ ਦਰਬਾਰ ਦੇ ਸੱਤ ਸਾਲ ਦੇ ਇਤਿਹਾਸ ਨੂੰ 105 ਬੈਤਾਂ ਵਿਚ ਬਿਆਨ ਕਰ ਦਿੱਤਾ ਹੈ। ਕਵਿਤਾ ਵਿਚਲੀ ਰਵਾਨਗੀ ਕਹਾਣੀ ਦਾ ਵਹਾਅ, ਸਰਲਤਾ, ਸਪਸ਼ਟਤਾ, ਸੁਭਾਉਪੁਣਾ ਆਦਿ ਇਸ ਦੇ ਮੁੱਲ ਨੂੰ ਵਧਾਉਂਦੇ ਹਨ। ਕਿਰਪਾਲ ਸਿੰਘ ਕਸੇਲ ਦੇ ਸ਼ਬਦਾਂ ਵਿਚ "ਸ਼ਾਹ ਮੁਹੰਮਦ ਦੀ ਇਹ ਅਦੁੱਤੀ ਰਚਨਾ ਆਪਣੇ ਸਮੇਂ ਦੇ ਬਲਵਾਨ ਤੇ ਨਿਰਣਾ- ਯੁਕਤ ਇਤਿਹਾਸਕ ਸਮਾਚਾਰਾਂ ਨਾਲ ਸੰਬੰਧਤ ਹੋਣ ਕਰਕੇ ਵਿਲੱਖਣ ਹੈ, ਭਾਵੇਂ ਇਸਦਾ ਦਿਸਦਾ ਆਕਾਰ ਬੜਾ ਸੀਮਤ ਹੈ ਪਰ ਇਸ ਦਾ ਅੰਤਰੀਵ ਪਾਸਾਰ ਬੜਾ ਸੰਪੂਰਣ ਹੈ ਤੇ ਇਸ ਮਹਾਨ ਵਿਸ਼ੇ ਦੇ ਸਾਰੇ ਪੱਖਾਂ ਵਲ ਸੰਕੇਤ ਕਰਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਬਹੁਤ ਘੱਟ ਰਚਨਾਵਾਂ ਅਜਿਹੀਆਂ ਹਨ ਜੋ

ਸ਼ਾਹ ਮੁਹੰਮਦ ਦੇ ਸਮਾਨ ਆਪਣੇ ਸਮੇਂ ਦੇ ਸੱਚ ਨੂੰ ਅਜਿਹੀ ਸੁਹਿਰਦਤਾ ਤੇ ਹਿਰਦੇ ਵੇਦਕ ਹੂਕ ਨਾਲ ਪੇਸ਼ ਕਰਦੀਆਂ ਹੋਣ ਅਤੇ ਉਸ ਵਾਂਗ ਉੱਤਮ ਰਚਨਾਵਾਂ ਵੀ ਸਿੱਧ ਹੋਈਆਂ ਹੋਣ।[14] ਸਾਰੀ ਚਰਚਾ ਤੋਂ ਸਪਸ਼ਟ ਹੈ ਕਿ ਇਤਿਹਾਸਕ ਉਚਤਾ, ਵਿਸ਼ੇ ਦੀ ਚੋਣ, ਨਿਭਾਅ ਤੇ ਨਿਰਪਖਤਾ, ਸਰਲਤਾ, ਸਪਸ਼ਟਤਾ ਆਦਿ ਸਾਹਿਤਕ ਗੁਣਾਂ ਕਰਕੇ ਸ਼ਾਹ ਮੁਹੰਮਦ ਦਾ ਜੰਗਨਾਮਾ ਪੰਜਾਬੀ ਬੀਰ ਰਸੀ ਕਾਵਿ ਵਿਚ ਇਕ ਸ਼ਾਹਕਾਰ ਰਚਨਾ ਵਜੋਂ ਵਿਸ਼ੇਸ਼ ਸਥਾਨ ਰੱਖਦਾ ਹੈ।

(ਅ) ਭਾਵ -ਪ੍ਰਬੰਧ:-

ਕਵਿਤਾ ਦੇ ਤੱਤਾਂ ਵਿਚ ਭਾਵਾਂ/ਮਨੋਭਾਵਾਂ ਦਾ ਇਕ ਮਹੱਤਵਪੂਰਨ ਸਥਾਨ ਹੈ। ਪਰ ਕਾਵਿ ਰਚਨਾ ਦਾ ਇਕ ਪਰਿਭਾਸ਼ਕ ਲੱਛਣ ਵੀ ਹੈ ਅਤੇ ਅਨਿੱਖੜ ਅੰਗ ਵੀ। ਭਾਵ, ਇਕ ਪਾਸੇ ਕਵੀ ਦੇ ਪ੍ਰੇਰਣਾ ਸਰੋਤ ਹਨ ਦੂਜੇ, ਪਾਠਕਾਂ ਦੇ ਪੜ੍ਹਨ ਦੀ ਰੁਚੀ ਨੂੰ ਉਤਸਾਹਿਤ ਕਰਦੇ ਹਨ। ਕਵਿਤਾ ਸਾਹਿਤ ਦੀ ਇਕ ਅਜਿਹੀ ਸਿਨਫ ਹੈ, ਜਿਸ ਵਿਚ ਬੌਧਿਕਤਾ ਤੇ ਭਾਵੁਕਤਾ ਦਾ ਉਚਿਤ ਸੁਮੇਲ ਰਹਿੰਦਾ ਹੈ। ਕਵੀ ਦੇ ਮਨ ਵਿਚ ਜੋ ਭਾਵਨਾਵਾਂ ਉਤਪੰਨ ਹੁੰਦੀਆਂ ਹਨ, ਉਹੀ ਉਹ ਪਾਠਕ ਦੇ ਮਨ ਵਿਚ ਵੀ ਉਤਪੰਨ ਕਰਨੀਆਂ ਚਾਹੁੰਦਾ ਹੈ। ਹੁਡਸਨ ਦੇ ਸ਼ਬਦਾਂ ਵਿਚ " The feeling (of whatever-kind) which his subject arouses in him and which in turn he desires to stimulate in us ." 15

ਜਦੋਂ ਤਕ ਕਵੀ ਮਨ ਵਿਚ ਭਾਵਾਂ ਦਾ ਪ੍ਰਬਲ ਵੇਗ ਹੜ੍ਹ ਵਾਂਗ ਨਹੀਂ ਆਉਂਦਾ ਉਦੋਂ ਤਕ ਕਵਿਤਾ ਦੀ ਰਚਨਾ ਨਹੀਂ ਹੋ ਸਕਦੀ। ਡਾ. ਆਹੂਜਾ ਦਾ ਵਿਚਾਰ ਹੈ ਕਿ "ਭਾਵਾਂ ਦੀ ਹੋਂਦ, ਭਾਵਾਂ ਦਾ ਢੁਕਵਾਂ ਪ੍ਰਗਟਾ, ਭਾਵਾਂ ਦਾ ਸੰਯੋਗ, ਭਾਵਾਂ ਦੀ ਅਨੇਕਤਾ ਅਤੇ ਭਾਵ ਦੀ ਏਕਤਾ ਉਚੇ ਸਾਹਿਤ ਦੇ ਲੱਛਣ ਹਨ।"[16] ਸਾਹਿਤ ਦੀਆਂ ਕਈ ਧਾਰਾਵਾਂ ਵਿਚ ਭਾਵਨਾਵਾਂ ਦੀ ਹੋਂਦ ਕੇਂਦਰੀ ਰੂਪ ਵਿਚ ਰਹੀ ਹੈ, ਜਿਵੇਂ ਰਹੱਸਵਾਦ, ਆਦਰਸ਼ਵਾਦ, ਰੁਮਾਂਸਵਾਦ ਸੌਂਦਰਯਵਾਦ ਆਦਿ ਵਿਚ।

ਰੁਮਾਂਟਿਕ ਅੰਦੋਲਨਾਂ ਵਿਚ ਕਵੀਆਂ ਤੇ ਆਲੋਚਕਾਂ ਨੇ ਭਾਵਾਂ ਤੇ ਜਜ਼ਬਿਆਂ ਨੂੰ ਖਾਸ ਤੌਰ ਤੇ ਪਹਿਲ ਦਿੱਤੀ ਹੈ ਅਤੇ ਚੰਗੀ ਕਵਿਤਾ ਦੀ ਨਿਸ਼ਾਨੀ ਜਜ਼ਬਿਆਂ ਦੀ ਹੋਂਦ ਨੂੰ ਸਵੀਕਾਰਿਆ ਹੈ। ਸਪੈਂਸਰ ਨੇ ਕਵਿਤਾ ਨੂੰ ਮਨੋਭਾਵਾਂ ਦੀ ਬੋਲੀ ਮੰਨਦੇ ਹੋਏ ਕਿਹਾ ਹੈ ਕਿ "Poetry is idealised emotion expressed in the language of emotion." 17

ਸਾਰੇ ਮਨੁੱਖੀ ਗੁਣ ਤੇ ਵਿਸ਼ੇਸ਼ਤਾਵਾਂ ਸਾਡੀ ਭਾਵਨਾ ਦੀ ਪ੍ਰਕਾਰ, ਪੱਧਰ ਅਤੇ ਗੁਣਾਂ ਉਪਰ

ਨਿਰਭਰ ਕਰਦੇ ਹਨ। ਰੂਮਜ਼ ਅਨੁਸਾਰ, "The quality of our living as human being depends very largely on the kind and quality of our feeling." 18

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਇਸ ਧਾਰਨਾ ਤੇ ਪਹੁੰਚੇ ਹਾਂ ਕਿ ਕਵਿਤਾ ਵਿਚ ਜਜ਼ਬੇ ਤੇ ਵਿਚਾਰ, ਭਾਵ-ਤੱਤ ਤੇ ਬੁੱਧੀ-ਤੱਤ ਦਾ ਸੁਮਾਪੀ-ਮੇਲ ਹੋਣਾ ਬਹੁਤ ਜ਼ਰੂਰੀ ਹੈ। ਕਵਿਤਾ ਤੇ ਵਾਰਤਕ ਵਿਚ ਫਰਕ ਹੀ ਮਨੋਭਾਵ ਤੇ ਕਲਪਨਾ ਕਰਕੇ ਹੁੰਦਾ ਹੈ। ਇਹ ਜ਼ਰੂਰੀ ਹੈ ਕਿ ਭਾਵਨਾਵਾਂ ਉਚਿਤ ਹੋਣ ਤੇ ਉਨ੍ਹਾਂ ਵਿਚ ਵਿਸ਼ੇ ਨੂੰ ਸਪਸ਼ਟ ਕਰਨ ਦੀ ਸਮਰੱਥਾ ਹੋਣੀ ਵੀ ਜ਼ਰੂਰੀ ਹੈ। ਭਾਵਨਾਵਾਂ ਰਾਹੀਂ ਵਿਚਾਰ ਤੇ ਕਲਪਨਾ ਦਾ ਸੰਚਾਰ ਕਰਕੇ ਕਵੀ ਆਪਣੇ ਕਾਵਿ-ਕਾਰਜ ਨੂੰ ਸ਼ਕਤੀਸ਼ਾਲੀ ਬਣਾਉਂਦੇ ਹਨ।

ਸ਼ਾਹ ਮੁਹੰਮਦ ਨੇ ਆਪਣੀ ਰਚਨਾ ਰਾਹੀਂ ਪੰਜਾਬੀ ਕਵਿਤਾ ਵਿਚ ਪਹਿਲੀ ਵਾਰ ਮਨੋਭਾਵਾਂ ਤੇ ਬੌਧਿਕ ਸੰਕਲਪਾਂ ਦੇ ਨਵੇਂ ਮਿਆਰ ਪੈਦਾ ਕੀਤੇ ਹਨ। ਸਾਂਝੀ ਪੰਜਾਬੀ ਕੌਮੀਅਤ ਦਾ ਭਾਵੇਂ ਉਹ ਚੇਤੰਨ ਤੌਰ ਤੇ ਪ੍ਰਚਾਰਕ ਨਾ ਵੀ ਹੋਵੇ ਪਰ ਫਿਰ ਵੀ ਉਸ ਨੇ ਪੰਜਾਬੀਅਤ ਦੇ ਨਵੇਂ ਮਨੋਭਾਵ ਪੈਦਾ ਕੀਤੇ ਹਨ। ਸ਼ਾਹ ਮੁਹੰਮਦ ਦਾ ਇਹ ਰਚਨਾ ਸਿਰਜਣਾ ਪਿੱਛੇ ਕੋਈ ਜਾਤੀ ਜਾਂ ਰਾਜਨੀਤਕ ਮਨੋਰਥ ਨਹੀਂ ਸੀ। ਉਸ ਨੇ ਇਹ ਰਚਨਾ ਉਸ ਸਮੇਂ ਕੀਤੀ ਜਦੋਂ ਰਾਜਨੀਤਕ ਢਾਂਚੇ ਵਿਚ ਪਰਿਵਰਤਨ ਆਉਂਦਾ ਵੇਖਿਆ ਅਤੇ ਉਹ ਜਾਣਦਾ ਸੀ ਕਿ ਅੰਗਰੇਜ਼ ਇਸ ਧਰਤੀ ਉਤੇ ਪੱਕੀ ਤਰ੍ਹਾਂ ਪੈਰ ਜਮਾਂ ਰਹੇ ਹਨ। ਇਸ ਲਈ ਕਵੀ ਨੇ ਅੰਗਰੇਜ਼ ਸੈਨਾ ਦੇ ਹੱਲੇ ਨੂੰ ਕੌਮੀ ਆਫ਼ਤ ਕਿਹਾ ਹੈ ਅਤੇ ਇਸ ਲਈ ਪੰਜਾਬ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਤੀਜੀ ਸ਼ਕਤੀ ਅਰਥਾਤ ਅੰਗਰੇਜ਼ਾਂ ਨਾਲ ਲੜਨ ਲਈ ਇਕੱਠੇ ਹੋਣ ਦੀ ਪ੍ਰੇਰਨਾ ਦਿੱਤੀ ਹੈ। ਇਸ ਤਰ੍ਹਾਂ ਸ਼ਾਹ ਮੁਹੰਮਦ ਪੰਜਾਬ ਦੀ ਆਰਥਿਕ ਖੁਸ਼ਹਾਲੀ ਅਤੇ ਫਿਰਕੂ ਏਕਤਾ ਦੀ ਗੱਲ ਕਰਦਾ ਹੈ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਵੱਡੀ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ। 19

ਪ੍ਰੋ. ਪਿਆਰਾ ਸਿੰਘ ਭੋਗਲ ਦੇ ਸ਼ਬਦਾਂ ਵਿਚ, ਇਕ ਹੋਰ ਸਾਂਝਾ ਭਾਵ, ਘਟ ਤੋਂ ਘਟ 20ਵੀਂ ਸਦੀ ਵਿਚ ਪੰਜਾਬ ਵਿਚ ਇਹ ਰਿਹਾ ਹੈ ਕਿ ਰਣਜੀਤ ਸਿੰਘ ਵੇਲੇ ਹਿੰਦੂ, ਸਿੱਖ ਮੁਸਲਮਾਨ ਇਕੱਠੇ ਸਨ ਤੇ ਅੰਗਰੇਜ਼ਾਂ ਨੇ ਆ ਕੇ ਦਵੈਤ ਪੈਦਾ ਕਰ ਦਿੱਤੀ, ਇਨ੍ਹਾਂ ਸਾਂਝੇ ਮਨੋਭਾਵਾਂ ਦਾ

ਵਰਣਨ ਕਿਉਂਕਿ ਸ਼ਾਹ ਮੁਹੰਮਦ ਨੇ ਕੀਤਾ ਹ, ਇਸ ਕਰਕੇ ਉਹ ਪੰਜਾਬ ਦੇ ਲੋਕਾਂ ਵਿਚ ਹਰਮਨ ਪਿਆਰਾ ਹੈ।"[20]

ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਪੰਜਾਬ ਵਿਚ ਕੋਈ ਕੇਂਦਰੀ ਸ਼ਕਤੀ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸੁਚੱਜਤਾ ਤੇ ਦੂਰਅੰਦੇਸ਼ੀ ਨਾਲ ਇਨ੍ਹਾਂ ਸਾਰੀਆਂ ਰਿਆਸਤਾਂ ਨੂੰ ਜਿੱਤ ਕੇ, ਪੰਜਾਬ ਵਿਚ ਇਕ ਕੇਂਦਰੀ ਹਕੂਮਤ ਸਥਾਪਤ ਕੀਤੀ। ਜਿਸ ਨਾਲ ਮੁੜ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਦਾ ਮਾਹੌਲ ਪਸਰਿਆ । ਸ਼ਾਹ ਮੁਹੰਮਦ ਦੇ ਦਿਲ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਹਿੰਮਤ ਤੇ ਦਲੇਰੀ ਦੀ ਪ੍ਰਸ਼ੰਸਾ ਦਾ ਭਾਵ ਪੈਦਾ ਹੁੰਦਾ ਹੈ। ਮਿਸਾਲ ਵਜੋਂ:-

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਿਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆ।[21]

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਚਰਚਿਤ ਨਾਟਕ 'ਮੁਇਆਂ ਸਾਰ ਨਾ ਕਾਈ' ਦੀ ਭੂਮਿਕਾ ਵਿਚ ਲਿਖਦਾ ਹੈ, "ਇਹ ਨਾਟਕ ਪੰਜਾਬੀ ਕੌਮ ਦੀ ਖੋ ਚੁੱਕੀ ਸੁਤੰਤਰਤਾ ਦਾ ਦੁਖਾਂਤ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਕ ਕੌਮ ਦਾ ਨਿਰਮਾਣ ਕੀਤਾ ਸੀ। ਜਿਸ ਨੂੰ ਅਸੀਂ ਪੰਜਾਬੀ ਕੌਮ ਕਹਿ ਸਕਦੇ ਹਾਂ[22] ਮਹਾਰਾਜਾ ਰਣਜੀਤ ਸਿੰਘ ਆਪ ਗੁਰੂ ਘਰ ਦਾ ਸ਼ਰਧਾਲੂ ਤੇ ਅਨਿੰਨ ਭਗਤ ਸੀ ਪਰ ਇਸ ਪੰਜਾਬੀ ਕੌਮ ਵਿਚ ਹਿੰਦੂ-ਸਿੱਖ ਤੇ ਮੁਸਲਮਾਨ ਬਰਾਬਰ ਦੇ ਭਾਈਵਾਲ ਸਨ। ਕਾਦਰਯਾਰ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਸੀ, ਉਸ ਬਾਰੇ ਮੋਹਨ ਸਿੰਘ ਲਿਖਦਾ ਹੈ, "ਕਾਦਰਯਾਰ ਉਸ ਇਤਿਹਾਸਕ ਝੁਕਾ ਅਤੇ ਹੌਲੀ ਹੌਲੀ ਲੋਕਾਂ ਵਿਚ ਉਭਰ ਰਹੀ ਏਕਤਾ ਭਾਵਨਾ ਦੀ ਪ੍ਰਤੀਨਿਧਤਾ ਕਰਦਾ ਹੈ, ਜਦੋਂ ਵੱਖ ਵੱਖ ਵਿਸ਼ਵਾਸਾਂ ਧਰਮਾਂ, ਜਾਤੀਆਂ ਅਤੇ ਸਮੇਂ ਦੀਆਂ ਆਦਿ ਸ਼ਕਤੀਆਂ ਦੇ ਪ੍ਰਭਾਵ ਸਦਕਾ ਸ੍ਰੇਣੀਵਾਦ ਉਪਰ ਜਿੱਤ ਹਾਸਲ ਕੀਤੀ ਜਾ ਰਹੀ ਸੀ ।[23] ਸ਼ਾਹ ਮੁਹੰਮਦ ਵੀ ਇਸ ਏਕਤਾ ਭਾਵਨਾ ਦਾ ਪ੍ਰਤੀਨਿਧ ਬਣਕੇ ਉਭਰਦਾ ਹੈ। ਉਹ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪਸਰੀ ਸੁੱਖ ਸ਼ਾਂਤੀ ਨੂੰ ਯਾਦ ਕਰਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਦੇ ਹੀ ਪੰਜਾਬ ਦੇ ਇਤਿਹਾਸ ਉਪਰ ਐਸੀ ਕਾਲੀ ਹਨ੍ਹੇਰੀ ਝੁੱਲੀ, ਕਿ ਮੁੱਠੀ ਭਰ ਸੁਆਰਥੀ ਨੇਤਾਵਾਂ ਨੇ ਆਪਣੇ ਨਿੱਜੀ ਸੁਆਰਥ ਲਈ ਅਨੇਕਾਂ ਆਪਣੇ ਨਿਰਦੋਸ਼ ਮਹਾਰਾਜਿਆਂ, ਕੰਵਰਾਂ ਤੇ ਸਰਦਾਰਾਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਪੰਜਾਬ ਦੀ ਸੁਤੰਤਰਤਾ ਨਾਲ ਰੱਜ ਕੇ ਖਿਲਵਾੜ ਕੀਤਾ। ਸ਼ਾਹ ਮੁਹੰਮਦ ਇਨ੍ਹਾਂ ਖੁਦਗਰਜ਼ ਸਰਦਾਰਾਂ ਦੇ ਸ਼ਰਮਨਾਕ ਕਾਰਨਾਮਿਆਂ ਕਾਰਨ ਉਨ੍ਹਾਂ ਨੂੰ ਫਿਟਕਾਰਦਾ ਹੈ:-

ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੇ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ ।[24]

ਸ਼ਾਹ ਮੁਹੰਮਦ ਜਿਥੇ ਲਾਹੌਰ ਦਰਬਾਰ ਦੇ ਸਰਦਾਰਾਂ ਦੀ ਆਪਸੀ ਫੁੱਟ ਨੂੰ ਵੇਖਦੇ ਹੋਏ ਝੂਰਦਾ ਹੈ, ਉਥੇ ਉਹ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਨਾਲ ਪਏ ਘਾਟੇ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਤੇ ਉਸ ਦੀ ਮੌਤ ਉਪਰ ਖੂਨ ਦੇ ਅੱਥਰੂ ਵਹਾਉਦਾ ਹੈ:

ਪਿੱਛੇ ਇਕ ਸਰਕਾਰ ਦੇ ਖੇਡ ਚਲੀ
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੇ ਕਤਲ ਹੋਏ ਵਾਰੋ ਵਾਰ ਮੀਆਂ।[25]

ਸ਼ਾਹ ਮੁਹੰਮਦ ਜਿਥੇ ਲਾਹੌਰ ਦਰਬਾਰ ਦੇ ਸੈਨਿਕਾਂ ਦੀ ਹੁਲੜਬਾਜੀ ਕਾਰਣ ਉਨ੍ਹਾਂ ਨੂੰ ਫਿਟਕਾਰਾਂ ਪਾਉਦਾ ਹੈ, ਉਥੇ ਦੇਸ਼ ਦੀ ਸੁਤੰਤਰਤਾ ਦੀ ਰੱਖਿਆ ਲਈ ਰਣਭੂਮੀ ਨੂੰ ਜਾਂਦੇ ਪੰਜਾਬੀ ਸੂਰਮਿਆਂ ਨੂੰ ਵੇਖ ਉਸਦਾ ਹਿਰਦਾ ਖੁਸ਼ੀ ਦੇ ਭਾਵ ਪ੍ਰਗਟ ਕਰਦਾ ਹੈ:

ਚੜ੍ਹੇ ਪੁਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓ ਨਿਕਲਦੇ ਸ਼ੇਰ ਮੀਆਂ ।[26]

-----

ਕੂੰਜਾਂ ਨਜ਼ਰ ਆਈਆਂ ਬਾਜਾਂ ਭੁੱਖਿਆਂ ਨੂੰ,
ਚੋਟਾਂ ਕੈਸੀਆਂ ਦੇਖੋ ਚਲਾਂਵਦੇ ਨੀ। [27]

ਸ਼ਾਹ ਮੁਹੰਮਦ ਦੇਸ਼ ਦੀ ਸੁਤੰਤਰਤਾ ਦੀ ਰੱਖਿਆ ਲਈ, ਜਾਨਾਂ ਕੁਰਬਾਨ ਕਰਨ ਵਾਲੇ ਸ. ਸ਼ਾਮ ਸਿੰਘ ਅਟਾਰੀਵਾਲੇ ਵਰਗੇ ਨਿਡਰ ਤੇ ਨਿਰਭੈ ਜੋਧਿਆਂ ਨੂੰ ਬੜੇ ਸਤਿਕਾਰ ਨਾਲ ਯਾਦ ਕਰਦਾ ਹੈ, ਜਿਨ੍ਹਾਂ ਨੇ ਲਾਹੌਰ ਦਰਬਾਰ ਦੇ ਗ਼ਦਾਰ ਸਰਦਾਰਾਂ ਦੀਆਂ ਕਾਲੀਆਂ ਕਰਤੂਤਾਂ ਦਾ ਪਤਾ ਹੁੰਦੇ ਹੋਏ ਵੀ ਅੰਤਿਮ ਸਵਾਸਾਂ ਤਕ ਪੰਜਾਬ ਦੀ ਸੁਤੰਤਰਤਾ ਲਈ ਲੜਨ ਦਾ ਪ੍ਰਣ ਕੀਤਾ ਤੇ ਉਸ ਨੂੰ ਨਿਭਾਇਆ ਸੀ:

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ
ਬੰਨ ਸ਼ਸਤਰੀ ਜੋੜ ਵਿਛੋੜ ਦਿੱਤੇ,
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ ।[28]

ਸ਼ਾਹ ਮੁਹੰਮਦ ਇਕ ਕੋਮਲਭਾਵੀ ਤੇ ਸੁਹਿਰਦ ਕਵੀ ਸੀ। ਕਿਸੇ ਨਿਰਦੋਸ਼ ਜਾਂ ਮਾਸੂਮ ਉਤੇ ਹੋ ਰਹੇ ਜ਼ੁਲਮ, ਕਿਸੇ ਹਥਿਆਰਬੰਦ ਜਾਬਰ ਦੇ ਹੱਥੋਂ ਹੋ ਰਹੇ ਬੇ-ਹਥਿਆਰੇ ਨਿਰਦੋਸ਼ ਦੇ ਕਤਲ ਜਾਂ ਬਿਨਾ ਕਸੂਰ ਤੋਂ ਧੋਖੇ ਨਾਲ ਮਰਵਾਏ ਗਏ ਕਿਸੇ ਅਣਭੋਲ ਵਿਅਕਤੀ ਦੀ ਮੌਤ ਵੱਲ ਦੇਖ ਕੇ ਉਸ ਦੀ ਕਲਮ ਵਿਚ ਮਜ਼ਲੂਮ ਲਈ ਹਮਦਰਦੀ ਤੇ ਤਰਸ ਦੀ ਭਾਵਨਾ ਜਾਗ ਪੈਂਦੀ ਹੈ। ਅਜਿਹੀਆਂ ਸਥਿਤੀਆਂ ਤੇ ਉਸ ਦੀ ਰਚਨਾ ਵਿਚ ਕਰੁਣਾ ਰਸ ਦਾ ਭਾਵ ਸਪੱਸ਼ਟ ਰੂਪ ਵਿਚ ਉਜਾਗਰ ਹੋਇਆ ਹੈ। ਇਸ ਦੀ ਸਭ ਤੋਂ ਪਹਿਲੀ ਮਿਸਾਲ ਸ. ਚੇਤ ਸਿੰਘ ਬਾਜਵੇ ਦਾ ਕਤਲ ਹੈ। ਇਹ ਕਤਲ ਸ਼ਸਤਰਧਾਰੀ ਕੰਵਰ ਨੌਨਿਹਾਲ ਸਿੰਘ ਤੇ ਉਸ ਦੇ ਹਥਿਆਰਬੰਦ ਵੀਹ ਕੁ ਸਾਥੀਆਂ ਨੇ ਅੱਧੀ ਰਾਤ ਤੋਂ ਬਾਅਦ ਮਹਾਰਾਜਾ ਖੜਕ ਸਿੰਘ ਦੇ ਸੌਣ ਵਾਲੇ ਕਮਰੇ ਵਿਚ ਮਹਾਰਾਜੇ ਦੇ ਰੋਕਣ ਦੇ ਬਾਵਜੂਦ ਕੀਤਾ ਸੀ। ਇਸ ਸਮੇਂ ਮਹਾਰਾਜੇ ਅਤੇ ਚੇਤ ਸਿੰਘ ਦੀ ਬੇਵਸੀ ਦਿਖਾ ਕੇ ਅਤੇ ਜ਼ਾਲਮ ਕਾਤਲਾਂ ਨੂੰ ਦਿੱਤੀਆਂ ਮਹਾਰਾਜੇ ਦੀਆਂ ਦੁਰਾਸੀਸਾਂ ਰਾਹੀਂ ਕਵੀ ਨੇ ਕਰੁਣਾ ਰਸ ਦਾ ਸੰਚਾਰ ਕੀਤਾ ਹੈ:

ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਮੇਰੇ ਬੈਠਿਆਂ ਇਨ੍ਹਾਂ ਨੇ ਕਤਲ ਕੀਤਾ,

ਇਹ ਤਾਂ ਗਰਕ ਜਾਏ ਦਰਬਾਰ ਮੀਆਂ,
ਪਿਛੋਂ ਸਾਡੇ ਭੀ ਹੋਰ ਨਾ ਰਾਜ ਕਰਸੀ,
ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ।
ਨਾਹੱਕ ਦਾ ਇਨ੍ਹਾਂ ਨੇ ਖੂਨ ਕੀਤਾ,
ਇਹ ਤਾਂ ਮਰਨਗੇ ਸਭ ਸਰਦਾਰ ਮੀਆਂ ।[29]

ਮਹਾਰਾਜਾ ਸ਼ੇਰ ਸਿੰਘ ਦੇ ਮਾਸੂਮ ਪੁੱਤਰ ਕੰਵਰ ਪ੍ਰਤਾਪ ਸਿੰਘ ਦੇ ਕਤਲ ਅਤੇ ਜਵਾਹਰ ਸਿੰਘ ਦੇ ਕਤਲ ਆਦਿ ਦੀਆਂ ਘਟਨਾਵਾਂ ਵਿਚ ਕਰੁਣਾ ਦਾ ਭਾਵ ਉਜਾਗਰ ਹੁੰਦਾ ਹੈ। ਕਵੀ ਦੇਸ਼ ਦੇ ਗਦਾਰਾਂ ਨੂੰ ਭਾਵੇਂ ਮਹਾਰਾਣੀ, ਵਜ਼ੀਰ ਜਾਂ ਸਰਦਾਰ ਕਿਉਂ ਨਾ ਹੋਵੇ, ਬਖਸ਼ਦਾ ਨਹੀਂ। ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਸਭ ਦੇ ਸਾਹਮਣੇ ਨੰਗਾ ਕਰਕੇ ਭੰਡਦਾ ਜ਼ਰੂਰ ਹੈ ਪਰ ਇਹ ਸ਼ਾਹ ਮੁਹੰਮਦ ਦੀ ਵਿਸ਼ੇਸ਼ਤਾ ਹੈ ਕਿ ਦੇਸ਼ ਧ੍ਰੋਹੀਆਂ ਨੂੰ ਕੋਸਦੇ ਹੋਏ ਕਦੇ ਵੀ ਅਤਿ ਗੁੱਸੇ ਵਿਚ ਆ ਕੇ ਕਵੀ ਮਟਕ ਵਾਂਗ ਬੋਲੀ ਦੀਆਂ ਹੱਦਾਂ ਨਹੀਂ ਲੰਘਦਾ। ਉਸਦੇ ਬਿਆਨ ਵਿਚ ਵਿਅੰਗ, ਟੋਕ ਤੇ ਨਿੰਦਾ ਤਾਂ ਜ਼ਰੂਰ ਹੈ। ਉਸ ਦੇ ਦਿਲ ਵਿਚ ਦੇਸ਼ ਦੇ ਗਦਾਰਾਂ ਮਹਾਰਾਣੀ ਜਿੰਦਾਂ, ਪਹਾੜਾ ਸਿੰਘ, ਗੁਲਾਬ ਸਿੰਘ, ਤੇਜ ਸਿੰਘ, ਲਾਲ ਸਿੰਘ ਤੇ ਸੰਧਾਵਾਲੀਏ ਸਰਦਾਰਾਂ ਆਦਿ ਪ੍ਰਤਿ ਗੁੱਸੇ ਦੇ ਭਾਵ ਹਨ ਤੇ ਉਨ੍ਹਾਂ ਨੂੰ ਪ੍ਰਗਟ ਵੀ ਜ਼ਰੂਰ ਕਰਦਾ ਹੈ ਪਰ ਕਿਧਰੇ ਵੀ ਅਸਭਿਆ ਸ਼ਬਦ ਦੀ ਵਰਤੋਂ ਨਹੀਂ ਕਰਦਾ। ਬਿਆਨ ਦਾ ਕਮਾਲ ਤਾਂ ਇਹ ਹੈ ਕਿ ਘਟਨਾ ਦਾ ਸਿੱਧਾ-ਸਾਦਾ ਤੇ ਸਰਲ ਜਿਹਾ ਬਿਆਨ ਪੜ੍ਹਨ ਸੁਣਨ ਵਾਲਿਆਂ ਨੂੰ ਮੰਤਰ ਮੁਗਧ ਕਰ ਦਿੰਦਾ ਹੈ ਤੇ ਉਨ੍ਹਾਂ ਦੇ ਮਨ ਵਿਚ ਦੇਸ਼ ਧ੍ਰੋਹੀਆਂ ਦੇ ਪ੍ਰਤੀ ਘਿਰਣਾ ਪੈਦਾ ਹੋ ਜਾਂਦੀ ਹੈ। ਮਿਸਾਲ ਵਜੋਂ ਕੁਝ ਬੰਦ ਹੇਠਾਂ ਦਿੱਤੇ ਜਾਂਦੇ ਹਨ:

(1) ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ।

-------

(2) ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ,
ਤੇਗਾਂ ਵਿਚ ਦਰਬਾਰ ਦੇ ਮਾਰੀਆਂ ਨੇ।

------

(3) ਪਹਾੜਾ ਸਿੰਘ ਸੀ ਯਾਰ ਫ਼ਰੰਗੀਆਂ ਦਾ,
ਸਿੰਘਾਂ ਨਾਲ ਸੀ ਉਸ ਦੀ ਗੈਰਸਾਲੀ।

ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ,
ਹੱਲ ਜਾਇ ਦੱਸੀ ਸਾਰੀ ਭੇਤ ਵਾਲੀ ।

----

(4) ਤੇਜਾ ਸਿੰਘ ਸਰਦਾਰ ਨੇ ਪੁਲ ਵੱਢ ਦਿੱਤਾ,
ਘਰੀਂ ਨੱਸ ਨਾ ਜਾਇ ਇਹ ਫੌਜ ਸਾਰੀ। 30

ਕਵੀ ਨੇ ਆਪਣੇ ਦੇਸ਼ ਭਗਤੀ ਦੇ ਜਜ਼ਬੇ ਨੂੰ ਬੜੀ ਨਿਰਪੱਖਤਾ ਨਾਲ ਬਿਆਨ ਕੀਤਾ ਹੈ। ਇਸ ਵਿਚ ਕੋਈ ਸ਼ੰਕਾ ਨਹੀਂ ਕਿ ਸ਼ਾਹ ਮੁਹੰਮਦ ਦਾ ਹਿੱਤ ਲਾਹੌਰ ਦਰਬਾਰ ਨਾਲ ਜੁੜਿਆ ਹੋਇਆ ਸੀ ਪਰ ਉਸਨੇ ਬੁਰਾਈ ਦੀ ਬੜੀ ਨਿਡਰਤਾ ਨਾਲ ਨਿੰਦਿਆ ਕੀਤੀ ਹੈ। ਇਹ ਬੁਰਾਈ ਭਾਵੇਂ ਅੰਗਰੇਜ਼ਾਂ ਵਿਚ ਹੈ ਜਾਂ ਆਪਣੇ ਪੰਜਾਬੀਆਂ ਵਿਚ ਹੈ। ਸ਼ਾਹ ਮੁਹੰਮਦ ਜਿਥੇ ਸਿੰਘਾਂ ਦੀ ਸੂਰਮਤਾਈ ਦਾ ਬਿਆਨ ਕਰਦਾ ਹੈ, ਉਥੇ ਉਸਨੇ ਅੰਗਰੇਜ਼ਾਂ ਦੀ ਬਹਾਦਰੀ ਨੂੰ ਵੀ ਅੱਖੋਂ- ਓਹਲੇ ਨਹੀਂ ਕੀਤਾ:-

ਫੂਕ ਸੁਟੀਆਂ ਸਾਰੀਆਂ ਮੈਗਜ਼ੀਨਾਂ,
ਸਿੰਘ ਉਠ ਕੇ ਪੱਤਰਾ ਹੋ ਚਲੇ।
ਓੜਕ ਲਿਆ ਮੈਦਾਨ ਫ਼ਰੰਗੀਆਂ ਨੇ,
ਸ਼ਾਹ ਮੁਹੰਮਦਾ ਰਣੋਂ ਨਹੀਂ ਮੂਲ ਹਲੇ। 31

ਸ਼ਾਹ ਮੁਹੰਮਦ ਕਹਿੰਦਾ ਹੈ ਕਿ ਜਦੋਂ ਫ਼ਰੰਗੀ ਨੂੰ ਮਾਰ ਮੁਕਾਉਣ ਲਈ ਖਾਲਸਾ ਫੌਜ ਨੂੰ ਲਾਹੌਰ ਤੋਂ ਕੂਚ ਦਾ ਹੁਕਮ ਹੋਇਆ ਤਾਂ ਸੂਰਮੇ ਜੋਸ਼ ਤੇ ਗੁੱਸੇ ਨਾਲ ਛਾਉਣੀਆਂ ਵਿਚੋਂ ਇੰਜ ਬਾਹਰ ਨਿਕਲੇ ਜਿਵੇਂ ਬੇਲੇ ਵਿਚੋਂ ਸ਼ੇਰ ਬਾਹਰ ਨਿਕਲਦਾ ਹੈ। ਇਸ ਸਮੇਂ ਫੌਜਾਂ ਦੇ ਮਾਰਚ ਦਾ ਦ੍ਰਿਸ਼ ਬੜਾ ਜੋਸ਼ ਭਰਪੂਰ ਹੈ :-

ਡੇਰੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ, ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਇਏ ਸੀ ਢੇਰ ਮੀਆਂ।

ਸ਼ਾਹ ਮੁਹੰਮਦਾ ਚੜ੍ਹੇ ਜੰਬੂਰਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ ।[32]

ਖਾਲਸੇ ਦੀ ਚੜ੍ਹਾਈ ਦੀ ਖ਼ਬਰ ਸੁਣਕੇ ਦੁਸ਼ਮਣ ਦੇ ਘਰ ਵਿਚ ਏਨੀ ਦਹਿਸ਼ਤ ਫੈਲੀ ਹੋਈ ਸੀ ਕਿ ਸਿੰਘ ਸੂਰਮਿਆਂ ਤੋਂ ਡਰਦਾ ਹੋਇਆ ਫ਼ਰੰਗੀ ਖਾਲਸੇ ਅੱਗੇ ਤਰਲੇ ਕੱਢਣ ਲੱਗਾ ਕਿ ਤੁਸੀਂ ਜਿੰਨਾ ਰੁਪਈਆ ਤੁਹਾਡਾ ਜੀ ਚਾਹੁੰਦਾ ਹੈ ਸਾਡੇ ਕੋਲੋਂ ਲੈ ਲਵੋ ਅਤੇ ਲੜਾਈ ਨਾ ਕਰੋ। ਪਰ ਡਰੇ ਹੋਏ ਦੁਸ਼ਮਣ ਨੂੰ ਹੋਰ ਡਰਾਉਣ ਲਈ ਸਿੰਘਾਂ ਨੇ ਜੋ ਉਹਨੂੰ ਖਤ ਲਿਖਿਆ ਇਸ ਵਿਚੋਂ ਉਨ੍ਹਾਂ ਦੀ ਸੂਰਬੀਰਤਾ ਫੁੱਟ ਕੇ ਬਾਹਰ ਆਉਂਦੀ ਹੈ:-

ਸਿੰਘਾਂ ਲਿਖਿਆ ਖਤ ਫ਼ਰੰਗੀਆਂ ਨੂੰ,
ਤੈਨੂੰ ਮਾਰਾਂਗੇ ਅਸੀਂ ਵੰਗਾਰ ਕੇ ਜੀ।
ਸਾਨੂੰ ਨਹੀਂ ਰੁਪਈਆਂ ਦੀ ਲੋੜ ਕਾਈ,
ਭਾਵੇਂ ਦੇ ਤੂੰ ਢੇਰ ਉਸਾਰ ਕੇ ਜੀ।
ਉਹੋ ਪੰਥ ਤੇਰੇ ਉਤੇ ਆਣ ਚੜ੍ਹਿਆ,
ਜਿਹੜਾ ਆਇਆ ਸੀ ਜੰਮੂ ਨੂੰ ਮਾਰ ਕੇ ਜੀ।
ਸ਼ਾਹ ਮੁਹੰਮਦਾ ਸਾਹਮਣੇ ਡਾਹ ਤੋਪਾਂ,
ਸੂਰੇ ਕਢ ਮੈਦਾਨ ਨਿਤਾਰ ਕੇ ਜੀ।[33]

ਸ਼ਾਹ ਮੁਹੰਮਦ ਦਾ ਯੁਗ ਬੀਰਤਾ ਤੇ ਆਦਰਸ਼ਕਤਾ ਦਾ ਯੁਗ ਸੀ, ਇਸ ਯੁਗ ਵਿਚ ਹਰ ਅਜਿਹਾ ਬੰਦਾ ਜੋ ਯੁਧ, ਦਇਆ, ਦਾਨ ਤੇ ਧਰਮ ਦੇ ਖੇਤਰਾਂ ਵਿਚ ਬੀਰਤਾ ਦਿਖਾਉਂਦਾ ਸੀ, ਉਸ ਨੂੰ ਸਲਾਹਿਆ ਜਾਂਦਾ ਸੀ। ਬਹਾਦਰੀ ਦੇ ਯੁੱਗ ਵਿਚ ਹਾਸੇ ਦਾ ਨਿਸ਼ਾਨਾ ਕਾਇਰ, ਕਮਜ਼ੋਰ, ਬੁਜ਼ਦਿਲ, ਮੈਦਾਨ ਦੇ ਭਗੌੜੇ ਸਿਪਾਹੀ ਅਤੇ ਕੁਸ਼ਤੀ 'ਚੋਂ ਢੱਠੇ ਹੋਏ ਪਹਿਲਵਾਨ ਨੂੰ ਬਣਾਇਆ ਜਾਂਦਾ ਸੀ। ਸ਼ਾਹ ਮੁਹੰਮਦ ਨੇ ਜਿਥੇ ਇਕ ਪਾਸੇ ਸੱਚੇ ਤੇ ਸੁਹਿਰਦ ਕਵੀ ਵਾਂਗ ਸੂਰਬੀਰਾਂ, ਜਵਾਨਾਂ, ਹੌਸਲਾਮੰਦਾਂ ਤੇ ਤਲਵਾਰ ਦੇ ਧਨੀ ਯੋਧਿਆਂ ਦੀ ਤਾਰੀਫ਼ ਕੀਤੀ ਹੈ, ਉਥੇ ਉਸ ਨੇ ਮੈਦਾਨ ਵਿਚੋਂ ਨਸਣ ਵਾਲੇ ਸਿਪਾਹੀਆਂ ਦਾ ਮਾਖੌਲ ਵੀ ਉਡਾਇਆ ਹੈ। ਫੇਰੂ ਸ਼ਹਿਰ ਤੋਂ ਹਾਰੇ ਹੋਏ ਸਿਪਾਹੀ ਜਦੋਂ ਨੱਸ ਕੇ ਆਪਣੇ ਘਰੀਂ ਜਾ ਲੁਕੇ ਤਾਂ ਲੋਕ ਉਨ੍ਹਾਂ ਭਗੌੜਿਆਂ ਤੋਂ ਘਰੀਂ ਨੱਸ ਆਉਣ ਦਾ ਕਾਰਨ ਪੁੱਛਦੇ ਸਨ ਤੇ ਉਨ੍ਹਾਂ ਦਾ ਕਾਇਰਾਨਾ ਜਵਾਬ ਸੁਣ ਕੇ ਟਿਚਕਰਾਂ ਕਰਦੇ ਸਨ। ਕਵੀ ਨੇ ਇਨ੍ਹਾਂ ਦਾ ਮਾਖੌਲ ਇਸ ਤਰ੍ਹਾਂ ਉਡਾਇਆ ਹੈ ਅਤੇ ਲੋਕਾਂ ਵਲੋਂ ਟਿਚਕਰਾਂ ਕਰਵਾ ਕੇ ਹਾਸੇ ਦਾ ਭਾਵ ਉਜਾਗਰ ਕੀਤਾ ਹੈ :

ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ,
ਅਸੀਂ ਜਾਣਦੇ ਸਾਂ ਕੋਈ ਕੀਰ ਮੀਆਂ।
ਅਸੀਂ ਸ਼ਹਿਦ ਦੇ ਵਾਸਤੇ ਹੱਥ ਪਾਇਆ,
ਅਗੋਂ ਡੂੰਮਣਾ ਛਿੜੇ ਮਖੀਰ ਮੀਆਂ । 34

-------

ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਏ।
ਛੇੜ ਆਫਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਏ।
ਖੁਸ਼ੀ ਵੱਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਰੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਏ ਆਏ। 35

ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਪੰਜਾਬ ਦੇ ਦੁਖਾਂਤ ਬਾਰੇ ਲੋਕ-ਭਾਵਾਂ ਦਾ ਵਰਣਨ ਰਣਜੀਤ ਸਿੰਘ ਦੀ ਵਡਿਆਈ, ਪੰਜਾਬੀ ਫੌਜਾਂ ਦੀ ਬਹਾਦਰੀ ਦੀ ਤਾਰੀਫ, ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜੇ ਦਾ ਅਫਸੋਸ ਹਿੰਦੂ ਮੁਸਲਮਾਨ ਏਕਤਾ ਟੁੱਟ ਜਾਣ ਦਾ ਡਰ ਆਦਿ ਪੱਖਾਂ ਨੂੰ ਪੇਸ਼ ਕੀਤਾ ਹੈ। ਸ਼ਾਹ ਮੁਹੰਮਦ ਇਕ ਦੇਸ਼ ਭਗਤ ਕਵੀ ਹੈ, ਇਸ ਲਈ ਉਸ ਦੀ ਮੂਲ ਭਾਵਨਾ ਦੇਸ਼ ਪਿਆਰ ਤੇ ਆਧਾਰਿਤ ਹੈ। ਹਰ ਵਿਅਕਤੀ ਦੇ ਮਨ ਵਿਚ ਉਤਰੋਤਰ ਆਪਣੇ ਘਰ-ਪਰਿਵਾਰ, ਪਿੰਡ-ਨਗਰ, ਪ੍ਰਾਂਤ-ਦੇਸ਼ ਜਾਂ ਭੂਗੋਲਿਕ ਚੌਗਿਰਦੇ ਪ੍ਰਤਿ ਮੋਹ ਦੀ ਭਾਵਨਾ ਮੌਜੂਦ ਰਹਿੰਦੀ ਹੈ। ਜਨ ਸਾਧਾਰਣ ਤੋਂ ਇਲਾਵਾ ਸੰਵੇਦਨਸ਼ੀਲ ਸਾਹਿਤਕਾਰ ਦੇ ਮਨ ਵਿਚ ਇਹ ਭਾਵਨਾ ਬੜੀ ਤੀਬਰਤਾ ਨਾਲ ਪੈਦਾ ਹੁੰਦੀ ਹੈ। ਇਸੇ ਭਾਵਨਾ ਅਧੀਨ ਹੀ ਸ਼ਾਹ ਮੁਹੰਮਦ ਨੇ ਇਹ ਰਚਨਾ ਸਾਡੇ ਸਾਹਿਤ ਦੇ ਸਪੁਰਦ ਕੀਤੀ ਹੈ।

(ੲ) ਕਲਪਨਾ:-

ਕਲਪਨਾ ਦਾ ਕਵਿਤਾ ਦੇ ਰਚਨਾਤਮਕ/ਸਿਰਜਨਾਤਮਕ ਤੱਤਾਂ ਵਿਚ ਮਹੱਤਵਪੂਰਣ ਸਥਾਨ ਹੈ। ਪੱਛਮੀ ਤੇ ਭਾਰਤੀ ਦੋਹਾਂ ਪ੍ਰਣਾਲੀਆਂ ਵਿਚ ਇਸ ਦੇ ਮਹੱਤਵ ਬਾਰੇ ਭਰਪੂਰ

ਚਰਚਾ ਹੁੰਦੀ ਹੈ। ਹਡਸਨ ਨੇ ਕਲਪਨਾ ਨੂੰ ਪ੍ਰਮੁੱਖਤਾ ਦੇਂਦੇ ਹੋਏ ਇਸ ਨੂੰ ਕਵੀ ਦੀ ਸ਼ਕਤੀਸ਼ਾਲੀ ਤੇ ਤਿੱਖੀ ਨੀਝ ਵਾਲੀ ਯੋਗਤਾ ਮੰਨਿਆ ਹੈ। ਇਸ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਕਵੀ ਆਪਣੇ ਪਾਠਕਾਂ ਵਿਚ ਵੀ ਇਸੇ ਦ੍ਰਿਸ਼ਟੀ ਦਾ ਸੰਚਾਰ ਕਰ ਦੇਂਦਾ ਹੈ।

ਹਡਸਨ ਦੇ ਹੀ ਸ਼ਬਦਾਂ ਵਿਚ, "There is the element of imagination which is really the faculty of strong and intense vision and by the exercise of which he quickens a similar power of vision in ourselves." [35]

ਕਲਪਨਾ ਕਵੀ ਦੀ ਅਜਿਹੀ ਅਨੋਖੀ ਸ਼ਕਤੀ ਹੈ, ਜਿਸ ਦੁਆਰਾ ਉਹ ਤੱਥਾਂ ਨੂੰ ਅਜੇਹੇ ਢੰਗ ਨਾਲ ਰੂਪਮਾਨ ਕਰਦਾ ਹੈ ਕਿ ਉਹ ਅਸਲ ਨਾਲੋਂ ਪਿਆਰੇ, ਦਿਲਚਸਪ ਅਤੇ ਵਧੇਰੇ ਸੱਚ ਹੋ ਨਿਬੜਦੇ ਹਨ। ਕਲਪਨਾ ਜਿਤਨੀ ਬਲਵਾਨ ਹੋਵੇਗੀ ਸਾਹਿਤ ਵੀ ਉਤਨਾ ਹੀ ਸ਼ਕਤੀਸ਼ਾਲੀ ਹੁੰਦਾ ਹੈ।

ਡਾ. ਮਹਿੰਦਰਪਾਲ ਕੋਹਲੀ ਦੇ ਸ਼ਬਦਾਂ ਵਿਚ, "ਆਮ ਸ਼ਬਦਾਂ ਵਿਚ ਸੋਚ ਉਡਾਰੀ ਜਾਂ ਖਿਆਲੀ ਪਿਲਾਉ ਜਾਂ ਅਕਲ ਦੇ ਘੋੜੇ ਦੁੜਾਉਣ ਦੀ ਕ੍ਰਿਆ ਨੂੰ ਕਲਪਨਾ ਆਖਿਆ ਜਾਂਦਾ ਹੈ। ਮਨੋਵਿਗਿਆਨਕ ਸ਼ਬਦ ਵਿਚ ਕਲਪਨਾ ਉਸ ਸ਼ਕਤੀ ਦਾ ਨਾਉਂ ਹੈ, ਜਿਸ ਦੁਆਰਾ ਪੂਰਵ ਅਨੁਭੂਤੀਆਂ ਨੂੰ ਵਰਤਮਾਨ ਅਵਸਥਾ ਦੇ ਸੰਦਰਭ ਵਿਚ ਪੇਸ਼ ਕੀਤਾ ਜਾਂਦਾ ਹੈ। ਜਿਥੇ ਵਰਤਮਾਨ ਨੂੰ ਪ੍ਰਤੱਖ ਰਾਹੀਂ ਅਤੇ ਭੂਤ ਨੂੰ ਯਾਦਾਂ ਰਾਹੀਂ ਧਿਆਨ ਕੀਤਾ ਜਾਂਦਾ ਹੈ, ਉਥੇ ਭਵਿੱਖ ਜਾਂ ਅਣ-ਵਾਪਰੀਆਂ ਸਥਿਤੀਆਂ ਨੂੰ ਕਲਪਨਾ ਰਾਹੀਂ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾਂਦਾ ਹੈ।"[36] ਕਲਪਨਾ ਮਾਨਵ ਮਨ ਦੀ ਸਦੀਵੀ ਸਾਥਣ ਹੈ ਜਿਹੜੀ ਕਵਿਤਾ ਅਤੇ ਕਲਾ ਦੇ ਸੂਖਮ ਸਾਧਨਾਂ ਰਾਹੀਂ ਫੁੱਟ ਪੈਂਦੀ ਹੈ। ਪੰਜਾਬੀ ਭਾਸ਼ਾ ਵਿਚ ਕਲਪਨਾ ਦੀ ਰੰਗਤ ਗੁਰੂ ਨਾਨਕ ਦੀਆਂ 'ਜਨਮ ਸਾਖੀਆਂ' ਤੋਂ ਸ਼ੁਰੂ ਹੁੰਦੀ ਹੈ। ਨਿਰਸੰਦੇਹ ਇਨ੍ਹਾਂ ਕਥਾਵਾਂ ਵਿਚ ਬਹੁਤੀਆਂ ਵਿਚ ਉਪ-ਪ੍ਰਾਕ੍ਰਿਤਕ ਅੰਸ਼ ਪ੍ਰਧਾਨ ਹੈ, ਪਰ ਵਧੇਰੇ ਅਜਿਹੀਆਂ ਹਨ ਜੋ ਸਾਡੇ ਤਾਰਕਿਕ ਮਨ ਨੂੰ ਵੀ ਸੰਤੁਸ਼ਟ ਕਰ ਸਕਦੀਆਂ ਹਨ। ਜਿਵੇਂ ਗੁਰੂ ਨਾਨਕ ਦੇ ਪਰਿਵਾਰ ਨਾਲ ਸੰਬੰਧਤ ਕਈ ਘਟਨਾਵਾਂ। ਸਾਡੀ ਨਜ਼ਰ ਵਿਚ ਕਈ ਅਜਿਹੇ ਵਿਅਕਤੀ ਆਉਂਦੇ ਹਨ ਜਿਨ੍ਹਾਂ ਨੂੰ ਸਾਧਾਰਨ ਉਕਤੀ ਅਨੁਸਾਰ ਗੱਪ ਮਾਰਨ ਦੀ ਆਦਤ ਹੁੰਦੀ ਹੈ। ਗੱਪ ਮਾਰਦੇ ਸਮੇਂ ਵਿਅਕਤੀ ਪੂਰਾ ਸੁਚੇਤ ਨਹੀਂ ਹੁੰਦਾ। ਉਸ ਨੂੰ ਪਲ ਦੋ ਪਲ ਲਈ ਵਿਸ਼ਵਾਸ ਹੁੰਦਾ ਹੈ ਕਿ ਉਹ ਸੱਚੀ ਗੱਲ ਕਹਿ ਰਿਹਾ ਹੈ। ਹੋਰ ਸਾਡੇ ਵਿਚੋਂ ਕਿਸੇ ਮਿੱਤਰ ਜਾਂ ਸ਼ਤਰੂ ਦੇ ਕਿਸੇ ਕੰਮ ਜਾਂ ਭਾਵਨਾ ਦਾ ਵਰਣਨ ਕਰਦੇ ਹਨ ਤਾਂ ਉਨ੍ਹਾਂ ਦੀ ਇਸ ਨੂੰ ਰੌਚਿਕ ਬਣਾਉਣ ਦੀ ਭਾਵਨਾ ਸੁੱਤੇ-ਸਿੱਧ ਹੀ ਇਨ੍ਹਾਂ ਉਤੇ ਕੋਈ ਕਲਪਨਾ ਦੀ ਝਾਲ

ਫੇਰ ਦਿੰਦੀ ਹੈ। ਸਾਧਾਰਨ ਜੀਵਨ ਵਿਚ ਜਦੋਂ ਅਸੀਂ ਕਿਸੇ ਮਿੱਤਰ ਜਾਂ ਸ਼ਤਰੂ ਬਾਰੇ ਕੋਈ ਗੱਲ ਕਰਦੇ ਹਾਂ ਤਾਂ ਆਪਣੇ ਹੋਰ ਮਿਤਰਾਂ ਜਾਂ ਸ਼ਤਰੂਆਂ ਨਾਲ ਸੰਬੰਧਤ ਗੱਲਾਂ ਤੇ ਘਟਨਾਵਾਂ ਸਾਹਮਣੇ ਆ ਜਾਂਦੀਆਂ ਹਨ ਤੇ ਇਸ ਤਰ੍ਹਾਂ ਕਿਸੇ ਵਿਅਕਤੀ ਨਾਲ ਵਾਪਰੀ ਘਟਨਾ ਉਸਦੇ ਮਿੱਤਰਾਂ ਦੇ ਵਰਣਨ ਵਿਚ ਨਿਰੰਤਰ ਬਦਲਦੀ ਰਹਿੰਦੀ ਹੈ। ਪੰਜਾਬੀ ਕਿੱਸਾਕਾਰੀ ਵਿਚ ਕਲਪਨਾ ਦਾ ਅੰਸ਼ ਦਮੋਦਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਜਦ ਉਹ ਪੰਜਾਂ ਪੀਰਾਂ ਨੂੰ ਕਿੱਸੇ ਦੇ ਆਰੰਭ ਵਿਚ ਹੀ ਲੈ ਆਉਂਦਾ ਹੈ।

ਵਾਸਤਵ ਵਿਚ ਕਲਪਨਾ ਤੋਂ ਭਾਵ ਕਿਸੇ ਕਵੀ ਦੀ ਰਚਨਾ ਵਿਚ ਅਚੇਤ ਜਾਂ ਸੁਚੇਤ ਪੱਧਰ ਉਪਰ ਵਰਤੀਆਂ ਉਨ੍ਹਾਂ ਭਾਸ਼ਾ ਜੁਗਤਾਂ ਤੋਂ ਹੈ ਜਿਹੜੀਆਂ ਰਚਨਾ-ਵਿਸ਼ੇਸ਼ ਦੇ ਵਿਲੱਖਣ ਸੁਹਜ ਨੂੰ ਉਭਾਰਦੀਆਂ ਹਨ। ਵਿਚਾਰਾਧੀਨ ਰਚਨਾ ਦੀ ਕਾਵਿਕਤਾ ਵਿਚ ਕਲਪਨਾ ਦਾ ਜਾਇਜ਼ਾ ਲੈਣ ਲਈ ਅਸੀਂ ਮੂਲ ਸਮੱਸਿਆ ਸਮਕਾਲੀ ਯਥਾਰਥ ਅਥਵਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਦੇ ਸੱਤ ਸਾਲਾਂ ਦੀ ਲਾਹੌਰ ਦਰਬਾਰ ਦੀ ਦਾਸਤਾਨ ਨੂੰ ਵੇਰਵਿਆਂ ਦੀ ਬਾਰੀਕੀ ਸਹਿਤ ਪ੍ਰਸਤੁਤ ਕਰਨਾ ਹੈ। ਸ਼ਾਹ ਮੁਹੰਮਦ ਨੇ ਸਮਕਾਲੀ ਇਤਿਹਾਸ ਨੂੰ ਸਰਬਕਾਲੀ ਸੰਦਰਭ ਨਾਲ ਜੋੜਨ ਲਈ ਨਾਸ਼ਮਾਨਤਾ, ਹੋਣੀ ਤੇ ਧੁਰੋਂ ਹੀ ਲਿਖੇ ਪੂਰਵਲੇ ਕਰਮਾਂ ਆਦਿ ਦਾ ਸਹਾਰਾ ਲਿਆ ਹੈ। ਜਿਵੇਂ:-

(1) ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਦੌਲਤਾਂ ਫੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ ।[37]

-----

(2) ਇਹ ਜਗ ਸਰਾਇ ਮੁਸਾਫ਼ਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ। 38

-----

(3) ਇਕ ਦੂਤ ਨੇ ਦੇਖ ਕੇ ਫਿਕਰ ਕੀਤਾ,
ਪਲਕ ਵਿਚ ਦਰਵਾਜੇ ਦੇ ਆਇਆ ਈ।

ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ,
ਦੇਖੋ ਉਸ ਨੂੰ ਖੂਬ ਵਜਾਇਆ ਈ। [39]

ਲੇਖਕ ਵਰਤਮਾਨ ਵਿਚ ਵਾਪਰੇ ਖੂਨੀ ਸਾਕੇ ਨੂੰ ਅਤੀਤ ਨਾਲ ਜੋੜਨ ਦੀ ਇੱਛਾ ਅਧੀਨ ਅਤੀਤ ਵਿਚ ਵਾਪਰੀਆਂ ਘਟਨਾਵਾਂ ਨੂੰ ਉਚਿਆਉਂਦਾ ਹੈ। ਵਰਤਮਾਨ ਦੀਆਂ ਘਟਨਾਵਾਂ ਨੂੰ ਅਤੀਤ ਤੋਂ ਅਰਥ ਵੀ ਪਾਪਤ ਹੁੰਦੇ ਹਨ, ਵਿਸਥਾਰ ਅਤੇ ਵਿਆਖਿਆ ਵੀ। ਸ਼ਾਹ ਮੁਹੰਮਦ ਗੱਲ ਭਾਵੇ ਦਰਬਾਰ ਵਿਚ ਵਾਪਰੇ ਖੂਨੀ ਕਾਂਡ ਬਾਰੇ ਦੱਸ ਰਿਹਾ ਹੋਵੇ ਜਾਂ ਕਿਸੇ ਹੋਰ ਕਾਂਡ ਦੀ ਉਸਦਾ ਵੱਡਾ ਕਾਰਨ ਇਹ ਵੀ ਰਹਿੰਦਾ ਹੈ ਕਿ ਰਣਜੀਤ ਸਿੰਘ ਦਾ ਰਾਜ ਸਮਾਪਤ ਹੋ ਚੁੱਕਾ ਹੈ। ਉਹ ਰਣਜੀਤ ਸਿੰਘ ਦੇ ਰਾਜ ਦੇ ਗੁਣ ਗਾਉਂਦਾ ਹੈ:-

(1) ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜੋਰ ਦੇ ਮੁਲਕ ਹਿਲਾਇ ਗਿਆ ।

----

ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆ। [40]

(2) ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ। [41]

ਯਥਾਰਥ ਦੇ ਅਤੀਤ ਤੇ ਵਰਤਮਾਨ ਨੂੰ ਚਿਤਰਦਾ ਹੋਇਆ ਕਵੀ ਹਰ ਘਟਨਾ ਨੂੰ ਆਪਣੀ ਕਲਪਨਾ ਸ਼ਕਤੀ ਰਾਹੀਂ ਸਰਬਕਾਲੀ ਅਰਥ ਪ੍ਰਦਾਨ ਕਰਨ ਦਾ ਉਦਮ ਵੀ ਕਰਦਾ ਹੈ। ਉਹ ਹਰ ਘਟਨਾ ਦੇ ਵਾਪਰਨ ਪਿੱਛੇ ਕੋਈ ਕਾਰਨ ਜਾਂ ਹੋਣੀ ਦਾ ਹੱਥ ਦਰਸਾਉਂਦਾ ਹੈ। ਸ਼ਾਹ ਮੁਹੰਮਦ ਸਮਕਾਲੀ ਯਥਾਰਥ ਨੂੰ ਆਪਣੇ ਅਵਚੇਤਨ ਮਨ ਵਿਚ ਪਏ ਅਤੀਤ ਦੇ ਪਰਛਾਵਿਆਂ ਰਾਹੀਂ ਇਕਸੁਰ ਕਰਨ ਦਾ ਪ੍ਰਯਤਨ ਕਰਦਾ ਹੈ। ਇਹ ਅਵਚੇਤਨ ਮਨ ਦੇ ਪਰਛਾਵੇਂ ਧਾਰਮਿਕ ਅਧਿਆਤਮਕ ਅਕੀਦਿਆਂ ਰਾਹੀਂ ਉਸਦੇ ਵਰਤਮਾਨ ਵਿਚ ਪ੍ਰਵੇਸ਼ ਕਰਦੇ ਹਨ। ਇਸ ਗਲਪ ਦੇ ਸਹਾਰੇ ਹੀ ਉਹ ਵਰਤਮਾਨ ਵਿਚ ਵਾਪਰ ਰਹੇ ਹਰ ਘਟਨਾ ਕ੍ਰਮ ਨੂੰ ਪ੍ਰਾਲੌਕਿਕ ਪ੍ਰਸੰਗ ਨਾਲ ਜੋੜ ਕੇ ਅਰਥ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਪੇਸ਼ ਹੋ ਰਹੀ ਤ੍ਰਾਸਦੀ ਵੀ ਤ੍ਰਾਸਦੀ ਭਾਸਣ ਦੀ ਬਜਾਏ ਕਿਸੇ ਪੁਰਾਣੀ ਲਿਖੀ ਹੋਣੀ ਦਾ ਹੀ ਸਿੱਟਾ ਪ੍ਰਤੀਤ ਹੁੰਦੀ ਹੈ। ਅਜਿਹੇ ਮੋਟਿਫ਼ ਜੋ ਵਿਗਿਆਨਕ ਆਧਾਰ ਤੋਂ ਟੁੱਟੀ ਮੱਧਕਾਲੀ ਸਾਧਾਰਣ ਬੁੱਧ ਦੀ ਪ੍ਰਤੀਨਿਧਤਾ ਕਰਦੇ ਹਨ, ਇਸ ਰਚਨਾ ਵਿਚ ਥਾਂ ਪੁਰ ਥਾਂ ਖਿਲਰੇ ਪਏ ਹਨ। ਜਿਵੇਂ:-

(1) ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।

(2) ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ ਦੇ ਕਈ ਵਜਾਇ ਗਏ।

(3) ਸ਼ਾਹ ਮੁਹੰਮਦਾ ਦੇਖ ਰਜਾਇ ਉਸਦੀ
ਉਧਮ ਸਿੰਘ ਤੇ ਕੌਰ ਦੇ ਸਾਸ ਚੱਲੇ ।[42]

ਆਪਣੀ ਕਲਪਨਾ ਦੀ ਪਾਣ ਰਾਹੀਂ ਸ਼ਾਹ ਮੁਹੰਮਦ ਮਹਾਰਾਣੀ ਜਿੰਦਾਂ ਦੀ ਰੋਹ-ਮਈ ਮਾਨਸਿਕਤਾ, ਜੰਗ ਦੇ ਮੈਦਾਨ ਵਿਚੋਂ ਪਿੱਠ ਦਿਖਾ ਕੇ ਭੱਜੇ ਭਗੌੜਿਆਂ ਦੀ ਸਥਿਤੀ, ਡਰਪੋਕ ਤੇ ਕਮਜ਼ੋਰ ਦਿਲ ਜਵਾਨਾਂ ਦੀ ਸਥਿਤੀ ਆਦਿ ਨੂੰ ਬਹੁਤ ਹੀ ਬਾ-ਖੂਬੀ ਨਾਲ ਪੇਸ਼ ਕਰਦਾ ਹੈ। ਮਿਸਾਲ ਵਜੋਂ:-

(1) ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ,
ਮੈਂ ਕੋਹਾਂਗੀ ਉਨ੍ਹਾਂ ਦੀਆਂ ਜੁੰਡੀਆਂ ਨੀ।
ਧਾਕਾਂ ਜਾਣ ਵਲਾਇਤੀ ਦੇਸ਼ ਸਾਰੇ,
ਪਾਂਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ।

-----

(2) ਪਹਿਲੇ ਹੱਲਿਉਂ ਸਿੰਘ ਜੋ ਨਿਕਲ ਸਾਰੇ,
ਪਏ ਔਝੜੇ ਔਝੜੇ ਜਾਂਵਦੇ ਨੀ ।

---

(3) ਅੱਧੀ ਰਾਤ ਨੂੰ ਉਠ ਕੇ ਖਿਸਕ ਤੁਰੀਏ,
ਕਿਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਖੂਬ ਖਾਂਦੇ,
ਅਸੀਂ ਕਿੰਨ੍ਹਾਂ ਦੇ ਹਾਂ ਪੁੱਤ ਪੋਤਰੇ ਜੀ।[43]

ਸ਼ਾਹ ਮੁਹੰਮਦ ਵਾਪਰ ਰਹੇ ਯਥਾਰਥ ਦੇ ਵੇਰਵਿਆਂ ਨੂੰ ਆਪਣੀ ਕਾਲਪਨਿਕ ਸੋਚ ਦੀ ਦ੍ਰਿਸ਼ਟੀ ਵਿਚੋਂ ਵੀ ਲੰਘਾਉਂਦਾ ਹੈ। ਇਸ ਰਚਨਾ ਵਿਚ ਪੇਸ਼ ਸਮਕਾਲੀ ਯਥਾਰਥ ਨੂੰ ਕਲਪਨਾ ਦੀ ਦ੍ਰਿਸ਼ਟੀ ਵਿਚੋਂ ਲੰਘਾ ਕੇ ਪੇਸ਼ ਕਰਨ ਕਾਰਨ ਇਸ ਰਚਨਾ ਦੇ ਕਲਾਤਮਕ ਮੁੱਲ ਵਿਚ ਬਹੁਤ ਵਾਧਾ ਹੋਇਆ ਹੈ। ਇਸ ਰਚਨਾ ਨੂੰ ਪੜ੍ਹਦੇ ਸਮੇਂ ਪਾਠਕ 'ਅੱਗੇ ਕੀ ਹੋਇਆ' ਨੂੰ ਜਾਣਨ ਬਾਰੇ ਬੜੀ ਤੀਬਰਤਾ ਨਾਲ ਜਾਗਰੂਕ ਰਹਿੰਦਾ ਹੈ, ਪਰ ਕਵੀ ਹਰ ਘਟਨਾ ਨੂੰ ਲਟਕਾਉਂਦਾ ਫੈਲਾਉਂਦਾ ਤੇ ਵਕਫ਼ੇ ਪਾਉਂਦਾ ਹੋਇਆ ਰੱਬ ਜਾਂ ਖ਼ੁਦਾ ਨਾਲ ਜੋੜ ਕੇ ਖ਼ਤਮ ਕਰ ਦਿੰਦਾ ਹੈ। ਸ਼ਾਹ ਮੁਹੰਮਦ ਧਾਰਮਿਕ-ਅਧਿਆਤਮਕ ਦ੍ਰਿਸ਼ਟੀ ਸਦਕਾ ਅਕਾਰਣ ਨੂੰ ਹੀ ਕਾਰਣ ਮਿੱਥ ਕੇ ਘਟਨਾ ਨੂੰ ਹੋਣੀ ਦੀ ਪਾਣ ਚਾੜ੍ਹ ਦੇਂਦਾ ਹੈ। ਇਸੇ ਦ੍ਰਿਸ਼ਟੀ ਸਦਕਾ ਉਸ ਦੀ ਰਚਨਾ ਵਿਚ ਕਲਪਨਾ ਦਾ ਅੰਸ਼ ਭਾਰੂ ਰਿਹਾ ਹੈ। ਉਸ ਨੇ ਸਾਰੀ ਸਾਮੱਗਰੀ ਇਤਿਹਾਸ ਵਿਚੋਂ ਲੈਂਦੇ ਹੋਏ ਆਪਣੀ ਕਲਪਨਾ ਦੀ ਸਹਾਇਤਾ ਨਾਲ ਆਪਣੇ ਦ੍ਰਿਸ਼ਟੀਕੋਣ ਅਤੇ ਰੁਚੀ ਅਨੁਸਾਰ ਇਸ ਨੂੰ ਇਕ ਸੁਚੱਜੀ ਕਲਾਮਈ ਕਿਰਤ ਦੇ ਰੂਪ ਵਿਚ ਢਾਲਿਆ ਹੈ।

(ਸ) ਪ੍ਰਮੁੱਖ ਕਾਵਿ ਵਿਧੀਆਂ:

ਸ਼ਾਹ ਮੁਹੰਮਦ ਦੇ ਸਮਕਾਲੀਨ ਸਮੇਂ ਵਿਚ ਕਾਵਿ ਖੇਤਰ ਵਿਚ ਇਕ ਪਰਪਾਟੀ ਪ੍ਰਚਲਿਤ ਸੀ ਜਿਸ ਦੇ ਆਧਾਰ ਉਤੇ ਕਵੀ ਆਪਣੇ ਧਰਮ ਅਨੁਸਾਰ ਆਪਣੇ ਇਸ਼ਟ ਦੀ ਅਰਾਧਨਾ ਕਰਕੇ ਰਚਨਾ ਦਾ ਆਰੰਭ ਕਰਦਾ ਸੀ। ਮੁਸਲਮਾਨ ਕਵੀ ਅੱਲਾ, ਹਜ਼ਰਤ ਮੁਹੰਮਦ ਸਾਹਿਬ, ਚਾਰ ਯਾਰ ਦੀ ਕ੍ਰਮਵਾਰ ਉਸਤਤੀ ਕਰਦੇ ਸਨ ਜਦੋਂ ਕਿ ਹਿੰਦੂ ਕਵੀ ਦੁਰਗਾ ਦੇਵੀ ਦੀ ਅਰਾਧਨਾ ਕਰਦੇ ਆਪਣੀ ਰਚਨਾ ਦਾ ਸ੍ਰੀ ਗਣੇਸ਼ ਕਰਦੇ ਸਨ। ਸ਼ਾਹ ਮੁਹੰਮਦ ਨੇ ਆਪਣੀ ਇਸ ਰਚਨਾ ਦਾ ਆਰੰਭ ਕਿੱਸਾ ਕਾਵਿ ਅਤੇ ਵਾਰ ਕਾਵਿ ਦੀ ਪੱਧਤੀ ਅਨੁਸਾਰ ਮੰਗਲਾਚਰਣ ਨਾਲ ਕੀਤਾ ਹੈ, ਜਿਸ ਵਿਚ ਕਵੀ ਨਿੱਜੀ ਵਿਅਕਤੀਤਵ ਤੋਂ ਉਪਰ ਉਠ ਕੇ ਦਮੋਦਰ ਵਾਂਗ ਇਕ ਪਰਮਾਤਮਾ ਦੀ ਉਸਤਤੀ ਨਾਲ ਰਚਨਾ ਦਾ ਆਰੰਭ ਕਰਦਾ ਹੈ:

ਅਵਲ ਹਮਦ ਜਨਾਬ ਅੱਲਾਹ ਦੀ ਨੂੰ,
ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ ਦਾ ਨਕਸ਼ੇ ਨਗਾਰ ਕਰਕੇ,
ਰੰਗ ਰੰਗ ਦੇ ਬਾਗ ਲਗਾਂਵਦਾ ਈ।
ਸਫ਼ਾਂ ਪਿਛਲੀਆਂ ਸਭ ਲਪੇਟ ਲੈਂਦਾ,

ਅੱਗੋਂ ਹੋਰ ਹੀ ਹੋਰ ਵਡ੍ਹਾਂਵਦਾ ਈ।
ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ। 44

ਆਮ ਕਿੱਸਾਕਾਰ ਕਿੱਸਾ ਸ਼ੁਰੂ ਕਰਨ ਸਮੇਂ ਮੰਗਲਾਚਰਣ ਤੋਂ ਬਾਅਦ ਕਿੱਸਾ ਲਿਖਣ ਦਾ ਕਾਰਨ ਦੱਸਦੇ ਹਨ। ਇਸੇ ਤਰ੍ਹਾਂ ਹੀ ਸ਼ਾਹ ਮੁਹੰਮਦ ਨੇ ਆਪਣਾ ਜੰਗਨਾਮਾ ਲਿਖਦੇ ਸਮੇਂ ਕਿੱਸੇ ਵਾਲੀ ਵਿਧੀ ਹੀ ਅਪਣਾਈ ਹੈ। ਜਿਥੇ ਸ਼ਾਹ ਮੁਹੰਮਦ ਤੋਂ ਪੂਰਵਵਰਤੀ ਕਿੱਸਾਕਾਰ ਕੇਵਲ ਯਾਰ ਸ਼ਬਦ ਦਾ ਪ੍ਰਯੋਗ ਕਰਦੇ ਸਨ, ਉਥੇ ਸ਼ਾਹ ਮੁਹੰਮਦ ਜਿਨ੍ਹਾਂ ਯਾਰਾਂ ਦੀ ਫੁਰਮਾਇਸ਼ ਤੇ ਇਹ ਜੰਗਨਾਮਾ ਲਿਖਿਆ ਦਸਦਾ ਹੈ ਦਾ ਨਾਮ ਹੀਰਾ ਤੇ ਨੂਰਾ ਹੈ। ਹੇਠਾਂ ਕੁਝ ਮਿਸਾਲਾਂ ਪੇਸ਼ ਹਨ:-

(1) ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ,
ਇਸ਼ਕ ਹੀਰ ਦਾ ਨਵਾਂ ਬਣਾਈਏ ਜੀ।
ਇਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ,
ਜੀਭ ਸੋਹਣੀ ਨਾਲ ਸੁਣਾਈਏ ਜੀ। 45

(੨) ਹਾਸ਼ਮ ਸ਼ਾਹ ਨੂੰ ਆਖਿਆ ਦੋਸਤਾਂ ਨੇ,
ਰਾਂਝੇ ਹੀਰ ਦੀ ਸ਼ਾਇਰੀ ਆਖ ਕਾਈ। 46

(3) ਰਲ ਮਿਲ ਦੋਸਤਾਂ ਸਵਾਲ ਕੀਤਾ ਮੇਰੇ ਤਾਈਂ,
ਅਜਬ ਬਣਾਓ ਕੋਈ ਕਿੱਸਾ ਕਿਸੇ ਹਾਲ ਦਾ,
ਮਾਲਵੇ ਦੀ ਬੋਲੀ ਵਿਚ ਮਤਲਬ ਤਮਾਮ ਹੋਵੇ,
ਮਿੱਠੜੇ ਕਬਿੱਤ ਦੀ ਜੋ ਹੋਵੇ ਚਾਲ ਦਾ। 47

(4) ਇਕ ਰੋਜ਼ ਵਡਾਲੇ ਦੇ ਵਿਚ ਬੈਠੇ,
ਚਲੀ ਆਣ ਅੰਗਰੇਜ਼ ਦੀ ਬਾਤ ਆਈ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ। 48

ਕਿੱਸਾਕਾਰਾਂ ਨੇ ਆਪਣੀ ਵਾਰਤਾ ਦੇ ਨਾਲ ਨਾਲ ਕੁਝ ਅਟੱਲ ਸਚਾਈਆਂ ਵੀ ਪੇਸ਼ ਕਰਨੀਆਂ ਹੁੰਦੀਆਂ ਹਨ ਜੋ ਲੋਕਾਂ ਦੇ ਮੂੰਹ ਚੜ੍ਹੀਆਂ ਹੋਈਆਂ ਹਨ। ਇਸ ਪੱਖੋਂ ਕੋਈ ਵੀ ਕਿੱਸਾਕਾਰ ਕੋਰਾ ਨਹੀਂ ਰਿਹਾ। ਮਿਸਾਲ ਦੇ ਤੌਰ ਤੇ ਪੀਲੂ ਦੇ ਕਿੱਸੇ ਵਿਚ ਮਿਰਜ਼ਾ ਸਾਹਿਬਾਂ ਦੀ ਪ੍ਰੀਤ-ਕਥਾ ਦੇ ਨਾਲ ਨਾਲ ਕੁਝ ਅਟੱਲ ਸਚਾਈਆਂ ਦਾ ਬਿਆਨ ਵੀ ਉਜਾਗਰ ਹੁੰਦਾ ਹੈ:

(1) ਮੱਥੇ ਵਿਚ ਕਲਜੋਗਣਾਂ, ਫਤਹਿ ਨਾ ਦਿੰਦੇ ਹੋਣ,
ਲਿਖੀਆਂ ਭਾਵੇ ਰੱਬ ਦੀਆਂ ਮੇਟਣ ਵਾਲਾ ਕੌਣ ।[49]

(2) ਇਸ਼ਕ ਲਿਤਾੜੇ ਆਦਮੀ ਬਰਫ ਲਿਤਾੜੇ ਰੁੱਖ
ਨੀਂਦ ਨਾ ਆਉਂਦੀ ਚੋਰ ਨੂੰ, ਆਸ਼ਕ ਨਾ ਲੱਗੇ ਭੁੱਖ ।[50]

ਮੱਧਕਾਲੀਨ ਸਾਹਿਤਕਾਰ ਹਰ ਰਚਨਾ ਰੱਬ, ਧਰਮ, ਇਖਲਾਕ ਅਤੇ ਇਨਸਾਨੀ ਕੀਮਤਾਂ ਵਿਚ ਮਨੁੱਖ ਦਾ ਵਿਸ਼ਵਾਸ ਦ੍ਰਿੜਾਉਣ ਲਈ ਕਰਦਾ ਸੀ। ਇਸ ਲਈ ਸਾਹਿਤਕਾਰ ਤੇ ਹੋਰ ਬੁੱਧੀਜੀਵੀ ਜਿਥੇ ਜ਼ਿੰਦਗੀ ਦੇ ਖਾਸ ਤਜੁਰਬਿਆਂ ਦਾ ਨਿਚੋੜ ਦੱਸਣ ਦੀ ਲੋੜ ਮਹਿਸੂਸ ਕਰਦੇ ਹਨ, ਉਥੇ ਉਹ ਸਮਾਜਕ, ਆਚਰਣਕ ਜਾਂ ਭੌਤਿਕ ਸਚਾਈਆਂ ਨੂੰ ਸਮਾਨੀਕਰਣ ਦੇ ਰੂਪ ਵਿਚ ਦੇ ਦਿੰਦੇ ਸਨ। ਸ਼ਾਹ ਮੁਹੰਮਦ ਆਪਣੇ ਯੁੱਗ ਦੇ ਸਿਆਸੀ ਮਸਲਿਆਂ ਤੋਂ ਸੁਚੇਤ ਤੇ ਸੂਝਵਾਨ ਚਿੰਤਕ ਹੈ। ਉਸ ਵਿਚ ਸਮਾਜਕ ਸਥਿਤੀ ਨੂੰ ਗਹਿਰਾਈ ਨਾਲ ਸਮਝਣ ਦੀ ਯੋਗਤਾ ਤੇ ਸੂਤ੍ਰਿਕ ਸ਼ਬਦਾਵਲੀ ਰਾਹੀਂ ਬਿਆਨ ਕਰ ਸਕਣ ਦੀ ਕਲਾ ਪ੍ਰਬੀਨਤਾ ਵੀ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿਚ ਅਨੇਕਾਂ ਹੀ ਅਟੱਲ ਸਚਾਈਆਂ ਮਿਲਦੀਆਂ ਹਨ। ਕਵੀ ਮਨੁੱਖ ਨੂੰ ਹੰਕਾਰ ਮਾਰਨ ਤੇ ਰੱਬ ਦੀ ਰਜ਼ਾ ਵਿਚ ਰਹਿਣ ਲਈ ਉਪਦੇਸ਼ ਦਿੰਦਾ ਹੋਇਆ, ਸੰਸਾਰ ਦੀ ਨਾਸ਼ਮਾਨਤਾ ਦਾ ਬਿਆਨ ਕਰਦਾ ਹੈ। ਮਿਸਾਲ ਵਜੋਂ:-

(1) ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।

(2) ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ,

ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ ।

(3) ਇਕ ਘੜੀ ਦੀ ਕੁਝ ਉਮੈਦ ਨਾਹੀਂ
ਕਿਸੇ ਲਈ ਹਾੜੀ ਕਿਸੇ ਸਾਉਣੀ ਜੀ। [51]

ਕਿੱਸਿਆਂ ਨੂੰ ਰੌਚਿਕ ਤੇ ਸੁਭਾਵਕ ਬਣਾਉਣ ਲਈ ਸੁਆਲਾਂ-ਜਵਾਬਾਂ ਦੀ ਤਰਤੀਬ ਵਿਚ ਪੇਸ਼ ਕੀਤਾ ਜਾਂਦਾ ਸੀ। ਕਿੱਸਿਆਂ ਵਿਚਲੀ ਵਾਰਤਾ ਕਈ ਵਾਰ ਕਿੱਸੇ ਦੇ ਨਾਟਕ ਹੋਣ ਦਾ ਭੁਲੇਖਾ ਪਾਉਂਦੀ ਨਜ਼ਰ ਆਉਂਦੀ ਹੈ। ਭਾਵੇਂ ਸ਼ਾਹ ਮੁਹੰਮਦ ਨੇ ਆਪਣੇ ਇਸ ਜੰਗਨਾਮੇ ਵਿਚ ਇਤਿਹਾਸਕ ਬਿਰਤਾਂਤ ਦੀ ਸ਼ੈਲੀ ਦਾ ਹੀ ਪ੍ਰਯੋਗ ਕੀਤਾ ਹੈ ਪਰ ਕਿਧਰੇ ਕਿਧਰੇ ਉਸ ਦਾ ਨਾਟਕੀ ਬਿਆਨ ਵੀ ਪਾਠਕਾਂ ਦਾ ਇਕ ਦਮ ਆਪਣੇ ਵਲ ਧਿਆਨ ਖਿੱਚ ਲੈਂਦਾ ਹੈ। ਸਰਦਾਰ ਚੇਤ ਸਿੰਘ ਬਾਜਵਾ ਦੇ ਕਤਲ ਸਮੇਂ ਕ੍ਰੋਧਵਾਨ ਮਹਾਰਾਜਾ ਖੜਕ ਸਿੰਘ ਦੇ ਵਾਕ, ਕੰਵਰ ਪ੍ਰਤਾਪ ਸਿੰਘ ਵਲੋਂ ਲਹਿਣਾ ਸਿੰਘ ਨੂੰ ਕੀਤੀ ਗਈ ਬੇਨਤੀ, ਲਾਰਡ ਹਾਰਡਿੰਗ ਦਾ ਹਿੰਦੀ ਭਾਸ਼ਾ ਵਿਚ ਕੀਤਾ ਗਿਆ ਵਿਖਿਆਨ ਆਦਿ ਪਾਤਰ ਦੀ ਮਨੋਦਸ਼ਾ ਨੂੰ ਇਕ ਦਮ ਉਭਾਰ ਦਿੰਦੇ ਹਨ:

(1) ਲਹਿਣਾ ਸਿੰਘ ਦੀ ਮੰਦੀ ਜੋ ਨਜ਼ਰ ਦੇਖੀ,
ਅੱਗੋਂ ਰੱਬ ਦਾ ਵਾਸਤਾ ਪਾਂਵਦਾ ਈ।
ਮੈਂ ਤਾਂ ਕਰਾਂਗਾ ਬਾਬਾ ਜੀ ਟਹਿਲ ਤੇਰੀ,
ਹੱਥ ਜੋੜ ਕੇ ਸੀਸ ਨਿਵਾਂਦਾ ਈ।

----

(2) ਟੁੰਡੇ ਲਾਟ ਨੇ ਚੁਕਿਆ ਆਣ ਬੀੜਾ
ਹਮ ਸੀਖ ਸਿਉਂ ਜਾਇ ਕੇ ਲੜੇਗਾ ਜੀ।
ਘੰਟੇ ਤੀਨ ਮੇਂ ਜਾ ਲਾਹੌਰ ਮਾਰਾਂ,
ਇਸ ਬਾਤ ਮੇਂ ਫਰਕ ਨਾ ਪੜੇਗਾ ਜੀ।[52]

ਵਾਰਿਸ ਸ਼ਾਹ ਨੇ ਆਪਣੀ ਰਚਨਾ 'ਹੀਰ' ਬੈਤ ਛੰਦ ਵਿਚ ਰਚੀ। ਇਸ ਰਚਨਾ ਦੀ

ਪ੍ਰਸਿੱਧਤਾ ਕਾਰਨ ਇਹ ਛੰਦ ਇਕ ਲੋਕਪ੍ਰਿਯ ਛੰਦ ਬਣ ਗਿਆ ਅਤੇ ਹੋਰ ਕਿੱਸਾਕਾਰ ਇਸ ਛੰਦ ਦੀ ਵਰਤੋਂ ਕਰਨ ਵਿਚ ਫਖਰ ਮਹਿਸੂਸ ਕਰਨ ਲੱਗੇ। ਸ਼ਾਹ ਮੁਹੰਮਦ ਨੇ ਉਸ ਸਮਕਾਲੀ ਯੁੱਗ ਦੀ ਕਾਵਿ-ਪੱਧਤੀ ਤੋਂ ਪ੍ਰਭਾਵਿਤ ਹੋ ਕੇ ਆਪਣੇ ਜੰਗਨਾਮੇ ਵਿਚ ਬੈਂਤ ਛੰਦ ਦੀ ਵਰਤੋਂ ਕੀਤੀ ਹੈ। ਸ਼ਾਹ ਮੁਹੰਮਦ ਨੇ ਬੈਂਤ ਛੰਦ ਵਿਚ ਪੰਜਾਬ ਦੇ ਦੁਖਾਂਤ ਨੂੰ ਜਿਸ ਸੁਚੱਜਤਾ ਨਾਲ ਬੰਨ੍ਹਿਆ ਹੈ, ਉਸ ਕਰਕੇ ਇਛਿਤ ਭਾਵ ਅਭਿਵਿਅਕਤੀ ਵਿਚ ਕਿਸੇ ਕਿਸਮ ਦਾ ਕੋਈ ਵਿਘਨ ਨਹੀਂ ਪਿਆ ਅਤੇ ਯੁੱਧ ਦਾ ਵਾਤਾਵਰਣ ਵੀ ਰੌਚਿਕਤਾ ਨਾਲ ਚਿਤਰਿਆ ਗਿਆ ਹੈ। ਕਵੀ ਨੇ ਇਸ ਜੰਗਨਾਮੇ ਵਿਚ ਚਾਰ ਤੁਕਾਂ ਵਾਲਾ ਬੈਂਤ ਛੰਦ ਵਰਤਿਆ ਹੈ, ਜਿਸ ਵਿਚ ਮਾਤਰਾਂ ਦੀ ਗਿਣਤੀ 40 ਰਹਿੰਦੀ ਹੈ ਤੇ ਵਿਸ਼ਰਾਮ ਆਮ ਕਰਕੇ 20+20 ਤੇ ਆਉਂਦਾ ਹੈ। ਜਿਵੇਂ ਕਿ ਹੇਠਲੀਆਂ ਉਦਾਹਰਣਾਂ ਵਿਚ ਸਪੱਸ਼ਟ ਹੈ:-

ਜਦੋਂ ਹੋਏ ਸਰਕਾਰ ਦੇ ਸਵਾਸ ਪੂਰੇ,  
ਜਮਾਂ ਹੋਏ ਨੀ ਸਭ ਸਰਦਾਰ ਮੀਆਂ ।  
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,  
ਸੁਰੂ ਹੋਈ ਦਰਬਾਰ ਤਲਵਾਰ ਮੀਆਂ।  
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ,  
ਮੋਇਆ ਪੁੱਛ ਕਦੀਮ ਦਾ ਯਾਰ ਮੀਆਂ।  
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,  
ਸਾਡਾ ਏਹੋ ਸੀ ਕੌਲ ਕਰਾਰ ਮੀਆਂ ।[53]

ਬੈਂਤ ਛੰਦ ਵਿਚ ਲਿਖੀ ਇਸ ਰਚਨਾ ਵਿਚ ਕਵੀ ਨੇ ਇਸ ਛੰਦ ਨੂੰ ਪੂਰੀ ਤਰ੍ਹਾਂ ਨਹੀਂ ਨਿਭਾਇਆ। ਤੁਕਾਂ ਵਿਚ ਮਾਤਰਾਂ ਦੀ ਗਿਣਤੀ ਵਧ ਘਟ ਵੀ ਗਈ ਹੈ। ਜਿਸ ਨਾਲ ਬੈਂਤ ਛੰਦ ਦੀ ਪਰੰਪਰਾਗਤ ਅਤੇ ਪ੍ਰਚਲਿਤ ਧਾਰਨਾ ਨੂੰ ਸੱਟ ਵੱਜੀ ਹੈ।

ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਆਪਣੇ ਅਨੁਭਵ ਦੀ ਵਸਤੂ ਦੇ ਸੁਭਾਅ ਅਨੁਕੂਲ ਪਰੰਪਰਾਗਤ ਕਾਵਿ ਰੂਪਾਂ ਦੇ ਵੱਖ ਵੱਖ ਅੰਗਾਂ ਦਾ ਅਜਿਹਾ ਸੁਚੱਜਾ ਸੁਮੇਲ ਕੀਤਾ ਹੈ, ਜਿਸ ਰਾਹੀਂ ਉਹ ਆਪਣੀ ਕਾਵਿ ਵਸਤੂ ਅਨੁਕੂਲ ਲਗਭਗ ਇਕ ਵਿਲੱਖਣ ਕਾਵਿ ਰੂਪ ਨੂੰ ਜਨਮ ਦੇ ਚੁੱਕਾ ਹੈ। ਕਿੱਸਾ, ਜੰਗਨਾਮਾ, ਵਾਰ ਦੇ ਕੁਝ ਮਹੱਤਵਪੂਰਣ ਅੰਗਾਂ ਨੂੰ ਉਸਨੇ ਸਿਰਜਣਾਤਮਕ ਢੰਗ ਨਾਲ ਇਕ ਸੁਰ ਕਰਨ ਦਾ ਸਫਲ ਯਤਨ ਕੀਤਾ ਹੈ। ਉਸ ਦੀ ਕਾਵਿ -

ਕਲਾ ਦੇ ਇਨ੍ਹਾਂ ਸਮੁੱਚੇ ਅੰਗਾਂ ਦੀ ਸਿਰਜਣਾਤਮਕ ਇਕਸੁਰਤਾ ਕਾਰਣ ਹੀ ਸ਼ਾਹ ਮੁਹੰਮਦ ਦੀ ਇਹ ਰਚਨਾ ਪੰਜਾਬੀ ਕਾਵਿ ਸਾਹਿਤ ਦੀ ਇਕ ਮਹੱਤਵਪੂਰਣ ਅਤੇ ਇਤਿਹਾਸਕ ਰਚਨਾ ਹੋ ਨਿਬੜੀ ਹੈ।

(ਹ) ਕਾਵਿ ਭਾਸ਼ਾ:-

ਕਵਿਤਾ ਆਪਣੇ ਆਪ ਵਿਚ ਇਕ ਭਾਸ਼ਾ ਹੀ ਹੈ। ਬਹੁਤ ਸਾਰੇ ਵਿਦਵਾਨਾਂ ਨੇ ਕਾਵਿ ਨੂੰ ਪਰਿਭਾਸ਼ਿਤ ਕਰਨ ਲਈ ਕਾਵਿ ਭਾਸ਼ਾ ਦੀ ਵਿਲੱਖਣ ਤੇ ਵਿਸ਼ੇਸ਼ ਵਰਤੋਂ ਨੂੰ ਹੀ ਆਧਾਰ ਬਣਾਇਆ ਹੈ, ਜਿਵੇਂ ਕਿ ਆਈ.ਏ.ਰਿਚਰਡਜ਼ ਦੇ ਵਿਚਾਰ ਅਨੁਸਾਰ ਕਵਿਤਾ ਵਿਚ ਭਾਸ਼ਾ ਦੀ ਭਾਵਾਤਮਕ ਵਰਤੋਂ ਹੁੰਦੀ ਹੈ।[54] ਭਾਸ਼ਾ ਦੀ ਪ੍ਰਕ੍ਰਿਤੀ ਵਿਚੋਂ ਹੀ ਕਾਵਿ ਦੇ ਲੱਛਣ ਪ੍ਰਗਟ ਹੁਦੇ ਹਨ। ਕਾਵਿ ਭਾਸ਼ਾ, ਸਮਾਨਯ ਭਾਸ਼ਾ ਤੋਂ ਅੱਡ ਰੂਪ ਗ੍ਰਹਿਣ ਕਰਨ ਵਾਲੀ ਵਿਸ਼ਿਸ਼ਟ ਭਾਸ਼ਾ ਹੈ। ਕਾਵਿ ਭਾਸ਼ਾ ਆਪਣਾ ਅੱਡ ਅਨੁਸ਼ਾਸ਼ਨ ਸਿਰਜ ਲੈਂਦੀ ਹੈ। ਭਾਸ਼ਾ ਉਤਪਾਦਨ ਕਾਰਣ ਹੈ ਅਤੇ ਕਾਵਿ ਉਸ ਦਾ ਕਾਰਜ ਹੈ। ਜੇਮਜ਼ ਰੀਵਜ਼ ਦੇ ਵਿਚਾਰ ਅਨੁਸਾਰ ਭਾਸ਼ਾ ਦੀ ਤਾਜ਼ਗੀ ਤੇ ਮੌਲਿਕਤਾ ਤੋਂ ਬਗੈਰ ਕੋਈ ਵੀ ਕਵੀ ਸਫਲਤਾ ਹਾਸਲ ਨਹੀਂ ਕਰ ਸਕਦਾ।[55] ਕਵਿਤਾ ਦੀ ਭਾਸ਼ਾ ਦੇ ਵਿਲੱਖਣ ਗੁਣ ਹੁੰਦੇ ਹਨ, ਕਵੀ ਭਾਸ਼ਾ ਦੀਆਂ ਵਿਅੰਜਕ ਸ਼ਕਤੀਆਂ ਦਾ ਕਲਾਕਾਰ ਹੁੰਦਾ ਹੈ। ਉਹ ਆਪਣੀ ਗੱਲ ਦਾ ਸੰਚਾਰ ਵੀ ਕਰਦਾ ਹੈ ਅਤੇ ਪਾਠਕਾਂ ਨੂੰ ਪ੍ਰੇਰਿਤ ਤੇ ਪ੍ਰਭਾਵਿਤ ਵੀ ਕਰਦਾ ਹੈ। ਕਾਵਿ ਭਾਸ਼ਾ ਖੁਦ ਵਸਤੂ ਨੂੰ ਚਿਤ੍ਰਿਤ ਕਰਦੀ ਹੈ, ਫਲ ਵਜੋਂ ਬਹੁ-ਅਰਥਕ ਹੋ ਜਾਂਦੀ ਹੈ। ਪਾਠਕ ਨੂੰ ਵੀ ਇਕ ਤੋਂ ਵੱਧ ਅਰਥ-ਤੈਹਾਂ ਦਾ ਜੁੜਵਾਂ ਅਰਥ ਪ੍ਰਾਪਤ ਹੁੰਦਾ ਹੈ।

ਕਵੀ ਤੇ ਭਾਸ਼ਾ ਦਾ ਬਹੁਤ ਗਹਿਰਾ ਸੰਬੰਧ ਹੈ। ਭਾਸ਼ਾ ਅਸਮਰਥ ਨਹੀਂ ਹੁੰਦੀ। ਕਵੀ ਹੀ ਉਸ ਨੂੰ ਸਮਰਥ ਰੂਪ ਵਿਚ ਵਰਤਦਾ ਹੈ। ਜੈਨ ਮੁਕਰੋਵਸਕੀ ਕਾਵਿ ਭਾਸ਼ਾ ਬਾਰੇ ਕਹਿੰਦਾ ਹੈ ਕਿ ਕਾਵਿ ਭਾਸ਼ਾ, ਪ੍ਰਤੀਮਾਨਕ ਭਾਸ਼ਾ ਦਾ ਸੌਂਦਰਯ-ਸ਼ਾਸਤਰੀ ਦ੍ਰਿਸ਼ਟੀ ਤੋਂ ਪ੍ਰਯੋਜਨਾਮਈ ਵਿਰੂਪਣ ਹੈ।[56] ਬ੍ਰਾਕਸ ਕਹਿੰਦਾ ਹੈ ਕਿ ਕਾਵਿ ਭਾਸ਼ਾ ਨੂੰ ਬਦਲਦਾ ਨਹੀਂ ਸਗੋਂ ਉਸ ਦੀਆਂ ਸੰਭਾਵਨਾਵਾਂ ਦੀ ਖੋਜ ਕਰਦਾ ਹੈ। ਉਹ ਭਾਸ਼ਾ ਨੂੰ ਆਕਾਰ ਪ੍ਰਦਾਨ ਕਰਦਾ ਹੈ।[57] ਟੀ.ਐਸ.ਏਲੀਅਟ ਨੇ ਲੋਕ ਭਾਸ਼ਾ ਨੂੰ ਕਵਿਤਾ ਦੀ ਜ਼ਿੰਦਗੀ ਮੰਨਿਆ ਹੈ ਜੋ ਕਾਵਿ ਭਾਸ਼ਾ ਦੇ ਰੂਪ ਵਿਚ ਤਬਦੀਲ ਹੋ ਕੇ ਉਚੇਰੀ ਚੇਤਨਾ ਤੇ ਸੂਖਮਤਾ ਦੀ ਧਾਰਨੀ ਹੋ ਜਾਂਦੀ ਹੈ।[58] ਉਪਰੋਕਤ ਚਰਚਾ ਦੇ ਆਧਾਰ ਤੇ ਇਹ ਸਪੱਸ਼ਟ ਹੈ ਕਿ ਕਾਵਿ ਭਾਸ਼ਾ ਦਾ ਮੂਲ ਆਮ-ਭਾਸ਼ਾ

ਹੀ ਹੈ। ਆਮ ਭਾਸ਼ਾ ਦਾ ਨਿਖਰਵਾਂ, ਸਜੀਵ ਤੇ ਉਤਕ੍ਰਿਸ਼ਟ ਰੂਪ ਹੀ ਕਾਵਿ ਭਾਸ਼ਾ ਹੈ।

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਬੜੀ ਸਰਲ ਅਤੇ ਠੇਠ ਪੰਜਾਬੀ ਦੀ ਵਰਤੋਂ ਕੀਤੀ ਹੈ। ਸੰਜਮਤਾ ਅਤੇ ਸੰਖੇਪਤਾ ਉਸ ਦੀ ਭਾਸ਼ਾ ਦੇ ਉਘੇ ਗੁਣ ਹਨ। ਉਸਨੇ ਇਕ ਵੱਡ-ਆਕਾਰੇ ਮਹਾਂ ਕਾਵਿ ਦੀ ਸਾਮੱਗਰੀ ਨੂੰ 420 ਸਤਰਾਂ ਦੇ ਇਕ ਨਿੱਕੇ ਜਿਹੇ ਜੰਗਨਾਮੇ ਵਿਚ ਪੂਰੀ ਸਪੱਸ਼ਟਤਾ ਤੇ ਸਫਲਤਾ ਨਾਲ ਵਰਤਿਆ ਹੈ।[59] ਭਾਸ਼ਾ ਵਿਚਾਰਾਂ ਤੇ ਭਾਵਾਂ ਦੀ ਅਭਿਵਿਅਕਤੀ ਦਾ ਵਾਹਨ ਹੁੰਦਾ ਹੈ। ਸਮਰਥ ਲੇਖਕ ਆਪਣੇ ਵਿਚਾਰਾਂ ਨੂੰ ਇਹੋ ਜਿਹੀ ਸੁਚੱਜੀ ਤੇ ਅਸਰਦਾਇਕ ਭਾਸ਼ਾ ਰਾਹੀਂ ਅਭਿਵਿਅਕਤ ਕਰਦਾ ਹੈ ਕਿ ਉਸ ਦੇ ਵਿਚਾਰ ਸਹਿਜੇ ਹੀ ਸਰੋਤਿਆਂ ਤੇ ਪਾਠਕਾਂ ਦੇ ਦਿਲਾਂ ਉਪਰ ਆਪਣਾ ਅਧਿਕਾਰ ਜਮਾ ਲੈਂਦੇ ਹਨ। ਕਿਸੇ ਲੇਖਕ ਦੀ ਸਫਲਤਾ ਤੇ ਵਿਦਵਤਾ ਦਾ ਅਨੁਮਾਨ ਉਸ ਦੁਆਰਾ ਵਰਤੀ ਗਈ ਭਾਸ਼ਾ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿਉਂਕਿ ਇਕ ਕਲਾਕਾਰ ਮਨ ਸ਼ਬਦਾਂ ਵਿਚ ਅਜਿਹੀ ਸਮਰਥਾ ਭਰ ਦਿੰਦਾ ਹੈ ਕਿ ਉਨ੍ਹਾਂ ਦੀਆਂ ਸੰਗੀਤਮਈ ਧੁਨੀਆਂ ਅਰਥਾਂ ਨੂੰ ਆਪਣੇ ਵਿਚ ਸਮਾਉਂਦੀਆਂ ਹੋਈਆਂ ਅਮਰ ਹੋ ਨਿਬੜਦੀਆਂ ਹਨ। ਲੇਖਕ ਦੀ ਵਿਦਵਤਾ ਤੇ ਗਿਆਨ ਦਾ ਘੇਰਾ ਜਿਤਨਾ ਵਿਸ਼ਾਲ ਹੋਵੇਗਾ, ਉਤਨੀ ਹੀ ਉਸ ਦੀ ਰਚਨਾ ਦੀ ਭਾਸ਼ਾ ਅਮੀਰ ਹੋਵੇਗੀ। ਉਸ ਦਾ ਵਰਤਿਆ ਸ਼ਬਦਾਂ ਦਾ ਅਮੁੱਕ ਭੰਡਾਰ, ਸਦਾ ਹੀ ਉਸ ਦੀ ਭਾਸ਼ਾ ਦੀ ਮਹਾਨਤਾ ਨੂੰ ਦਰਸਾਉਂਦਾ ਰਹਿੰਦਾ ਹੈ।

ਭਾਸ਼ਾ ਦੀ ਸਮਰਥਾ ਦਾ ਸਭ ਤੋਂ ਵੱਧ ਤੇ ਵੱਡਾ ਗੁਣ ਇਹ ਹੁੰਦਾ ਹੈ ਕਿ ਲੇਖਕ ਆਪਣੇ ਵਿਚਾਰ ਸਪੱਸ਼ਟਤਾ ਨਾਲ ਪਾਠਕਾਂ ਤਕ ਪਹੁੰਚਾ ਸਕੇ। ਸ਼ਾਹ ਮੁਹੰਮਦ ਆਪਣੇ ਦੇਸ਼ ਨੂੰ ਪਿਆਰਨ ਵਾਲਾ ਕਵੀ ਸੀ। ਉਹ ਮਨੁੱਖਤਾ ਦਾ ਪੁਜਾਰੀ ਤੇ ਆਜ਼ਾਦੀ ਦਾ ਸ਼ਾਸ਼ਕ ਸੀ। ਉਸਨੇ ਆਪਣੀ ਰਚਨਾ ਵਿਚ ਬੜੀ ਸਾਦੀ ਭਾਸ਼ਾ ਵਰਤੀ ਹੈ। ਸ਼ਬਦਾਂ ਦੀ ਚੋਣ ਉਸਨੇ ਅਤਿ ਧਿਆਨ ਨਾਲ ਕੀਤੀ ਹੈ। ਪੇਂਡੂ ਠੇਠ ਸ਼ਬਦਾਂ ਨੂੰ ਜਿਹੜੇ ਸਾਧਾਰਣ ਅਰਥ ਦੇਣ ਦੀ ਥਾਂ ਜੋਸ਼ ਪੈਦਾ ਕਰਦੇ ਹਨ ਦੇ ਜੜ੍ਹਨ ਦੀ ਕਲਾ ਨੂੰ ਬੜੀ ਸਫਲਤਾ ਨਾਲ ਪ੍ਰਗਟ ਕੀਤਾ ਹੈ। ਉਸ ਨੇ ਜੰਗਨਾਮੇ ਦੀ ਕਵਿਤਾ ਵਿਚ ਸ਼ਬਦ ਚਿੱਤਰ ਪੇਸ਼ ਕੀਤੇ ਹਨ। ਉਸ ਦੀ ਇਕ ਘਟਨਾ ਨੂੰ ਚਿਤਰਨ ਲਈ ਇਕੋ ਸਤਰ ਹੀ ਕਾਫੀ ਹੁੰਦੀ ਹੈ। ਸਾਰੀ ਖ਼ੈਮਾਲਕ ਸੈਨਾ ਨੂੰ ਕਵੀ ਨੇ ਇਕ ਹੀ ਬੈਂਤ ਵਿਚ ਬਹੁਤ ਸੋਹਣੀ ਤਰ੍ਹਾਂ ਚਿਤਰਿਆ ਹੈ ਅਤੇ ਇਸ ਬੈਂਤ ਵਿਚ ਪੰਜਾਬੀ ਦੇ ਭਿੰਨ ਭਿੰਨ ਘਰੋਗੀ ਸ਼ਬਦ ਨਿਹਾਇਤ ਖ਼ੂਬਸੂਰਤੀ ਨਾਲ ਵਰਤੇ ਗਏ ਹਨ:

ਸਿਰ ਫੌਜ ਦੇ ਰਿਹਾ ਨੇ ਕੋਈ ਕੁੰਡਾ,
ਫਿਰਦੇ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ ।[60]

ਉਪਰੋਕਤ ਛੰਦ ਵਿਚਲੇ ਸ਼ਬਦ ਆਪਣੇ ਆਪ ਜਜ਼ਬਾਤੀ ਅਸਰ ਪਾ ਦਿੰਦੇ ਹਨ। ਜਿਹੜੇ ਕਿ ਅਖਾਣਾਂ ਤੇ ਉਪਮਾਂ ਦਾ ਕੰਮ ਕਰਦੇ ਹਨ। ਕਈ ਵਾਰ ਸ਼ਬਦਾਂ ਵਿਚ ਹੀ ਅਖਾਣਾਂ ਦੇ ਅਰਥ ਲੁਕੇ ਹੁੰਦੇ ਹਨ। ਸ਼ਾਹ ਮੁਹੰਮਦ ਦੀ ਇਸ ਸ਼ਕਤੀ ਦੀ ਸਚਾਈ ਨੂੰ ਬਿਆਨ ਕਰਨ ਲਈ ਉਪਰੋਕਤ ਸਤਰ ਵਿਚ ਸ਼ਬਦ ਕੁੰਡਾ ਅਤੇ ਭੂਤਮੰਡਲੀ ਆਦਿ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਸ਼ਾਹ ਮੁਹੰਮਦ ਦਾ ਪੰਜਾਬ ਦੀ ਮਿੱਟੀ ਨਾਲ ਮੋਹ ਸੀ। ਜਦੋਂ ਸੁਆਰਥੀ ਪੰਜਾਬੀ ਸਰਦਾਰਾਂ ਨੇ ਆਪਣੇ ਹਿਤਾਂ ਦੀ ਖਾਤਰ, ਪੰਜਾਬ ਦੀ ਸੁਤੰਤਰਤਾ ਨੂੰ ਫ਼ਰੰਗੀਆਂ ਦੇ ਹੱਥਾਂ ਵਿਚ ਸੌਂਪਣ ਲਈ, ਘਿਨਾਉਣੀਆਂ ਚਾਲਾਂ ਖੇਡਣੀਆਂ ਆਰੰਭ ਕੀਤੀਆਂ ਤਾਂ ਉਸ ਦਾ ਕਵੀ ਹਿਰਦਾ ਵਿਲਕ ਉਠਿਆ ਅਤੇ ਉਸਨੇ ਆਪਣੀ ਲਹੂ ਭਿੱਜੀ ਕਲਮ ਨਾਲ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਦਾ ਹਾਲ ਹੂ-ਬ-ਹੂ ਬਿਆਨ ਕੀਤਾ। ਸ਼ਾਹ ਮੁਹੰਮਦ ਦੀ ਰਚਨਾ ਅਨੇਕ ਕਾਵਿ ਗੁਣਾਂ ਤੇ ਉਪ ਗੁਣਾਂ ਨਾਲ ਭਰਪੂਰ ਹੈ। ਸਭ ਤੋਂ ਵੱਡੀ ਖੂਬੀ ਬਿਰਤਾਂਤ ਤੇ ਵਰਣਨ ਦਾ ਸਪੱਸ਼ਟ ਤੇ ਨਿਖੜਵੇਂ ਸ਼ਬਦਾਂ ਵਿਚ ਕੁਝ ਮਾਮੂਲੀ ਛੋਹਾਂ ਨਾਲ ਨਿਖੜਕੇ ਬਿੰਨ-ਬਿੰਨ ਚਿੱਤਰ ਦੇ ਰੂਪ ਵਿਚ ਆ ਪ੍ਰਗਟ ਹੋਣਾ ਹੈ। ਅਜਿਹੇ ਸੰਜਮ ਵਾਲੇ ਸੰਕੇਤਕ ਪਰ ਸਪੱਸ਼ਟ ਨਿਖਰਵੇਂ ਬਿਆਨ ਵਿਚ ਸ਼ਾਹ ਮੁਹੰਮਦ ਦਾ ਕੋਈ ਹੋਰ ਸਾਨੀ ਲਭਣਾ ਕਠਨ ਹੈ।[61] ਮਿਸਾਲ ਵਜੋਂ:-

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਘੋਲਿਉਂ ਨਿਕਲਦੇ ਸ਼ੇਰ ਮੀਆਂ ।[62]

ਭਾਸ਼ਾ ਦਾ ਅਗਲਾ ਗੁਣ ਪ੍ਰਸੰਗ ਅਨੁਕੂਲਤਾ ਹੈ। ਇਸ ਤਰ੍ਹਾਂ ਭਾਸ਼ਾ ਪਾਠਕਾਂ ਉਪਰ ਜਾਦੂਮਈ ਅਸਰ ਕਰਦੀ ਹੈ। ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਲਾਹੌਰ ਦਰਬਾਰ ਦੇ ਹੋਏ ਨੁਕਸਾਨ ਨੂੰ ਦਰਸਾਉਣ ਲਈ ਪਹਿਲਾਂ ਪਾਠਕਾਂ ਨੂੰ ਮਾਨਸਿਕ ਤੌਰ ਤੇ ਤਿਆਰ ਕਰਦਾ

ਹੈ। ਜਦੋਂ ਕੰਵਰ ਨੌਨਿਹਾਲ ਸਿੰਘ ਆਪਣੇ ਸਹਿਯੋਗੀਆਂ ਰਾਜਾ ਧਿਆਨ ਸਿੰਘ ਆਦਿ ਨਾਲ ਮਿਲਕੇ ਸਰਦਾਰ ਚੇਤ ਸਿੰਘ ਬਾਜਵੇ ਦਾ ਕਤਲ ਕਰਦਾ ਹੈ ਤਾਂ ਮਹਾਰਾਜਾ ਖੜਕ ਸਿੰਘ ਇਨ੍ਹਾਂ ਨੂੰ ਬਦ-ਦੁਆ ਦਿੰਦਾ ਹੈ:

ਨਾਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਮਰਨਗੇ ਸਭ ਸਰਦਾਰ ਮੀਆਂ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖਾਲੀ ਨਹੀਂ ਜਾਣਾ ਇਕ ਵਾਰ ਮੀਆਂ ।[63]

ਇਹ ਰਚਨਾ ਮਹਾਰਾਜਾ ਰਣਜੀਤ ਸਿੰਘ ਦੇ ਸਮ਼ੇ ਦੇ ਦੌਰਾਨ ਪੰਜਾਬੀ ਭਾਸ਼ਾ ਦੀ ਆਪਣੀ ਪ੍ਰਾਪਤੀ ਅਤੇ ਸ਼ਕਲ, ਜੋ ਇਸ ਨੇ ਉਸ ਸਮੇਂ ਅਖਤਿਆਰ ਕੀਤੀ ਨੂੰ ਰੂਪਮਾਨ ਕਰਦੀ ਹੈ। ਫਾਰਸੀ ਸ਼ਬਦਾਂ ਨੂੰ ਪੂਰੀ ਤਰ੍ਹਾਂ ਪੰਜਾਬੀ ਰੂਪ ਦਿੱਤਾ ਗਿਆ ਹੈ। ਫਾਰਸੀ ਅਤੇ ਅਰਬੀ ਦੇ ਭਾਰੇ ਸ਼ਬਦ ਜਿਹੜੇ ਪੰਜਾਬੀ ਦੀ ਬਣਤਰ ਵਿਚ ਖਪ ਨਹੀਂ ਸਕੇ। ਸਹਿਜੇ ਸਹਿਜੇ ਗਾਇਬ ਹੋਣ ਲਗੇ। ਹਾਸ਼ਮ, ਅਹਿਮਦਯਾਰ ਅਤੇ ਕਾਦਰਯਾਰ ਦੁਆਰਾ ਕਾਇਮ ਕੀਤੀ ਗਈ ਪਰੰਪਰਾ ਤੇ ਚਲਦੇ ਹੋਏ ਇਸ ਭਾਸ਼ਾ ਦੇ ਘਰੋਗੀ ਸ਼ਬਦਾਂ ਦੀ ਵਰਤੋਂ ਇਸ ਦੀ ਸਮਰਥਾ ਅਨੁਸਾਰ ਕੀਤੀ ਹੈ। ਕਵਿਤਾ ਦੀ ਅਫ਼ਿਰਕੂ ਰੰਗਤ, ਜਿਹੜੀ ਇਸ ਸਮੇਂ ਪੈਦਾ ਹੋਈ ਕਵਿਤਾ ਤੇ ਪੂਰੀ ਤਰ੍ਹਾਂ ਭਾਰੂ ਰਹੀ, ਇਕ ਪਾਸੇ ਫਾਰਸੀ ਅਰਬੀ ਸ਼ਬਦਾਂ ਨੂੰ ਤੇ ਦੂਜੇ ਪਾਸੇ ਸੰਸਕ੍ਰਿਤ ਸ਼ਬਦਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਵਿਚ ਸਹਾਇਤਾ ਕਰਦੀ ਹੈ ਤਾਂ ਵੀ ਅਰਬੀ ਤੇ ਫਾਰਸੀ ਦੇ ਮੂਲ ਦੇਸ਼ਬਦ ਭਾਰੂ ਰਹਿੰਦੇ ਹਨ ਕਿਉਂਕਿ ਫਾਰਸੀ ਇਸ ਸਮੇਂ ਦੇ ਦੌਰਾਨ ਵੀ ਸਭ ਤੋਂ ਮਹੱਤਵਪੂਰਨ ਸਾਹਿਤਕ ਭਾਸ਼ਾ ਸਮਝੀ ਜਾਂਦੀ ਸੀ। ਅਰਬੀ ਅਤੇ ਫਾਰਸੀ ਦੇ ਕੁਝ ਕੁ ਵਰਤੇ ਗਏ ਸ਼ਬਦ ਇਸ਼ ਪ੍ਰਕਾਰ ਹਨ:- ਅਵੱਲ, ਹਮਦ, ਜਨਾਬ, ਅੱਲਾਹ, ਬਾਗ, ਸਫ਼ਾਂ, ਐਸ਼, ਫੀਲ, ਰੋਜ਼, ਮੁਲਾਕਾਤ, ਸਰਾਏ, ਮੁਸਾਫਿਰ, ਸਿੱਕਾ, ਦਰਬਾਰ, ਤਲਵਾਰ, ਕਦੀਮ, ਕੌਲ, ਗਰਕ, ਨਾਹੱਕ, ਹੁਕਮ, ਖ਼ਬਰ, ਰਜ਼ਾ, ਫਿਕਰ, ਦਰਗਾਹ, ਤਰਫ਼ ਦਿਲਬਰੀ, ਬਲਾ, ਬਾਜ਼ੀ, ਸੁਖਨ, ਸ਼ਰੀਕ, ਜਾਮਾ, ਖ਼ੁਹਾਲ, ਤਾਨ੍ਹਾ, ਸਤਰ-ਖਾਨਾ, ਕੈਫ, ਲਸ਼ਕਰ, ਕਾਰਦਾਰ, ਫ਼ਤੂਰ, ਰਮਜ਼, ਅਰਾਸਤਾ ਆਦਿ।

ਇਸ ਸਮੇਂ ਦੇ ਦੌਰਾਨ ਇਕ ਹੋਰ ਨਵਾਂ ਅੰਸ਼ ਪੰਜਾਬੀ ਵਿਚ ਦਾਖਲ ਹੁੰਦਾ ਹੈ। ਮਹਾਰਾਜਾ ਰਣਜੀਤ ਸਿੰਘ ਆਪਣੀਆਂ ਫੌਜਾਂ ਦੀ ਸਿਖਲਾਈ ਯੂਰਪੀ ਅਫ਼ਸਰਾਂ ਤੋਂ ਕਰਵਾਉਂਦਾ ਸੀ। ਇਸ ਲਈ ਵੱਡੀ ਗਿਣਤੀ ਵਿਚ ਯੂਰਪੀ ਸ਼ਬਦ ਵੀ ਇਸ ਰਚਨਾ ਵਿਚ

ਆ ਗਏ। ਜਿਵੇਂ - ਸੰਤਰੀ, ਕਰਾਬੀਨ, ਕੌਂਸਲ, ਮੈਗਜ਼ੀਨ, ਰਜਮੈਂਟ, ਬੈਰਕ, ਕਰਨਲ, ਕੰਪਨੀ, ਲਾਟ, ਪਲਟਨ, ਲੰਦਨ ਆਦਿ। ਇਹ ਸ਼ਬਦ ਇਸ ਭਾਸ਼ਾ ਵਿਚ ਰਚ-ਮਿਚ ਗਏ ਅਤੇ ਸ਼ਾਹ ਮੁਹੰਮਦ ਨੇ ਇਨ੍ਹਾਂ ਦੀ ਵਰਤੋਂ ਨਿਹਾਇਤ ਖ਼ੂਬਸੂਰਤੀ ਨਾਲ ਕੀਤੀ ਹੈ। ਕਿ ਇਹ ਪੰਜਾਬੀ ਨਾਲ ਸੰਬੰਧਿਤ ਸ਼ਬਦ ਹੀ ਜਾਪਣ ਲਗ ਪਏ ਹਨ।

ਰਣਜੀਤ ਸਿੰਘ ਦੇ ਸਮੇਂ ਦੇ ਦੌਰਾਨ ਅਤੇ ਇਸ ਤੋਂ ਪਹਿਲਾਂ ਦੇ ਸਮੇਂ ਪੰਜਾਬ ਵਿਚ ਸਿੱਖ ਭਾਰੂ ਸਨ ਅਤੇ ਵੱਡੀ ਗਿਣਤੀ ਵਿਚ ਸ਼ਬਦ ਜਿਹੜੇ ਇਨ੍ਹਾਂ ਦੀ ਰਹਿਤ ਮਰਿਆਦਾ ਅਤੇ ਜੀਵਨ ਢੰਗ ਨਾਲ ਸੰਬੰਧਿਤ ਸਨ, ਸਹਿਜੇ ਸਹਿਜੇ ਪੰਜਾਬੀ ਸਾਹਿਤ ਵਿਚ ਦਾਖਲ ਹੋਣ ਲਗੇ। ਇਹ ਸਮਾਂ ਸੀ ਜਦੋਂ ਪੰਜਾਬੀ ਵਾਕ ਬਣਤਰ ਵਿਚ ਤਿੰਨ ਪ੍ਰਭਾਵ ਦਾਖਲ ਹੋ ਰਹੇ ਸਨ। ਇਸਲਾਮੀ ਰਹਿਣੀ-ਬਹਿਣੀ ਵਾਲੇ ਸ਼ਬਦ ਜਿਵੇਂ ਰੋਜ਼ਾ, ਨਮਾਜ਼, ਬਾਗ ਆਦਿ, ਸਿੱਖੀ ਮਰਿਆਦਾ ਦੇ ਸ਼ਬਦ ਜਿਵੇਂ ਗੁਰਮਤਿ, ਪ੍ਰਸ਼ਾਦ ਛਕਣਾ, ਕਮਰ ਕੱਸੇ ਤੇ ਹਿੰਦੂ ਮਰਿਆਦਾ ਦੇ ਸ਼ਬਦ ਜਿਵੇਂ ਦਹਸਿਰ ਅਤੇ ਮਹਾਂਭਾਰਤ ਦੇ ਯੁੱਧ ਵਰਗੇ ਸ਼ਬਦਾਂ ਦੇ ਹਵਾਲੇ ਦੇਣੇ ਆਦਿ। ਸ਼ਾਹ ਮੁਹੰਮਦ ਨੇ ਇਨ੍ਹਾਂ ਤਿੰਨਾਂ ਪ੍ਰਭਾਵਾਂ ਦੇ ਸ਼ਬਦਾਂ ਦੀ ਵਰਤੋਂ ਲੋੜੀਦੇ ਹਿਸਾਬ ਨਾਲ ਨਵੀਂ ਸਾਂਝੀ ਸੰਸਕ੍ਰਿਤੀ ਦਾ ਝਲਕਾਰਾ ਦੇਣ ਲਈ ਨਿਹਾਇਤ ਖ਼ੂਬਸੂਰਤੀ ਨਾਲ ਕੀਤੀ ਹੈ। ਇਸ ਤੋਂ ਇਲਾਵਾ ਸ਼ਾਹ ਮੁਹੰਮਦ ਫਾਰਸੀ ਅਤੇ ਪੰਜਾਬੀ ਰੂਪ ਨਾਲ ਸੰਬੰਧਿਤ ਇਕੋ ਅਰਥ ਦੇਣ ਵਾਲੇ . ਸ਼ਬਦਾਂ ਦੇ ਸਾਮਾਂਸ ਦੀ ਇਕੱਠੀ ਵਰਤੋਂ ਵੀ ਕਰਦਾ ਹੈ। ਨਵੇਂ ਦੂਹਰੇ ਸ਼ਬਦਾਂ ਦੀ ਵਰਤੋਂ ਸਾਦੇ ਅਰਥਾਂ ਤੋਂ ਛੁੱਟ ਤੀਬਰਤਾ ਦਰਸਾਉਣ ਲਈ ਕੀਤੀ ਗਈ ਹੈ। ਅਜਿਹੇ ਕੁਝ ਸ਼ਬਦ ਜਿਵੇਂ ਕਿ ਮੁਢ-ਕਦੀਮ, ਤੁਰੰਤ-ਜੁਲਦੀ, ਅੰਤ-ਸ਼ੁਮਾਰ ਅਤੇ ਸ਼ੋਰ-ਖਰੂਦ ਆਦਿ ਹਨ।

ਸ਼ਾਹ ਮੁਹੰਮਦ ਨਿਤ ਵਰਤੋਂ ਦੇ ਆਮ ਸ਼ਬਦਾਂ ਵਿਚੋਂ ਨਵੇਂ ਅਤੇ ਮੌਲਿਕ ਬਿੰਬ ਉਸਾਰਨ ਦੀ ਸਮਰਥਾ ਰੱਖਣ ਵਾਲਾ ਜਾਦੂਗਰ ਕਵੀ ਹੈ। ਉਹ ਉਪਮਾਵਾਂ ਅਤੇ ਰੂਪਕਾਂ ਨੂੰ ਲਗਾਤਾਰ ਨਹੀਂਵਰਤਦਾ। ਜੰਗ ਦੇ ਮੈਦਾਨ ਵਿਚ ਮੌਤ ਤਾਂਡਵ ਨਾਚ ਨੱਚਦੀ ਹੈ। ਚਾਰੇ ਪਾਸੇ ਮੌਤ ਰੂਪੀ ਜਮ ਖਲੋਤੇ ਨਜ਼ਰੀਂ ਪੈਂਦੇ ਹਨ। ਸ਼ਾਹ ਮੁਹੰਮਦ ਨੇ ਆਪਣੇ ਇਸ ਜੰਗਨਾਮੇ ਵਿਚ ਮੌਤ ਦੇ ਇਸ ਰੂਪਕ ਨੂੰ ਲੰਮਿਆ ਦਿੱਤਾ ਹੈ। ਇਸੇ ਲਮਕਾ ਕਾਰਣ ਇਹ ਰਚਨਾ ਸੰਗੀਤਮਈ ਬਣ ਗਈ ਹੈ। ਮੌਤ ਇਕ ਜਮਦੂਤ ਦੇ ਰੂਪ ਵਿਚ ਜੰਗ ਦੇ ਆਰੰਭ ਤੋਂ ਅੰਤ ਤੀਕ ਵਿਦਮਾਨ ਹੈ। ਜਮਰਾਜ ਦੇ ਰੂਪ ਵਿਚ ਇਹ ਮੌਤ ਹੀ ਹੈ ਜੋ ਕੰਵਰ ਨੌਨਿਹਾਲ ਸਿੰਘ ਤੇ ਊਧਮ ਸਿੰਘ ਉਪਰ ਹਵੇਲੀ ਦਾ ਛੱਜਾ ਸੁੱਟਦੀ ਹੈ। ਇਸ ਤਰ੍ਹਾਂ ਕਵੀ ਸ਼ਾਹ ਮੁਹੰਮਦ ਨੇ ਖ਼ੂਬਸੂਰਤ ਉਦਾਹਰਣਾਂ ਦਿੱਤੀਆਂ ਹਨ:-

ਇਕ ਦੂਤ ਨੇ ਦੇਖ ਕੇ ਫਿਕਰ ਕੀਤਾ,
ਪਲਕ ਵਿਚ ਦਰਵਾਜੇ ਦੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ,
ਦੇਖੋ ਉਸ ਨੂੰ ਖੂਬ ਬਜਾਇਆ ਈ।
ਅੰਦਰ ਤਰਫ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਢਾਹ ਦੋਹਾਂ ਉਤੇ ਪਾਇਆ ਈ।[64]

ਸ਼ਾਹ ਮੁਹੰਮਦ ਪੰਜਾਬ ਦਾ ਜੰਮਪਲ ਹੈ। ਇਹੀ ਕਾਰਣ ਹੈ ਕਿ ਉਹ ਪੰਜਾਬੀ ਜਨ ਸਮੂਹ ਦੀ ਬੋਲੀ ਦਾ ਮਾਹਿਰ ਹੈ, ਉਹ ਗੁੱਝੀਆਂ ਮੁਸ਼ਕਰੀਆਂ ਕਰਨ ਦੇ ਹੁਨਰ ਵਿਚ ਪ੍ਰਵੀਨ ਹੈ। ਉਹ ਸਮੇਂ ਸਥਾਨ ਅਤੇ ਮੌਕੇ ਅਨੁਸਾਰ ਵਿਅੰਗ ਕਸਣੇ ਜਾਣਦਾ ਹੈ। ਕਿਸੇ ਦੇ ਔਗੁਣਾਂ, ਮੂਰਖਤਾ, ਅਤੇ ਕਮਜ਼ੋਰੀ ਦਾ ਮਜ਼ਾਕ ਉਡਾਉਣਾ ਖੂਬ ਜਾਣਦਾ ਹੈ। ਉਸ ਦੀ ਮਸ਼ਕਰੀ ਗੁੱਝੀ, ਤਿੱਖੀ ਪਰ ਮਿੱਠੀ ਹੈ। ਉਦਾਹਰਣ ਵਜੋ:-

ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ,
ਜਿਹੜੇ ਡੂੰਘੜੇ ਵੈਣ ਨੂੰ ਪਾਵਨੀ ਹੈਂ।
ਸ਼ਾਹ ਮੁਹੰਮਦਾ ਦੇ ਇਨਾਮ ਸਾਨੂੰ
ਸਾਡੇ ਜ਼ੋਰ ਤੇ ਰਾਜ ਕਮਾਵਣੀ ਹੈਂ।[65]

ਇਹ ਵਿਅੰਗ ਵਾਸਤੇ ਹੀ ਵਿਅੰਗ ਨਹੀਂਹੈ। ਇਸ ਵਿਚ ਰਮਜ਼, ਤਨਜ਼, ਉਪਹਾਸ,ਪਾਤਰ-ਚਿਤਰਣ ਇਤਿਹਾਸਕ ਤੱਥ ਅਤੇ ਕਵੀ ਦੀ ਇਤਿਹਾਸਕ ਸੂਝ ਹੈ।

ਉਪਰੋਕਤ ਉਦਾਹਰਣਾਂ ਤੋਂ ਪਤਾ ਚਲਦਾ ਹੈ ਕਿ ਸ਼ਾਹ ਮੁੰਹਮਦ ਇਕ ਸੁਲਝਿਆਹੋਇਆ ਕਵੀ ਸੀ। ਉਸਨੇ ਖੜੇ ਵੰਨ-ਸੁਵੰਨੇ ਸ਼ਬਦ ਭੰਡਾਰਾ ਦੀ ਵਰਤੋਂ ਕੀਤੀ ਹੈ। ਉਸ ਦਾ ਭਾਸ਼ਾ ਉਪਰ ਪੂਰਨ ਕਾਬੂ ਸੀ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਸ਼ਬਦਾਂ ਨੂੰ ਇੰਨੇ ਸੁੰਦਰ ਢੰਗ ਨਾਲ ਗੁੰਦਿਆ ਹੈ ਕਿ ਇਕ ਸ਼ਬਦ ਦਾ ਦੂਜੇ ਨਾਲ ਇਸ ਤਰ੍ਹਾਂ ਦਾ ਸੰਬੰਧ ਸਥਾਪਿਤ ਹੋ ਗਿਆ ਹੈ ਕਿ ਕਿਸੇ ਪ੍ਰਕਰਣ ਵਿਚੋਂ ਕੋਈ ਸ਼ਬਦ ਚੁੱਕ ਕੇ ਉਸ ਦੀ ਥਾਂ ਹੋਰ ਸ਼ਬਦ ਨਹੀਂ ਜੋੜਿਆ ਜਾ ਸਕਦਾ। ਇਹ ਉਸ ਦੀ ਭਾਸ਼ਾ ਦੀ ਸਰਲਤਾ, ਸੁਭਾਵਿਕਤਾ, ਠੇਠਤਾ, ਢੁਕਵਾਂਪਣ, ਭਾਵ-ਪ੍ਰਸੰਗ ਅਤੇ ਪਾਤਰ ਅਨੁਕੂਲਤਾ ਹੈ।

****

## ਪੈਰ ਟਿਪਣੀਆਂ ਅਤੇ ਹਵਾਲੇ

1. J. Middleton Murry, 'The Problem of Style', P-73
2. ਪ੍ਰੇਮ ਪ੍ਰਕਾਸ਼ ਸਿੰਘ, 'ਕਾਵਿ ਦੇ ਤੱਤ', ਪੰਨਾ-54
3. ਸੀਤਾ ਰਾਮ ਕੋਹਲੀ, 'ਵਾਰ ਸ਼ਾਹ ਮੁਹੰਮਦ', ਪੰਨਾ-183
4. ਉਹੀ, ਪੰਨਾ-219
5. ਉਹੀ, ਪੰਨਾ-162
6. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-21
7. ਉਹੀ, ਪੰਨਾ-16
8. ਉਹੀ, ਪੰਨਾ-17
9. ਉਹੀ, ਪੰਨਾ-25
10. ਉਹੀ, ਪੰਨਾ-2
11. ਉਹੀ, ਪੰਨਾ-3
12. ਉਹੀ, ਪੰਨਾ-28
13. ਉਹੀ, ਪੰਨਾ-2
14. ਕਿਰਪਾਲ ਸਿੰਘ ਕਸੇਲ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-37
15. W. H. Hudson, 'An Introduction to study of Literature', P-14
16. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ', ਪੰਨਾ 29,30
17. ਪ੍ਰੇਮ ਪ੍ਰਕਾਸ਼ ਸਿੰਘ, 'ਕਾਵਿ ਦੇ ਤੱਤ', ਪੰਨਾ-62
18. H. Coombes, 'Literature and Criticism', P-88
19. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-2
20. ਪ੍ਰੋ. ਪਿਆਰਾ ਸਿੰਘ ਭੋਗਲ, 'ਪ੍ਰਸਿੱਧ ਕਿੱਸਾਕਾਰ', ਪੰਨਾ-452
21. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-2
22. ਪ੍ਰਿੰਸੀਪਲ ਸੰਤ ਸਿੰਘ ਸੇਖੋਂ, 'ਮੁਇਆਂ ਸਾਰ ਨਾ ਕਾਈ', ਭੂਮਿਕਾ

23. Mohan Singh, 'History of Punjabi Literature', P-19
"Qadir repsesents a historical trend and achievement. The unity of the people emerging gradually and triimphing over the divisionism affected by aeverse creeds and religious and tribes and different aeons of time."

24. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-14

25. ਉਹੀ

26. ਉਹੀ, ਪੰਨਾ-20

27. ਉਹੀ, ਪੰਨਾ-24

28. ਉਹੀ, ਪੰਨਾ-31

29. ਉਹੀ, ਪੰਨਾ-3

30. ਉਹੀ, ਪੰਨਾ-35, 10,26,31

31. ਉਹੀ, ਪੰਨਾ-25

32. ਉਹੀ, ਪੰਨਾ-20

33. ਉਹੀ, ਪੰਨਾ-22

34. ਉਹੀ, ਪੰਨਾ-27

35. Hudson, 'Ibid', P-14

36. ਡਾ. ਮਹਿੰਦਰ ਸਿੰਘ ਕੋਹਲੀ, 'ਪੰਜਾਬੀ ਸਾਹਿਤ ਕੋਸ਼', ਪੰਨਾ-216

37. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-1

38. ਉਹੀ, ਪੰਨਾ-2

39. ਉਹੀ, ਪੰਨਾ-4

40. ਉਹੀ, ਪੰਨਾ-2

41. ਉਹੀ, ਪੰਨਾ-31

42. ਉਹੀ, ਪੰਨਾ-1,2,4

43. ਉਹੀ, ਪੰਨਾ 16,29,26

44. ਉਹੀ, ਪੰਨਾ-1

45. ਸ਼ਮਸ਼ੇਰ ਸਿੰਘ ਅਸ਼ੋਕ 'ਹੀਰ ਵਾਰਿਸ', ਪੰਨਾ-2

46. ਪਿਆਰਾ ਸਿੰਘ ਪਦਮ 'ਹੀਰ ਹਾਸ਼ਮ', ਪੰਨਾ-4

47. ਪ੍ਰੋ. ਸ.ਸ. ਪਦਮ, 'ਭਗਵਾਨ ਸਿੰਘ ਰਚਨਾਵਲੀ,' ਪੰਨਾ-234

48. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-2

49. ਸਰ ਰਿਚਰਡਜ਼ ਟੈਂਪਲ, 'ਪੰਜਾਬ ਦੀਆਂ ਲੋਕ ਗਾਥਾਵਾਂ', ਪੰਨਾ-7

50. ਉਹੀ

51. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ' ਪੰਨਾ 1,1,35

52. ਉਹੀ, ਪੰਨਾ 8,17

53. ਉਹੀ, ਪੰਨਾ-3

54. I.A.Richard 'Principles of literary criticism', P-267
"It is the emotive use of language."

55. James Reeves,' Understanding Poetry', P-157
"Without freshness and originality of Language,no poet can ahieve lasting success."

56. Jam Mukarovsky,'Standard Language and poetic Language, P-42

57. Cleanth Brooks, "Understanding Poetry", P-592.

58. T.S,Eliot, 'The use of Poetry and the use of criticism, P-45
"The Poetry of a people takes its life from the people's speech and in turn gives life to it and represents its higest point of consciousness its greatest power and its most delicate sensibility."

59. ਡਾ. ਪ੍ਰੀਤਮ ਸੈਨੀ, 'ਵਾਰ ਸ਼ਾਹ ਮੁਹੰਮਦ', ਪੰਨਾ-114

60. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-14

61. ਕਿਰਪਾਲ ਸਿੰਘ ਕਸੇਲ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-45

62. ਭਾਸ਼ਾ ਵਿਭਾਗ, ਪੰਜਾਬ, 'ਜੰਗਨਾਮਾ ਸ਼ਾਹ ਮੁਹੰਮਦ', ਪੰਨਾ-20

63. ਉਹੀ, ਪੰਨਾ-3

64. ਉਹੀ, ਪੰਨਾ-4

65. ਉਹੀ, ਪੰਨਾ-15

****

## ਨਿਸ਼ਕਰਸ਼

***

ਇਸ ਸਮੁੱਚੇ ਖੋਜ-ਪ੍ਰਬੰਧ ਨੂੰ ਸਿਲਸਿਲੇਵਾਰ ਖੋਜ-ਪ੍ਰਕ੍ਰਿਆ ਅਧੀਨ ਵਿਚਾਰਨ ਅਤੇ ਇਸ ਉਪਰੰਤ ਸਥਾਪਿਤ ਕੀਤੇ ਗਏ ਸਿੱਟਿਆਂ ਦੇ ਸੰਦਰਭ ਵਿਚ ਨਿਸ਼ਕਰਸ਼ਣ ਤਹਿਤ, ਆਰੰਭ ਵਿਚ ਇਸ ਜੰਗਨਾਮੇ ਦੀ ਜੰਗਨਾਮੇ ਵਜੋਂ ਹੋਂਦ ਦੀ ਸਥਾਪਤੀ ਨੂੰ ਸਵੀਕਾਰਿਆ ਗਿਆ ਹੈ। ਕਿਉਂਕਿ ਸਾਹਿਤ ਦੀਆਂ ਤਿੰਨ ਵਿਧਾਵਾਂ ਕਿੱਸਾ, ਜੰਗਨਾਮਾ ਅਤੇ ਵਾਰ ਤਕਰੀਬਨ ਬਹੁਤ ਸਾਰੇ ਸਾਂਝੇ ਲੱਛਣਾਂ ਵਾਲੀਆਂ ਹਨ, ਇਸ ਲਈ ਇਸ ਰੋਸ਼ਨੀ ਵਿਚ ਜੰਗਨਾਮੇ ਦੇ ਸਮੂਹ ਲੱਛਣਾਂ ਦੇ ਅੰਤਰਗਤ ਇਸ ਰਚਨਾ ਨੂੰ 'ਜੰਗਨਾਮਾ' ਸਥਾਪਿਤ ਕਰਨ ਦਾ ਠੋਸ ਪ੍ਰਮਾਣ ਪੇਸ਼ ਕੀਤਾ ਗਿਆ ਹੈ। ਤਿੰਨਾਂ ਵਿਧਾਵਾਂ ਦੀ ਖੋਜ-ਪੜਤਾਲ ਦੀ ਦ੍ਰਿਸ਼ਟੀ ਵਿਚ ਇਹਨਾਂ ਦੀਆਂ ਵੱਖ-ਵੱਖ ਨਿਸ਼ਾਨੀਆਂ ਅਤੇ ਪਹੁੰਚ ਨੂੰ ਇਕਸਾਰ ਕਰਕੇ ਵਿਚਾਰਿਆ ਗਿਆ ਹੈ। ਮਿਸਾਲ ਵਜੋਂ, 'ਵਾਰ' ਪਉੜੀ ਵਿਚ ਲਿਖੀ ਜਾਂਦੀ ਹੈ, ਜਿਸ ਵਿਚ ਸਿਰਖੰਡੀ ਤੇ ਨਿਸ਼ਾਨੀ ਛੰਦ ਦੀ ਵਰਤੋਂ ਕੀਤੀ ਹੁੰਦੀ ਹੈ। ਇਸ ਵਿਚ ਸ਼ੰਕਾ, ਸੰਘਰਸ਼ ਤੇ ਸਮਾਧਾਨ ਜਿਹੇ ਮਰਹਲੇ ਸੰਮਿਲਤ ਹੁੰਦੇ ਹਨ, ਜਿਸ ਵਿਚ ਅੰਤ ਨਾਇਕ ਵਿਜਈ ਹੋ ਕੇ ਜੰਗ ਦਾ ਖ਼ਾਤਮਾ ਕਰਦਾ ਹੈ। ਇਸ ਦਾ ਉਦੇਸ਼ ਸਾਧਾਰਨ ਪਾਠਕਾਂ/ਸਰੋਤਿਆਂ ਵਿਚ ਜੋਸ਼, ਜ਼ਿੰਦਾਦਿਲੀ ਦਾ ਸੰਚਾਰ ਕਰਨਾ ਹੁੰਦਾ ਹੈ ਅਤੇ ਇਸ ਵਿਚ ਬੀਰ ਰਸ ਦੀ ਪ੍ਰਧਾਨਤਾ ਲਾਜ਼ਮੀ ਹੁੰਦੀ ਹੈ।

ਕਿੱਸਾ ਅਰਬੀ/ਫ਼ਾਰਸੀ ਦੇ ਪਿਛੋਕੜ ਵਾਲਾ ਕਾਵਿ ਰੂਪ ਹੈ, ਜਿਸ ਦੀ ਰਚਨਾ ਪਿੱਛੇ ਯਾਰਾਂ ਦੀ ਫ਼ਰਮਾਇਸ਼ ਜਾਂ ਮਿੱਤਰ-ਹੱਲਾਸ਼ੇਰੀ ਦਾ ਹੱਥ ਹੁੰਦਾ ਹੈ। ਇਸ ਵਿਚ ਆਮ ਕਰਕੇ ਕਲਪਨਾ ਦੀ ਇਤਿਹਾਸ ਉਤੇ ਪਾਹ ਚੜ੍ਹਾਈ ਹੁੰਦੀ ਹੈ। ਰੋਮਾਂਸ ਦਾ ਤੱਤ ਕਿੱਸੇ ਵਿਚ ਭਾਰੂ ਹੁੰਦਾ ਹੈ। ਇਹ ਮੁੱਖ ਤੌਰ ਤੇ ਇਸ਼ਕੀਆ, ਬੀਰ ਰਸ ਵਾਲਾ, ਧਾਰਮਿਕ ਰੁਚੀ ਵਾਲਾ ਜਾਂ ਕਰੁਣਾ ਰਸ ਵਾਲਾ ਹੁੰਦਾ ਹੈ। ਆਮ ਤੌਰ ਤੇ ਇਸ ਵਿਚ ਬੈਂਤ ਛੰਦ ਦੀ ਵਰਤੋਂ ਕੀਤੀ ਗਈ ਹੁੰਦੀ ਹੈ, ਪਰ ਕਿਸੇ ਹੋਰ ਛੰਦ ਦੇ ਵਰਤਣ ਦੀ ਵੀ ਕੋਈ ਬੰਦਿਸ਼ ਨਹੀਂ ਹੁੰਦੀ।

'ਜੰਗਨਾਮਾ' ਦਾ ਵਿਸ਼ਾ ਨਿਰੋਲ ਇਤਿਹਾਸਕ ਹੁੰਦਾ ਹੈ, ਜਿਸ ਵਿਚ 'ਮੰਗਲਾਚਰਣ ਤੋਂ ਆਰੰਭ ਹੋ ਕੇ ਸਮਾਧਾਨ ਤਕ ਪੂਰਨ ਜੰਗ ਦਾ ਵਿਸਥਾਰਪੂਰਵਕ ਵਰਣਨ ਪੇਸ਼ ਕੀਤਾ ਗਿਆ ਹੁੰਦਾ ਹੈ। ਇਸ ਵਿਚ ਨਾਇਕ ਦੀ ਜਿੱਤ ਜ਼ਰੂਰੀ ਨਹੀਂ ਹੁੰਦੀ ਪਰ ਉਦੇਸ਼ ਇਸਦਾ ਵੀ ਪਾਠਕਾਂ/ਸਰੋਤਿਆਂ ਦੇ ਮਨ ਵਿਚ ਜੋਸ਼ ਭਰਨਾ ਹੀ ਹੁੰਦਾ ਹੈ। ਅਲੰਕਾਰਾਂ ਦੀ ਇਸ ਵਿਚ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ ਤੇ ਜੇ ਇਸ ਵਿਚ ਕਲਪਨਾ ਦਾ ਅੰਸ਼ ਫਿੱਕਾ ਹੋਵੇ ਤਾਂ ਇਸਦੇ ਨਿਰੋਲ ਇਤਿਹਾਸਕ-ਬਿਰਤਾਂਤ ਬਣਨ ਦਾ ਡਰ ਰਹਿੰਦਾ ਹੈ।

ਹੱਥਲੀ ਰਚਨਾ 'ਜੰਗ ਸਿੰਘਾਂ ਤੇ ਫ਼ਰੰਗੀਆਂ' ਵਿਚ ਬੇਸ਼ਕ ਵਾਰ ਤੇ ਕਿੱਸੇ ਦੇ ਤੱਤ ਵਿਦਮਾਨ ਹਨ ਪਰ ਬਹੁਤ ਸਾਰੇ ਵੱਖਰੇ ਤੱਤਾਂ ਦੀ ਮੌਜੂਦਗੀ ਇਸ ਨੂੰ ਕਿੱਸੇ/ਵਾਰ ਤੋਂ ਅਲੱਗ ਵੀ ਕਰਦੀ ਹੈ। ਜਿਵੇਂ ਇਸ ਵਿਚ ਨਾਇਕ ਦੀ ਕੋਈ ਜਿੱਤ ਨਹੀਂ ਵਿਖਾਈ ਗਈ ਅਤੇ ਬੀਰ ਰਸ ਦੀਥਾਂ ਇਸ ਵਿਚ ਕਰੁਣਾ ਰਸ ਦੀ ਪ੍ਰਧਾਨਤਾ ਹੈ। ਇਵੇਂ ਹੀ ਇਸ ਵਿਚ ਨਿਰਾਸ਼ਾ ਅਤੇ ਸਿੰਘਾਂ ਦੀ ਆਪਸੀ ਫੁੱਟ ਦਾ ਵਰਣਨ ਹੈ। ਇੰਜ ਇਹ ਰਚਨਾ ਜੰਗਨਾਮਾ ਵਿਧਾ ਦੇ ਦਾਇਰੇ ਵਿਚ ਆਉਂਦੀ ਹੈ।

ਜੰਗਨਾਮਾ ਦੇ ਇਤਿਹਾਸਕ ਪਰਿਪੇਖ ਦੇ ਅੰਤਰਗਤ ਇਸ ਨੂੰ ਤਿੰਨ ਪ੍ਰਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ।

(ੳ) ਪੂਰਵ ਸ਼ਾਹ ਮੁਹੰਮਦ ਜੰਗਨਾਮਾ ( ਆਰੰਭ ਤੋਂ 1800 ਈ: ਸਦੀ ਤਕ)

(ਅ) ਸਮਕਾਲੀ ਜੰਗਨਾਮੇ ( 1800 ਤੋਂ 1900 ਤੱਕ )

(ੲ) ਉਤਰ ਸ਼ਾਹ ਮੁਹੰਮਦ ਜੰਗਨਾਮੇ ( 1900 ਤੋਂ ਹੁਣ ਤਕ )

ਮੁੱਢਲੇ ਦੌਰ ਦੇ ਜੰਗਨਾਮੇ ਫ਼ਾਰਸੀ ਆਧਾਰ ਵਾਲੇ ਹਨ ਪਰ ਜਦੋਂ ਇਹਨਾਂ ਦੀ ਆਮਦ ਪੰਜਾਬੀ ਸਾਹਿਤ ਵਿਚ ਹੋਈ ਤਾਂ ਪੰਜਾਬੀ ਸਾਹਿਤਕਾਰਾਂ ਦੁਆਰਾ ਇਸ ਨੂੰ ਨਿਵੇਕਲਾ ਰੂਪ ਪ੍ਰਦਾਨ ਕੀਤਾ ਗਿਆ। ਮੁਸਲਮਾਨਾਂ ਨਾਲ ਸੰਬੰਧਿਤ ਜ਼ਿਆਦਾ ਜੰਗਨਾਮਿਆਂ ਵਿਚ ਕਰਬਲਾ ਦੇ ਖ਼ੂਨੀ ਸਾਕੇ ਨੂੰ ਵਿਸ਼ੇ ਵਜੋਂ ਵਿਸਥਾਰਿਆ ਗਿਆ ਹੈ, ਜਦੋਂ ਕਿ ਪੰਜਾਬੀ ਕਵੀਆਂ ਦੁਆਰਾ ਰਚਿਤ ਜੰਗਨਾਮੇ ਪੰਜਾਬ ਦੇ ਰਾਜਸੀ, ਸਮਾਜਿਕ ਜਨਜੀਵਨ ਦਾ ਚਿਤਰਨ ਪੇਸ਼ ਕਰਦੇ ਹਨ।

ਪੂਰਵ ਸ਼ਾਹ ਮੁਹੰਮਦ ਜੰਗਨਾਮਿਆਂ ਵਿਚ 1592 ਈ: ਵਿਚ ਰਚਿਆ 'ਪੀਰ ਮੁਹੰਮਦ ਕਾਸਬੀ' ਦਾ ਜੰਗਨਾਮਾ ਪਹਿਲਾ ਨਿਵੇਕਲਾ ਯਤਨ ਹੈ। ਇਹ ਪ੍ਰਤੀਨਿੱਧ ਜੰਗਨਾਮਾ ਹੈ। ਜੰਗਨਾਮਾ ਮੁਕਬਲ, ਜੰਗਨਾਮਾ ਹਾਮਦ, ਜੰਗਨਾਮਾ ਰੁਕਨਦੀਨ ਇਸ ਕਾਲ ਦੀਆਂ ਹੋਰ ਪ੍ਰਮੁੱਖ ਜੰਗਨਾਮਾ ਵੰਨਗੀਆਂ ਹਨ। ਜੰਗਨਾਮਾ ਭੰਗਾਣੀ ਰਚਿਤ ਗੁਰੂ ਗੋਬਿੰਦ ਸਿੰਘ ਵੀ ਇਸੇ ਕਾਲ ਦੀ ਬਹੁਮੁੱਲੀ ਸਾਹਿਤਕ ਕ੍ਰਿਤ ਹੈ।

ਸਮਕਾਲੀ ਜੰਗਨਾਮਿਆਂ ਦੀ ਸੂਚੀ ਵਿਚ 'ਸੀਹਰਫ਼ੀ ਗੁਰੂ ਖਾਲਸੇ ਜੀ ਕੀ' ਉਪਲਭਦ ਹੈ। ਇਹ ਕਿਸੇ ਕਵੀ ਹਾਕਿਮ ਸਿੰਘ ਦਰਵੇਸ਼ ਦੀ ਰਚਨਾ ਹੈ। ਵਿਸ਼ੇ ਵਜੋਂ ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਉਪਮਾ ਕੀਤੀ ਗਈ ਹੈ। ਇਸ ਕਾਲ ਦੇ ਹੋਰ ਵਿਸ਼ੇਸ਼ ਜ਼ਿਕਰਯੋਗ ਜੰਗਨਾਮੇ 'ਹਰੀ ਸਿੰਘ ਕ੍ਰਿਤ ਰਾਮਦਿਆਲ ਅਣਦ, ਸ਼ੇਰ ਸਿੰਘ ਕ੍ਰਿਤ ਨਿਹਾਲ ਸਿੰਘ ਆਦਿ ਹਨ। ਸਾਡੀ

ਖੋਜ ਦਾ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਕ੍ਰਿਤ ਸ਼ਾਹ ਮੁਹੰਮਦ ਵੀ ਇਸੇ ਦੌਰ ਵਿਚ ਸ਼ੁਮਾਰ ਹੁੰਦਾ ਹੈ।

ਉਤਰ ਸ਼ਾਹ ਮੁਹੰਮਦ ਜੰਗਨਾਮਿਆਂ ਦੀ ਲੜੀ ਵਿਚ ਬੇਸ਼ੱਕ ਰਚਿਤ ਰਚਨਾਵਾਂ ਦੀ ਘਾਟ ਰਹੀ ਹੈ, ਪਰ ਬੀਰ ਕਾਵਿ ਅਤੇ ਰੋਹ ਭਰੀ ਕਵਿਤਾ ਦੇ ਰੂਪ ਵਿਚ ਹੋਈ ਰਚਨਾ ਇਸੇ ਦਿਸ਼ਾ ਦੀ ਧਾਰਨੀ ਹੈ। ਇਸ ਦੀ ਰਚਨਾ ਅਣਹੋਂਦ ਪਿੱਛੇ ਵਾਰ ਕਾਵਿ ਦਾ ਵਿਸ਼ੇਸ਼ ਹੱਥ ਰਿਹਾ ਹੈ। ਸ਼ਾਹ ਮੁਹੰਮਦ ਦੇ ਇਸ ਜੰਗਨਾਮੇ ਦੇ ਸਾਹਿਤਕ ਤੇ ਇਤਿਹਾਸਕ ਪੱਖਾਂ ਦੀ ਪਰਖ/ਪੜਚੋਲ ਦੀ ਰੋਸ਼ਨੀ ਵਿਚ ਸਾਡੇ ਸਾਹਮਣੇ ਆਇਆ ਕਿ ਇਹ ਰਚਨਾ ਇਤਿਹਾਸ ਤੇ ਕਲਾਤਮਕਤਾ ਦਾ ਨਿੱਗਰ-ਸੁਮੇਲ ਹੈ। ਇਤਿਹਾਸਕ ਸਾਮੱਗਰੀ ਦੇ ਅੰਤਰਗਤ ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਕਾਲਵਸ ਹੋਣ ਉਪਰੰਤ ਲਾਹੌਰ ਦਰਬਾਰ ਵਿਚ **ਫੈਲੀ** ਅਜਾਰਕਤਾ, ਕਤਲੋਗਾਰਤ ਤੇ ਭਰਾਮਾਰੂ ਜੰਗ ਦੀਆਂ ਬਰੀਕਬੀਨੀਆਂ ਦਰਜ ਹਨ। ਇਸੇ ਖਾਨਾਜੰਗੀ ਦਾ ਨੇੜੇ ਵਸਦੀ ਅੰਗਰੇਜ਼ ਕੌਮ ਫਾਇਦਾ ਲੈਂਦੀ ਹੈ। ਜਿਸਦੇ ਸਿੱਟੇ ਵਜੋਂ ਜੰਗ ਦੀ ਬੁਨਿਆਦੀ ਰੱਖੀ ਜਾਂਦੀ ਹੈ। ਵਾਦ-ਵਿਵਾਦਾਂ ਦੀ ਨਿਰਖ-ਪਰਖ ਉਪਰੰਤ ਅਸਾਂ ਇਸ ਰਚਨਾ ਦੀ ਇਤਿਹਾਸਕਤਾ ਨੂੰ ਸਵੀਕਾਰਿਆ ਹੈ। ਉਸ ਦੀ ਇਸ ਤੱਤ-ਪੁਸ਼ਟੀ ਉਸ ਦੇ ਰਿਸ਼ਤੇਦਾਰ ਮੀਆਂ ਸੁਲਮਾਨ ਮਹਿਮੂਦ ਜੋ ਸਿੱਖ ਫੌਜ ਵਿਚ ਤੋਪਖਾਨਾ ਇੰਚਾਰਜ ਸੀ, ਵਲੋਂ ਦੱਸੀ ਹਕੀਕਤ ਉਤੇ ਆਧਾਰਿਤ ਹੈ।

ਇਸ ਜੰਗਨਾਮੇ ਵਿਚ ਤਿੰਨ ਸਟੇਜ਼ਾਂ ਜਿਵੇਂ ਸ਼ੰਕਾ, ਸੰਘਰਸ਼ ਅਤੇ ਸਮਾਧਾਨ ਮੌਜੂਦ ਹਨ। ਭਾਸ਼ਾ ਠੁੱਕਦਾਰ ਲੋਕ ਮੁਹਾਵਰੇ ਵਾਲੀ, ਪ੍ਰਚਲਿਤ ਤੇ ਸਮਾਜੀ ਸੁਭਾਅ ਵਾਲੀ ਸੁਭਾਵਿਕ ਪ੍ਰਤੀਤ ਹੁੰਦੀ ਵਰਤੀ ਗਈ ਹੈ। ਅਲੰਕਾਰਾਂ ਤੇ ਰਸਾਂ ਦਾ ਵੀ ਭਾਵਪੂਰਣ ਪ੍ਰਯੋਗ ਹੋਇਆ ਮਿਲਦਾ ਹੈ। ਸਮੁੱਚੇ ਰੂਪ ਵਿਚ ਸ਼ਾਹ ਮੁਹੰਮਦ ਰਚਿਤ ਇਹ ਜੰਗਨਾਮਾ, ਇਕ ਜੰਗਨਾਮੇ ਦੀ ਕਸੌਟੀ ਤੇ ਪੂਰੀ ਤਰ੍ਹਾਂ ਪੂਰਾ ਉਤਰਦਾ ਹੈ। ਕੁੱਲ 105 ਬੰਦਾਂ **ਦੀ** ਇਸ ਸੰਖੇਪ ਰਚਨਾ ਵਿਚ 'ਕੁੱਜੇ 'ਚ ਸਮੁੰਦਰ ਬੰਦ ਕਰਨ' ਦੇ ਲੋਕ ਅਖਾਣ ਵਾਂਗ ਸ਼ਾਹ ਮੁਹੰਮਦ ਨੇ ਇਕ ਲੰਮੇ ਕੈਨਵਸ ਦੀ ਕਾਲਮਈ ਰਚਨਾ ਨੂੰ ਬੜੀ ਭਾਵਪੂਰਤੀ ਨਾਲ ਕਲਮਬੰਦ ਕੀਤਾ ਹੈ। ਇੰਜ ਹੀ ਜੰਗਨਾਮੇ ਦੇ ਰਚਨਹਾਰੇ ਕਵੀ ਦੀ ਰਾਜਨੀਤਕ ਚੇਤਨਾ ਅਤੇ ਅਜੋਕੇ ਪ੍ਰਸੰਗ ਵਿਚ ਉਸ ਦੇ ਯੋਗਦਾਨ ਦਾ ਵੀ ਵਿਸ਼ਲੇਸ਼ਣ ਕੀਤਾ ਗਿਆ ਹੈ। ਕਿਉਂਕਿ ਭਾਰਤ ਦਾ ਦਰਵਾਜ਼ਾ ਹੋਣ ਕਾਰਨ ਪੰਜਾਬ ਹਰ ਹਮਲਾਵਰ ਦੀ ਤਲਵਾਰ ਦਾ ਪਹਿਲਾਂ ਸ਼ਿਕਾਰ ਹੁੰਦਾ ਰਿਹਾ ਹੈ। ਇਸੇ ਲਈ ਪੰਜਾਬ ਵਿਚ ਰਾਜਨੀਤਕ ਕਵਿਤਾ ਦਾ ਆਰੰਭ ਗੁਰੂ ਨਾਨਕ ਦੀ ਬਾਬਰਵਾਣੀ' ਤੋਂ ਸ਼ੁਰੂ ਹੁੰਦਾ ਹੈ। ਭਾਈ ਗੁਰਦਾਸ ਤੇ ਗੁਰੂ ਗੋਬਿੰਦ ਸਿੰਘ ਦੁਆਰਾ ਰਚੀ ਬਾਣੀ ਵਿਚ ਵੀ ਤਤਕਾਲਕ ਅਤੇ ਸਮਕਾਲਿਕ ਰਾਜਨੀਤਕ ਸਥਿਤੀਆਂ ਦਾ ਜ਼ਿਕਰ ਹੋਇਆ ਮਿਲਦਾ ਹੈ। ਸ਼ਾਹ ਮੁਹੰਮਦ ਕਿਉਂਕਿ

ਰਾਜਨੀਤਕ ਤੌਰ ਤੇ ਚੇਤੰਨ ਸਾਹਿਤਕਾਰ ਸੀ, ਜਿਸਨੇ ਆਪਣੀ ਰਚਨਾ ਨੂੰ ਪੱਖਪਾਤ ਦਾ ਸ਼ਿਕਾਰ ਨਹੀਂ ਹੋਣ ਦਿੱਤਾ। ਪੰਜਾਬ ਨੂੰ ਅੰਗਰੇਜ਼ਾਂ ਦੇ ਅਧੀਨ ਹੋਣ ਪਿੱਛੇ ਵੱਡਾ ਕਾਰਨ ਉਹ ਰਾਣੀ ਜ਼ਿੰਦਾਂ ਦੀ ਗ਼ਦਾਰੀ ਨੂੰ ਗਰਦਾਨਦਾ ਹੈ ਤੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਜਿਹੇ ਦੂਰ-ਦ੍ਰਿਸ਼ਟੀਨੇਤਾ ਦੀ ਘਾਟ ਨੂੰ ਵੀ ਉਹ ਬੁਰੀ ਤਰ੍ਹਾਂ ਮਹਿਸੂਸਦਾ ਹੈ। ਉਸ ਦੀ ਉਪਰੋਕਤ ਇਹ ਧਾਰਨਾ ਉਪਲਭਦ ਗਵਾਹੀਆਂ ਅਤੇ ਸਮਕਾਲੀ ਸਾਹਿਤਕ ਪ੍ਰਣਾਮਾਂ ਦੇ ਅੰਤਰਗਤ ਸੀ ਅਤੇ ਪੂਰਨ ਮੰਨਣਯੋਗ ਹੈ। ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਉਸ ਦੀ ਰਚਨਾ ਦਾ ਰਾਜਨੀਤਕ ਪਰਿਪੇਖ ਅਜੋਕੇ ਰਾਜਨੀਤਕ ਪਰਿਪੇਖ ਦੇ ਸੰਦਰਭ ਵਿਚ ਵਧੇਰੇ ਸਾਰਥਕਤਾ ਦਾ ਧਾਰਨੀ ਹੈ।

ਸ਼ਾਹ ਮੁਹੰਮਦ ਦਾ ਦੇਸ਼ ਭਗਤ ਕਵੀ ਹੋਣਾ ਪੰਜਾਬ ਦੇ ਸਾਹਿਤਕ ਪਰਿਪੇਖ ਵਿਚ ਵਾਧੂ ਗੱਲਾਂ ਅਥਵਾ ਸੁੱਕੀ ਧਾਰਨਾਵਾਂ ਕਾਰਨ ਚਰਚਾ ਦਾ ਗੰਭੀਰ ਵਿਸ਼ਾ ਬਣਿਆ ਰਿਹਾ ਹੈ। ਜੰਗਨਾਮੇ ਵਿਚ ਪੇਸ਼ ਤਰਕ ਅਤੇ ਸੋਚ ਦੇ ਅੰਤਰਗਤ ਕਵੀ ਸ਼ਾਹ ਮੁਹੰਮਦ ਹਿੰਦੂਆਂ-ਮੁਸਲਮਾਨਾਂ ਦੀ ਸਾਂਝ ਵਿਚ ਕੱਟੜ ਵਿਸ਼ਵਾਸੀ ਪ੍ਰਤੀਤ ਹੁੰਦਾ ਹੈ।

ਦੇਸ਼ ਭਗਤੀ ਦਾ ਜਜ਼ਬਾ, ਆਪਣੇ ਇਲਾਕੇ ਨਾਲਭਾਵੁਕ ਸਾਂਝ, ਆਪਣੇ ਲੋਕਾਂ, ਬੋਲੀ, ਸੰਸਕ੍ਰਿਤੀ ਨਾਲ ਪਿਆਰ ਅਤੇ ਆਪਣੀ ਮਿੱਟੀ ਨਾਲ ਮੋਹ ਕਾਰਨ ਕੁਦਰਤੀ ਇਨਸਾਨ ਦੀ ਫਿਤਰਤ ਵਿਚ ਸਮਾਇਆ ਹੁੰਦਾ ਹੈ। ਇਸੇ ਲਈ ਸ਼ਾਹ ਮੁਹੰਮਦ ਦੇ ਸੰਬੰਧ ਵਿਚ ਇਹ ਕਹਿਣਾ ਸਾਰਥਕ ਹੈ ਕਿ ਉਹ ਦੇਸ਼ ਭਗਤੀ ਦੀਭਾਵਨਾ ਨਾਲ ਉਤਪੋਤ ਹੈ। ਪੰਜਾਬ ਉਸ ਦੀ ਸੋਚ ਵਿਚ ਕੌਮੀ ਰਾਜ ਹੈ ਤੇ ਇਸ ਦਾ ਮੁਖੀਆ ਇਕ ਸਰਕਾਰ, ਮਹਾਰਾਜਾ ਰਣਜੀਤ ਸਿੰਘ ਹੈ। ਉਸ ਦੇ ਜੰਗਨਾਮੇ ਦੇ ਸੰਪੂਰਣ ਪਾਠ ਵਿਚੋਂ ਇਸ ਸਾਂਝ ਨੂੰ ਪਕੇਰਾ ਵੇਖਣ ਦੇ ਉਸ ਦੇ ਜਜ਼ਬੇ ਦੀ ਸ਼ਿੱਦਤ ਮਹਿਸੂਸ ਹੁੰਦੀ ਹੈ। ਅੰਗਰੇਜ਼ਾਂ ਨੂੰ ਉਸ ਦਾ ਸੰਬੋਧਨੀ ਲਫ਼ਜ਼ 'ਤੀਸਰੀ ਜ਼ਾਤ' ਹੈ, ਜੋ ਉਸ ਦੇ ਵਿਚਾਰ ਵਿਚ ਪੰਜਾਬ ਵਿਚ ਕਦੇ ਨਹੀਂ ਸੀ ਆਈ।

ਇਸ ਤੋਂ ਉਲਟੀ ਦਿਸ਼ਾ ਵਿਚ ਤਰਕ ਪੇਸ਼ ਕਰਨ ਵਾਲੇ, ਵਿਦਵਾਨ ਜੰਗਨਾਮੇ ਵਿਚਉਸ ਦੁਆਰਾਬਾਂ ਥਾਂ ਸਿੰਘਾਂ ਨੂੰ ਕੀਤੇ ਗਏ ਭੈੜੇ ਸ਼ਬਦੀ ਸੰਬੋਧਨ ਨੂੰ ਆਧਾਰ ਬਣਾਉਂਦੇ ਹਨ। ਪਰ ਉਸ ਦੀ ਇਹ ਰੁਚੀ ਕੇਵਲ ਗ਼ਦਾਰਾਂ ਨੂੰ ਨੰਗਾ ਕਰਨ ਵਿਚ ਹੀ ਪੇਸ਼ ਹੋਈ ਹੈ। ਜੇ ਕਰ ਉਹ ਸਿੰਘਾਂ ਤੇ ਵਿਅੰਗ ਕਰਦਾ ਹੈ ਤਾਂ ਇਸ ਪਿੱਛੇ ਉਸ ਦੀ ਮਨਇੱਛਾ ਸ਼ਰਧਾ ਭਾਵਨਾ ਅਤੇ ਅਪਣਤ ਵਾਲੀ ਹੈ। ਰਾਣੀ ਜ਼ਿੰਦਾਂ ਦਾ ਰੂਪ ਜੋ ਜੰਗਨਾਮੇ ਵਿਚਉਸ ਨੇ ਪੇਸ਼ ਕੀਤਾ ਹੈ, ਉਹ ਅੰਗਰੇਜ਼ਾਂ ਨਾਲ ਜੰਗ ਤੋਂ ਪਹਿਲਾਂ ਵਾਲਾ ਰੂਪ ਹੀ ਹੈ। ਜੰਗਨਾਮੇ ਦੀ ਰਚਨਾ ਪਿੱਛੇ ਪੰਜਾਬੀਆਂ ਦੀ ਸਾਂਝ ਦੇ ਖੇਰੂ ਖੇਰੂ ਹੋ ਜਾਣ ਦਾ ਮਾਨਸਿਕ ਸੰਤਾਪ ਹੈ ਜਿਸ ਤੋਂ ਨਿਜ਼ਾਤ ਪਾਉਣ ਲਈ ਉਸ ਨੇ ਅਜਿਹੀ ਸ਼ਾਹਕਾਰ ਰਚਨਾ ਨੂੰ ਜਨਮ ਦਿੱਤਾ। ਬੀਰ ਕਾਵਿ ਦੀ ਇਸ ਸਿਰਮੌਰ ਰਚਨਾ

ਵਿਚ ਕਾਵਿ ਤੱਤਵ-ਸਮੂਹ ਸਮੁੱਚੇ ਰੂਪ ਵਿਚ ਮੌਜੂਦ ਹੈ। ਜੰਗਨਾਮੇ ਦੀ ਬਣਤਰ ਇਤਿਹਾਸਕ ਸਚਾਈਆਂ ਉਤੇ ਆਧਾਰਿਤ ਹੈ ਜਿਸ ਵਿਚ ਭਾਵ ਤੇ ਕਲਪਨਾ ਦਾ ਸੁਚੱਜਾ ਸੁਮੇਲ ਪ੍ਰਸਤੁਤ ਹੋਇਆ ਮਿਲਦਾ ਹੈ। ਭਾਵ ਪੱਖੋ ਵੀ ਇਸ ਵਿਚ ਕਰੁਣਾ ਰਸ ਦੀ ਅੰਤਰ ਦ੍ਰਿਸ਼ਟੀ ਵਿਚ ਤਤਕਾਲਿਕ ਪ੍ਰਸਥਿਤੀਆਂ ਉਤੇ ਭਾਵਪੂਰਣ ਮਿਹਨਤ ਕੀਤੀ ਗਈ ਹੈ। ਕਲਪਨਾ ਸ਼ੈਲੀ ਦੇ ਸੰਦਰਭ ਵਿਚ ਭਵਿਖ ਦਾ ਚਿਤਰਣ ਕਰਨ ਦੀਆਂ ਛੋਹਾਂ ਵੀ ਇਸ ਵਿਚ ਵਿਦਮਾਨ ਹਨ ਅਤੇ ਯਥਾਰਥਵਾਦੀ ਸ਼ੈਲੀ ਦੀ ਤਰਜ ਤੇ ਢੁੱਕਦੀ ਇਸ ਰਚਨਾ ਵਿਚ ਪੇਸ਼ੀਨਗੋਈਆਂ ਦਾ ਅੰਸ਼ ਵੀ ਨਜ਼ਰ ਆਉਂਦਾ ਹੈ। ਜੰਗਨਾਮੇ ਦੀ ਭਾਸ਼ਾ ਸਰਲ ਸਪੱਸ਼ਟ ਤੇ ਰੌਚਿਕ ਹੈ ਅਤੇ ਸ਼ੈਲੀ ਵਰਣਨਾਤਮਕ ਸੁਭਾਅ ਵਾਲੀ ਪੇਸ਼ ਹੋਈ ਹੈ।

ਇਹਨਾਂ ਠੋਸ ਇਤਿਹਾਸਕ ਸਚਾਈਆਂ ਅਤੇ ਕਾਵਿ ਪ੍ਰਮੁੱਖਤਾ ਦੇ ਬਲਬੂਤੇ ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਰਚਿਤ ਕਵੀ ਸ਼ਾਹ ਮੁਹੰਮਦ ਪੰਜਾਬੀ ਸਾਹਿਤ ਵਿਚ ਇਕ ਮਾਅਰਕੇ ਵਾਲੀ ਪੱਦਵੀ ਦੀ ਹੱਕਦਾਰ ਰਚਨਾ ਹੈ, ਜਿਸਦੀ ਮੁਹਰਛਾਪ ਸਦਾ ਪੰਜਾਬੀਆਂ ਦੇ ਦਿਲਾਂ ਦੀ ਤਰਜ਼ਮਾਨੀ ਕਰਦੀ ਉਹਨਾਂ ਦੇ ਖ਼ੂਨ ਨੂੰ ਸਾਂਝ ਦੀ ਕਾਤੀ ਨਾਲਛੇੜਦੀ ਰਹੇਗੀ।

****

## ਪੁਸਤਕ ਸੂਚੀ

***

### ਪੰਜਾਬੀ:


ਅਜਮੇਰ ਸਿੰਘ (ਡਾ.),(ਸੰਪਾ.), ਬੀਰ ਕਾਵਿ ਵਿਸ਼ੇਸ਼ ਅੰਕ, ਪਟਿਆਲਾ, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ, ਮਾਰਚ,1992.

ਅਮਰਜੀਤ ਸਿੰਘ,(ਸੰਪਾ.), ਸ਼ਾਹ ਮੁਹੰਮਦ: ਇਕ ਸਰਵੇਖਣ, ਪਟਿਆਲਾ, ਪੰਜਾਬੀ ਯੂਨੀਵਰਸਿਟੀ 1982.

ਅਸ਼ੋਕ, ਸ਼ਮਸ਼ੇਰ ਸਿੰਘ (ਸੰਪਾ.), ਸਿੱਖ ਰਾਜ ਦਾ ਅੰਤ, ਲੁਧਿਆਣਾ, ਲਾਹੌਰ ਬੁੱਕ ਸ਼ਾਪ,1957.

------, ਮੁਕਬਲ, ਪਟਿਆਲਾ, ਭਾਸ਼ਾ ਵਿਭਾਗ,ਪੰਜਾਬ,1961

------,(ਸੰਪਾ.), ਹੀਰ ਵਾਰਸ,ਪਟਿਆਲਾ,ਭਾਸ਼ਾ ਵਿਭਾਗ,ਪੰਜਾਬ,1969.

ਆਹੂਜਾ, ਰੋਸ਼ਨ ਲਾਲ, 'ਸਾਹਿਤ ਸ਼ਾਸਤਰ', ਲੁਧਿਆਣਾ, 1973.

ਅੰਮ੍ਰਿਤਾ ਪ੍ਰੀਤਮ, 'ਪੰਜਾਬ ਦੀ ਆਵਾਜ਼', ਦਿੱਲੀ,ਨਵਯੁਗ ਪਬਲਿਸ਼ਰਜ਼, 1960.

ਮਤਿੰਦਰ ਸਿੰਘ(ਡਾ.), ਵਿਹਾਰਕ ਸਮੀਖਿਆ, (ਕਵਿਤਾ ਅਤੇ ਵਾਰਤਕ)ਪਟਿਆਲਾ, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ,1986.

ਸ਼ਰਮਾ, ਜੀ.ਐਲ.,'ਜੰਗ ਸਿੰਘਾਂ ਤੇ ਫਰੰਗੀਆਂ', ਅੰਮ੍ਰਿਤਸਰ,ਸੁੰਦਰ ਦਾਸ ਐਂਡ ਸੰਨਜ਼, ਏਕਤਾ ਪ੍ਰਕਾਸ਼ਨ, 1986.

ਸਾਹਿਬ ਸਿੰਘ ਬੀ.ਏ(ਪ੍ਰੋ.), ਸੱਤੇ ਬਲਵੰਡ ਦੀ ਵਾਰ, ਅੰਮ੍ਰਿਤਸਰ,1949.

ਸ਼ਾਨ, ਹਰਨਾਮ ਸਿੰਘ, ਸੱਸੀ ਹਾਸ਼ਮ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ,1959.

ਸੀਤਲ, ਸੋਹਣ ਸਿੰਘ, ਸਿੱਖ ਰਾਜ ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਅੰਮ੍ਰਿਤਸਰ, [illegible] ਸਾਹਿਤ ਭਵਨ, 1967.

------, ਮਹਾਰਾਣੀ ਜਿੰਦਾਂ, ਲੁਧਿਆਣਾ, ਸੀਤਲ ਪੁਸਤਕ ਭੰਡਾਰ ਮਾਡਲ ਗਰਾਮ, 1982.

ਸੀਤਲ, ਜੀਤ ਸਿੰਘ (ਡਾ.), ਹੀਰ ਵਾਰਿਸ, ਪਟਿਆਲਾ, 1962.

ਸੀਤਲ, ਜੀਤ ਸਿੰਘ(ਡਾ.), ਪੰਜਾਬੀ ਬੀਰ ਸਾਹਿਤ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970.

------, ਵਾਰਿਸ ਸ਼ਾਹ ਜੀਵਨ ਤੇ ਰਚਨਾ, ਪਟਿਆਲਾ, ਭਾਸ਼ਾ ਵਿਭਾਗ,ਪੰਜਾਬ,1970.

------, ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ,ਪਟਿਆਲਾ, ਪੈਪਸੂ ਬੁੱਕ ਡਿਪੂ, 1973.

ਸੇਖੋਂ, ਸੰਤ ਸਿੰਘ, ਮੁਇਆਂ ਸਾਰ ਨਾ ਕਾਈ, ਲੁਧਿਆਣਾ, 1983.

ਸੈਨੀ, ਪ੍ਰੀਤਮ(ਡਾ.), ਵਾਰ ਸ਼ਾਹ ਮੁਹੰਮਦ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1974.

ਸੋਚ,ਨਰਿੰਦਰ ਸਿੰਘ, ਪੰਜਾਬ ਦਾ ਖ਼ੂਨੀ ਇਤਿਹਾਸ, ਅੰਮ੍ਰਿਤਸਰ, ਸੁੱਖਾ ਸਿੰਘ ਐਂਡ ਸਨਜ਼, ( ਮਿਤੀ ਹੀਣ )

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਪੰਜਾਬੀ ਵਾਰਾਂ ਤੇ ਜੰਗਨਾਮੇ, ਅੰਮ੍ਰਿਤਸਰ,1974.

ਹਰਸਰਨ ਸਿੰਘ, ਰਾਜਾ, ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, ਮਾਰਚ,1981.

ਹਰਚਰਨ ਸਿੰਘ, ਪੰਜਾਬ 'ਚ ਇਕੋ ਮਰਦ ਰਾਣੀ ਜਿੰਦਾਂ, ਦਿੱਲੀ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, 1981.

ਹਰਬੰਸ ਸਿੰਘ, ਗਿਆਨੀ, 'ਵਾਰ ਸ੍ਰੀ ਭਗਾਉਤੀ ਜੀ ਕੀ' ਜਲੰਧਰ, ਸੁੰਦਰ ਬੁੱਕ ਡਿਪੂ ਮਾਈ ਹੀਰਾਂ ਗੇਟ, 1974.

ਹਰਿਭਜਨ ਸਿੰਘ (ਡਾ.), ਕਿੱਸਾ ਪੰਜਾਬ ਨਵੀਂ ਦਿੱਲੀ, ਨੈਸ਼ਨਲ ਬੁੱਕ ਟਰੱਸਟ,1972.

------, ਪਤਰਾਂਜਲੀ, ਦਿੱਲੀ,ਆਰਸੀ ਪਬਲਿਸ਼ਰਜ਼,ਚਾਂਦਨੀ ਚੌਕ, ਦਸੰਬਰ,1981.

ਹਾਫ਼ਿਜ਼, ਬਰਖੁਰਦਾਰ, ਯੂਸਫ਼ ਜ਼ੁਲੈਖਾਂ, ਪਟਿਆਲਾ, ਭਾਸ਼ਾ ਵਿਭਾਗ,ਪੰਜਾਬ,1960.

ਹੀਰ ਵਾਰ ਸ਼ਾਹ, ਲਾਹੌਰ ( ਮਿਤੀ ਹੀਣ)

ਹੋਤੀ, ਪ੍ਰੇਮ ਸਿੰਘ, ਜੀਵਨ ਬਿਰਤਾਂਤ ਮਹਾਰਾਜਾ ਸ਼ੇਰ ਸਿੰਘ, ਲੁਧਿਆਣਾ,ਲਾਹੌਰ ਬੁੱਕ ਸ਼ਾਪ, 1951.

ਹੋਤੀ, ਪ੍ਰੇਮ ਸਿੰਘ, ਜੀਵਨ ਬਿਰਤਾਂਤ ਮਹਾਰਾਜ ਸ਼ੇਰ ਸਿੰਘ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1951.

ਕਸੇਲ, ਕਿਰਪਾਲ ਸਿੰਘ, (ਸੰਪਾ.), ਜੰਗਨਾਮਾ ਸ਼ਾਹ ਮੁਹੰਮਦ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970.

ਕਸੇਲ, ਕਿਰਪਾਲ ਸਿੰਘ, ਅਤੇ ਹੋਰ, ਚੰਡੀ ਦੀ ਵਾਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1951.

------, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1982.

ਕੇਸਰ, ਕੇਸਰ ਸਿੰਘ (ਡਾ.), ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ, ਚੰਡੀਗੜ੍ਹ, ਆਰਸੀ ਪ੍ਰਕਾਸ਼ਨ, 1987.

ਕੇਸਰ, ਕੇਸਰ ਸਿੰਘ (ਡਾ.)(ਸੰਪਾ.), ਪੰਜਾਬੀ ਸਾਹਿਤ ਕੋਸ਼(ਭਾਗ ਤੀਜਾ) ਜਲੰਧਰ ਸ਼ਹਿਰ, ਸਵੈਨ ਪ੍ਰਿੰਟਿੰਗ ਪ੍ਰੈਸ, ਅੱਡਾ ਟਾਂਡਾ, 1992.

ਕੋਹਲੀ, ਸੀਤਾ ਰਾਮ ਅਤੇ ਹੋਰ, ਵਾਰ ਸ਼ਾਹ ਮੁਹੰਮਦ, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ, 1957.

ਕੋਹਲੀ, ਸੁਰਿੰਦਰ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1955.

------, ਏ ਕਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ, ਨਵੀਂ ਦਿੱਲੀ, ਪੰਜਾਬੀ ਰਾਈਟਰਜ਼ ਕੁਆਪਰੇਟਿਵ ਇੰਡਸਟਰੀਅਲ ਸੁਸਾਇਟੀ, 1961.

------(ਸੰਪਾ.), ਪੰਜਾਬੀ ਸਾਹਿਤ ਕੋਸ਼ (ਭਾਗ ਦੂਜਾ), ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, 1976.

ਖੁਸ਼ਵੰਤ ਸਿੰਘ, ਸਿੱਖ ਇਤਿਹਾਸ, ਆਰਸੀ ਪ੍ਰਕਾਸ਼ਨ (ਮਿਤੀਹੀਣ)

ਗਿਆਨੀ, ਲਾਲ ਸਿੰਘ (ਐਮ.ਏ), ਪੰਜਾਬ ਦੀ ਵੀਰ ਪਰੰਪਰਾ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1988.

ਗੁਰਦੇਵ ਸਿੰਘ(ਡਾ.), ਸੱਸੀ ਹਾਸ਼ਮ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1968.

------ ਹੀਰ ਦਮੋਦਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1968.

ਗੁਰਦੇਵ ਸਿੰਘ (ਡਾ.), ਕਾਫੀਆਂ ਬੁੱਲ੍ਹੇ ਸ਼ਾਹ, ਲੁਧਿਆਣਾ, ਲਾਹੌਰ ਬੁੱਕ ਸ਼ਾਪ(ਮਿਤੀਹੀਣ).

ਗੁਰਦਾਸਪੁਰੀ, ਹਜ਼ਾਰਾ ਸਿੰਘ, ਦੀਵਾ ਮੁੜਕੇ ਕੋਈ ਜਗਾਵੇ, ਦਿੱਲੀ,ਸੇਵਕ ਸਾਹਿਤ ਭਵਨ, 1953.

ਗੁਰਚਰਨ ਸਿੰਘ, ਸਿੱਖ ਮੱਤ ਦਾ ਪਰਿਵਰਤਨ, ( ਅਨੁਵਾਦ ਗੋਕਲ ਚੰਦ ਨਾਰੰਗ ਤੋਂ) ਪਟਿਆਲਾ, ਪੰਜਾਬੀ ਯੂਨੀਵਰਸਿਟੀ, 1973.

ਗੰਡਾ ਸਿੰਘ (ਡਾ.), ਸਿੱਖ ਇਤਿਹਾਸ, ਅੰਮ੍ਰਿਤਸਰ, ਵਜ਼ੀਰ ਹਿੰਦ ਪ੍ਰੈਸ, 1932.

------, ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ (ਸ਼ਾਹ ਮੁਹੰਮਦ) ਅੰਮ੍ਰਿਤਸਰ, ਸਿੰਘ ਬ੍ਰਦਰਜ਼,1946.

------, ਪੰਜਾਬ ਦੀਆਂ ਵਾਰਾਂ, ਅੰਮ੍ਰਿਤਸਰ, ਖਾਲਸਾ ਕਾਲਜ,1951.

------, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜਾ, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ, 1955.

------, ਪੰਜਾਬ, ਸਵਰਨ ਪਬਲੀਕੇਸ਼ਨਜ਼, (ਮਿਤੀਹੀਣ).

ਘਨਿੰਗਮ, ਜੌਜ਼ਫ ਡੇਵਿਡ, (ਅਨੁਵਾਦਕ ਗੁਰਮੁਖ ਸਿੰਘ ਗੁਰਮੁਖ) ਸਿੱਖ ਇਤਿਹਾਸ,ਲੁਧਿਆਣਾ, ਲਾਹੌਰ ਬੁੱਕ ਸ਼ਾਪ, 1957.

ਘੁੰਮਣ, ਬਿਕਰਮ ਸਿੰਘ, ਪੰਜਾਬੀ ਸਾਹਿਤ, ਲੁਧਿਆਣਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ,ਲਿਮਟਿਡ, ( ਮਿਤੀਹੀਣ).

ਚਰਨ ਸਿੰਘ (ਡਾ.), ਬਾਣੀ ਬਿਓਰਾ, ਅੰਮ੍ਰਿਤਸਰ, ਖਾਲਸਾ ਟ੍ਰੈਕਟ ਸੋਸਾਇਟੀ,1945.

ਚਾਤ੍ਰਿਕ, ਧਨੀ ਰਾਮ, ਕੇਸਰ ਕਿਆਰੀ, ਅੰਮ੍ਰਿਤਸਰ,1940.

------, ਚੰਦਨਵਾੜੀ, ਅੰਮ੍ਰਿਤਸਰ, 1957.

ਜਗਜੀਤ ਸਿੰਘ (ਡਾ.), ਕਿੱਸਾ(ਵਾਰ) ਸ਼ਾਹ ਮੁਹੰਮਦ ਦਾ ਆਲੋਚਨਾਤਮਕ ਅਧਿਐਨ, ਪਟਿਆਲਾ, ਪੈਪਸੂ ਬੁੱਕ ਡਿਪੂ, ਜਨਵਰੀ,1974.

ਜਵੰਦਾ, ਅਵਤਾਰ ਕੌਰ, ਪੰਜ ਪਾਣੀਆਂ ਦੀ ਧੀ ਰਾਣੀ ਜਿੰਦਾਂ, ਅੰਮ੍ਰਿਤਸਰ,ਲੋਕ ਸਾਹਿਤ ਪ੍ਰਕਾਸ਼ਨ, 1992.

ਜੱਗੀ,ਰਤਨ ਸਿੰਘ (ਡਾ.), ਗੁਰੂ ਨਾਨਕ ਬਾਣੀ,ਪਟਿਆਲਾ, ਮਦਾਨ ਪਬਲਿਸ਼ਰਜ਼,1968.

ਜੱਗੀ, ਰਤਨ ਸਿੰਘ, (ਡਾ.), ਵਿਚਾਰਧਾਰਾ, ਪਟਿਆਲਾ, ਮਦਾਨ ਪਬਲਿਸ਼ਰਜ਼,1968.

ਜੱਗੀ,ਰਤਨ ਸਿੰਘ (ਡਾ.)(ਸੰਪਾ.), ਮਹਾਰਾਜਾ ਰਣਜੀਤ ਸਿੰਘ ਸਮ੍ਰਿਤੀ ਅੰਕ,(ਖੋਜ ਪਤ੍ਰਿਕਾ), ਪਟਿਆਲਾ,ਪਬਲੀਕੇਸ਼ਨ ਬਿਓਰੋ,ਪੰਜਾਬੀ ਯੂਨੀਵਰਸਿਟੀ, ਸਤੰਬਰ, 1980.

------, ਜੰਗਨਾਮਾ ਸਿੰਘਾਂ ਤੇ ਫਰੰਗੀਆਂ, ਪਟਿਆਲਾ,ਪਬਲੀਕੇਸ਼ਨ ਬਿਓਰੋ,ਪੰਜਾਬੀ ਯੂਨੀਵਰਸਿਟੀ, 1982.

------, ਕਿੱਸਾ ਕਾਵਿ ਅੰਕ ( ਖੋਜ ਪਤ੍ਰਿਕਾ),ਪਟਿਆਲਾ, ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਮਾਰਚ,1986.

ਜੋਸ਼, ਸੋਹਨ ਸਿੰਘ, ਅਕਾਲੀ ਮੋਰਚਿਆਂ ਦਾ ਇਤਿਹਾਸ, ਦਿੱਲੀ, ਨਵਯੁਗ ਪਬਲਿਸ਼ਰਜ਼,1972.

ਤਾਰਨ ਸਿੰਘ (ਡਾ.), ਦਸਮ ਗ੍ਰੰਥ ਰੂਪ ਤੇ ਰਸ, ਚੰਡੀਗੜ੍ਹ, ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ,1967.

ਤਿਵਾੜੀ,ਵਿਸ਼ਵਨਾਥ(ਡਾ.), ਮਿਰਜਾ ਸਾਹਿਬਾਂ, (ਖੋਜ ਪੱਤਰ),1963.

------, ਕਿੱਸਾ ਕਾਵਿ ਦਾ ਸਰਵੇਖਣ (ਪਰਖ), 1966.

ਤ੍ਰਿਲੋਕ ਸਿੰਘ, ਗਿਆਨੀ, ਕੰਵਰ ਨੌਨਿਹਾਲ ਸਿੰਘ ਦੀ ਮੌਤ, ਦਿੱਲੀ ਸੇਵਕ ਸਾਹਿਤ ਭਵਨ, 1969.

ਤੀਰ,ਵਿਧਾਤਾ ਸਿੰਘ, ਤੀਰ ਤਰੰਗ, 1922.

ਦਰਦ, ਹੀਰਾ ਸਿੰਘ, ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਅੰਮ੍ਰਿਤਸਰ,ਸਿੱਖ ਇਤਿਹਾਸ ਰਿਸਰਚ ਬੋਰਡ, 1964.

ਦਰਦ, ਹੀਰਾ ਸਿੰਘ (ਗਿਆਨੀ), ਪੰਜਾਬੀ ਕਵਿਤਾ ਤੇ ਚੋਣਵੇਂ ਪੰਜਾਬੀ ਕਵੀ,ਜਲੰਧਰ, ਨਿਊ ਬੁੱਕ ਕੰਪਨੀ, 1957.

------, ਮੇਰੀਆਂ ਕੁਝ ਇਤਿਹਾਸਕ ਯਾਦਾਂ, ਜਲੰਧਰ, 1960.

ਦਾਤਾ,ਪਿਆਰਾ ਸਿੰਘ, ਸਿੱਖ ਇਤਿਹਾਸ ਦੇ ਖੂਨੀ ਪੱਤਰੇ, ਦਿੱਲੀ,ਨੈਸ਼ਨਲ ਬੁੱਕ ਸ਼ਾਪ,1946.

ਦੀਵਾਨ ਸਿੰਘ (ਡਾ.), ਸੂਫੀਵਾਦ ਤੇ ਹੋਰ ਲੇਖ, ਲੁਧਿਆਣਾ, ਲਾਹੌਰ ਬੁੱਕ ਸ਼ਾਪ,1972.

ਦੀਵਾਨ ਸਿੰਘ (ਡਾ.) ਅਤੇ ਹੋਰ, ਵਾਰਿਸ ਸ਼ਾਹ ਦਾ ਕਾਵਿ ਲੋਕ, ਜਲੰਧਰ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, 1985.

ਦੱਤ, ਵੀ.ਐਨ. ਜਲ੍ਹਿਆਂ ਵਾਲਾ ਬਾਗ, ਪਟਿਆਲਾ, ਪਬਲੀਕੇਸ਼ਨ ਬਿਓਰੋ,ਪੰਜਾਬੀ ਯੂਨੀਵਰਸਿਟੀ, 1989.

ਨਾਭਾ,ਕਾਨ੍ਹ ਸਿੰਘ(ਭਾਈ), <u>ਗੁਰੁਸ਼ਬਦ ਰਤਨਾਕਰ</u>, ਪਟਿਆਲਾ, ਭਾਸ਼ਾ ਵਿਭਾਗ,ਪੰਜਾਬ,1981.

ਨਾਰੰਗ, ਕਿਰਪਾਲ ਸਿੰਘ, <u>ਪੰਜਾਬ ਦਾ ਇਤਿਹਾਸ 1500 ਤੋਂ 1858</u>, ਦਿੱਲੀ, ਅਤਰ ਚੰਦ ਕਪੂਰ ਐਂਡ ਸੰਨਜ਼, ( ਮਿਤੀਹੀਣ).

ਪਦਮ, ਸ.ਸ.(ਪ੍ਰੋ.), <u>ਭਗਵਾਨ ਸਿੰਘ ਰਚਨਾਵਲੀ</u>, ਪੰਜਾਬੀ ਸਾਹਿਤ ਸਭਾ ਬਰਨਾਲਾ,1961.

ਪਦਮ,ਪਿਆਰਾ ਸਿੰਘ (ਸੰਪਾਦਕ), <u>ਪੰਜਾਬੀ ਵਾਰਾਂ</u>, ਲੁਧਿਆਣਾ, ਲਾਹੌਰ ਬੁੱਕ ਸ਼ਾਪ,1951.

------, <u>ਹਾਸ਼ਮ ਰਚਨਾਵਲੀ</u>, ਪਟਿਆਲਾ ਸਰਦਾਰ ਸਾਹਿਤ ਭਵਨ,1957.

------, <u>ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ</u>, ਪਟਿਆਲਾ,ਚੜ੍ਹਦੀ ਕਲਾ ਪ੍ਰਿੰਟਿੰਗ ਪ੍ਰੈਸ,1973.

ਪੂਨੀ,ਬਲਬੀਰ ਸਿੰਘ, <u>ਲੋਕਧਾਰਾ</u>, ਅੰਮ੍ਰਿਤਸਰ,ਵਾਰਿਸ ਸ਼ਾਹ ਫਾਊਂਡੇਸ਼ਨ,1991.

------, <u>ਜੰਗ ਸਿੰਘਾਂ ਤੇ ਅੰਗਰੇਜ਼ਾਂ</u>, ਜਲੰਧਰ, ਪੂਨੀਆ ਪ੍ਰਕਾਸ਼ਨ ਜੀਦੋਵਾਲ(ਬੰਗਾ),1994.

ਪ੍ਰੇਮ ਪ੍ਰਕਾਸ਼ ਸਿੰਘ, <u>ਭਾਰਤੀ ਕਾਵਿ ਸ਼ਾਸਤ੍ਰ</u>, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ,1963.

------, <u>ਕਾਵਿ ਦੇ ਤੱਤ</u>, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1970.

ਪ੍ਰੇਮੀ, ਗੁਰਦਿੱਤ ਸਿੰਘ, <u>ਦਮੋਦਰ</u>, ਪਟਿਆਲਾ, ਪੰਜਾਬੀ ਯੂਨੀਵਰਸਿਟੀ,1977.

------ ਅਤੇ ਹੋਰ (ਸੰਪਾਦਕ), <u>ਪੰਜਾਬੀ ਸਾਹਿਤ ਕੋਸ਼</u>, (ਭਾਗ ਪਹਿਲਾ),ਪਟਿਆਲਾ, ਪੰਜਾਬੀ ਯੂਨੀਵਰਸਿਟੀ, 1971.

ਫਿਰੋਜ਼ਦੀਨ ਸ਼ਰਫ, <u>ਸ਼ਰਫ ਉਡਾਰੀ</u>, ਅੰਮ੍ਰਿਤਸਰ, ਭਾਪੇ ਦੀ ਹੱਟੀ, ਬਾਜ਼ਾਰ ਮਾਈ ਸੇਵਾ,1931.

ਫਿਲੌਰੀ, ਸ਼ਰਧਾ ਰਾਮ, <u>ਸਿੱਖਾਂ ਦੇ ਰਾਜ ਦੀ ਵਿਥਿਆ</u>, ਲੁਧਿਆਣਾ, ਮਿਸ਼ਨ ਪ੍ਰੈਸ,1968.

ਫੌਜਾ ਸਿੰਘ (ਡਾ.), <u>ਪੰਜਾਬ ਦਾ ਇਤਿਹਾਸ</u> (ਜਿਲਦ ਤੀਜੀ),ਪਟਿਆਲਾ,ਪੰਜਾਬੀ ਯੂਨੀਵਰਸਿਟੀ, 1968.

-------(ਸੰਪਾਦਕ), <u>ਗੁਲਸ਼ਨ ਏ ਪੰਜਾਬ, ਅਰਥਾਤ ਤਾਰੀਖ-ਇ-ਪੰਜਾਬ</u>',ਪਟਿਆਲਾ, ਪੰਜਾਬੀ ਯੂਨੀਵਰਸਿਟੀ, 1979.

ਬਾਵਾ ਬੁੱਧ ਸਿੰਘ, <u>ਬੰਬੀਹਾ ਬੋਲ</u>, ਲਾਹੌਰ ਬੁੱਕ ਸ਼ਾਪ, 1950.

ਬੇਦੀ, ਕਾਲਾ ਸਿੰਘ, ਗੁਰੂ ਨਾਨਕ ਦਰਸ਼ਨ, ਦਿੱਲੀ, ਪੰਜਾਬੀ ਪ੍ਰਕਾਸ਼ਨ,1965.

------, ਵਾਰ ਸ੍ਰੀ ਭਗਉਤੀ ਜੀ ਕੀ, ਦਿੱਲੀ, ਪੰਜਾਬੀ ਬੁੱਕ ਸਟੋਰ,1962.

ਭਗਤ ਸਿੰਘ (ਡਾ.), ਮਹਾਰਾਜਾ ਰਣਜੀਤ ਸਿੰਘ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1989.

ਭਾਈ ਗੁਰਦਾਸ, ਵਾਰਾਂ ਸਟੀਕ, ਅੰਮ੍ਰਿਤਸਰ, ਭਾਈ ਸੁੱਖਾ ਸਿੰਘ ਐਂਡ ਸਨਜ਼,ਅਕਤੂਬਰ।1949.

ਭਾਸ਼ਾ ਵਿਭਾਗ,ਪੰਜਾਬ, ਮੁਕਬਲ, ਪਟਿਆਲਾ, 1961.

------, ਪੰਜਬ ਵਿਚ ਉਰਦੂ, (ਅਨੁਵਾਦ ਮਹਿਮੂਦ ਸੀਰਾਨੀ ਤੋਂ),ਪਟਿਆਲਾ,1962.

------, ਚੋਣਵੀਆਂ ਪੰਜਾਬੀ ਵਾਰਾਂ, ਪਟਿਆਲਾ,1971.

------, ਪੰਜਾਬ ਦੀਆਂ ਲੋਕ ਗਾਥਾਵਾਂ, (ਜਿਲਦ ਤੀਜੀ),(ਅਨੁਵਾਦ ਰਿਚਰਡ ਟੈਂਪਲ ਤੋਂ), ਪਟਿਆਲਾ, 1971.

------, ਜੰਗਨਾਮਾ ਸ਼ਾਹ ਮੁਹੰਮਦ, ਪਟਿਆਲਾ, 1988.

------, ਕਿੱਸਾ ਕਾਵਿ, ਪਟਿਆਲਾ, (ਮਿਤੀਹੀਣ)

ਭੋਗਲ,ਪਿਆਰਾ ਸਿੰਘ (ਪ੍ਰੋ.), ਪ੍ਰਸਿੱਧ ਕਿੱਸਾਕਾਰ, ਜਲੰਧਰ,ਹਿਰਦੇਜੀਤ ਪ੍ਰਕਾਸ਼ਨ,ਯੂਨੀਵਰਸਲ ਕਾਲਜ, ਕਨਾਟ ਸਰਕਸ (ਮਿਤੀਹੀਣ).

ਮੁਹੰਮਦ ਲਤੀਫ਼, ਪੰਜਾਬ ਦਾ ਇਤਿਹਾਸ, ਲੁਧਿਆਣਾ, ਲਾਹੌਰ ਬੁੱਕ ਸ਼ਾਪ,(ਮਿਤੀਹੀਣ).

ਰੂਪ, ਹਰਿੰਦਰ ਸਿੰਘ, ਪੰਜਾਬ ਦੀਆਂ ਵਾਰਾਂ, ਅੰਮ੍ਰਿਤਸਰ,ਭਾਪੇ ਦੀ ਹੱਟੀ, 1942.

------, ਭਾਈ ਗੁਰਦਾਸ, ਅੰਮ੍ਰਿਤਸਰ, ਹਿੰਦ ਪੁਲਿਸ਼ਰਜ਼,1952.


***

ਅਖਬਾਰਾਂ ਅਤੇ ਰਿਸਾਲੇ:

ਅਕਾਲੀ ਤੇ ਪਰਦੇਸੀ ( ਦੈਨਿਕ), ਅੰਮ੍ਰਿਤਸਰ

ਮਾਹਿਤ ਸਮਾਚਾਰ, ਲੁਧਿਆਣਾ

ਸੁਦੇਸ਼ ਸੇਵਕ, ਵੈਨਕੋਵਰ

ਗਦਰ ਹਫ਼ਤਾਵਾਰੀ, ਸਾਨਫ੍ਰਾਂਸਿਸਕੋ, ਯੁਗਾਂਤਰ ਆਸ਼ਰਮ

ਗਦਰ ਦੀ ਗੂੰਜ, ਸਾਨਫ੍ਰਾਂਸਿਸਕੋ, ਕੈਲੀਫੋਰਨੀਆਂ

ਪੰਜਾਬੀ ਸਟੀਮ, ਲਾਹੌਰ

ਪੰਜਾਬੀ ਦੁਨੀਆਂ, ਪਟਿਆਲਾ

ਬੱਬਰ ਸ਼ੇਰ (ਦੈਨਿਕ), ਅੰਮ੍ਰਿਤਸਰ

****

ਹਿੰਦੀ ਪੁਸਤਕਾਂ:

ਨਗੇਂਦਰ (ਡਾ.), *ਰੀਤੀ ਕਾਵਿਯ ਕੀ ਭੂਮਿਕਾ*, ਦਿੱਲੀ, ਗੌਤਮ ਬੁੱਕ ਡਿਪੂ, 1959.

ਮਿਸ਼੍ਰ, ਭਗੀਰਥ (ਡਾ.), *ਕਾਵਿਯ ਸ਼ਾਸਤ੍ਰ*, ਇਲਾਹਾਬਾਦ, 1957.

ਵਰਮਾ, ਧੀਰੇਂਦਰ ਤਥਾ ਅੰਨਯ, *ਹਿੰਦੀ ਸਾਹਿਤਯ ਕੋਸ਼* (ਪ੍ਰਥਮ ਭਾਗ), ਵਾਰਾਣਾਸੀ,1946.

*****

# BIBLIOGRAPHY

Apte, V.S., Sanskrit-English Dictionary, Delhi, Motilal Banarsidass, 1959.

Brooks, Cleanth, Undestanding Poetry, N.Y.Holt, 1960.

Coombes, H., Literature and Criticism, London, 1971.

Cunningham, Joseph Davey, History of the Sikhs, Delhi, S.Chand & Co., 1955.

David Daiches, Critical approaches to literature, London Longmans, 1957.

Eliot, T.S., The Use of Poetry and the use of Criticism, Fontana, 1975.

Gandhi, M.K. Autobiography, Ahmedabad, 1952.

Gardner, Alexander, Alexander Memoirs, (1940-45) North, 1962.

Gough, Gen. Sir Charles, The Sikhs and the Sikh Wars, Punjab Language Department, 1970.

Griffin, Lepel H., The Punjab Chiefs (Vol-II), Lahore, 1890.

------, Chiefs and Families of Note in the Punjab, Lahore, 1940.

Hasrat, Bikramjit, The Punjab Papers, Hoshiarpur, V.V.Research Institute Press, Krishan Nagar, 1970.

Henry, G.A., Through the Sikh War, Punjab, Language Department, 1988.

Hudson, Ibid, Calcutta, Thacker Spink and Co., 1887.

Hudson, W.H., An Introduction to study of Literature, Ludhiana, Kalyani Publishers, 1973.

Humbley, Camptain, The Memorable Sikh Campaign of 1845-46, London 1854.

Jaffer, S.M. Some Cultural aspects of Muslim rule in India, Pashawar, S.Muhammad Sadiq Khan, 1939.

Khushwant Singh, A History of the Sikhs (Vol. I&II) London, Princeton University Press, 1966.

Latif, Syad Muhammed, History of the Punjab, New Delhi, Eurasia Publisher, 1964.

Marx, Karl, Capital (Vol-I) Mascow Progress Publishers, (undated)

Mohan Singh, History of Panjabi Literature, Jullunder, Bharat Prakashan, 1974.

Mukarovsky, Jan, Standard Language and Poetic Language, New York, Linguustics and Literary style (ed.) Donald (Freeman) 1970.

Murry, J. Middleton, The Problem of Style, London, Oxford University Press, 1956.

Payne, C. H., Short History of the Sikhs, Punjab, Department of Language, 1970.

Prasad, Ishwari, Short History of Muslim rule in India, (Annoymous), 1965.

Pritam Singh, Growth of Heroic Poetry in Panjabi Literature, (Dissertation), May 1965.

Reeves, James, Understanding Poetry, London, Heinemann, 1975.

Richard, I.A. Principles of Literary Criticism, London, 1957.

Smith, G.C. History of the Reigning Family of Lahore, London, 1847.

Scaition Committee Report-1918, Calcutta, 1918 (President, Jus. Bowl oot t)

Stanley, Lane-Poble, Medieval India (Annoymous), 1980.

Suri, V.S. (Translated), Sohan Lal Suri Umdat-ut-Tawarikh' (Daftar IV) Chandigarh, Punjab Itihas Prakashan, 1972.

*****